ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 31 | 10 August 2022 to 16 August 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਸੁਖਬੀਰ ਬਾਦਲ ਦੀ ਪ੍ਰਧਾਨਗੀ ਖ਼ਤਰੇ 'ਚ

**✪ ਅਕਾਲੀ ਦਲ 'ਚ ਭਾਰੀ ਫੁਟ ਪੈਣ ਦੀ ਸੰਭਾਵਨਾ ✪ ਸੁਖਬੀਰ ਦੀ ਕਾਰਗੁਜ਼ਾਰੀ ਤੋਂ ਨਾਰਾਜ਼ ਸੀਨੀਅਰ ਅਕਾਲੀਆਂ ਦੀ ਅੰਮ੍ਰਿਤਸਰ 'ਚ ਇਕੱਤਰਤਾ ✪ ਅਕਾਲੀ ਦਲ ਵਲੋਂ ਮਲੂਕਾ ਦੀ ਅਗਵਾਈ ਵਿਚ ਪੰਜ ਮੈਂਬਰੀ ਅਨੁਸ਼ਾਸਨੀ ਕਮੇਟੀ ਬਣੀ ✪ ਅਨੁਸ਼ਾਸਨਹੀਣਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਸੁਖਬੀਰ ✪ ਉਥਲ-ਪੁਥਲ ਦੌਰਾਨ ਬੀਬੀ ਜਗੀਰ ਕੌਰ ਦੇ ਸ਼੍ਰੋਮਣੀ ਕਮੇਟੀ ਚੋਣ ਲਈ ਸਾਂਝਾ ਉਮੀਦਵਾਰ ਬਣਨ ਦੇ ਚਰਚੇ ✪ ਸੁਖਬੀਰ ਬੇਪ੍ਰਵਾਹ, ਵਿਦੇਸ਼ ਜਾਣ ਦੀਆਂ ਤਿਆਰੀਆਂ**

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਸੁਖਬੀਰ ਦੀ ਕਾਰਗੁਜ਼ਾਰੀ ਤੋਂ ਬਹੁਤ ਸਾਰੇ ਸੀਨੀਅਰ ਅਕਾਲੀ ਲੀਡਰ ਨਰਾਜ਼ ਹਨ। ਨਾਰਾਜ਼ ਸੀਨੀਅਰ ਅਕਾਲੀ ਲੀਡਰਾਂ ਦਾ ਵਿਚਾਰ ਹੈ ਕਿ ਜੇ ਸੁਖਬੀਰ ਬਾਦਲ ਕੋਲ ਅਕਾਲੀ ਦਲ ਦੀ ਪ੍ਰਧਾਨਗੀ ਰਹੀ ਤੇ ਅਕਾਲੀ ਦਲ ਨੂੰ ਪੰਜਾਬ ਤੇ ਪੰਥਕ ਪਖੀ ਨਾ ਬਣਾਇਆ ਤਾਂ ਅਕਾਲੀ ਦਲ ਖਤਮ ਹੋ ਜਾਵੇਗਾ। ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਸੀਨੀਅਰ ਆਗੂਆਂ ਵਲੋਂ ਪੰਜਾਬ ਵਿਧਾਨ ਸਭਾ ਵਿਚ ਅਕਾਲੀ ਦਲ ਵਿਧਾਇਕ ਦਲ ਦੇ ਆਗੂ ਮਨਪ੍ਰੀਤ ਸਿੰਘ ਇਆਲੀ ਦੀ ਅਗਵਾਈ ਵਿਚ ਗੁਰੂ ਨਗਰੀ ਵਿਖੇ ਇਕੱਤਰਤਾ ਕਰਕੇ ਪਾਰਟੀ ਦੇ ਮੌਜੂਦਾ ਹਾਲਾਤ ਸੰਬੰਧੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜਾਣੂੰ ਕਰਵਾਉਣ ਅਤੇ ਪਾਰਟੀ ਨੂੰ ਮੁੜ ਸੁਰਜੀਤ ਕਰਨ ਸੰਬੰਧੀ ਵਿਚਾਰ ਚਰਚਾ ਕੀਤੀ ਗਈ ਸੀ। ਅਕਾਲੀ ਆਗੂ ਰਵੀਕਰਨ ਸਿੰਘ ਕਾਹਲੋਂ ਦੇ ਗ੍ਰਹਿ ਵਿਖੇ ਹੋਈ ਇਸ ਇਕੱਤਰਤਾ ਵਿਚ ਇਆਲੀ ਤੋਂ ਇਲਾਵਾ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ, ਜਗਮੀਤ ਸਿੰਘ ਬਰਾੜ, ਬੀਬੀ ਜਗੀਰ ਕੌਰ, ਚਰਨਜੀਤ ਸਿੰਘ ਅਟਵਾਲ, ਗੁਰਪ੍ਰਤਾਪ ਸਿੰਘ ਵਡਾਲਾ, ਭਾਈ ਮਨਜੀਤ ਸਿੰਘ ਭੂਰਾ ਕੋਹਨਾ, ਅਮਰਪਾਲ ਸਿੰਘ ਬੋਨੀ ਅਜਨਾਲਾ, ਸੰਤਾ ਸਿੰਘ ਉਮੈਦਪੁਰੀ, ਜਥੇਦਾਰ ਕਰਨੈਲ ਸਿੰਘ ਪੰਜੋਲੀ, ਇੰਦਰ ਇਕਬਾਲ ਸਿੰਘ ਅਟਵਾਲ ਤੇ ਜਗਜੀਤ ਸਿੰਘ ਕੋਹਲੀ ਸਮੇਤ ਹੋਰ ਆਗੂ ਸ਼ਾਮਿਲ ਸਨ। ਕਰੀਬ ਇਕ ਘੰਟਾ ਚੱਲੀ ਇਸ ਇਕੱਤਰਤਾ ਵਿਚ ਪਾਰਟੀ ਦੇ ਮੌਜੂਦਾ ਸੰਕਟ ਤੇ ਹਾਲਾਤਾਂ 'ਤੇ ਹਾਜ਼ਰ ਕੁੱਝ ਆਗੂਆਂ ਨੇ ਵਿਚਾਰ ਕਰਦਿਆਂ ਝੂੰਦਾ ਕਮੇਟੀ ਦੀ ਰਿਪੋਰਟ ਨੂੰ ਪੂਰੀ ਤਰਾਂ ਲਾਗੂ ਕਰਨ ਦੀ ਮੰਗ ਕਰਦਿਆਂ ਪਾਰਟੀ ਲੀਡਰਸ਼ਿਪ ਬਦਲੇ ਜਾਣ, ਖਾਸਕਰ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਹਿੱਤਾਂ ਲਈ ਤਿਆਗ ਦੀ ਭਾਵਨਾ ਦਿਖਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ । ਇਸੇ ਦੌਰਾਨ ਸੰਪਰਕ ਕੀਤੇ ਜਾਣ 'ਤੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਇਸ ਵਿਸ਼ੇਸ਼ ਇਕੱਤਰਤਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਜਥੇਦਾਰ ਅਕਾਲ ਤਖ਼ਤ ਸਾਹਿਬ ਵਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਜਾਰੀ ਆਦੇਸ਼ ਦੇ ਮੱਦੇਨਜ਼ਰ ਸੀਨੀਅਰ ਆਗੂਆਂ ਵਲੋਂ ਅੰਮ੍ਰਿਤਸਰ ਵਿਖੇ ਪਹਿਲੀ ਇਕੱਤਰਤਾ ਕੀਤੀ ਗਈ ਸੀ। ਉਨਾਂ ਕਿਹਾ ਕਿ ਇਸ ਮੌਕੇ ਹਾਜ਼ਰ ਪਾਰਟੀ ਆਗੂਆਂ ਨੇ ਅਕਾਲੀ ਦਲ ਨੂੰ ਮਜ਼ਬੂਤ ਕਰਨ ਤੇ ਪੰਥ ਦੀ ਚੜਦੀ ਕਲਾ ਲਈ ਸਲਾਹ ਮਸ਼ਵਰਾ ਕਰਦਿਆਂ ਰਾਏ ਦਿੱਤੀ ਕਿ ਇਕੱਠੇ ਹੋ ਕੇ ਅਤੇ ਸਿੱਖ ਪੰਥ ਦੀਆਂ ਧਾਰਮਿਕ ਸ਼ਖ਼ਸੀਅਤਾਂ, ਵਿਦਵਾਨਾਂ, ਬੁੱਧੀਜੀਵੀਆਂ ਤੇ ਪੰਥ ਦਰਦੀਆਂ ਨੂੰ ਨਾਲ ਲੈ ਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮਿਲਿਆ ਜਾਵੇ ਅਤੇ ਅਕਾਲੀ ਦਲ ਦੇ ਮੌਜੂਦਾ ਹਾਲਾਤਾਂ 'ਤੇ ਗੰਭੀਰਤਾ ਦੇ ਨਾਲ ਗੱਲ ਕੀਤੀ ਜਾਵੇ। ਇਸੇ ਦੌਰਾਨ ਭਾਈ ਮਨਜੀਤ ਸਿੰਘ ਨੇ ਕਿਹਾ ਕਿ ਇਕੱਤਰਤਾ ਵਿਚ ਪਾਰਟੀ ਦੀ ਮਜ਼ਬੂਤੀ ਲਈ ਵਿਚਾਰਾਂ ਕੀਤੀਆਂ ਗਈਆਂ ਹਨ। ਬੀਬੀ ਜਗੀਰ ਕੌਰ ਨੇ ਦੱਸਿਆ ਕਿ ਉਹ ਤਾਂ ਕਾਹਲੋਂ ਪਰਿਵਾਰ ਨੂੰ ਮਿਲਣ ਲਈ ਅਚਾਨਕ ਉਨਾਂ ਦੇ ਘਰ ਗਏ ਸਨ ਪਰ ਉਥੇ ਪਾਰਟੀ ਦੇ ਸੀਨੀਅਰ ਆਗੂ ਮੌਜੂਦ ਸਨ, ਜਿਨਾਂ ਨੇ ਉਨਾਂ ਨੂੰ ਦੱਸਿਆ ਕਿ ਪਾਰਟੀ ਨੂੰ ਮਜ਼ਬੂਤ ਕਰਨ ਲਈ ਆਉਂਦੇ ਦਿਨਾਂ ਵਿਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮਿਲਣ ਦਾ ਫ਼ੈਸਲਾ ਕੀਤਾ ਗਿਆ ਹੈ। ਰਵੀਕਰਨ ਸਿੰਘ ਕਾਹਲੋਂ ਨੇ ਕਿਹਾ ਕਿ ਪਾਰਟੀ ਦੇ ਸੀਨੀਅਰ ਆਗੂ ਉਨਾਂ ਦੇ ਪਿਤਾ ਨਿਰਮਲ ਸਿੰਘ ਕਾਹਲੋਂ, ਜੋ ਕੁੱਝ ਦਿਨ ਪਹਿਲਾਂ ਸਦੀਵੀ ਵਿਛੋੜਾ ਦੇ ਗਏ ਸਨ, ਸੰਬੰਧੀ ਪਰਿਵਾਰ ਨਾਲ ਅਫਸੋਸ ਕਰਨ ਆਏ ਸਨ। ਪਰ ਉਨਾਂ ਮੰਨਿਆ ਕਿ ਇਸ ਮੌਕੇ ਆਗੂਆਂ ਵਲੋਂ ਪਾਰਟੀ ਦੇ ਮੌਜੂਦਾ ਹਾਲਾਤਾਂ ਸੰਬੰਧੀ ਵਿਚਾਰਾਂ ਵੀ ਕੀਤੀਆਂ ਗਈਆਂ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਹ ਯੋਜਨਾਬਧ ਮੀਟਿੰਗ ਸੀ। ਆਉਣ ਵਾਲੇ ਸਮੇਂ ਦੌਰਾਨ ਸੁਖਬੀਰ ਬਾਦਲ ਵਿਰੁਧ ਵਡੀ ਬਗਾਵਤ ਹੋਣ ਦੀ ਸੰਭਾਵਨਾ ਹੈ ਤੇ ਅਕਾਲੀ ਦਲ ਦੋ ਧੜਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਪਾਸੇ ਅਕਾਲੀ ਦਲ ਵਲੋਂ ਵਿਧਾਨ ਸਭਾ ਚੋਣਾਂ ਵਿਚ ਹੋਈ ਨਮੋਸ਼ੀਜਨਕ ਹਾਰ ਦੀ ਸਮੀਖਿਆ ਕਰਨ ਲਈ ਸ. ਇਕਬਾਲ ਸਿੰਘ ਝੂੰਦਾਂ ਵਾਲੀ ਅਗਵਾਈ ਵਿਚ ਬਣਾਈ ਕਮੇਟੀ ਦੀ ਰਿਪੋਰਟ ਨੂੰ ਲਾਗੂ ਕਰਨ ਲਈ ਪਾਰਟੀ ਵਿਚੋਂ ਉਠ ਰਹੀ ਮੰਗ, ਜਿਸ ਵਿਚ ਪਾਰਟੀ ਪ੍ਰਧਾਨ ਤੋਂ ਵੀ ਅਸਤੀਫ਼ਾ ਲਏ ਜਾਣ



ਦੀ ਗੱਲ ਕਹੀ ਜਾ ਰਹੀ ਹੈ, ਤੋਂ ਪ੍ਰੇਸ਼ਾਨ ਅਕਾਲੀ ਦਲ ਲੀਡਰਸ਼ਿਪ ਵਲੋਂ ਝੂੰਦਾਂ ਕਮੇਟੀ ਰਿਪੋਰਟ ਨੂੰ ਲਾਗੂ ਕਰਨ ਲਈ ਅੱਗੇ ਵਧਣ ਦੀ ਥਾਂ ਪਾਰਟੀ ਵਿਚ ਜ਼ਾਬਤਾ ਕਮੇਟੀ ਬਣਾਉਣ ਦਾ ਐਲਾਨ ਕਰਦਿਆਂ ਚਿਤਾਵਨੀ ਦਿੱਤੀ ਗਈ ਹੈ ਕਿ ਪਾਰਟੀ ਪਲੇਟਫਾਰਮ ਤੋਂ ਬਾਅਦ ਪਾਰਟੀ ਦੇ ਅੰਦਰੂਨੀ ਮਸਲਿਆਂ ਨਾਲ ਸੰਬੰਧਿਤ ਕੋਈ ਵਿਚਾਰ ਪ੍ਰਗਟ ਕਰਨ ਅਤੇ ਸਰਗਰਮੀਆਂ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਬੋਧਿਕ ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਸੁਖਬੀਰ ਬਾਦਲ ਦੀ ਪਕੜ ਅਕਾਲੀ ਦਲ ਉਪਰ ਬੁਰੀ ਤਰਾਂ ਕੰਮਜ਼ੋਰ ਹੋਈ ਹੈ।ਉਹ ਸਖਤੀ ਨਾਲ ਕੋਈ ਹੁਕਮ ਲਾਗੂ ਨਹੀਂ ਕਰ ਸਕਣਗੇ। ਜੇ ਕਰਨਗੇ ਪਾਰਟੀ ਦੋ ਫਾੜ ਹੋ ਸਕਦੀ ਹੈ। ਵਰਨਣਯੋਗ ਹੈ ਕਿ ਅੰਮ੍ਰਿਤਸਰ ਵਿਖੇ ਪਾਰਟੀ ਦੇ ਕਈ ਸੀਨੀਅਰ ਆਗੂਆਂ ਵਲੋਂ ਇਕ ਮੀਟਿੰਗ ਕਰਕੇ ਝੂੰਦਾਂ ਕਮੇਟੀ ਦੀਆਂ ਭਾਵਨਾਵਾਂ ਅਨੁਸਾਰ ਏਜੰਡਾ ਲਾਗੂ ਕਰਵਾਉਣ ਦਾ ਜੋ ਅਹਿਦ ਲਿਆ ਗਿਆ, ਉਸ ਤੋਂ ਬਾਅਦ ਪਾਰਟੀ ਵਲੋਂ ਅਨੁਸ਼ਾਸਨੀ ਕਮੇਟੀ ਦਾ ਕਾਹਲੀ ਵਿਚ ਫ਼ੈਸਲਾ ਲਿਆ ਗਿਆ ਹੈ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਅੱਜ ਪਾਰਟੀ ਦੀ ਪੰਜ ਮੈਂਬਰੀ ਅਨੁਸ਼ਾਸਨੀ ਕਮੇਟੀ ਗਠਿਤ ਕਰ ਦਿੱਤੀ। ਕਮੇਟੀ ਦੀ ਅਗਵਾਈ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਕਰਨਗੇ। ਕਮੇਟੀ ਦੇ ਹੋਰ ਮੈਂਬਰਾਂ ਵਿਚ ਸ. ਸ਼ਰਨਜੀਤ ਸਿੰਘ ਢਿੱਲੋਂ, ਸ. ਵਿਰਸਾ ਸਿੰਘ ਵਲਟੋਹਾ, ਸ. ਮਨਤਾਰ ਸਿੰਘ ਬਰਾੜ ਤੇ ਡਾ. ਸੁਖਵਿੰਦਰ ਸੁੱਖੀ ਨੂੰ ਸ਼ਾਮਿਲ ਕੀਤਾ ਗਿਆ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਸਾਰੇ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਪਾਰਟੀ ਦੀਆਂ ਰਵਾਇਤਾਂ ਮੁਤਾਬਕ ਪਾਰਟੀ ਪਲੇਟਫਾਰਮ 'ਤੇ ਹੀ ਖੁੱਲਦਿਲੀ ਨਾਲ ਲੋਕਤੰਤਰੀ ਤਰੀਕੇ ਅਨੁਸਾਰ ਵਿਚਾਰ ਰੱਖਣ ਅਤੇ ਪਾਰਟੀ, ਪੰਥ ਤੇ ਪੰਜਾਬ ਦੇ ਦੁਸ਼ਮਣਾਂ ਨੂੰ ਪਾਰਟੀ ਦੀ ਜਥੇਬੰਦਕ ਏਕਤਾ ਤੇ ਮਜ਼ਬੂਤੀ ਬਾਰੇ ਗੈਰ-ਲੋੜੀਂਦੇ ਭੁਲੇਖੇ ਫੈਲਾਉਣ ਦੀ ਆਗਿਆ ਨਾ ਦੇਣ। ਇਹ ਵੀ ਕਿਹਾ ਗਿਆ ਕਿ ਪਾਰਟੀ ਦੀ ਮਜ਼ਬੂਤੀ ਲਈ ਹਰ ਵਿਚਾਰ ਦਾ ਸਵਾਗਤ ਹੈ ਪਰ ਸਿਰਫ਼ ਪਾਰਟੀ ਪਲੇਟਫਾਰਮ 'ਤੇ ਵਿਚਾਰ ਰੱਖੇ ਜਾਣ। ਪਾਰਟੀ ਪਲੇਟਫਾਰਮ ਤੋਂ ਬਾਹਰ ਅਜਿਹੇ ਵਿਚਾਰਾਂ ਦੇ ਪ੍ਰਗਟਾਵੇ ਦੀ ਅਨੁਸ਼ਾਸਨਹੀਣਤਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

**ਬਾਕੀ ਸਫ਼ਾ 30 'ਤੇ**

## ਅਕਾਲੀ ਦਲ ਦੀ ਹੋਂਦ ਬਚਾਉਣੀ ਹੈ ਤਾਂ ਸਿੱਖੀ ਦੇ ਪ੍ਰਚਾਰ-ਪ੍ਰਸਾਰ ਵੱਲ ਧਿਆਨ ਦੇਵੋ

**'ਮੋਰਚਾ ਗੁਰੂ ਕਾ ਬਾਗ਼' ਦੀ ਸ਼ਤਾਬਦੀ ਦੇ ਮੌਕੇ ਜਥੇਦਾਰ ਨੇ ਕਿਹਾ ਕਿ ਪੰਥ ਵਿਰੋਧੀ ਸ਼ਕਤੀਆਂ ਖ਼ਿਲਾਫ਼ ਲਾਮਬੰਦ ਹੋਵੋ**

**ਗੁਰੂ ਕਾ ਬਾਗ, ਘੁੱਕੇਵਾਲੀ (ਅੰਮ੍ਰਿਤਸਰ)/ਏ.ਟੀ.ਨਿਊਜ਼ :-** ਇਕ ਸਦੀ ਪਹਿਲਾਂ ਪੰਜਵੀਂ ਤੇ ਨੌਵੀਂ ਪਾਤਸ਼ਾਹੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕਾ ਬਾਗ਼ ਘੁੱਕੇਵਾਲੀ ਨੂੰ ਮਹੰਤ ਤੋਂ ਆਜ਼ਾਦ ਕਰਵਾਉਣ ਲਈ ਲਗਾਏ ਮੋਰਚੇ ਦੌਰਾਨ ਪੁਲਿਸ ਦਾ ਅੰਨਾ ਤਸ਼ੱਦਦ ਸਹਿੰਦਿਆਂ ਸ਼ਹੀਦੀਆਂ ਪਾਉਣ ਅਤੇ ਗ੍ਰਿਫ਼ਤਾਰੀਆਂ ਦੇਣ ਉਪਰੰਤ ਮੋਰਚਾ ਫ਼ਤਹਿ ਕਰਨ ਵਾਲੇ ਸਿੰਘਾਂ ਦੀ ਯਾਦ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਵਲੋਂ ਇਥੇ ਮਨਾਈ 'ਮੋਰਚਾ ਗੁਰੂ ਕਾ ਬਾਗ਼' ਸ਼ਤਾਬਦੀ ਸੰਬੰਧੀ ਤਿੰਨ ਦਿਨਾ ਸਮਾਗਮ ਦੇ ਆਖਰੀ ਦਿਨ ਦੇ ਮੁੱਖ ਸਮਾਗਮ ਵਿਚ ਸਿੰਘ ਸਾਹਿਬਾਨ, ਸ਼੍ਰੋਮਣੀ ਕਮੇਟੀ ਦੇ ਮੌਜੂਦਾ ਤੇ ਸਾਬਕਾ ਪ੍ਰਧਾਨ ਤੇ ਮੈਂਬਰ ਸਾਹਿਬਾਨ, ਪੰਥ ਦੀਆਂ ਧਾਰਮਿਕ ਸ਼ਖ਼ਸੀਅਤਾਂ ਤੇ ਵੱਡੀ ਗਿਣਤੀ ਵਿਚ ਸੰਗਤ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੌਕੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਮੁਖਾਤਬ ਹੁੰਦਿਆਂ ਕਿਹਾ ਕਿ ਜੇ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਬਚਾਉਣੀ ਹੈ ਤਾਂ ਆਪਣਾ ਧਿਆਨ ਸਿੱਖੀ ਦੇ ਪ੍ਰਚਾਰ-ਪ੍ਰਸਾਰ ਵੱਲ ਕੇਂਦਰਿਤ ਕੀਤਾ ਜਾਵੇ। ਉਨਾਂ ਕਿਹਾ ਕਿ ਪੰਜਾਬ ਵਿਚ ਸਰਕਾਰ ਬਣਾਉਣਾ ਮਕਸਦ ਤਿਆਗ ਕੇ ਅਕਾਲੀ ਪਿੰਡ-ਪਿੰਡ ਜਾ ਕੇ ਸਿੱਖੀ ਦਾ ਪ੍ਰਚਾਰ ਕਰਨ। ਉਨਾਂ ਕਿਹਾ ਕਿ ਅਕਾਲੀ ਦਲ ਦਾ ਮਕਸਦ ਗੁਰਧਾਮਾਂ ਦੀ ਸੇਵਾ ਤੇ ਸਿੱਖੀ ਦਾ ਪ੍ਰਚਾਰ ਹੋਣਾ ਚਾਹੀਦਾ ਹੈ ਕਿਉਂਕਿ ਜੇ ਸਿੱਖੀ ਹੀ ਨਾ ਰਹੀ ਤਾਂ ਸਰਕਾਰ ਬਣਾ ਕੇ ਕੀ ਕਰਾਂਗੇ। ਉਨਾਂ ਕਿਹਾ ਕਿ ਪੰਥ ਨੂੰ ਦਰਪੇਸ਼ ਚੁਣੌਤੀਆਂ ਦੇ ਟਾਕਰੇ ਲਈ ਸਿੱਖ ਇਤਿਹਾਸ ਤੋਂ ਸੇਧ ਲੈਣ ਦੀ ਲੋੜ ਹੈ। ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਕੌਮ ਦੀ ਪਾਰਲੀਮੈਂਟ ਅਤੇ ਸ਼੍ਰੋਮਣੀ ਅਕਾਲੀ ਦਲ ਕੌਮ ਦੀ ਤਾਕਤ ਤੇ ਫ਼ੌਜ ਹੈ। ਉਨਾਂ ਕਿਹਾ ਕਿ ਅੱਜ ਇਸ ਗੱਲ ਨੂੰ ਪਛਾਣਨ ਦੀ ਲੋੜ ਹੈ ਕਿ ਕਿਹੜੀਆਂ ਪੰਥ ਵਿਰੋਧੀ ਤਾਕਤਾਂ ਸਾਡੀਆਂ ਦੋਵਾਂ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਦਿੱਲੀ ਗਰਦੁਆਰਾ ਕਮੇਟੀ ਦੇ ਆਗੂਆਂ 'ਤੇ ਵਰਦਿਆਂ ਉਨਾਂ ਕਿਹਾ ਕਿ ਏਜੰਸੀਆਂ ਦੇ ਇਸ਼ਾਰੇ 'ਤੇ ਚੱਲਣ ਵਾਲੀਆਂ ਤਾਕਤਾਂ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਲੱਗੀਆਂ ਹੋਈਆਂ ਹਨ। ਉਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਪਰਿਵਾਰ ਜਾਂ ਕਿਸੇ ਹੋਰ ਦੀ ਨਹੀਂ ਬਲਕਿ ਕੌਮ ਦੀ ਜਾਇਦਾਦ ਹੈ।

**ਬਾਕੀ ਸਫ਼ਾ 31 'ਤੇ**

## ਅਕਾਲ ਤਖ਼ਤ 'ਤੇ ਦੇਸ਼ ਵੰਡ ਵੇਲੇ ਦੰਗਿਆਂ ਕਾਰਨ ਮਰਨ ਵਾਲੇ 10 ਲੱਖ ਪੰਜਾਬੀਆਂ ਨੂੰ ਕੀਤਾ ਜਾਵੇਗਾ ਯਾਦ

**ਹਿੰਦ-ਪਾਕਿ ਮਿੱਤਰਤਾ ਦੀਆਂ ਹਾਮੀ ਜਥੇਬੰਦੀਆਂ ਨੇ ਜਥੇਦਾਰ ਦੇ ਬਿਆਨ ਦਾ ਕੀਤਾ ਸਵਾਗਤ**

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਦੇਸ਼ ਵੰਡ ਵੇਲੇ 1947 ਵਿੱਚ ਮਾਰੇ ਗਏ ਦਸ ਲੱਖ ਪੰਜਾਬੀਆਂ ਦੀ ਯਾਦ ਵਿੱਚ ਇਸ ਵਾਰ 16 ਅਗਸਤ ਨੂੰ ਅਕਾਲ ਤਖ਼ਤ 'ਤੇ ਅਖੰਡ ਪਾਠ ਦੇ ਭੋਗ ਪਾਏ ਜਾਣਗੇ। ਇਸ ਸਬੰਧ ਵਿਚ ਅਕਾਲ ਤਖ਼ਤ ਵਿਖੇ 14 ਅਗਸਤ ਨੂੰ ਅਖੰਡ ਪਾਠ ਰੱਖੇ ਜਾਣਗੇ। ਦੇਸ਼ ਵੰਡ ਤੋਂ ਬਾਅਦ 75 ਸਾਲਾਂ ਬਾਅਦ ਇਹ ਪਹਿਲੀ ਵਾਰ ਹੈ ਕਿ ਦੇਸ਼ ਵੰਡ ਵੇਲੇ ਮਾਰੇ ਗਏ ਦਸ ਲੱਖ ਪੰਜਾਬੀਆਂ ਨੂੰ ਅਕਾਲ ਤਖ਼ਤ ਵਿਖੇ ਯਾਦ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਵੀ ਜਾਰੀ ਕੀਤਾ ਗਿਆ ਹੈ। ਆਪਣੇ ਸੰਦੇਸ਼ ਵਿੱਚ ਉਨਾਂ ਨੇ ਵੰਡ ਵੇਲੇ ਦੇ ਪ੍ਰਭਾਵਿਤ ਪਰਿਵਾਰਾਂ ਨੂੰ ਇਸ ਮੌਕੇ ਅਕਾਲ ਤਖ਼ਤ ਵਿਖੇ ਪੁੱਜਣ ਦੀ ਅਪੀਲ ਕੀਤੀ ਹੈ। ਉਨਾਂ ਨੇ ਵੰਡ ਵੇਲੇ ਦੇ ਪੀੜਤ ਹਿੰਦੂ ਪਰਿਵਾਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਇਸ ਸਬੰਧ ਵਿਚ ਆਪਣੇ ਧਰਮ



ਅਸਥਾਨਾਂ 'ਤੇ ਵਿਛੜੀਆਂ ਰੂਹਾਂ ਨਮਿਤ ਪ੍ਰਾਰਥਨਾ ਕਰਨ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੀ ਇਸ ਅਪੀਲ ਦਾ ਸਵਾਗਤ ਕਰਦੇ ਹੋਏ ਫੋਕਲੋਰ ਰਿਸਰਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ, ਜਨ: ਸਕੱਤਰ ਸਤੀਸ਼ ਝੀਂਗਣ, ਵਿੱਤ ਸਕੱਤਰ ਹਰਜੀਤ ਸਰਕਾਰੀਆ, ਕਮਲ ਗਿੱਲ, ਹਰਜਿੰਦਰ ਕੌਰ ਕੰਗ, ਕਰਮਜੀਤ ਕੌਰ ਜੱਸਲ, ਹਿੰਦ-ਪਾਕਿ ਦੋਸਤੀ ਮੰਚ ਦੇ ਪ੍ਰਧਾਨ ਸਈਦਾ ਹਮੀਦ, ਜਨ: ਸਕੱਤਰ ਸਤਨਾਮ ਮਾਣਕ, ਪ੍ਰਗਤੀਸ਼ੀਲ ਲੇਖਕ ਸੰਘ ਕੁਲ ਹਿੰਦ ਦੇ ਜਨ: ਸਕੱਤਰ ਡਾ: ਸੁਖਦੇਵ ਸਿੰਘ ਸਿਰਸਾ, ਪੰਜਾਬ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਸੁਰਜੀਤ ਸਿੰਘ ਜੱਜ ਨੇ ਕਿਹਾ ਕਿ ਫੋਕਲੋਰ ਰਿਸਰਚ ਅਕਾਦਮੀ ਅਤੇ ਹੋਰ ਹਮਖ਼ਿਆਲੀ ਜਥੇਬੰਦੀਆਂ ਵਲੋਂ ਪਿਛਲੇ 26 ਸਾਲਾਂ ਤੋਂ ਲਗਾਤਾਰ ਵਾਹਗਾ ਸਰਹੱਦ ਨੇੜੇ ਉਸਾਰੀ 10 ਲੱਖ ਪੰਜਾਬੀਆਂ ਦੀ ਯਾਦਗਾਰ ਨੂੰ ਸਮਰਪਿਤ ਯਾਦਗਾਰ 'ਤੇ ਸ਼ਰਧਾ ਦੇ ਫ਼ੁਲ ਭੇਟ ਕਰਕੇ ਅਤੇ ਮੋਮਬੱਤੀਆਂ ਜਗਾ ਕੇ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ। ਜਥੇਦਾਰ ਅਕਾਲ ਤਖਤ ਸਾਹਿਬ ਦਾ ਇਹ ਵਿਚਾਰ ਮਹਾਨ ਤੇ ਮਨੁੱਖਤਾ ਪੱਖੀ ਹੈ।ਅਸੀਂ ਇਸ ਦਾ ਸਵਾਗਤ ਕਰਦੇ ਹਾਂ।

# ਕਾਮਨਵੈਲਥ ਖੇਡਾਂ ਵਿਚ ਕੈਨੇਡਾ ਦੇ ਸਿੰਘਾਂ ਨੇ ਗੱਡੇ ਜਿੱਤ ਦੇ ਝੰਡੇ

## ✪ ਕੈਨੇਡਾ ਪੁੱਜਣ 'ਤੇ ਜੇਤੂ ਪਹਿਲਵਾਨਾਂ ਦਾ ਦਸਤਾਰਾਂ ਸਜਾ ਕੇ ਸ਼ਾਨਦਾਰ ਸਵਾਗਤ ✪ ਖ਼ਾਲਸਾ ਰੈਸਲਿੰਗ ਕਲੱਬ ਦੇ ਅਮਰਵੀਰ ਸਿੰਘ ਢੇਸੀ, ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ ਦੇ ਨਿਸ਼ਾਨ ਪ੍ਰੀਤ ਸਿੰਘ ਰੰਧਾਵਾ ਅਤੇ ਮੀਰੀ ਪੀਰੀ ਰੈਸਲਿੰਗ ਕਲੱਬ ਦੇ ਜਸਮੀਤ ਸਿੰਘ ਫੂਲਕਾ ਨੇ ਤਮਗੇ ਜਿੱਤੇ ✪ ਵਿਨੀਪੈੱਗ ਦੀ ਪੰਜਾਬਣ ਪ੍ਰਿਯੰਕਾ ਢਿੱਲੋਂ ਨੇ ਬਾਕਸਿੰਗ ਵਿੱਚ ਮੈਡਲ ਜਿੱਤਿਆ

**ਡਾ ਗੁਰਵਿੰਦਰ ਸਿੰਘ, ਕੈਨੇਡਾ**

ਬ੍ਰਿਟਿਸ਼ ਸਾਮਰਾਜ ਦੀਆਂ ਬਸਤੀਆਂ ਬਣ ਕੇ ਕਿਸੇ ਸਮੇਂ ਗ਼ੁਲਾਮੀ ਦਾ ਦੁੱਖ ਭੋਗਣ ਵਾਲੇ ਸਮੂਹ ਰਾਸ਼ਟਰਮੰਡਲ ਦੇਸ਼ਾਂ ਵੱਲੋਂ, ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਦਿਆਂ ਕਾਮਨਵੈਲਥ ਖੇਡਾਂ ਕਰਵਾਈਆਂ ਜਾਂਦੀਆਂ ਹਨ। ਇਸ ਵਰੇ ਇੰਗਲੈਂਡ ਦੇ ਬਰਮਿੰਘਮ ਸ਼ਹਿਰ ਵਿਚ ਹੋਈਆਂ ਇਹਨਾਂ ਖੇਡਾਂ ਦੌਰਾਨ ਕੈਨੇਡਾ ਨੇ ਤੀਜਾ ਸਥਾਨ ਹਾਸਲ ਕੀਤਾ ਅਤੇ 92 ਤਮਗੇ ਜਿੱਤੇ, ਜਿਨਾਂ 'ਚ 26 ਸੋਨੇ ਦੇ, 32 ਚਾਂਦੀ ਦੇ ਅਤੇ 34 ਕਾਂਸੀ ਦੇ ਤਮਗੇ ਸ਼ਾਮਿਲ ਹਨ। ਵਿਸ਼ਵ ਪੰਜਾਬੀ ਭਾਈਚਾਰੇ ਲਈ ਸਨਮਾਨ ਵਾਲੀ ਗੱਲ ਹੈ ਕਿ ਕੈਨੇਡਾ ਵੱਲੋਂ ਕੁਸ਼ਤੀ ਮੁਕਾਬਲਿਆਂ ਚ ਹਿੱਸਾ ਲੈਣ ਵਾਲੇ ਖ਼ਾਲਸਾ ਰੈਸਲਿੰਗ ਕਲੱਬ ਦੇ ਅਮਰਵੀਰ ਸਿੰਘ ਢੇਸੀ, ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ ਦੇ ਨਿਸ਼ਾਨ ਪ੍ਰੀਤ ਸਿੰਘ ਰੰਧਾਵਾ ਅਤੇ ਮੀਰੀ ਪੀਰੀ ਰੈਸਲਿੰਗ ਕਲੱਬ ਦੇ ਜਸਮੀਤ ਸਿੰਘ ਫੂਲਕਾ ਨੇ ਮੈਡਲ ਜਿੱਤ ਕੇ, ਬੁਲੰਦੀ ਹਾਸਲ ਕੀਤੀ ਹੈ। ਕੈਨੇਡਾ ਦੀ ਪੰਜਾਬਣ ਪ੍ਰਿਅੰਕਾ ਢਿੱਲੋਂ ਨੇ ਬਾਕਸਿੰਗ ਵਿੱਚ ਕਾਂਸੀ ਦਾ ਮੈਡਲ ਜਿੱਤ ਕੇ ਇਨਾਂ ਪ੍ਰਾਪਤੀਆਂ ਨੂੰ ਹੋਰ ਵੀ ਚਾਰ ਚੰਨ ਲਾਏ ਹਨ।

ਕੈਨੇਡਾ ਵੱਲੋਂ ਕਾਮਨਵੈਲਥ ਖੇਡਾਂ ਵਿੱਚ ਸ਼ਾਨਦਾਰ ਜਿੱਤਾਂ ਹਾਸਲ ਕਰਨ ਵਾਲੇ ਸਿੱਖ ਨੌਜਵਾਨਾਂ ਦਾ ਵੈਨਕੂਵਰ




ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਨਾਂ ਸਿੱਖ ਪਹਿਲਵਾਨਾਂ ਨੇ ਦਸਤਾਰਾਂ ਸਜਾ ਕੇ ਨਾ ਸਿਰਫ਼ ਆਪਣੀ ਵਿਲੱਖਣ ਪਛਾਣ ਅਤੇ ਸ਼ਾਨ ਨੂੰ ਸੁਨਹਿਰੀ ਮਾਣ ਦਿੱਤਾ, ਬਲਕਿ ਹੋਰਨਾਂ ਲਈ ਵੀ ਪ੍ਰੇਰਨਾ ਸਰੋਤ ਹੋ ਨਿੱਬੜੇ। ਕਾਮਨਵੈਲਥ ਖੇਡਾਂ 'ਚ ਸਮਾਪਤੀ ਸਮਾਰੋਹ ਦੌਰਾਨ ਵੀ ਅਜਿਹਾ ਪ੍ਰਭਾਵ ਸਿਰਜਿਆ ਗਿਆ। ਗੋਲਡ ਮੈਡਲ ਜਿੱਤਣ ਵਾਲੇ ਕੈਨੇਡਾ ਦੇ ਪਹਿਲਵਾਨ ਅਮਰਵੀਰ ਸਿੰਘ ਢੇਸੀ ਖ਼ਾਲਸਾ ਰੈਸਲਿੰਗ ਕਲੱਬ ਸਰੀ, ਨਿਸ਼ਾਨ ਪ੍ਰੀਤ ਸਿੰਘ ਰੰਧਾਵਾ ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜਾ ਐਬਸਫੋਰਡ ਅਤੇ ਕਾਂਸੀ ਦਾ ਮੈਡਲ ਜਿੱਤਣ ਵਾਲੇ ਜਸਮੀਤ ਸਿੰਘ ਫੂਲਕਾ ਮੀਰੀ ਪੀਰੀ ਰੈਸਲਿੰਗ ਕਲੱਬ ਐਬਟਸਫੋਰਡ ਨੂੰ ਜੀ ਆਇਆਂ ਆਖਦੇ ਹੋਏ, ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ 'ਤੇ ਇਕੱਠੇ ਹੋਏ ਭਾਈਚਾਰੇ ਦੀਆਂ ਖ਼ੁਸ਼ੀਆਂ ਦਾ ਕੋਈ ਪਾਰਾਵਾਰ ਨਹੀਂ ਸੀ।

ਕਾਮਨਵੈਲਥ ਖੇਡ ਵਿੱਚ ਕੁਸ਼ਤੀ ਮੁਕਾਬਲਿਆਂ ਦੌਰਾਨ ਕੈਨੇਡਾ ਦੇ ਖ਼ਾਲਸਾ ਰੈਸਲਿੰਗ ਕਲੱਬ ਦੇ ਪਹਿਲਵਾਨ ਅਮਰਵੀਰ ਸਿੰਘ ਢੇਸੀ ਨੇ 125 ਕਿੱਲੋ ਭਾਰ ਵਰਗ 'ਚ ਗੋਲਡ ਮੈਡਲ ਜਿੱਤ ਕੇ ਰੱਖ ਵਿਖਾਈ ਹੈ। ਬੇਹੱਦ ਦਿਲਚਸਪ ਮੁਕਾਬਲਿਆਂ ਵਿੱਚ ਅਮਰਵੀਰ ਸਿੰਘ ਢੇਸੀ ਨੇ ਪਹਿਲਾਂ ਭਾਰਤੀ ਪਹਿਲਵਾਨ ਮੋਹਿਤ ਗਰੇਵਾਲ ਨੂੰ ਸੈਮੀ



ਫਾਈਨਲ ਹਰਾਇਆ ਅਤੇ ਫਾਈਨਲ ਵਿੱਚ ਪਾਕਿਸਤਾਨੀ ਪਹਿਲਵਾਨ ਜ਼ਮਾਨ ਅਨਵਰ ਨੂੰ ਹਰਾ ਕੇ ਸੋਨੇ ਦਾ ਤਮਗ਼ਾ ਕੈਨੇਡਾ ਲਈ ਜਿੱਤਿਆ ਹੈ। ਰਾਸ਼ਟਰ ਮੰਡਲ ਖੇਡਾਂ ਚ ਅਮਰਵੀਰ ਸਿੰਘ ਢੇਸੀ ਨੇ ਸ਼ਾਨਦਾਰ ਜਿੱਤ ਹਾਸਲ ਕਰਦਿਆਂ ਆਪਣੇ ਪਿਤਾ ਸ਼ੀਰੀ ਪਹਿਲਵਾਨ ਬਲਬੀਰ ਸਿੰਘ ਢੇਸੀ ਦੇ ਨਾਂ ਨੂੰ ਚਾਰ ਚੰਨ ਲੱਗ ਗਏ ਹਨ, ਜਿਨਾਂ ਨੇ ਅਨੇਕਾਂ ਪਹਿਲਵਾਨਾਂ ਨੂੰ ਥਾਪੜਾ ਦੇ ਕੇ ਜਿੱਤਣ ਦੇ ਕਾਬਲ ਬਣਾਇਆ ਹੈ। ਬਲਵੀਰ ਸਿੰਘ ਢੇਸੀ ਉਰਫ਼ ਸ਼ੀਰੀ ਪਹਿਲਵਾਨ ਦਾ ਪੰਜਾਬ ਤੋਂ ਪਿਛਲਾ ਪਿੰਡ ਜ਼ਿਲਾ ਜਲੰਧਰ ਵਿੱਚ ਆਦਮਪੁਰ ਦਿੱਲੀ ਸੰਗਵਾਲ ਹੈ। ਆਪ ਨੇ ਕੈਨੇਡਾ ਆ ਕੇ ਪਹਿਲਵਾਨਾਂ ਨੂੰ ਉਤਸ਼ਾਹਿਤ ਕੀਤਾ ਅਤੇ ਸਰੀ 'ਚ ਖ਼ਾਲਸਾ ਰੈਸਲਿੰਗ ਕਲੱਬ ਦੀ ਸਥਾਪਨਾ 1976 'ਚ ਕੀਤੀ। ਹੁਣ ਤਕ ਅਨੇਕਾਂ ਵਾਰ ਖ਼ਾਲਸਾ ਰੈਸਲਿੰਗ ਕਲੱਬ ਸ਼ਾਨਦਾਰ ਪ੍ਰਾਪਤੀਆਂ ਕਰ ਚੁੱਕਿਆ ਹੈ।

ਇਨਾਂ ਪ੍ਰਾਪਤੀਆਂ ਦੀ ਲੜੀ ਵਿੱਚ ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ, ਐਬਟਸਫੋਰਡ ਦੇ ਪਹਿਲਵਾਨ ਨਿਸ਼ਾਨਪ੍ਰੀਤ ਸਿੰਘ ਰੰਧਾਵਾ 97 ਕਿਲੋਗ੍ਰਾਮ ਵਰਗ ਵਿੱਚ ਰਾਸ਼ਟਰਮੰਡਲ ਕੁਸ਼ਤੀ ਮੁਕਾਬਲਿਆਂ ਵਿਚ, ਦੱਖਣੀ ਅਫ਼ਰੀਕਾ ਦੇ ਪਹਿਲਵਾਨ ਨੂੰ ਫਾਈਨਲ ਵਿੱਚ ਹਰਾ ਕੇ, ਕੈਨੇਡਾ ਲਈ ਗੋਲਡ ਮੈਡਲ ਜਿੱਤਿਆ ਹੈ। ਨਿਸ਼ਾਨ ਪ੍ਰੀਤ ਸਿੰਘ ਨੇ ਇਸ ਤੋਂ ਪਹਿਲੇ ਮੁੱਢਲੇ ਮੈਚਾਂ 'ਚ ਪਾਕਿਸਤਾਨ ਅਤੇ ਭਾਰਤ ਦੇ ਪਹਿਲਵਾਨਾਂ ਨੂੰ ਹਰਾਇਆ। ਐਬਟਸਫੋਰਡ ਵਾਸੀ ਗੁਰਜੀਤ ਸਿੰਘ ਰੰਧਾਵਾ ਅਤੇ ਕੁਲਵੰਤ ਕੌਰ ਰੰਧਾਵਾ ਦਾ ਹੋਣਹਾਰ ਸਪੁੱਤਰ ਅਤੇ ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ ਦੇ ਬਾਨੀ ਪਹਿਲਵਾਨ ਬੂਟਾ ਸਿੰਘ ਢੀਂਡਸਾ ਦਾ ਭਾਣਜਾ ਨਿਸ਼ਾਨ ਰੰਧਾਵਾ ਇਸ ਤੋਂ ਪਹਿਲਾਂ ਵੀ ਵਿਸ਼ਵ ਪੱਧਰੀ ਟੂਰਨਾਮੈਂਟਾਂ ਵਿੱਚ ਕਈ ਮੈਡਲ ਜਿੱਤ ਚੁੱਕਿਆ ਹੈ, ਜਦਕਿ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਮੁਕਾਬਲਿਆਂ ਵਿੱਚ ਤਿੰਨ ਵਾਰ ਜੇਤੂ ਰਿਹਾ ਹੈ। ਉਹ ਅੱਠਵੀਂ ਤੋਂ ਬਾਰਵੀਂ ਜਮਾਤ ਤਕ ਬੀਸੀ ਰੈਸਲਿੰਗ ਚੈਂਪੀਅਨਸ਼ਿਪ ਦਾ ਜੇਤੂ ਰਿਹਾ, ਜਦਕਿ ਸਪੇਨ, ਕਿਊਬਾ ਅਤੇ ਹੋਰਨਾਂ ਵੱਖ-ਵੱਖ ਥਾਵਾਂ 'ਤੇ ਸਫਲ ਰਿਹਾ। ਪੰਜਾਬ ਤੋਂ ਜ਼ਿਲਾ ਕਪੂਰਥਲਾ ਦੇ ਪਿੰਡ ਬਟਾਲਾ ਸਾਇੰਸ ਸਿਟੀ ਨਾਲ ਸੰਬੰਧਤ ਨਿਸ਼ਾਨਪ੍ਰੀਤ ਸਿੰਘ ਰੰਧਾਵਾ ਨੇ ਰਾਸ਼ਟਰਮੰਡਲ ਖੇਡਾਂ ਵਿੱਚ ਜਿੱਤ ਹਾਸਿਲ ਕਰਕੇ ਕੈਨੇਡਾ ਦੇਸ਼ ਤੇ ਸਿੱਖ ਕੌਮ ਦਾ ਨਾਂ ਰੌਸ਼ਨ ਕੀਤਾ ਹੈ।

ਹੋਰ ਮਾਣ ਵਾਲੀ ਗੱਲ ਹੈ ਕਿ ਮੀਰੀ ਪੀਰੀ ਰੈਸਲਿੰਗ ਕਲੱਬ ਐਬਟਸਫੋਰਡ ਦੇ ਹੋਣਹਾਰ ਪਹਿਲਵਾਨ ਜਸਮੀਤ ਸਿੰਘ ਫੂਲਕਾ ਨੇ 74 ਕਿਲੋਗ੍ਰਾਮ ਵਰਗ ਵਿੱਚ ਬਰਮਿੰਘਮ ਖੇਡਾਂ ਵਿੱਚ ਕਾਂਸੀ ਦਾ ਤਮਗ਼ਾ ਜਿੱਤ ਕੇ ਸਮੂਹ ਕੈਨੇਡੀਅਨ ਭਾਈਚਾਰੇ ਅਤੇ ਸਿੱਖ ਕੌਮ ਦਾ ਮਾਣ ਵਧਾਇਆ ਹੈ।




ਹਰਜੀਤ ਸਿੰਘ ਫੂਲਕਾ ਦੇ ਸਪੁੱਤਰ ਜਸਮੀਤ ਸਿੰਘ ਫੂਲਕਾ ਕਾਮਨਵੈਲਥ ਖੇਡਾਂ ਵਿਚ ਮੰਜ਼ਿਲਾਂ ਤੈਅ ਕਰ ਕੇ ਨੌਜਵਾਨ ਪੀੜੀ ਲਈ ਪ੍ਰੇਰਨਾ ਸਰੋਤ ਬਣਿਆ ਹੈ। ਕੈਨੇਡਾ ਦੇ ਜੰਮਪਲ ਜਸਮੀਤ ਸਿੰਘ ਦੇ ਪਿਤਾ ਹਰਜੀਤ ਸਿੰਘ ਫੂਲਕਾ ਦਾ ਜੱਦੀ ਪਿੰਡ ਜ਼ਿਲਾ ਹੁਸ਼ਿਆਰਪੁਰ ਸਥਿਤ ਖੱਖਾਂ ਹੈ ਅਤੇ ਫੂਲਕਾ ਪਰਿਵਾਰ ਨੇ ਮੀਰੀ ਪੀਰੀ ਰੈਸਲਿੰਗ ਕਲੱਬ ਦੇ ਬੈਨਰ ਹੇਠ ਆਪਣੇ ਬੱਚਿਆਂ ਨੂੰ ਉੱਚੀਆਂ ਮੰਜ਼ਿਲਾਂ ਤੱਕ ਲਿਜਾਣ ਵਿਚ ਵਧੀਆ ਭੂਮਿਕਾ ਨਿਭਾਈ ਹੈ।

ਕਾਮਨਵੈਲਥ ਖੇਡਾਂ ਵਿਚ ਵਿਨੀਪੈੱਗ ਦੀ ਹੋਣਹਾਰ ਪੰਜਾਬਣ ਪ੍ਰਿਯੰਕਾ ਢਿੱਲੋਂ ਨੇ ਬਾਕਸਿੰਗ ਵਿੱਚ ਕਾਂਸੀ ਦਾ ਮੈਡਲ ਜਿੱਤ ਕੇ ਸਮੂਹ ਕੈਨੇਡੀਅਨ ਅਤੇ ਵਿਸ਼ੇਸ਼ ਕਰ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ। ਆਰਥਿਕ ਚੁਣੌਤੀਆਂ ਅਤੇ ਲੰਮੇ ਸੰਘਰਸ਼ ਬਾਅਦ ਇਸ ਮੁਕਾਮ 'ਤੇ ਪਹੁੰਚੀ ਪ੍ਰਿਯੰਕਾ ਢਿੱਲੋਂ ਦੀ ਜਿੱਤ ਇਤਿਹਾਸਕ ਹੈ ਅਤੇ ਪੰਜਾਬੀ ਭਾਈਚਾਰੇ ਦਾ ਸਿਰ ਫ਼ਖਰ ਨਾਲ ਉੱਚਾ ਕਰਦੀ ਹੈ।

ਜ਼ਿਕਰਯੋਗ ਹੈ ਕਿ ਕੈਨੇਡਾ ਵੱਲੋਂ ਕੁੱਲ ਛੇ ਪਹਿਲਵਾਨ ਘੁਲੇ ਸਨ, ਜਿਨਾਂ 'ਚੋਂ ਤਿੰਨ ਸਿੱਖ ਭਾਈਚਾਰੇ ਨਾਲ ਸਬੰਧ ਸਨ ਅਤੇ ਤਿੰਨਾਂ ਨੇ ਹੀ ਮੈਡਲ ਜਿੱਤੇ ਹਨ। ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਜਿਹੜਾ ਮੁੱਖ- ਧਾਰਾ ਦਾ ਮੀਡੀਆ ਪੰਜਾਬੀ ਨੌਜਵਾਨਾਂ ਬਾਰੇ ਕੇਵਲ ਤੇ ਕੇਵਲ ਡਰੱਗ ਅਤੇ ਹਿੰਸਾ ਦੀਆਂ ਖ਼ਬਰਾਂ ਦਿੰਦਾ ਹੈ, ਕੀ ਉਹ ਇਨਾਂ ਪ੍ਰਾਪਤੀਆਂ ਬਾਰੇ ਵੀ ਜ਼ਿਕਰ ਕਰੇਗਾ ? ਖ਼ਾਸ ਤੌਰ 'ਤੇ ਇੰਡੀਅਨ ਮੀਡੀਏ ਦਾ ਅਜਿਹਾ ਦਰਬਾਰੀ ਵਰਗ, ਜਿਹੜਾ ਵਿਦੇਸ਼ਾਂ ਚ ਵੱਸਦੇ ਪੰਜਾਬੀਆਂ ਨੂੰ ਬਦਨਾਮ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡਦਾ, ਕੀ ਇਨਾਂ ਜਿੱਤਾਂ ਦੀ ਵੀ ਚਰਚਾ ਕਰੇਗਾ ? ਇਨਾਂ ਸਵਾਲਾਂ ਦਾ ਜਵਾਬ ਨਾਂਹ ਵਿੱਚ ਹੀ ਮਿਲਦਾ ਹੈ। ਦਰਅਸਲ ਇਨਾਂ ਪ੍ਰਾਪਤੀਆਂ ਬਾਰੇ ਗੋਦੀ ਮੀਡੀਆ ਕਰਮੀਂ ਮੌਕਾਪ੍ਰਸਤਾਂ ਦੀਆਂ ਕਲਮਾਂ ਖੁੰਢੀਆਂ ਹੋ ਜਾਂਦੀਆਂ ਹਨ।

ਖ਼ਾਲਸਾ ਰੈਸਲਿੰਗ ਕਲੱਬ ਦੇ ਅਮਰਵੀਰ ਸਿੰਘ ਢੇਸੀ, ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ ਦੇ ਨਿਸ਼ਾਨ ਪ੍ਰੀਤ ਸਿੰਘ ਰੰਧਾਵਾ ਅਤੇ ਮੀਰੀ ਪੀਰੀ ਰੈਸਲਿੰਗ ਕਲੱਬ ਦੇ ਜਸਮੀਤ ਸਿੰਘ ਫੂਲਕਾ ਦੇ ਕਲੱਬ/ਅਖਾੜੇ ਦੇ ਪ੍ਰਬੰਧਕ, ਕੋਚ ਅਤੇ ਪਰਿਵਾਰ ਵਧਾਈ ਦੇ ਪਾਤਰ ਹਨ। ਕੌਮਾਂਤਰੀ ਪੱਧਰ 'ਤੇ ਸਿੱਖ ਕੌਮ ਲਈ ਇਹ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਵਿੱਚ ਮੱਲ ਅਖਾੜਿਆਂ ਦੇ ਨਾਂ ਗੁਰੂ ਸਾਹਿਬਾਨ ਅਤੇ ਸਿੱਖ ਵਿਰਾਸਤ ਨੂੰ ਸਮਰਪਿਤ ਹਨ, ਜਿਵੇਂ ਕਿ ਮੀਰੀ ਪੀਰੀ ਰੈਸਲਿੰਗ ਕਲੱਬ, ਖ਼ਾਲਸਾ ਰੈਸਲਿੰਗ ਕਲੱਬ, ਗੁਰੂ ਗੋਬਿੰਦ ਸਿੰਘ ਅਖਾੜਾ, ਸ਼ਹੀਦ ਭਾਈ ਭੁਪਿੰਦਰ ਸਿੰਘ ਅਖਾੜਾ ਆਦਿ। ਇਨਾਂ ਅਖਾੜਿਆਂ ਦੇ ਪਹਿਲਵਾਨਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਪਿਛਲੇ ਕਈ ਦਹਾਕਿਆਂ ਤੋਂ ਸ਼ਾਨਦਾਰ ਜਿੱਤਾਂ ਦਰਜ ਕੀਤੀਆਂ ਹਨ। ਖ਼ਾਲਸਾ ਰੈਸਲਿੰਗ ਕਲੱਬ, ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ ਅਤੇ ਮੀਰੀ ਪੀਰੀ ਰੈਸਲਿੰਗ ਕਲੱਬ ਦੇ ਇਨਾਂ ਪਹਿਲਵਾਨਾਂ ਦੀ ਮਿਹਨਤ ਅਤੇ ਸਿਰੜ ਦੇ ਇਲਾਵਾ ਸਭ ਤੋਂ ਵੱਡੀ ਬਖਸ਼ਿਸ਼ ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਅਤੇ ਖ਼ਾਲਸੇ ਦੇ ਸਿਰਜਕ ਦਸਮੇਸ਼ ਪਿਤਾ ਦਾ ਥਾਪੜਾ ਇਨਾਂ ਦੀ ਪਿੱਠ 'ਤੇ ਹੈ। ਇਨਾਂ ਅਖਾੜਿਆਂ ਦੇ ਪਹਿਲਵਾਨਾਂ ਦੀਆਂ ਪ੍ਰਾਪਤੀਆਂ ਨਾਲ ਨਾ ਸਿਰਫ਼ ਸਿੱਖ ਭਾਈਚਾਰੇ ਦਾ ਮਾਣ ਹੀ ਵਧੇਗਾ, ਬਲਕਿ ਭਟਕੇ ਹੋਏ ਨੌਜਵਾਨਾਂ ਨੂੰ ਵੀ ਸਹੀ ਦਿਸ਼ਾ ਮਿਲੇਗੀ।

# ਅਮਰੀਕਨ ਸਿੱਖ ਕਾਕਸ ਕਮੇਟੀ ਵਲੋਂ ਡਾਇਰੈਕਟਰ ਮਾਰਕਸ ਕੋਲਮੈਨ ਦਾ ਨਿੱਘਾ ਸੁਆਗਤ







**ਕੈਲੇਫੋਰਨੀਆ:** ਅਮਰੀਕਨ ਸਿੱਖ ਕਾਕਸ ਕਮੇਟੀ, ਏਜੀਪੀਸੀ ਅਤੇ ਐਸਐਫ ਬੇ ਏਰੀਆ ਦੇ ਸਿੱਖ ਸੈਂਟਰ ਨੇ ਡਾਇਰੈਕਟਰ ਮਾਰਕਸ ਕੋਲਮੈਨ ਦਾ ਨਿੱਘਾ ਸੁਆਗਤ ਕੀਤਾ । ਦੱਸਣਯੋਗ ਹੈ ਕਿ ਵ੍ਹਾਈਟ ਹਾਊਸ ਸੈਂਟਰ ਫਾਰ ਫੇਥ-ਬੇਸਡ ਐਂਡ ਨੇਬਰਹੁੱਡਸ ਪਾਰਟਨਰਸਿਪ ਦਾ ਮਿਸਨ ਸਰਕਾਰ ਅਤੇ ਵਿਸਵਾਸ-ਆਧਾਰਿਤ ਸੰਸਥਾਵਾਂ ਵਿਚਕਾਰ ਭਾਈਵਾਲੀ ਨੂੰ ਉਤਸਾਹਿਤ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਹੈ।

ਕਮੇਟੀ ਵਲੋਂ 25 ਤੋਂ ਵੱਧ ਵਿਸਵਾਸ ਅਧਾਰਿਤ ਸੰਗਠਨ ਜਿਨ੍ਹਾਂ ਵਿਚ ਰਬਾਬੀ, ਇਮਾਮ, ਪਾਦਰੀ, ਗ੍ਰੰਥੀ ਸਾਹਿਬਾਨ , ਤਿੱਬਤੀ ਪ੍ਰਤੀਨਿਧਾਂ ,ਚੁਣੇ ਗਏ ਅਧਿਕਾਰੀ, ਕਮਿਊਨਿਟੀ ਲੀਡਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਡਾਇਰੈਕਟਰ ਕੋਲਮੈਨ ਨਾਲ ਆਪਸੀ ਵੀਚਾਰਾਂ ਦੀ ਸਾਂਝ ਪਾਈ ਅਤੇ ਸਮੱਸਿਆਵਾਂ ਨੂੰ ਵੀ ਪ੍ਰਗਟ ਕੀਤਾ । ਇਹ ਵੀਚਾਰ ਚਰਚਾ ਅਤੇ ਸਮੱਸਿਆਵਾਂ ਦੇ ਸੰਦੇਸ਼ ਨੂੰ ਡਾਇਰੈਕਟਰ ਕੋਲਮੈਨ ਰਾਸਟਰਪਤੀ ਬਾਇਡਨ ਅਤੇ ਪ੍ਰਸ਼ਾਸਨ ਨੂੰ ਅੱਗੇ ਭੇਜਣਗੇ।

# ਬੰਦੀ ਸਿੰਘਾਂ ਦੀ ਰਿਹਾਈ ਲਈ ਦਿੱਲੀ ਦੇ ਜੰਤਰ ਮੰਤਰ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਕੀਤਾ ਗਿਆ ਭਾਰੀ ਰੋਸ ਮੁਜ਼ਾਹਿਰਾ

## ✪ ਰਾਸ਼ਟਰਪਤੀ ਨੂੰ ਦਿੱਤਾ ਗਿਆ ਤਿੰਨ ਮੰਗੀ ਯਾਦਪਤਰ ✪ ਤਿਰੰਗਾ ਛੱਡ ਕੇਸਰੀ ਲਹਿਰਾਓ : ਮਾਨ

**ਨਵੀਂ ਦਿੱਲੀ (ਮਨਪ੍ਰੀਤ ਸਿੰਘ ਖ਼ਾਲਸਾ):-** ਦਿੱਲੀ ਦੇ ਜੰਤਰ ਮੰਤਰ ਤੇ ਅੱਜ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਗਏ ਰੋਸ ਧਰਨੇ ਅੰਦਰ ਭਾਰੀ ਗਿਣਤੀ ਅੰਦਰ ਪੰਜਾਬ ਅਤੇ ਵੱਖ ਵੱਖ ਸੂਬਿਆਂ ਤੋਂ ਆਈ ਸੰਗਤਾਂ ਨੇ ਹਿੱਸਾ ਲਿਆ। ਇਸ ਧਰਨੇ ਅੰਦਰ ਪੰਥਕ ਅਤੇ ਰਾਜਸੀ ਜਥੇਬੰਦੀਆਂ ਨੇ ਆਪਣੀ ਦੂਰੀ ਬਣਾ ਕੇ ਰੱਖੀ ਖ਼ਾਸ ਕਰਕੇ ਦਿੱਲੀ ਦੇ ਕੋਈ ਵੀਂ ਸਿੱਖ ਨੇਤਾ ਜਾਂ ਕਹਿ ਲਵੋ ਅਕਾਲ ਤਖ਼ਤ ਸਾਹਿਬ ਤੇ ਬਣਾਈ ਗਈ ਬੰਦੀ ਸਿੰਘ ਰਿਹਾਈ ਮੋਰਚੇ ਦੇ ਮੈਂਬਰ ਵੀਂ ਹਾਜ਼ਰ ਨਹੀਂ ਹੋਏ ਸਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਵੱਖ ਵੱਖ ਬੁਲਾਰਿਆਂ ਨੇ ਬੰਦੀ ਸਿੰਘਾਂ ਬਾਰੇ ਚਾਨਣ ਪਾਇਆ ਤੇ ਇਕੱਮੁਠ ਹੋ ਕੇ ਕੇਂਦਰ ਸਰਕਾਰ ਕੋਲੋਂ ਇਨਾਂ ਦੀ ਰਿਹਾਈ ਦੀ ਜ਼ੋਰਦਾਰ ਮੰਗ ਕੀਤੀ ਅਤੇ ਉਨਾਂ ਦੱਸਿਆ ਕਿ ਕਿਸ ਤਰਾਂ ਸਰਦਾਰ ਮਾਨ ਨੂੰ ਪਾਰਲੀਮੈਂਟ ਵਿਚ ਬੋਲਣ ਲਈ ਸਮਾਂ ਨਹੀਂ ਦਿੱਤਾ ਜਾਂਦਾ ਹੈ ਕਿਉਂਕਿ ਉਨਾਂ ਨੂੰ ਪਤਾ ਹੈ ਕਿ ਸਰਦਾਰ ਮਾਨ ਸਿੱਖ ਮੁੱਦਿਆਂ ਤੇ ਬੋਲਣਗੇ, ਬੰਦੀ ਸਿੰਘਾਂ ਲਈ ਬੋਲਣਗੇ ਪਾਣੀ ਦੇ ਹੱਕਾਂ ਲਈ ਆਵਾਜ਼ ਚੁੱਕਣਗੇ ਦੇ ਨਾਲ ਨਾਲ ਘੱਟ ਗਿਣਤੀਆਂ ਵਿਰੁੱਧ ਹੋ ਰਹੇ ਜ਼ੁਲਮ ਖ਼ਿਲਾਫ਼ ਵੀਂ ਉਹ ਬੋਲਣਗੇ, ਜੋ ਕਿ ਇਕ ਜਮਹੂਰੀ ਅਖਵਾਉਂਦੇ ਦੇਸ਼ ਲਈ ਸ਼ਰਮਨਾਕ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ 'ਹਰਿ ਘਰ ਤਿਰੰਗਾ' ਮੁਹਿੰਮ ਦੇ ਬਾਈਕਾਟ ਦਾ ਸੱਦਾ ਦਿੱਤਾ ਹੈ। ਤੁਹਾਨੂੰ ਦੱਸ ਦੇਈਏ ਕਿ ਪਿਛਲੇ ਮਹੀਨੇ ਪ੍ਰਧਾਨ ਮੰਤਰੀ



ਨਰਿੰਦਰ ਮੋਦੀ ਨੇ 'ਹਰ ਘਰ ਤਿਰੰਗਾ' ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਇਸ 'ਚ ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਦੇਸ਼ ਦੀ ਆਜ਼ਾਦੀ ਦੇ 75 ਸਾਲ ਪੂਰੇ ਹੋਣ 'ਤੇ ਦੇਸ਼ ਵਾਸੀ ਆਪਣੇ ਘਰਾਂ 'ਤੇ ਤਿਰੰਗਾ ਲਹਿਰਾਉਣ। ਅਜਿਹੇ ਵਿੱਚ ਸਿਮਰਨਜੀਤ ਸਿੰਘ ਮਾਨ ਨੇ ਇਸ ਮੁਹਿੰਮ ਦੇ ਬਾਈਕਾਟ ਦਾ ਸੱਦਾ ਦਿੱਤਾ ਹੈ। ਉਨਾਂ ਹਰ ਘਰ ਵਿੱਚ ਤਿਰੰਗਾ ਲਹਿਰਾਉਣ ਦੇ ਵਿਰੋਧ ਵਿੱਚ ਕਿਹਾ ਕਿ ਮੈਂ ਅਪੀਲ ਕਰਦਾ ਹਾਂ ਕਿ 14-15 ਅਗਸਤ ਨੂੰ ਆਪਣੇ ਘਰਾਂ ਅਤੇ ਦਫ਼ਤਰਾਂ ਵਿੱਚ ਨਿਸ਼ਾਨ ਸਾਹਿਬ ਲਗਾਓ। ਦੀਪ ਸਿੱਧੂ, ਜੋ ਹੁਣ ਸਾਡੇ ਵਿੱਚ ਨਹੀਂ ਹਨ, ਕਹਿੰਦੇ ਸਨ ਕਿ ਸਿੱਖ ਆਜ਼ਾਦ ਹਨ ਅਤੇ ਇੱਕ ਵੱਖਰੀ ਕੌਮ ਦਾ ਹਿੱਸਾ ਹਨ। ਇਮਾਨ ਸਿੰਘ ਮਾਨ ਨੇ ਸਰਕਾਰ ਨੂੰ 24 ਅਗਸਤ ਤੋਂ ਪਹਿਲਾਂ ਬੰਦੀ ਸਿੰਘ ਰਿਹਾ ਕਰਨ ਦੀ ਮੰਗ ਕੀਤੀ ਨਾ ਹੋਣ ਦੀ ਸੂਰਤ ਵਿਚ ਇਸ ਸੰਘਰਸ਼ ਨੂੰ ਹੋਰ ਤਿੱਖਾ ਕਰਣ ਦੀ ਚੇਤਾਵਨੀ ਦਿੱਤੀ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਇਕ ਯਾਦਪਤਰ ਦਿੱਤਾ ਗਿਆ ਜਿਸ ਵਿਚ ਸਿੱਖ ਸਿਆਸੀ ਬੰਦੀ ਸਿੰਘਾਂ ਬਾਰੇ ਦੱਸਿਆ ਗਿਆ ਹੈ। ਯਾਦਪਤਰ ਵਿਚ ਦੱਸਿਆ ਗਿਆ ਹੈ ਕਿ ਸਿੱਖ ਬੰਦੀ ਸਿੰਘ ਜੇਲ ਅੰਦਰ ਕਨੂੰਨ ਮੁਤਾਬਿਕ ਬਣਦੀ ਸਜ਼ਾ ਤੋਂ ਵੀਂ ਵੱਧ ਸਜ਼ਾ ਭੁਗਤ ਚੁੱਕੇ ਹਨ ਜਿਸ ਦੇ ਬਾਵਜੂਦ ਉਨਾਂ ਨੂੰ ਨਾ ਛੱਡਿਆ ਜਾਣਾ ਸਿੱਖਾਂ ਲਈ ਵੱਖ ਅਤੇ ਬਹੁਗਿਣਤੀ ਲਈ ਵੱਖ ਕਾਨੂੰਨ ਹੋਣ ਦਾ ਪ੍ਰਮਾਣ ਕਰਦਾ ਹੈ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਦਿੱਤੇ ਗਏ ਯਾਦਪਤਰ ਵਿਚ ਕੁਲ ਤਿੰਨ ਮੰਗਾ ਦਾ ਜ਼ਿਕਰ ਕੀਤਾ ਗਿਆ ਹੈ। ਬੰਦੀ ਸਿੰਘਾਂ ਦੀ ਰਿਹਾਈ, ਜੰਮੂ ਕਸ਼ਮੀਰ ਦੇ ਚਿੱਠੀ ਸਿੰਘਪੁਰਾ ਦੇ ਅੰਦਰ ਸੰਨ 2000 ਵਿਚ ਹੋਏ ਸਿੱਖ ਕਤਲੇਆਮ ਦੀ ਨਿਰਪੱਖ ਜਾਂਚ ਦੇ ਨਾਲ ਕਾਤਲਾਂ ਨੂੰ ਬਣਦੀਆਂ ਕਾਨੂੰਨੀ ਸਜ਼ਾਵਾਂ ਦੇਣੀ ਅਤੇ ਸਿੱਖ ਕੌਮ ਦੀ ਧਾਰਮਿਕ ਮੁੱਖ ਸੰਸਥਾ ਐਸਜੀਪੀਸੀ ਦੀਆਂ ਚੋਣਾਂ ਕਰਵਾਉਣ ਦਾ ਉਚੇਚੇ ਤੌਰ ਤੇ ਪ੍ਰਬੰਧ ਕਰਦੇ ਹੋਏ ਉਪਰੋਕਤ ਤਿੰਨੇ ਮਸਲਿਆਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਵਾਉਣ ਦੀ ਮੰਗ ਕੀਤੀ ਗਈ ਹੈ।

# ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਅਜ਼ਾਦੀ ਦੀ 75ਵੀਂ ਵਰ੍ਹੇਗੰਢ ਮੌਕੇ ਸ਼੍ਰੋਮਣੀ ਕਮੇਟੀ ਜ਼ਿਲ੍ਹਾ ਪੱਧਰ 'ਤੇ ਕਰੇਗੀ ਰੋਸ ਪ੍ਰਦਰਸ਼ਨ

## 13 ਅਗਸਤ ਨੂੰ ਪੰਜਾਬ ਦੇ ਹਰ ਜ਼ਿਲ੍ਹੇ 'ਚ ਡਿਪਟੀ ਕਮਿਸ਼ਨਰਾਂ ਨੂੰ ਸੌਂਪੇ ਜਾਣਗੇ ਮੈਮੋਰੰਡਮ- ਐਡਵੋਕੇਟ ਧਾਮੀ

**ਨਵੀਂ ਦਿੱਲੀ, (ਮਨਪ੍ਰੀਤ ਸਿੰਘ ਖਾਲਸਾ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਭਾਰਤ ਦੀ ਅਜ਼ਾਦੀ ਦੀ 75ਵੀਂ ਵਰ੍ਹੇਗੰਢ ਮੌਕੇ ਜ਼ਿਲ੍ਹਾ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧ ਵਿਚ 13 ਅਗਸਤ ਨੂੰ ਸਵੇਰੇ 10 ਵਜੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਮੈਮੋਰੰਡਮ ਸੌਂਪੇ ਜਾਣਗੇ ਅਤੇ ਇਸ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਮੁਲਾਜ਼ਮ ਕਾਲੀਆਂ ਦਸਤਾਰਾਂ ਸਜਾ ਕੇ ਸ਼ਮੂਲੀਅਤ ਕਰਨਗੇ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਦੀ ਧਾਮੀ ਦੀ ਅਗਵਾਈ ਵਿਚ ਇਥੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਦੇਸ਼ ਦੀ ਅਜ਼ਾਦੀ ਵਿਚ 80 ਫੀਸਦੀ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਦਿੱਤੀਆਂ, ਪਰ ਦੁੱਖ ਦੀ ਗੱਲ ਹੈ ਕਿ 75 ਸਾਲਾਂ ਤੋਂ ਸਿੱਖਾਂ ਨੂੰ ਬੇਗਾਨਿਆਂ ਵਾਲਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਇਸ ਦੀ ਇਕ ਮਿਸਾਲ ਤਿੰਨ ਦਹਾਕਿਆਂ ਤੋਂ ਦੇਸ਼ ਦੀਆਂ ਜ਼ੇਲ੍ਹਾਂ ਵਿਚ ਬੰਦ



ਸਿੰਘਾਂ ਨੂੰ ਉਮਰ ਕੈਦ ਤੋਂ ਵੱਧ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਰਿਹਾਅ ਨਾ ਕਰਨਾ ਹੈ। ਉਨ੍ਹਾਂ ਆਖਿਆ ਕਿ ਦੇਸ਼ ਦਾ ਸੰਵਿਧਾਨ ਇਥੇ ਵੱਸਣ ਵਾਲੇ ਹਰ ਇਕ ਨੂੰ ਬਰਾਬਰ ਦੇ ਅਧਿਕਾਰ ਦਿੰਦਾ ਹੈ, ਪਰੰਤੂ ਸਿੱਖਾਂ ਪ੍ਰਤੀ ਸਰਕਾਰਾਂ ਦਾ ਰਵੱਈਆ ਨਕਾਰਾਤਮਕ ਰਿਹਾ ਹੈ। ਇਸੇ ਸਿੱਖ ਵਿਰੋਧੀ ਰਵੱਈਏ ਕਾਰਨ ਹੀ 30-30 ਸਾਲਾਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਸਿੱਖਾਂ ਨੂੰ ਇਨਸਾਫ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਇਕ ਪਾਸੇ ਦੇਸ਼ ਆਪਣੀ 75ਵੀਂ ਵਰ੍ਹੇਗੰਢ ਮਨਾ ਰਿਹਾ ਹੈ, ਜਦਕਿ ਦੂਸਰੇ ਪਾਸੇ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲੇ ਸਿੱਖਾਂ ਨੂੰ ਆਪਣੇ ਬੁਨਿਆਦੀ ਹੱਕਾਂ ਲਈ ਵੀ ਸੰਘਰਸ਼ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੇ ਇਸੇ ਵਿਤਕਰੇ ਭਰੇ ਰਵੱਈਏ ਕਰਕੇ ਹੀ ਸ਼੍ਰੋਮਣੀ ਕਮੇਟੀ ਨੇ 13 ਅਗਸਤ ਨੂੰ ਪੰਜਾਬ ਭਰ ਅੰਦਰ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਹੈ।

ਇਸ ਦੇ ਨਾਲ ਹੀ ਅੰਤ੍ਰਿੰਗ ਕਮੇਟੀ ਨੇ ਹਰਿਆਣਾ ਅੰਦਰ ਜ਼ਿਲ੍ਹਾ ਪ੍ਰੀਸ਼ਦ ਅੰਬਾਲਾ ਦੇ ਪ੍ਰਸ਼ਾਸਨ ਵੱਲੋਂ ਦੇਸ਼ ਦੀ ਅਜ਼ਾਦੀ ਦੀ 75ਵੀਂ ਵਰ੍ਹੇਗੰਢ ਮੌਕੇ ਸਰਕਾਰ ਦੇ ਪ੍ਰੋਗਰਾਮ 'ਹਰ ਘਰ ਤਿਰੰਗਾ' ਤਹਿਤ

ਬਾਕੀ ਸਫ਼ਾ 31 'ਤੇ

# 5 ਮਹੀਨੇ ਬਾਅਦ ਡਰੱਗ ਮਾਮਲੇ ਵਿਚ ਹਾਈ ਕੋਰਟ ਨੇ ਦਿੱਤੀ ਮਜੀਠੀਆ ਨੂੰ ਜ਼ਮਾਨਤ






**ਚੰਡੀਗੜ੍ਹ :** ਐੱਨਡੀਪੀਐੱਸ ਕੇਸ 'ਵਿਚ ਫਸੇ ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਪਟੀਸ਼ਨ 'ਤੇ ਹਾਈ ਕੋਰਟ ਆਪਣਾ ਫ਼ੈਸਲਾ ਸੁਣਾ ਦਿੱਤਾ ਹੈ। ਜਸਟਿਸ ਐੱਮਐੱਸ ਰਾਮਚੰਦਰ ਤੇ ਜਸਟਿਸ ਸੁਰੇਸ਼ਵਰ ਠਾਕੁਰ ਦੀ ਬੈਂਚ ਨੇ ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ 29 ਜੁਲਾਈ ਨੂੰ ਆਪਣਾ ਫ਼ੈਸਲਾ ਸੁਰੱਖਿਅਤ ਰੱਖਿਆ ਸੀ। ਉਨਾਂ ਨੂੰ ਇਸ ਮਾਮਲੇ ਵਿੱਤ ਰਾਹਤ ਮਿਲੀ ਹੈ। ਉਨਾਂ ਨੂੰ ਜ਼ਮਾਨਤ ਦੇ ਦਿੱਤੀ ਗਈ ਹੈ। ਜ਼ਿਕਰਯੋਗ ਇਹ ਹੈ ਕਿ ਨਵਜੋਤ ਸਿੰਘ ਸਿੱਧੂ ਤੇ ਦਲੇਰ ਮਹਿੰਦੀ ਇਸ ਸਮੇਂ ਵੀ ਜੇਲ ਵਿੱਚ ਹੀ ਹਨ।

# ਭਾਰਤ ਦਾ ਸ੍ਰੀਲੰਕਾ ਮਾਡਲ

## ਭਾਰਤ ਨੂੰ ਕੁਲ ਕਰਜ਼ੇ 'ਚੋਂ 18 ਲੱਖ ਕਰੋੜ ਡਾਲਰ ਦੀ ਵਾਪਸੀ 8 ਮਹੀਨਿਆਂ ਵਿਚ ਕਰਨੀ ਪਵੇਗੀ

**ਚੰਡੀਗੜ/ਨਕਸ਼ ਸਿੰਘ ਡਿਬਡਿਬਾ:** ਮਾਰਚ 2022 'ਚ ਵਿੱਤ ਮੰਤਰਾਲੇ ਦੀ ਰਿਪੋਰਟ ਮੁਤਾਬਿਕ ਭਾਰਤ 'ਤੇ ਕੁਲ ਕਰਜਾ 570 ਅਰਬ ਡਾਲਰ ਦਾ ਸੀ। ਇਸ ਸਾਲ 47.1 ਅਰਬ ਡਾਲਰ ਦਾ ਕਰਜ਼ਾ ਭਾਰਤ ਨੇ ਲਿਆ। ਸਾਰੇ ਕਰਜ਼ੇ ਦਾ ਲਗਭਗ 40 ਪ੍ਰਤੀਸ਼ਤ ਯਾਨੀ ਕਿ 18 ਲੱਖ ਕਰੋੜ ਡਾਲਰ 8 ਮਹੀਨਿਆਂ ਵਿਚ ਭਾਰਤ ਨੂੰ ਵਾਪਿਸ ਕਰਨਾ ਹੈ। ਹਾਲਾਂਕਿ ਇਹ ਪੈਸਾ ਕਿਸ਼ਤਾਂ ਵਿਚ ਵਾਪਸ ਦੇਣਾ ਹੈ, ਪਰ ਇਸਦਾ ਮਹਿੰਗਾਈ 'ਤੇ ਅਸਰ ਪਵੇਗਾ। ਜਿਸ ਤਰਾਂ ਪੈਟਰੋਲ-ਡੀਜ਼ਲ ਤੋਂ ਬਾਅਦ ਦੁੱਧ, ਦਹੀਂ ਪਨੀਰ ਤੇ ਖਾਣ ਪੀਣ ਦੀਆਂ ਸਾਰੀਆਂ ਵਸਤੂਆਂ 'ਤੇ ਟੈਕਸ ਲੱਗ ਰਿਹਾ ਹੈ।

ਇਸ ਤੋਂ ਸਾਫ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਆਉਣ ਵਾਲੇ 8 ਮਹੀਨਿਆਂ ਵਿਚ ਮਹਿੰਗਾਈ ਕਿੰਨੀ ਵਧ ਸਕਦੀ ਹੈ।

ਇਹ ਵੀ ਹੋ ਸਕਦਾ ਹੈ ਕਿ ਭਾਰਤ ਵੀ ਸ੍ਰੀਲੰਕਾ ਵਾਂਗੂ ਦੀਵਾਲੀਆ ਹੋ ਜਾਵੇ। ਕਿਉਂਕਿ ਸ੍ਰੀਲੰਕਾ 'ਤੇ ਕੁਲ ਕਰਜ਼ 51 ਅਰਬ ਡਾਲਰ ਦਾ ਸੀ ਅਤੇ ਭਾਰਤ 'ਤੇ ਅੱਜ ਦੀ ਤਰੀਕ ਵਿਚ ਕੁਲ ਕਰਜ਼ 620 ਅਰਬ ਡਾਲਰ ਹੈ।

ਹਾਲਾਂਕਿ ਭਾਰਤ ਵਿਚ ਖੇਤੀ ਰੀੜ ਦੀ ਹੱਡੀ ਹੈ ਜੋ ਭਾਰਤ ਦੀ ਆਰਥਿਕਤਾ ਨੂੰ ਪਟੜੀ 'ਤੇ ਰੱਖਦੀ ਹੈ ਪ੍ਰੰਤੂ 2014 ਦੇ ਮੁਕਾਬਲੇ ਅਰਥਵਿਵਸਥਾ ਵੀ ਬਹੁਤ ਗਿਰ ਗਈ ਤੇ ਪ੍ਰਤੀ ਵਿਅਕਤੀ ਕਰਜ਼ਾ 32000 ਹਜ਼ਾਰ ਤੋਂ 98776 ਹੋ ਗਿਆ ਹੈ। ਇਹ ਖੁਲਾਸਾ ਵਿੱਤ ਮੰਤਰਾਲੇ ਦੀ ਰਿਪੋਰਟ ਵਿਚ ਹੀ ਹੋਇਆ ਹੈ।

2014 ਦੇ ਮੁਕਾਬਲੇ ਇਸ ਸਰਕਾਰ ਨੇ 49 ਫੀਸਦੀ ਵੱਧ ਕਰਜਾ ਲਿਆ ਹੈ ਅਤੇ ਨਰੇਂਦਰ ਮੋਦੀ ਪਿਛਲ ਪ੍ਰਧਾਨ ਮੰਤਰੀਆਂ ਦੇ ਮੁਕਾਬਲੇ ਸਭ ਤੋਂ ਵੱਧ ਕਰਜ਼ਾ ਲੈਣ ਵਾਲੇ ਪ੍ਰਧਾਨ ਮੰਤਰੀ ਬਣੇ। 12 ਦੇਸ਼ਾਂ 'ਚੋਂ ਭਾਰਤ 7.1 ਫੀਸਦੀ ਨਾਲ ਮਹਿੰਗਾਈ ਦੇ ਮਾਮਲੇ ਵਿਚ ਪਹਿਲੇ ਨੰਬਰ 'ਤੇ ਹੈ। ਇਸ ਲਈ ਦੇਸ਼ ਇਕ ਆਰਥਿਕ ਸੰਕਟ ਵਿਚੋਂ ਗੁਜਰ ਰਿਹਾ ਹੈ।

# ਨਫਰਤੀ ਅਪਰਾਧ ਦੇ ਮਾਮਲੇ ਵਿਚ ਪਹਿਲਾਂ ਹੀ ਉਮਰ ਕੈਦ ਕੱਟ ਰਹੇ ਪਿਓ-ਪੁੱਤਰ ਤੇ ਗੁਆਂਢੀ ਨੂੰ ਸੰਘੀ ਅਦਾਲਤ ਨੇ ਸੁਣਾਈ ਸਖਤ ਸਜ਼ਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਇਕ ਸੰਘੀ ਅਦਾਲਤ ਨੇ ਅਹਮੌਡ ਆਰਬਰੀ ਨਾਮੀ ਸਿਆਹਫਿਆਮ ਵਿਅਕਤੀ ਦੀ ਹੱਤਿਆ ਦੇ ਮਾਮਲੇ ਵਿਚ ਪਹਿਲਾਂ ਹੀ ਉਮਰ ਕੈਦ ਦੀ ਸਜ਼ਾ ਕਟ ਰਹੇ ਪਿਓ-ਪੁਤਰ ਤੇ ਉਨਾਂ ਦੇ ਗੁਆਂਢੀ ਨੂੰ ਨਫਰਤੀ ਅਪਰਾਧ ਦੇ ਦੋਸ਼ਾਂ ਤਹਿਤ ਉਮਰ ਭਰ ਲਈ ਜੇਲ ਵਿਚ ਬੰਦ ਰੱਖਣ ਦਾ ਆਦੇਸ਼ ਦਿੱਤਾ ਹੈ। ਟਰਾਵਿਸ ਮੈਕੀਸ਼ੈਲ ਜਿਸ ਨੇ ਆਰਬਰੀ ਦੇ ਗੋਲੀ ਮਾਰੀ ਸੀ, ਨੂੰ ਉਮਰ ਕੈਦ ਤੇ 10 ਸਾਲ ਦੀ ਸਜ਼ਾ, ਉਸ ਦੇ ਪਿਤਾ ਜਾਰਜੀ ਜਿਸ ਨੇ ਨਫਰਤੀ ਅਪਰਾਧ ਦੀ ਸ਼ੁਰੂਆਤ ਕੀਤੀ ਸੀ, ਨੂੰ ਉਮਰ ਭਰ ਲਈ ਜੇਲ ਤੇ 7 ਸਾਲ ਹੋਰ ਸਜ਼ਾ ਸੁਣਾਈ ਹੈ। ਉਨਾਂ ਦੇ ਗੁਆਂਢੀ ਵਿਲੀਅਮ ਰੋਡੀ ਬਰਾਇਨ ਜਿਸ ਨੇ ਹੱਤਿਆ ਦੀ ਵੀਡੀਓ ਬਣਾਈ ਸੀ, ਨੂੰ 35 ਸਾਲ ਜੇਲ ਦੀ ਸਜ਼ਾ ਸੁਣਾਈ ਹੈ। ਜੱਜ ਨੇ ਦੋਸ਼ੀਆਂ ਦੀ ਸੰਘੀ ਜੇਲ ਵਿਚ ਸਜ਼ਾ ਕੱਟਣ ਲਈ ਕੀਤੀ ਗਈ ਬੇਨਤੀ ਰੱਦ ਕਰ ਦਿੱਤੀ। 'ਹਾਲਾਂਕਿ ਦੋਸ਼ੀ ਪਹਿਲਾਂ ਹੀ ਉਮਰ ਕੈਦ ਕੱਟ ਰਹੇ ਹਨ ਪ੍ਰੰਤੂ ਸੰਘੀ ਅਦਾਲਤ ਦਾ ਨਿਰਨਾ ਨਿਆਂ ਵਿਭਾਗ ਦੇ ਮਨੁੱਖੀ ਹੱਕਾਂ ਬਾਰੇ ਵਿੰਗ ਤੇ ਸੰਘੀ ਨਿਆਂ ਪ੍ਰਣਾਲੀ ਲਈ ਬਹੁਤ ਅਹਿਮ ਹੈ। ਸੰਘੀ ਅਦਾਲਤ ਦੇ ਫੈਸਲੇ ਉਪਰ ਇਹ ਪ੍ਰਤੀਕਰਮ ਪ੍ਰਗਟ ਕਰਦਿਆਂ ਕੇਸ ਵੈਸਟਰਨ ਰਿਜਰਵ ਯੂਨੀਵਰਸਿਟੀ ਸਕੂਲ ਆਫ ਲਾਅ ਦੀ ਐਸੋਸੀਏਟ ਪ੍ਰੋਫੈਸਰ ਤੇ ਸਕੂਲ ਦੀ ਸਮਾਜਿਕ ਨਿਆਂ ਸੰਸਥਾ ਦੀ ਸਹਿ ਡਾਇਰੈਕਟਰ ਅਈਸ਼ਾ ਬੈਲ ਹਾਰਡਵੇਅਜ ਨੇ ਕਿਹਾ ਹੈ ਕਿ 'ਇਸ ਫੈਸਲੇ ਨੇ ਅਮਰੀਕਾ ਦੇ ਬਦਨਾਮ ਇਤਿਹਾਸ ਨੂੰ ਰੱਦ ਕਰ ਦਿੱਤਾ ਹੈ ਜਦੋਂ ਜਨਤਿਕ ਹੱਤਿਆਵਾਂ ਦੀ ਖੁਸ਼ੀ ਮਨਾਈ ਜਾਂਦੀ ਸੀ।'

# ਐਲਕ ਗਰੋਵ, ਸੈਕਰਾਮੈਂਟੋ 'ਤੀਆਂ ਤੀਜ ਦੀਆਂ' ਮੇਲੇ 'ਚ ਬੀਬੀਆਂ ਦਾ ਭਾਰੀ ਇਕੱਠ

## ਪੰਜਾਬੀ ਸਭਿਆਚਾਰ ਦੀਆਂ ਵੱਖ ਵੱਖ ਵੰਨਗੀਆਂ ਨੇ ਧਿਆਨ ਖਿਚਿਆ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਹਰ ਵਾਰ ਦੀ ਤਰਾਂ ਇਸ ਵਾਰ ਵੀ ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ 15ਵਾਂ ਸਾਲਾਨਾ ਤੀਆਂ ਦਾ ਮੇਲਾ 'ਤੀਆਂ ਤੀਜ ਦੀਆਂ' ਐਲਕ ਗਰੋਵ ਰਿਜਨਲ ਪਾਰਕ ਵਿਖੇ ਬੜੀ ਧੂਮਧਾਮ ਨਾਲ ਕਰਵਾਇਆ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਔਰਤਾਂ ਨੇ ਇਨਾਂ ਤੀਆਂ ਵਿਚ ਪਹੁੰਚ ਕੇ ਆਪਣੀ ਹਾਜ਼ਰੀ ਲਵਾਈ। ਪ੍ਰਬੰਧਕਾਂ ਵੱਲੋਂ ਸਟੇਜ ਨੂੰ ਚਰਖੇ, ਪੱਖੀਆਂ, ਛੱਜ, ਢੋਲ, ਫੁਲਕਾਰੀਆਂ, ਬਾਜ, ਮੰਜੇ, ਦਰੀਆਂ, ਗਾਗਰਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸੱਭਿਆਚਾਰਕ ਵਸਤੂਆਂ ਨਾਲ ਸਜਾਇਆ ਗਿਆ ਸੀ। ਐਲਕ ਗਰੋਵ ਪਾਰਕ ਦੇ ਖੁੱਲੇ ਮੈਦਾਨ ਵਿਚ ਦਰੱਖਤਾਂ ਦੀ ਛਾਂ ਹੇਠ ਲੱਗੀਆਂ ਇਨਾਂ ਤੀਆਂ ਵਿਚ ਬੀਬੀਆਂ ਰੰਗ-ਬਿਰੰਗੀਆਂ ਪੌਸ਼ਾਕਾਂ ਪਾ ਕੇ ਪਹੁੰਚੀਆਂ। ਇਨਾਂ ਤੀਆਂ ਦੇ ਮੇਲੇ ਵਿਚ 52 ਬੂਥ ਲੱਗੇ ਹੋਏ ਸਨ, ਜਿੱਥੋਂ ਬੀਬੀਆਂ ਨੇ ਕੱਪੜੇ, ਪੰਜਾਬੀ ਜੁੱਤੀਆਂ, ਗਹਿਣੇ, ਪਰਾਂਦੇ, ਫੁਲਕਾਰੀਆਂ ਆਦਿ ਦੀ ਖਰੀਦੋ-ਫਰੋਖਤ ਕੀਤੀ। ਖਾਣ-ਪੀਣ ਦੇ ਸਟਾਲਾਂ 'ਤੇ ਵੀ ਬੀਬੀਆਂ ਦੀਆਂ ਲੰਮੀਆਂ ਲਾਇਨਾਂ ਦੇਖਣ ਨੂੰ ਮਿਲੀਆਂ। ਪੰਜਾਬ ਵਾਂਗ ਇਥੇ ਦਰੱਖਤਾਂ 'ਤੇ ਪੀਂਘਾਂ ਝੂਟਦੀਆਂ ਮੁਟਿਆਰਾਂ ਇਕ ਵੱਖਰਾ ਨਜ਼ਾਰਾ ਪੇਸ਼ ਕਰ ਰਹੀਆਂ ਸਨ।





ਸਮਾਗਮ ਦੀ ਸ਼ੁਰੂਆਤ ਵਿਚ ਇਨਾਂ ਤੀਆਂ ਦੀ ਆਰਗੇਨਾਈਜ਼ਰ ਪਿੰਕੀ ਰੰਧਾਵਾ ਨੇ ਸਮੂਹ ਆਏ ਹੋਏ ਦਰਸ਼ਕਾਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਇਸ ਤੋਂ ਬਾਅਦ ਬੀਬੀਆਂ ਨੇ ਸਟੇਜ ਤੋਂ ਸੁਹਾਗ, ਘੋੜੀਆਂ, ਟੱਪੇ ਆਦਿ ਗਾ ਕੇ ਤੀਆਂ ਦੀ ਸ਼ੁਰੂਆਤ ਕੀਤੀ। ਇਸ ਉਪਰੰਤ ਗਿੱਧਾ, ਬੋਲੀਆਂ, ਗੀਤ-ਸੰਗੀਤ, ਸਕਿੱਟਾਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਗਈਆਂ। ਹਰ ਵਾਰ ਦੀ ਤਰਾਂ ਇਸ ਵਾਰ ਵੀ ਸਤਬੀਰ ਸਿੰਘ ਬਾਜਵਾ ਅਤੇ ਪਰਮਜੀਤ ਕੌਰ ਬਾਜਵਾ ਵੱਲੋਂ ਛਬੀਲ ਦੀ ਸੇਵਾ ਕੀਤੀ ਗਈ। ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ ਐਲਨ ਨੇ ਸਿਟੀ ਵੱਲੋਂ ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਨੂੰ ਰੈਕੋਗਨੀਸ਼ਨ ਸਰਟੀਫਿਕੇਟ ਭੇਂਟ ਕੀਤਾ। ਹੋਰਨਾਂ ਅਮਰੀਕੀਆਂ ਆਗੂਆਂ ਵਿਚ ਡਿਸਟ੍ਰਿਕ ਅਟਾਰਨੀ ਥੀਨ ਹੋ, ਸੈਕਰਾਮੈਂਟੋ ਦੀ ਵਾਈਸ ਮੇਅਰ ਐਂਜਲੀਕ ਐਸ਼ਬੀ, ਕੌਂਸਲ ਮੈਂਬਰ ਕੈਵਿਨ ਸਪੀਸ, ਕੌਂਸਲ ਮੈਂਬਰ ਪੈਟ ਹਿਊਮ, ਸੀ.ਐੱਸ.ਡੀ. ਡਾਇਰੈਕਟਰ ਰਾਡ ਬਰਿਊਅਰ, ਐਂਜਿਲਾ ਸਪੀਸ, ਲੀਸਾ ਕੈਪਲੀਨ ਅਤੇ ਕਮਿਸ਼ਨਰ ਗੁਰਜਤਿੰਦਰ ਸਿੰਘ ਰੰਧਾਵਾ ਵਿਸ਼ੇਸ਼ ਤੌਰ 'ਤੇ ਇਨਾਂ ਤੀਆਂ ਵਿਚ ਆਪਣੀ ਹਾਜ਼ਰੀ ਲਵਾਉਣ ਲਈ ਪਹੁੰਚੇ।

ਇਸ ਵਾਰ 150 ਤੋਂ ਵੱਧ ਕਲਾਕਾਰਾਂ ਨੇ ਸਟੇਜ ਤੋਂ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਸੰਸਥਾ ਵੱਲੋਂ ਇਨਾਂ ਕਲਾਕਾਰਾਂ ਨੂੰ ਸੱਭਿਆਚਾਰਕ ਵਸਤੂਆਂ ਫੁਲਕਾਰੀਆਂ, ਗਹਿਣੇ ਅਤੇ ਪਰਾਂਦੀਆਂ ਆਦਿ ਨਾਲ ਸਨਮਾਨਿਤ ਕੀਤਾ ਗਿਆ। ਸਟੇਜ ਦੀ ਸੇਵਾ ਉੱਘੇ ਲੋਕ ਗਾਇਕ ਮਰਹੂਮ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਵੱਲੋਂ ਕੀਤੀ ਗਈ ਅਤੇ ਸੈਟੀ ਰਾਏ ਨੇ ਉਸ ਦਾ ਬਾਖ਼ੂਬੀ ਸਾਥ ਦਿੱਤਾ।

ਇਸ ਮੌਕੇ ਰੈਫਰਲ ਇਨਾਮ ਕੱਢੇ ਗਏ। ਖਾਦਮ ਜਿਊਲਰਜ਼ ਸੈਕਰਾਮੈਂਟੋ ਵੱਲੋਂ 7 ਸੋਨੇ ਦੇ ਇਨਾਮ, ਬੱਗਾ ਜਿਊਲਰਜ਼, ਸ਼ਰੀਫ ਜਿਊਲਰਜ਼ ਅਤੇ ਪਰਮ ਤੱਖਰ ਵੱਲੋਂ 1-1 ਸੋਨੇ ਦੇ ਇਨਾਮ ਰੈਫਰਲ ਵਜੋਂ ਦਿੱਤੇ ਗਏ। ਇਸ ਤੋਂ ਇਲਾਵਾ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ., ਗੁਰਜਤਿੰਦਰ ਸਿੰਘ ਰੰਧਾਵਾ ਅਤੇ ਇੰਡੀਆ ਸਪਾਇਸ ਐਂਡ ਮਿਊਜ਼ਿਕ ਐਲਕ ਗਰੋਵ ਵੱਲੋਂ ਵੀ ਦਿਲ ਖਿੱਚਵੇਂ ਰੈਫਰਲ ਇਨਾਮ ਸਪਾਂਸਰ ਕੀਤੇ ਗਏ।

# ਨਿਆਂ ਵਿਭਾਗ ਆਪਣੀ ਕਾਰਵਾਈ ਕਰਨ ਲਈ ਆਜਾਦ ਹੈ : ਵਾਈਟ ਹਾਊਸ

## ਡੋਨਲਡ ਟਰੰਪ ਦੀ ਨਿੱਜੀ ਕਲੱਬ ਅਤੇ ਰਿਹਾਇਸ਼ 'ਤੇ ਛਾਪਾ ਮਾਰਨ ਬਾਰੇ ਰਾਸ਼ਟਰਪਤੀ ਬਾਈਡਨ ਨੂੰ ਨਹੀਂ ਦਿੱਤੀ ਗਈ ਜਾਣਕਾਰੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਐਫ ਬੀ ਆਈ ਵੱਲੋਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਫਲੋਰਿਡਾ ਸਥਿਤ ਇਕ ਨਿੱਜੀ ਕਲੱਬ ਤੇ ਰਿਹਾਇਸ਼ ਉਪਰ ਮਾਰੇ ਗਏ ਛਾਪੇ ਤੋਂ ਪਹਿਲਾਂ ਰਾਸ਼ਟਰਪਤੀ ਜੋਅ ਬਾਈਡਨ ਨੂੰ ਜਾਣਕਾਰੀ ਨਹੀਂ ਦਿੱਤੀ ਗਈ ਸੀ। ਇਹ ਪ੍ਰਗਟਾਵਾ ਵਾਈਟ ਹਾਊਸ ਵੱਲੋਂ ਜਾਰੀ ਇਕ ਬਿਆਨ ਵਿਚ ਕੀਤਾ ਗਿਆ ਹੈ। ਡੋਨਲਡ ਅਮਰੀਕਾ ਦਾ ਪਹਿਲਾ ਸਾਬਕਾ ਰਾਸ਼ਟਰਪਤੀ ਹੈ ਜਿਸ ਵਿਰੁੱਧ ਐਫ ਬੀ ਆਈ ਨੇ ਕਾਰਵਾਈ ਕੀਤੀ ਹੈ। ਇਸ ਤੋਂ ਪਹਿਲਾਂ ਕਿਸੇ ਵੀ ਸਾਬਕਾ ਰਾਸ਼ਟਰਪਤੀ ਵਿਰੁੱਧ ਅਜਿਹੀ ਕਾਰਵਾਈ ਨਹੀਂ ਕੀਤੀ ਗਈ। ਵਾਈਟ ਹਾਊਸ ਦੀ ਪ੍ਰੈਸ ਸਕੱਤਰ ਕਰੀਨ ਜੀਨ ਪੀਰੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਛਾਪਾ ਮਾਰਨ ਤੋਂ ਪਹਿਲਾਂ ਨਾ ਤਾਂ ਰਾਸ਼ਟਰਪਤੀ ਨੂੰ ਸੂਚਿਤ ਕੀਤਾ ਗਿਆ ਤੇ ਨਾ ਹੀ ਉਨਾਂ ਨੂੰ ਨਿੱਜੀ ਤੌਰ 'ਤੇ ਇਸ ਬਾਰੇ ਕੋਈ ਜਾਣਕਾਰੀ ਸੀ। ਪ੍ਰੈਸ ਸਕੱਤਰ ਅਨੁਸਾਰ ਰਾਸ਼ਟਰਪਤੀ ਨੂੰ ਛਾਪਾ ਮਾਰਨ ਬਾਰੇ ਪਤਾ ਜਨਤਿਕ ਅਖਬਾਰੀ ਰਿਪੋਰਟਾਂ ਤੋਂ ਅਮਰੀਕੀ ਸਮੇ ਅਨੁਸਾਰ ਸੋਮਵਾਰ ਸ਼ਾਮ ਨੂੰ ਲੱਗਾ। ਉਨਾਂ ਕਿਹਾ ਕਿ ਸਾਨੂੰ ਛਾਪੇ ਬਾਰੇ ਆਮ ਅਮਰੀਕੀ ਜਨਤਾ ਵਾਂਗ ਹੀ ਪਤਾ ਲੱਗਾ। ਉਨਾਂ ਨੇ ਸਪੱਸ਼ਟ ਕੀਤਾ ਕਿ ਨਿਆਂ ਵਿਭਾਗ ਆਪਣੀ ਜਾਂਚ ਕਰਨ ਲਈ ਆਜਾਦ ਹੈ ਤੇ ਰਾਸ਼ਟਰਪਤੀ ਬਾਈਡਨ ਨਿਆਂ ਵਿਭਾਗ ਦੀ ਅਜ਼ਾਦੀ ਵਿਚ ਮੁਕੰਮਲ ਵਿਸ਼ਵਾਸ਼ ਰੱਖਦੇ ਹਨ। ਉਧਰ ਛਾਪੇ ਨੂੰ ਲੈ ਕੇ ਰਾਜਨੀਤੀ ਤੇਜ ਹੋ ਗਈ ਹੈ। ਕੁਝ ਰਿਪਬਲੀਕਨ ਸੰਸਦ ਮੈਂਬਰਾਂ ਨੇ ਐਫ ਬੀ ਆਈ ਦੇ ਛਾਪੇ ਨੂੰ ਰਾਜਨੀਤੀ ਤੋਂ ਪ੍ਰੇਰਤ ਦਸਿਆ ਹੈ। ਸਾਬਕਾ ਰਾਸ਼ਟਰਪਤੀ ਟਰੰਪ ਨੇ ਦੋਸ਼ ਲਾਇਆ ਹੈ ਕਿ ਐਫ ਬੀ ਆਈ ਦੀ ਕਾਰਵਾਈ ਉਨਾਂ ਨੂੰ 2024 ਵਿਚ ਰਾਸ਼ਟਰਪਤੀ ਵਜੋਂ ਚੋਣ ਲੜਨ ਤੋਂ ਰੋਕਣ ਲਈ ਕੀਤੀ ਗਈ ਹੈ।

# ਟਰੰਪ ਦੀ ਰਿਹਾਇਸ਼ ਤੇ ਕਲੱਬ 'ਤੇ ਐੱਫਬੀਆਈ ਏਜੰਟਾਂ ਵੱਲੋਂ ਛਾਪਾ

**ਵਾਸ਼ਿੰਗਟਨ:** ਐੱਫਬੀਆਈ ਨੇ ਮੁਲਕ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਫਲੋਰੀਡਾ ਵਿੱਚ ਸਥਿਤ ਨਿੱਜੀ ਕਲੱਬ ਤੇ ਰਿਹਾਇਸ਼ 'ਤੇ ਛਾਪਾ ਮਾਰਿਆ। ਇਸ ਦੌਰਾਨ ਐੱਫਬੀਆਈ ਨੇ ਰਾਸ਼ਟਰਪਤੀ ਦਫ਼ਤਰ ਨਾਲ ਜੁੜੇ ਦਸਤਾਵੇਜ਼ਾਂ ਦੇ ਰੱਖ-ਰਖਾਅ ਨਾਲ ਸਬੰਧਤ ਜਾਂਚ ਤਹਿਤ ਇੱਕ ਤਿਜੋਰੀ ਵੀ ਤੋੜੀ ਜਿਸ 'ਤੇ ਸ੍ਰੀ ਟਰੰਪ ਭੜਕ ਗਏ। ਉਨਾਂ ਇਸ ਕਾਰਵਾਈ ਨੂੰ ਉਨਾਂ ਵੱਲੋਂ ਸਾਲ 2024 ਵਿੱਚ ਵਾਈਟ ਹਾਊਸ ਪੁੱਜਣ ਦੇ ਯਤਨਾਂ 'ਚ ਅੜਿੱਕਾ ਲਾਉਣ ਦਾ ਯਤਨ ਕਰਾਰ ਦਿੱਤਾ। ਉਨਾਂ ਕਿਹਾ,'ਇਹ ਸਾਡੇ ਮੁਲਕ ਲਈ ਮਾੜਾ ਸਮਾਂ ਹੈ ਕਿਉਂਕਿ ਫਲੋਰਿਡਾ ਦੇ ਪਾਮ ਬੀਚ ਵਿੱਚ ਮਾਰ-ਏ-ਲਾਗੋ ਦੇ ਉਨਾਂ ਦੇ ਖ਼ੂਬਸੂਰਤ ਘਰ 'ਤੇ ਐੱਫਬੀਆਈ ਏਜੰਟਾਂ ਦੇ ਇੱਕ ਵੱਡੇ ਗਰੁੱਪ ਨੇ ਘੇਰਾਬੰਦੀ ਕਰ ਕੇ ਛਾਪਾ ਮਾਰਿਆ ਤੇ ਇਸ ਨੂੰ ਕਬਜ਼ੇ ਵਿੱਚ ਲੈ ਲਿਆ ਹੈ। ਅਮਰੀਕਾ ਦੇ ਕਿਸੇ ਵੀ ਰਾਸ਼ਟਰਪਤੀ ਨਾਲ ਪਹਿਲਾਂ ਅਜਿਹਾ ਕੁਝ ਕਦੇ ਵੀ ਨਹੀਂ ਵਾਪਰਿਆ।' ਅਮਰੀਕੀ ਮੀਡੀਆ



ਰਿਪੋਰਟਾਂ ਮੁਤਾਬਕ ਐੱਫਬੀਆਈ ਦੀ ਜਾਂਚ ਦਸਤਾਵੇਜ਼ਾਂ ਨਾਲ ਭਰੇ 15 ਬਕਸਿਆਂ ਨਾਲ ਸਬੰਧਤ ਸੀ ਜੋ ਟਰੰਪ ਜਨਵਰੀ 2021 ਵਿੱਚ ਵਾਈਟ ਹਾਊਸ ਛੱਡਣ ਸਮੇਂ ਮਾਰ-ਏ-ਲਾਗੋ 'ਚ ਲੈ ਗਏ ਸਨ, ਜਿਨਾਂ ਵਿੱਚੋਂ ਕੁਝ ਦਸਤਾਵੇਜ਼ਾਂ ਨੂੰ ਗੁਪਤ ਐਲਾਨਿਆ ਗਿਆ ਹੈ। ਦੂਜੇ ਪਾਸੇ, ਨਿਆਂ ਵਿਭਾਗ ਤੇ ਐੱਫਬੀਆਈ ਨੇ ਛਾਪੇ ਬਾਰੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਟਰੰਪ ਨੇ ਕਿਹਾ,'ਸਬੰਧਤ ਸਰਕਾਰੀ ਏਜੰਸੀਆਂ ਨਾਲ ਪੂਰਾ ਸਹਿਯੋਗ ਕਰਨ ਦੇ ਬਾਵਜੂਦ ਮੇਰੇ ਘਰ 'ਤੇ ਬਿਨਾਂ ਦੱਸੇ ਛਾਪਾ ਮਾਰਨਾ ਸਹੀ ਨਹੀਂ ਹੈ।' ਉਨਾਂ ਦੋਸ਼ ਲਾਇਆ ਕਿ ਅਜਿਹੀ ਕਾਰਵਾਈ ਵਿਕਾਸਸ਼ੀਲ ਦੇਸ਼ਾਂ ਵਿੱਚ ਹੀ ਹੋ ਸਕਦੀ ਹੈ। ਐੱਫਬੀਆਈ ਨੇ ਟਰੰਪ ਦੇ ਘਰ ਅਜਿਹੇ ਸਮੇਂ ਛਾਪਾ ਮਾਰਿਆ ਹੈ ਜਦੋਂ ਉਹ ਸਾਲ 2024 ਵਿੱਚ ਰਾਸ਼ਟਰਪਤੀ ਦੇ ਅਹੁਦੇ ਦੀ ਚੋਣ ਲਈ ਆਪਣੀ ਦਾਅਵੇਦਾਰੀ ਪੇਸ਼ ਕਰਨ ਦੀ ਤਿਆਰੀ ਕਰ ਰਹੇ ਹਨ।

# ਕੁਦਰਤੀ ਆਫ਼ਤਾਂ ਮੌਕੇ ਸਿੱਖਾਂ ਵਲੋਂ ਕੀਤੀ ਲੰਗਰ ਦੀ ਸੇਵਾ ਮਹਾਨ : ਜੌਹਨ ਹੌਰਗਨ

**ਐਬਟਸਫੋਰਡ/ਏ.ਟੀ.ਨਿਊਜ਼:-** 'ਕੈਨੇਡਾ ਵਿਚ ਸਿੱਖਾਂ ਦਾ ਵਿਲੱਖਣ ਇਤਿਹਾਸ ਹੈ ਤੇ ਬੀਤੇ 2 ਸਾਲਾਂ ਵਿਚ ਬ੍ਰਿਟਿਸ਼ ਕੋਲੰਬੀਆ ਵਿਚ ਆਈਆਂ ਕੁਦਰਤੀ ਆਫ਼ਤਾਂ ਮੌਕੇ ਜਿਸ ਤਰਾਂ ਸਿੱਖ ਭਾਈਚਾਰੇ ਵਲੋਂ ਕੋਰੋਨਾ, ਜੰਗਲੀ ਅੱਗਾਂ ਅਤੇ ਹੜ ਪੀੜਤਾਂ ਵਾਸਤੇ ਲੰਗਰ ਪਹੁੰਚਾਇਆ ਗਿਆ, ਉਹ ਬੇਮਿਸਾਲ ਹੈ ਅਤੇ ਸਿੱਖ ਧਰਮ ਵਿਚ ਲੰਗਰ ਦੀ ਪ੍ਰਥਾ ਤੋਂ ਮੈਂ ਬਹੁਤ ਪ੍ਰਭਾਵਿਤ ਹਾਂ।' ਉਪਰੋਕਤ ਸ਼ਬਦਾਂ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਜੌਹਨ ਹੌਰਗਨ ਨੇ ਸੰਨ 1912 ਵਿਚ ਸਥਾਪਤ ਹੋਏ ਗੁਰਦੁਆਰਾ ਖ਼ਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ ਦੀ ਇਮਾਰਤ ਦੇ ਨਵੀਨੀਕਰਨ ਮੁਕੰਮਲ ਹੋਣ ਉਪਰੰਤ ਰੱਖੇ ਗਏ ਸਮਾਗਮ ਮੌਕੇ ਸੰਗਤਾਂ ਨੂੰ ਭਰਵੇਂ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਹੇ। ਮੁੱਖ ਮੰਤਰੀ ਨੇ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਵਿਚ ਸਿੱਖਾਂ ਦਾ ਅਹਿਮ ਯੋਗਦਾਨ ਹੈ। ਇਸ ਮੌਕੇ ਜੌਹਨ ਹੌਰਗਨ ਨੇ ਲੰਗਰ ਹਾਲ ਵਿਚ ਪ੍ਰਸ਼ਾਦੇ ਤਿਆਰ ਕਰਨ ਦੀ ਸੇਵਾ ਵੀ ਕੀਤੀ। ਸਮਾਗਮ ਮੌਕੇ ਵਿਕਟੋਰੀਆ ਦੀ ਮੇਅਰ ਲੀਸਾ ਹੈਲਪਸ, ਪੁਲਿਸ ਮੁਖੀ ਦਲਬੀਰ ਸਿੰਘ ਮਾਣਕ, ਵੈਨਕੂਨਰ ਸਥਿਤ ਭਾਰਤੀ ਕੌਂਸਲ ਜਨਰਲ ਮਨੀਸ਼, ਸਾਬਕਾ ਸਿੱਖਿਆ ਮੰਤਰੀ ਸੋਹਣ ਸਿੰਘ ਸਹੋਤਾ ਆਦਿ ਹਾਜ਼ਰ ਸਨ।



# ਕੈਲੀਫੋਰਨੀਆ ਵਿਚ 16 ਸਾਲਾ ਲੜਕੀ ਲਾਪਤਾ, ਅਗਵਾ ਕੀਤੇ ਜਾਣ ਦਾ ਸ਼ੱਕ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਉੱਤਰੀ ਕੈਲੀਫੋਰਨੀਆ ਇਕ ਕੈਂਪ ਪਾਰਟੀ ਤੋਂ ਬਾਅਦ 16 ਸਾਲਾ ਲੜਕੀ ਕੀਲੀ ਰੋਡਨੀ ਲਾਪਤਾ ਹੋ ਗਈ ਹੈ ਜਿਸ ਨੂੰ ਲੈ ਕੇ ਉਸ ਦਾ ਪਰਿਵਾਰ ਤੇ ਦੋਸਤ ਚਿੰਤਤ ਹਨ। ਪਲੇਸਰ ਕਾਊਂਟੀ ਦੇ ਸ਼ੈਰਿਫ ਦਫਤਰ ਅਨੁਸਾਰ ਕੀਲੀ ਨੂੰ ਆਖਰੀ ਵਾਰ ਸ਼ਨੀਵਾਰ ਨੂੰ ਅੱਧੀ ਰਾਤ ਤੋਂ ਬਾਅਦ 12.30 ਵਜੇ ਵੇਖਿਆ ਗਿਆ। ਦਫਤਰ ਦੇ ਬੁਲਾਰੇ ਐਂਜਲਾ ਮੁਸਲਮ ਨੇ ਕਿਹਾ ਹੈ ਕਿ ਕੀਲੀ ਦੀ ਕਾਰ ਵੀ ਨਹੀਂ ਮਿਲੀ ਹੈ। ਉਸ ਨੂੰ ਅਗਵਾ ਕਰ ਲਏ ਜਾਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਪੁਲਿਸ ਇਸ ਨਜ਼ਰੀਏ ਤੋਂ ਵੀ ਜਾਂਚ ਕਰ ਰਹੀ ਹੈ। ਕੀਲੀ ਬਾਰੇ ਕੋਈ ਵੀ ਸੂਹ ਦੇਣ ਵਾਲੇ ਨੂੰ 10000 ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ। ਲਾਪਤਾ ਹੋਣ ਤੋਂ ਬਾਅਦ ਹੀ ਕੀਲੀ ਦਾ ਫੋਨ ਬੰਦ ਹੈ। ਮੁਸਲਮ ਅਨੁਸਾਰ ਪਾਰਟੀ ਵਿਚ 200 ਤੋਂ ਵਧ ਨਬਾਲਗ ਸ਼ਾਮਿਲ ਸਨ ਤੇ ਜਿਸ ਖੇਤਰ ਵਿਚ ਪਾਰਟੀ ਸੀ ਉਹ ਜੰਗਲੀ ਇਲਾਕਾ ਹੈ। ਉਨਾਂ ਨੇ ਪਾਰਟੀ ਵਿਚ ਸ਼ਾਮਿਲ ਨੌਜਵਾਨਾਂ ਨੂੰ ਕੀਲੀ ਦੀ ਭਾਲ ਲਈ ਅੱਗੇ ਆਉਣ ਲਈ ਕਿਹਾ ਹੈ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau.
They do not purport to reflect the opinions or views of the Owner or its members.
All legal disputes must be handled in the courts of State of Punjab in India.

# ਪੰਜਾਬ ਸਰਕਾਰ ਨੇ ਬਿਜਲੀ ਸੋਧ ਬਿੱਲ 2022 ਨੂੰ ਰਾਜਾਂ ਦੇ ਅਧਿਕਾਰਾਂ ‘ਤੇ ਵੱਡਾ ਹਮਲਾ ਕਰਾਰ ਦਿੱਤਾ

## ✪ ਵਿਰੋਧੀ ਧਿਰਾਂ ਵੱਲੋਂ ਮੋਦੀ ਸਰਕਾਰ ਵਿਰੁੱਧ ਤਿੱਖੀ ਬਿਆਨ ਬਾਜ਼ੀ ✪ ਕਿਸਾਨ ਆਗੂਆਂ ਅਨੁਸਾਰ ਬਿਲ ਭਾਰਤ ਦੇ ਗ਼ਰੀਬ ਕਿਸਾਨਾਂ ਲਈ ਵੱਡਾ ਝਟਕਾ

**ਨਵੀਂ ਦਿੱਲੀ**-ਵਿਵਾਦਾਂ ਵਿਚ ਘਿਰੇ ਬਿਜਲੀ ਸੋਧ ਬਿੱਲ 2022 ਨੂੰ ਕੇਂਦਰ ਸਰਕਾਰ ਵੱਲੋਂ ਸਟੈਂਡਿੰਗ ਕਮੇਟੀ ਕੋਲ ਭੇਜ ਦਿੱਤਾ ਗਿਆ ਹੈ, ਹਾਲਾਂਕਿ ਇਸ ਕਦਮ ਤੋਂ ਬਾਅਦ ਵਿਰੋਧੀ ਧਿਰਾਂ ਵੱਲੋਂ ਬਿੱਲ ਵਾਪਸੀ ਦਾ ਸਿਹਰਾ ਲੈਣ ਲਈ ਬਿਆਨਬਾਜ਼ੀ ਸ਼ੁਰੂ ਹੋ ਗਈ ਹੈ, ਉੱਥੇ ਕੇਂਦਰ ਨੇ ਬਿੱਲ ਦੇ ਵਿਰੋਧ ਨੂੰ ਬੇਬੁਨਿਆਦ ਠਹਿਰਾਉਂਦਿਆਂ ਕਿਹਾ ਕਿ ਜੋ ਲੋਕ ਬਿੱਲ ਦਾ ਵਿਰੋਧ ਕਰ ਰਹੇ ਹਨ, ਉਨਾਂ ਨੇ ਬਿੱਲ ਚੰਗੀ ਤਰਾਂ ਪੜਿਆ ਹੀ ਨਹੀਂ ਹੈ, ਜਦਕਿ ਕਿਸਾਨ ਆਗੂਆਂ ਦਾ ਮੰਨਣਾ ਹੈ ਕਿ ਇਹ ਦੇਸ਼ ਦੇ ਗ਼ਰੀਬ ਕਿਸਾਨਾਂ ‘ਤੇ ਲੱਗਾ ਬਿਜਲੀ ਦਾ ਝਟਕਾ ਹੈ। ਬਿੱਲ ਪੇਸ਼ ਕਰਨ ਤੋਂ ਲੈ ਕੇ ਹੰਗਾਮਿਆਂ ਤੱਕ ਅਤੇ ਬਿੱਲ ਨੂੰ ਮੁੜ ਸਟੈਂਡਿੰਗ ਕਮੇਟੀ ਕੋਲ ਭੇਜਣ ਦੀ ਇਸ ਪੂਰੀ ਕਵਾਇਦ ਦੌਰਾਨ ਕੇਂਦਰ ਸਰਕਾਰ ਵੱਲੋਂ ਸੰਯੁਕਤ ਕਿਸਾਨ ਮੋਰਚੇ ਨੂੰ 9 ਦਸੰਬਰ, 2021 ਨੂੰ ਲਿਖੀ ਚਿੱਠੀ ਤਕਰੀਬਨ ਸਾਰੀਆਂ ਸੰਬੰਧਿਤ ਧਿਰਾਂ ਦੇ ਬਿਆਨਾਂ ‘ਵਿਚ ਸ਼ਾਮਿਲ ਰਹੀ, ਜਿਸ ‘ਚ ਬਿੰਦੂ ਨੰਬਰ 4 ‘ਤੇ ਕੇਂਦਰ ਵੱਲੋਂ ਸਪਸ਼ਟ ਤੌਰ ‘ਤੇ ਇਹ ਲਿਖਿਆ ਗਿਆ ਸੀ ਕਿ ਜਦੋਂ ਤੱਕ ਬਿੱਲ ਨੂੰ ਲੈ ਕੇ ਕਿਸਾਨਾਂ ਨਾਲ ਚਰਚਾ ਨਹੀਂ ਕੀਤੀ ਜਾਂਦੀ, ਉਦੋਂ ਤੱਕ ਬਿੱਲ ਪੇਸ਼ ਨਹੀਂ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਕੇਂਦਰ ਵੱਲੋਂ ਲਿਆਂਦੇ ਵਿਵਾਦਿਤ ਤਿੰਨ ਖੇਤੀ ਕਾਨੂੰਨਾਂ ਦੇ ਸਮੇਂ ਵੀ ਬਿਜਲੀ ਸੋਧ ਬਿੱਲ ਪੇਸ਼ ਕਰਨ ਦਾ ਖ਼ਦਸ਼ਾ ਪ੍ਰਗਟਾਇਆ ਗਿਆ ਸੀ, ਜਿਸ ਨੂੰ ਕਿਸਾਨਾਂ ਦੀ ਮੁਖ਼ਾਲਫ਼ਤ ਕਾਰਨ ਸਰਕਾਰ ਨੂੰ ਕਿਸਾਨਾਂ ਨੂੰ ਲਿਖਤੀ ਤੌਰ ‘ਤੇ ਇਹ ਭਰੋਸਾ ਦੇਣਾ ਪਿਆ ਸੀ ਕਿ ਬਿੱਲ ਪੇਸ਼ ਕਰਨ ਤੋਂ ਪਹਿਲਾਂ ਸੰਬੰਧਿਤ ਧਿਰਾਂ ਨਾਲ ਚਰਚਾ ਕੀਤੀ ਜਾਵੇਗੀ। ਬਿਜਲੀ ਮੰਤਰੀ ਆਰ. ਕੇ. ਸਿੰਘ ਵੱਲੋਂ ਸੋਮਵਾਰ ਨੂੰ ਬਿਜਲੀ ਸੋਧ ਬਿੱਲ ‘ਤੇ ਬਹਿਸ ਲਈ ਬਿੱਲ ਸੰਸਦ ‘ਵਿਚ ਪੇਸ਼ ਕੀਤਾ। ਸਿੰਘ ਵੱਲੋਂ ਬਿੱਲ ਪੇਸ਼ ਕੀਤੇ ਜਾਣ ‘ਤੇ ਹੀ ਵਿਰੋਧੀ ਧਿਰਾਂ ਨੇ ਤਿੱਖਾ ਪ੍ਰਤੀਕਰਮ ਕਰਦਿਆਂ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਸਰਕਾਰ ਨੂੰ ਕਿਸਾਨ ਵਿਰੋਧੀ ਕਹਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਪੰਜਾਬ ਦੇ ਕਾਂਗਰਸ ਸੰਸਦ ਮੈਂਬਰਾਂ ਸਮੇਤ ਸਾਰੇ ਕਾਂਗਰਸੀ ਅਤੇ ਡੀ. ਐਮ. ਕੇ (ਖੱਬੇ) ਪੱਖੀ ਪਾਰਟੀਆਂ ਦੇ ਆਗੂ ਸਭਾ ਦੇ ਵਿਚਕਾਰ ਆ ਗਏ। ਵਿਰੋਧ ਤਿੱਖਾ ਹੋਣ ਤੋਂ ਬਾਅਦ ਸਪੀਕਰ ਓਮ ਬਿਰਲਾ ਨੂੰ ਦਖ਼ਲਅੰਦਾਜ਼ੀ ਕਰਨੀ ਪਈ, ਜਿਸ ਤੋਂ ਕੁਝ ਦੇਰ ਬਾਅਦ ਹੀ ਮੰਤਰੀ ਵੱਲੋਂ ਬਿੱਲ ਸਟੈਂਡਿੰਗ ਕਮੇਟੀ ਕੋਲ ਭੇਜਣ ਦਾ ਐਲਾਨ ਕੀਤਾ ਗਿਆ। ਇਸ ਤੋਂ ਪਹਿਲਾਂ ਬਠਿੰਡਾ ਤੋਂ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਤਿੱਖੇ ਲਫ਼ਜ਼ਾਂ ਵਿਚ ਕਿਹਾ ਕਿ ਰਾਜ ਸਰਕਾਰਾਂ ਅਤੇ ਕਿਸਾਨ ਜਥੇਬੰਦੀਆਂ ਨਾਲ ਹੋਈ ਮੀਟਿੰਗ ਦੇ ਵੇਰਵੇ ਸੰਸਦ ਵਿਚ ਰੱਖੇ ਜਾਣ। ਹਰਸਿਮਰਤ ਨੇ ਸਰਕਾਰ ਵੱਲੋਂ ਬਿੱਲ ਪੇਸ਼ ਕੀਤੇ ਜਾਣ ਦੀ ਹੀ ਨਿਖੇਧੀ ਕਰਦਿਆਂ ਕਿਹਾ ਕਿ ਬਿੱਲ ਨਾਲ ਜਿਨਾਂ ਦੇ ਹਿਤ ਜੁੜੇ ਹਨ, ਉਨਾਂ ਨਾਲ ਕੋਈ ਵਿਚਾਰ-ਵਟਾਂਦਰਾ ਨਹੀਂ ਕੀਤਾ ਗਿਆ। ਉਨਾਂ ਬਿਜਲੀ ਮੰਤਰੀ ‘ਤੇ ਸੰਸਦ ਨੂੰ ਗੁੰਮਰਾਹ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ 9 ਦਸੰਬਰ, 2021 ਨੂੰ ਸਰਕਾਰ ਨੇ ਹੀ ਚਿੱਠੀ ਲਿਖ ਕੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਸੀ ਅਤੇ ਹੁਣ ਸਰਕਾਰ ਆਪਣੇ ਹੀ ਕਹੇ ਵਾਅਦੇ ਤੋਂ ਇੰਝ ਹੀ ਮੁੱਕਰ ਰਹੀ ਹੈ ਜਿਵੇਂ ਐਮ. ਐਸ. ਪੀ. ਬਾਰੇ ਗਾਰੰਟੀ ਸੰਬੰਧੀ ਕਾਨੂੰਨ ਨੂੰ ਲੈ ਕੇ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਸੰਬੰਧ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਚਿੱਠੀ ਲਿਖ ਕੇ ਬਿੱਲ ਤੇ ਸੂਬਿਆਂ, ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਨਾਲ ਚਰਚਾ ਕਰਨ ਦੀ ਅਪੀਲ ਕਰਦਿਆਂ ਬਿੱਲ ਨੂੰ ਸਾਂਝੀ ਸੰਸਦੀ ਕਮੇਟੀ ਨੂੰ ਭੇਜਣ ਨੂੰ ਕਿਹਾ। ਕਾਂਗਰਸ ਨੇ ਵੀ ਬਿੱਲ ‘ਤੇ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਇਕ ਸਾਲ ਤੱਕ ਚੱਲੇ ਕਿਸਾਨ ਅੰਦੋਲਨ ਵਿਚ ਇਸ ਬਿੱਲ ਨੂੰ ਵਾਪਸ ਲੈਣਾ ਇਕ ਮੁੱਖ ਮੰਗ ਸੀ। ਲੋਕ ਸਭਾ ਵਿਚ ਕਾਂਗਰਸ ਦੇ ਨੇਤਾ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਸਰਕਾਰ ਸੰਯੁਕਤ ਕਿਸਾਨ ਮੋਰਚਾ ਨੂੰ ਲਿਖਤੀ ਤੌਰ ‘ਤੇ ਇਹ ਭਰੋਸਾ ਦੇ ਚੁੱਕੀ ਹੈ ਕਿ ਬਿਨਾਂ ਚਰਚਾ ਦੇ ਬਿੱਲ ਨਹੀਂ ਲਿਆਂਦਾ ਜਾਵੇਗਾ। ਫ਼ਤਿਹਗੜ ਸਾਹਿਬ ਤੋਂ ਸੰਸਦ ਮੈਂਬਰ ਡਾ. ਅਮਰ ਸਿੰਘ ਨੇ ਕਿਹਾ ਕਿ ਸਰਕਾਰ ਕਾਰਪੋਰੇਟਰਾਂ ਦੇ ਮੁਨਾਫ਼ੇ ਲਈ ਕਿਸਾਨਾਂ ਨਾਲ ਧੋਖਾ ਕਰ ਰਹੀ ਹੈ। ਉਨਾਂ ਬਿਜਲੀ ਸੋਧ ਬਿੱਲ ਨੂੰ ਰਾਜਾਂ ਦੀਆਂ ਤਾਕਤਾਂ ਘੱਟ ਕਰਨ ਦੀ ਦਿਸ਼ਾ ‘ਵਿਚ ਚੁੱਕਿਆ ਕਦਮ ਕਰਾਰ ਦਿੱਤਾ। ਲੋਕ ਸਭਾ ‘ਵਿਚ ਆਪ ਦੀ ਨੁਮਾਇੰਦਗੀ ਨਾ ਹੋਣ ਕਾਰਨ ਪਾਰਟੀ ਵੱਲੋਂ ਜ਼ਾਹਰ ਤੌਰ ‘ਤੇ ਹੇਠਲੇ ਸਦਨ ‘ਵਿਚ ਵਿਰੋਧ ਨਹੀਂ ਕੀਤਾ ਗਿਆ ਪਰ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਦਨ ਵਿਚ ਬਿੱਲ ‘ਤੇ ਬਹਿਸ ਕਰਨ ਵਾਲੇ ਦਿਨ ਪਹਿਲਾਂ ਹੀ ਸੋਸ਼ਲ ਮੀਡੀਆ ‘ਤੇ ਇਸ ਦੀ ਤਿੱਖੀ ਨਿਖੇਧੀ ਕੀਤੀ। ਬਿਜਲੀ ਸੋਧ ਬਿੱਲ 2022 ਨੂੰ ਰਾਜਾਂ ਦੇ ਅਧਿਕਾਰਾਂ ‘ਤੇ ਇਕ ਹੋਰ ਹਮਲਾ ਦੱਸਿਆ।ਕਿਸਾਨ ਆਗੂ ਅਤੇ ਸਵਰਾਜ ਇੰਡੀਆ ਦੇ ਮੁਖੀ ਯੋਗੇਂਦਰ ਯਾਦਵ ਨੇ ਬਿੱਲ ਪੇਸ਼ ਕਰਨ ਨੂੰ ਕਿਸਾਨਾਂ ਨਾਲ ਕੀਤਾ ਧੋਖਾ ਕਰਾਰ ਦਿੰਦਿਆਂ ਕਿਹਾ ਕਿ ਇਹ ਦਰਸਾਉਂਦਾ ਹੈ ਸਰਕਾਰ ਦੇ ਕਹੇ, ਬੋਲੇ ਅਤੇ ਲਿਖੇ ਦਾ ਕੋਈ ਮੁੱਲ ਨਹੀਂ। ਯਾਦਵ ਨੇ ਬਿਜਲੀ ਸੋਧ ਬਿੱਲ ਨੂੰ ਕਿਸਾਨਾਂ ਨਾਲ ਕੀਤਾ ਘਾਣ ਕਰਾਰ ਦਿੰਦਿਆਂ ਕਿਹਾ ਕਿ ਇਹ ਬਿੱਲ ਬਿਜਲੀ ਦੇ ਸਪਲਾਈ ਦੀਆਂ ਦੋ ਵੱਖ-ਵੱਖ ਧਿਰਾਂ ਤਿਆਰ ਕਰੇਗਾ। ਨਿੱਜੀ ਕੰਪਨੀਆਂ ਸਿਰਫ਼ ਮਲਾਈਦਾਰ ਭਾਵ ਸ਼ਹਿਰੀ, ਵਪਾਰਕ ਆਦਿ ਮੁਨਾਫ਼ੇ ਵਾਲੇ ਇਲਾਕਿਆਂ ‘ਚ ਹੀ ਬਿਜਲੀ ਸਪਲਾਈ ਕਰਨਗੀਆਂ। ਜਦਕਿ ਪਹਿਲਾਂ ਤੋਂ ਹੀ ਮਾੜੇ ਵਿੱਤੀ ਹਾਲ ‘ਚੋਂ ਲੰਘੇ ਰਹੇ ਬਿਜਲੀ ਬੋਰਡ ਦੀ ਹਾਲਤ ਹੋਰ ਵੀ ਪਤਲੀ ਹੋ ਜਾਵੇਗੀ। ਫਿਰ ਕਿਸਾਨਾਂ ਦੀ ਸਾਰ ਕੌਣ ਲਏਗਾ। ਯੋਗੇਂਦਰ ਯਾਦਵ ਨੇ ਬਿੱਲ ਨੂੰ ਸਟੈਂਡਿੰਗ ਕਮੇਟੀ ਕੋਲ ਭੇਜੇ ਜਾਣ ਦਾ ਸਵਾਗਤ ਕਰਦਿਆਂ ਕਿਹਾ ਕਿ ਹਾਲਾਂਕਿ ਸਰਕਾਰ ਨੇ ਹੋਰਨਾਂ ਬਿੱਲਾਂ ਵਾਂਗ ਧੱਕੇ ਨਾਲ ਇਕ ਘੰਟੇ ‘ਚ ਇਸ ਨੂੰ ਪਾਸ ਨਹੀਂ ਕਰਵਾਇਆ, ਪਰ ਪ੍ਰਤੀਤ ਹੁੰਦਾ ਹੈ ਕਿ ਸਰਕਾਰ ਨੇ ਮਨ ਬਣਾ ਲਿਆ ਹੈ।

ਲੋਕ ਸਭਾ ‘ਚ ਬਿੱਲ ਨੂੰ ਲੈ ਕੇ ਉੱਠੇ ਹੰਗਾਮੇ ਤੋਂ ਬਾਅਦ ਸਪੀਕਰ ਓਮ ਬਿਰਲਾ ਨੇ ਦਖ਼ਲਅੰਦਾਜ਼ੀ ਕਰਦਿਆਂ ਕਿਹਾ ਕਿ ਸਿਆਸੀ ਭਾਸ਼ਣ ਦੇਣ ਦੀ ਥਾਂ ‘ਤੇ ਪਾਰਟੀਆਂ ਇਸ ‘ਤੇ ਬਹਿਸ ਕਰਨ ਕਿ ਸਰਕਾਰ ਨੂੰ ਕਾਨੂੰਨ ਲਿਆਉਣ ਦਾ ਅਧਿਕਾਰ ਹੈ ਜਾਂ ਨਹੀਂ।

**ਸਰਕਾਰ ਦੇ ਲੋਕ ਸਭਾ ਵਿਚ ਬਿਜਲੀ ਸੋਧ ਬਿਲ 2022 ਦਾ ਵਿਆਪਕ ਵਿਰੋਧ ਫੈਡਰਲਿਜ਼ਮ ਅਤੇ ਨਿੱਜੀਕਰਨ ਦੇ ਮੁੱਦਿਆਂ ਉੱਤੇ ਹੋ ਰਿਹਾ ਹੈ। ਇਸ ਸੋਧ ਬਿਲ ਤਹਿਤ ਰਾਜਾਂ ਦੇ ਵੱਖ ਵੱਖ ਖੇਤਰਾਂ ਅੰਦਰ ਬਹੁਭਾਂਤੀ ਕੰਪਨੀਆਂ ਨੂੰ ਇਜਾਜ਼ਤ ਦੇਣ ਨਾਲ ਰਾਜਾਂ ਦੇ ਅਧਿਕਾਰਾਂ ਨੂੰ ਵੱਡੇ ਪੈਮਾਨੇ ਉੱਤੇ ਖੋਰਾ ਲੱਗੇਗਾ; ਇਸ ਤਰਾਂ ਕਾਨੂੰਨੀ ਸੋਧ ਦੇ ਬਹਾਨੇ ਸੰਵਿਧਾਨਕ ਸੋਧ ਕੀਤੀ ਜਾ ਰਹੀ ਹੈ; ਸਦਨ ਸਾਹਮਣੇ ਮਾਮਲਾ ਸਹੀ ਰੂਪ ਵਿਚ ਨਹੀਂ ਰੱਖਿਆ ਜਾ ਰਿਹਾ।ਕੇਂਦਰ ਨੇ ਸੂਬਿਆਂ ਦੇ ਹੱਕਾਂ ਉੱਤੇ ਇਕ ਹੋਰ ਡਾਕਾ ਮਾਰਿਆ ਹੈ। ਬਿਜਲੀ ਖੇਤਰ ਸਾਂਝੀ ਸੂਚੀ ਦਾ ਵਿਸ਼ਾ ਹੈ। ਸਬੰਧਿਤ ਧਿਰਾਂ ਨਾਲ ਗੱਲ ਨਾ ਕਰਨ ਅਤੇ ਖਰੜਾ ਨੈੱਟ ਉੱਤੇ ਨਾ ਪਾਉਣ ਦਾ ਮਤਲਬ ਵੀ ਲੋਕਾਂ ਅਤੇ ਸੰਸਥਾਵਾਂ ਦੇ ਜਮਹੂਰੀ ਅਧਿਕਾਰਾਂ ਨੂੰ ਦਰ-ਕਿਨਾਰ ਕਰਨਾ ਹੈ। ਕਿਸਾਨ ਅੰਦੋਲਨ ਦੇ ਅਸਰ ਕਾਰਨ ਬਿਜਲੀ ਕਾਨੂੰਨ 2003 ਦੀ ਧਾਰਾ 65 ਬਰਕਰਾਰ ਰੱਖੀ ਗਈ ਹੈ। ਇਸ ਤਹਿਤ ਰਾਜ ਸਰਕਾਰ ਕਿਸੇ ਵਰਗ ਨੂੰ ਮੁਫ਼ਤ ਜਾਂ ਰਿਆਇਤੀ ਬਿਜਲੀ ਦੇ ਸਕਦੀ ਹੈ। ਬਿਜਲੀ ਸੋਧ ਬਿਲ 2020 ਦੇ ਖਰੜੇ ਵਿਚ ਇਹ ਤਜਵੀਜ਼ ਸੀ ਕਿ ਪਹਿਲਾਂ ਹਰ ਵਰਗ ਨੂੰ ਬਿਲ ਭਰਨਾ ਪਵੇਗਾ ਅਤੇ ਰਾਜ ਸਰਕਾਰ ਪਿੱਛੋਂ ਉਸ ਦੇ ਖਾਤੇ ਵਿਚ ਚਾਹੇ ਤਾਂ ਪੈਸਾ ਪਾ ਸਕਦੀ ਹੈ। ਇਸ ਤੋਂ ਪਿੱਛੇ ਹਟਣਾ ਕਿਸਾਨ ਅੰਦੋਲਨ ਦੇ ਦਬਾਅ ਦਾ ਪ੍ਰਤੀਕ ਹੈ। ਇਸ ਦੇ ਬਾਵਜੂਦ ਹਰ ਖੇਤਰ ਵਿਚ ਇਕ ਤੋਂ ਵੱਧ ਬਿਜਲੀ ਵੰਡ-ਕੰਪਨੀਆਂ ਨੂੰ ਇਜਾਜ਼ਤ ਦੇਣ ਨਾਲ ਸਬਸਿਡੀ ਪ੍ਰਣਾਲੀ ਖ਼ੁਦ-ਬਖ਼ੁਦ ਖ਼ਤਮ ਹੋ ਜਾਣ ਦਾ ਰਾਹ ਤਿਆਰ ਕੀਤਾ ਜਾ ਰਿਹਾ ਹੈ।**

**ਇਹ ਅਸਿੱਧੇ ਤਰੀਕੇ ਨਾਲ ਨਿੱਜੀਕਰਨ ਦਾ ਰਾਸਤਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਪ੍ਰਣਾਲੀ ਮੁੰਬਈ ਅਤੇ ਯੂ ਕੇ ਵਿਚ ਅਸਫਲ ਹੋ ਚੁੱਕੀ ਹੈ। ਜੇ ਰਾਜ ਸਰਕਾਰਾਂ ਨਿੱਜੀ ਖੇਤਰ ਦੀਆਂ ਜੈਨਰੇਸ਼ਨ ਕੰਪਨੀਆਂ ਨੂੰ ਪੈਸਾ ਅਦਾ ਕਰਨ ਵਿਚ ਦੇਰ ਕਰ ਦੇਣ ਤਾਂ ਬਿਜਲੀ ਕੱਟ ਦੇਣ ਦਾ ਫ਼ੈਸਲਾ ਕੇਂਦਰ ਸਰਕਾਰ ਦੇ ਨੈਸ਼ਨਲ ਲੋਡ ਡਿਸਪੈਚ ਕੇਂਦਰ ਕੋਲ ਚਲਾ ਜਾਵੇਗਾ। ਕੰਪਨੀ ਨੂੰ ਕਈ ਰਾਜਾਂ ਵਿਚ ਕੰਮ ਕਰਨ ਲਈ ਲੋੜੀਂਦਾ ‘ਕੋਈ ਇਤਰਾਜ਼ ਨਹੀਂ ਸਰਟੀਫਿਕੇਟ’ ( ਹੁਣ ਕੇਂਦਰ ਸਰਕਾਰ ਖ਼ੁਦ ਹੀ ਦੇ ਸਕੇਗੀ; ਰਾਜਾਂ ਦਾ ਅਧਿਕਾਰ ਖ਼ਤਮ ਹੋ ਜਾਵੇਗਾ। ਇਸ ਬਿਲ ਦਾ ਪੂਰਾ ਮੁਹਾਂਦਰਾ ਕੇਂਦਰੀਕਰਨ ਅਤੇ ਕਾਰਪੋਰੇਟ-ਪੱਖੀ ਹੈ।**

# ਟਰਾਂਸਪੋਰਟ ਮੰਤਰੀ ਭੁੱਲਰ ਘਿਰੇ ਲਾਲ ਕਿਲ੍ਹੇ ’ਤੇ ਝੰਡਾ ਲਹਿਰਾਉਣ ਦੇ ਮਾਮਲੇ ’ਚ

## ਖਹਿਰਾ, ਭਾਜਪਾ ਨੇ ਮਾਨ ਤੇ ਕੇਜਰੀਵਾਲ ਤੋਂ ਮੰਗਿਆ ਜਵਾਬ

**ਜਲੰਧਰ/ਏ.ਟੀ.ਨਿਊਜ਼** :- ਰਾਜ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਪਿਛਲੇ ਸਮੇਂ ਦੌਰਾਨ ਤੇਜ਼ ਰਫਤਾਰ ਗੱਡੀ ’ਤੇ ਸਟੰਟ ਕਰਨ ਦਾ ਮਾਮਲਾ ਅਜੇ ਠੰਡਾ ਹੋਇਆ ਸੀ ਕਿ ਉਹ ਹੁਣ ਇਕ ਹੋਰ ਨਵੇਂ ਮਾਮਲੇ ਵਿਚ ਘਿਰਦੇ ਨਜ਼ਰ ਆ ਰਹੇ ਹਨ। ਇਸ ਵਾਰ ਉਹ ਪਿਛਲੇ ਸਾਲ 26 ਜਨਵਰੀ ਨੂੰ ਲਾਲ ਕਿਲੇ ’ਤੇ ਝੰਡਾ ਲਹਿਰਾਉਣ ਸਮੇਂ ਸਵਰਗੀ ਦੀਪ ਸਿੱਧੂ ਵਲੋਂ ਬਣਾਈ ਇਕ ਵੀਡੀਓ ਵਿਚ ਨਜ਼ਰ ਆਉਣ ਕਾਰਨ ਚਰਚਾ ਵਿਚ ਹਨ । ਲਾਲ ਕਿਲੇ ’ਤੇ ਝੰਡਾ ਲਹਿਰਾਉਣ ਸਮੇਂ ਦੀਪ ਸਿੱਧੂ ਨਾਲ ਉਨਾਂ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ । ਹਾਲਾਂਕਿ ਉਸ ਸਮੇਂ ਉਹ ਮੰਤਰੀ ਦੇ ਅਹੁਦੇ ‘ਤੇ ਨਹੀਂ ਸਨ ਪਰ ਦਿੱਲੀ ਪੁਲਿਸ ਵਲੋਂ ਇਸ ਮਾਮਲੇ ਵਿਚ ਦੀਪ ਸਿੱਧੂ ਸਮੇਤ ਕਈ ਹੋਰਨਾਂ ਵਿਅਕਤੀਆਂ ’ਤੇ ਕੇਸ ਦਰਜ ਕਰਕੇ ਉਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ।ਆਮ ਆਦਮੀ ਪਾਰਟੀ ਦੇ ਕਈ ਸੀਨੀਅਰ ਆਗੂ ਦੀਪ ਸਿੱਧੂ ਵਲੋਂ ਲਾਲ ਕਿਲੇ ’ਤੇ ਝੰਡਾ ਲਹਿਰਾਉਣ ਦੀ ਕਾਰਵਾਈ ਦਾ ਵਿਰੋਧ ਕਰਦੇ ਰਹੇ ਹਨ ਤੇ ਹੁਣ ਇਹ ਨਵੀਂ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਜਿੱਥੇ ਕੈਬਨਿਟ ਮੰਤਰੀ ਭੁੱਲਰ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ, ਉਥੇ ਸਰਕਾਰ ਨੂੰ ਵੀ ਇਸ ਮਾਮਲੇ ਵਿਚ ਜਵਾਬ ਦੇਣਾ ਪੈ ਸਕਦਾ



ਹੈ । ਇਸ ਮਾਮਲੇ ’ਤੇ ਵਿਰੋਧੀ ਪਾਰਟੀਆਂ ਨੇ ਵੀ ਆਮ ਆਦਮੀ ਪਾਰਟੀ ਦੀ ਸਰਕਾਰ ’ਤੇ ਨਿਸ਼ਾਨਾ ਸਾਧਦੇ ਹੋਏ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਘੇਰਿਆ ਹੈ ।

ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਟਵਿੱਟਰ ’ਤੇ ਵੀਡੀਓ ਜਾਰੀ ਕਰਦੇ ਹੋਏ ਮੁੱਖ ਮੰਤਰੀ ਮਾਨ ਅਤੇ ਅਰਵਿੰਦ ਕੇਜਰੀਵਾਲ ਤੋਂ ਜਵਾਬ ਮੰਗਿਆ ਹੈ ਕਿ ਕ੍ਰਿਪਾ ਕਰਕੇ ਸਪੱਸ਼ਟ ਕਰੋ ਕਿ ਕੀ ਤੁਹਾਡੇ ਟਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ ਦੀਪ ਸਿੱਧੂ ਨਾਲ ਲਾਲ ਕਿਲੇ ’ਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਉਣ ਦਾ ਹਿੱਸਾ ਹਨ ? ਜੇਕਰ ਹਾਂ ਤਾਂ ਸਾਡਾ ਮੁੱਖ ਮੰਤਰੀ ਉਨਾਂ ਨੂੰ ਦੇਸ਼ ਵਿਰੋਧੀ ਕਿਵੇਂ ਕਹਿੰਦਾ ਹੈ ਅਤੇ ਉਨਾਂ ਨੂੰ ਆਪਣੀ ਕੈਬਨਿਟ ਵਿੱਚ ਮੰਤਰੀ ਕਿਵੇਂ ਰੱਖਦਾ ਹੈ ? ਹਾਲਾਂਕਿ ਕੇਜਰੀਵਾਲ ਜਾਂ ਮਾਨ ਦੀ ਇਸ ’ਤੇ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ।

ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਵੀਡੀਓ ਵਾਇਰਲ ਹੋਣ ’ਤੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ ਨੇ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਕਿ ਲਾਲਜੀਤ ਸਿੰਘ ਭੁੱਲਰ ਨੂੰ ਤੁਰੰਤ ਮੰਤਰੀ ਦੇ ਅਹੁਦੇ ’ਤੇ ਹਟਾ ਕੇ ਉਸ ਖਿਲਾਫ਼ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ । ਜੀਵਨ ਗੁਪਤਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਵੱਡੇ-ਵੱਡੇ ਦਾਅਵੇ ਕਰਦੇ ਹਨ ਕਿ ਉਨਾਂ ਦੀ ਪਾਰਟੀ ਰਾਸ਼ਟਰਵਾਦੀ ਪਾਰਟੀ ਹੈ, ਪਰ ਉਨਾਂ ਦੀ ਪਾਰਟੀ ਦੇ ਪੰਜਾਬ ਸਰਕਾਰ ਦੇ ਮੰਤਰੀ ਲਾਲਜੀਤ ਸਿੰਘ ਭੁੱਲਰ ਲਾਲ ਕਿਲੇ ’ਤੇ ਕੌਮੀ ਝੰਡੇ ਦੇ ਵਿਰੋਧ ਅਤੇ ਅਪਮਾਨ ਸਮੇਂ ਉਥੇ ਮੌਜੂਦ ਸਨ।

# ਪੰਜਾਬੀ ਯੂਨੀਵਰਸਿਟੀ ਦੇਵੇਗੀ ਹਰਜਿੰਦਰ ਕੌਰ ਨੂੰ ਨੌਕਰੀ



**ਪਟਿਆਲਾ/ਏ.ਟੀ.ਨਿਊਜ਼** :- ਰਾਸ਼ਟਰਮੰਡਲ ਖੇਡਾਂ ਵਿੱਚੋਂ ਕਾਂਸੀ ਦਾ ਤਮਗ਼ਾ ਜਿੱਤ ਕੇ ਪਰਤੀ ਵੇਟ ਲਿਫਟਰ ਹਰਜਿੰਦਰ ਕੌਰ ਨੂੰ ਪੰਜਾਬੀ ਯੂਨੀਵਰਸਿਟੀ ਨੇ ਨੌਕਰੀ ਦੇਣ ਦਾ ਐਲਾਨ ਕੀਤਾ ਹੈ। ਦੂਜੇ ਪਾਸੇ, ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵੀ ਉਸ ਨੂੰ ਆਪਣੇ ਅਖ਼ਤਿਆਰੀ ਫੰਡ ਵਿੱਚੋਂ ਪੰਜ ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ। ’ਵਰਸਿਟੀ ਵਿਚ ਸਮਾਰੋਹ ਦੌਰਾਨ ਹਰਜਿੰਦਰ ਕੌਰ ਦੇ ਮਾਪਿਆਂ ਕੁਲਦੀਪ ਕੌਰ ਤੇ ਸਾਹਿਬ ਸਿੰਘ ਸਣੇ ਉਸ ਦੇ ਕੋਚ ਪਰਮਜੀਤ ਸ਼ਰਮਾ ਵੀ ਸਨਮਾਨੇ ਗਏ। ਇਸੇ ਮੌਕੇ ਹਰਜਿੰਦਰ ਕੌਰ ਨੇ ਸਰਕਾਰ ਤੋਂ ਪੰਜਾਬੀ ’ਵਰਸਿਟੀ ਲਈ ਬਿਹਤਰ ਖੇਡ ਸਹੂਲਤਾਂ ਦੀ ਮੰਗ ਕੀਤੀ। ਸੰਧਵਾਂ ਨੇ ਕਿਹਾ ਕਿ ਹਰਜਿੰਦਰ ਨੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਹਰਜਿੰਦਰ ਨੂੰ ’ਵਰਸਿਟੀ ਵਿੱਚ ਨੌਕਰੀ ਦੇਣ ਦਾ ਐਲਾਨ ਕੀਤਾ ਹੈ।

# ਭਾਰਤੀ ਮੂਲ ਦੀ ਰੂਪਾਲੀ ਡਿਸਾਈ ਅਮਰੀਕਾ ਵਿਚ ਜੱਜ ਬਣੀ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ** :- ਐਰੀਜ਼ੋਨਾ ਦੀ ਵਕੀਲ ਰੂਪਾਲੀ ਐਚ ਡਿਸਾਈ ਪਹਿਲੀ ਭਾਰਤੀ ਮੂਲ ਦੀ ਅਮਰੀਕੀ ਔਰਤ ਹੈ ਜੋ 9ਵੀਂ ਸਰਕਟ ਕੋਰਟ ਵਿਚ ਜੱਜ ਦੀਆਂ ਸੇਵਾਵਾਂ ਨਿਭਾਏਗੀ। ਯੂ ਐਸ ਕੋਰਟ ਆਫ ਅਪੀਲ ਵਿਚ ਡਿਸਾਈ ਦੀ ਨਿਯੁਕਤੀ ਦੀ ਸੈਨਟ ਨੇ 67-29 ਵੋਟਾਂ ਦੇ ਫਰਕ ਨਾਲ ਪੁਸ਼ਟੀ ਕਰ ਦਿੱਤੀ ਹੈ। ਡਿਸਾਈ ਐਂਡਰੀਊ ਡੇਵਿਡ ਹਰਵਿਟਜ ਦੀ ਥਾਂ ਲਵੇਗੀ ਜੋ ਅਗਲੇ ਸਾਲ ਜਨਵਰੀ ਵਿਚ ਸੇਵਾਮੁਕਤ ਹੋ ਰਹੇ ਹਨ। ਡਿਸਾਈ ਨੂੰ ਇਸ ਸਾਲ ਜੂਨ ਵਿਚ ਜੱਜ ਦੇ ਅਹੁਦੇ ਲਈ ਨਾਮਜ਼ਦ ਕੀਤਾ ਗਿਆ ਸੀ।

# ਔਰਤਾਂ ਨੂੰ ਮੁਫ਼ਤ ਬੱਸ ਸਫ਼ਰ ਦੀ ਸਕੀਮ ਕਾਰਨ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਨੇ ਨਿੱਜੀ ਬੱਸ ਕਾਰੋਬਾਰੀ

**ਜਲੰਧਰ/ਏ.ਟੀ.ਨਿਊਜ਼** :- ਸਰਕਾਰ ਵਲੋਂ ਔਰਤਾਂ ਨੂੰ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਦੇਣੀ ਰਾਜ ਦੇ ਨਿੱਜੀ ਬੱਸ ਕਾਰੋਬਾਰੀਆਂ 'ਤੇ ਇਸ ਕਦਰ ਭਾਰੀ ਪਈ ਹੈ ਕਿ ਉਨਾਂ ਦਾ 70 ਫ਼ੀਸਦੀ ਕਾਰੋਬਾਰ ਠੱਪ ਹੋ ਕੇ ਰਹਿ ਗਿਆ ਹੈ ਤੇ ਉਨਾਂ ਕੋਲ ਕੇਵਲ 30 ਫ਼ੀਸਦੀ ਸਵਾਰੀਆਂ ਹੀ ਰਹਿ ਗਈਆਂ ਹਨ । ਜਿਸ ਕਾਰਨ ਭਾਰੀ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਨਿੱਜੀ ਬੱਸ ਕਾਰੋਬਾਰੀਆਂ ਲਈ ਟੈਕਸਾਂ ਦੀ ਅਦਾਇਗੀ ਵੀ ਮੁਸ਼ਕਿਲ ਹੋਈ ਪਈ ਹੈ।

ਜਾਣਕਾਰੀ ਅਨੁਸਾਰ ਇਸ ਸਮੇਂ ਸੂਬੇ ਅੰਦਰ 2200 ਵੱਡੀਆਂ ਅਤੇ 4500 ਦੇ ਕਰੀਬ ਮਿੰਨੀ ਬੱਸਾਂ ਚੱਲ ਰਹੀਆਂ ਹਨ ਤੇ ਇਸ ਕਾਰੋਬਾਰ ਨਾਲ ਹਜ਼ਾਰਾਂ ਲੋਕਾਂ ਦਾ ਰੁਜ਼ਗਾਰ ਵੀ ਜੁੜਿਆ ਹੋਇਆ ਹੈ। ਨਿੱਜੀ ਬੱਸ ਮਾਲਕਾਂ ਵਲੋਂ ਹਰ ਸਾਲ ਸਰਕਾਰ ਨੂੰ ਕਰੀਬ 100 ਕਰੋੜ ਰੁਪਏ ਦਾ ਮਾਲੀਆ ਵੀ ਦਿੱਤਾ ਜਾਂਦਾ ਹੈ ਪਰ ਇਸ ਦੇ ਬਾਵਜੂਦ ਸਰਕਾਰ ਵਲੋਂ ਨਿੱਜੀ ਬੱਸ ਆਪ੍ਰੇਟਰਾਂ ਦੀ ਸਾਰ ਨਹੀਂ ਲਈ ਜਾ ਰਹੀ। ਸਗੋਂ ਸਰਕਾਰ ਦੀ ਮੁਫ਼ਤ ਬੱਸ ਸਫ਼ਰ ਸਹੂਲਤ ਅਤੇ ਗ਼ਲਤ ਟੈਕਸ ਨੀਤੀਆਂ ਕਾਰਨ ਨਿੱਜੀ ਬੱਸਾਂ ਦਾ ਕਾਰੋਬਾਰ ਲਗਾਤਾਰ ਘਾਟੇ ਵਿਚ ਜਾ ਰਿਹਾ ਹੈ । 70 ਫ਼ੀਸਦੀ ਸਵਾਰੀਆਂ ਸਰਕਾਰੀ ਬੱਸਾਂ ਵਿਚ ਬੈਠਣ ਨੂੰ ਤਰਜੀਹ ਦੇਣ ਲੱਗੀਆਂ ਹਨ ਤੇ ਨਿੱਜੀ ਬੱਸਾਂ ਵਿਚ ਕੇਵਲ ਮਰਦ ਸਵਾਰੀਆਂ ਹੀ ਰਹਿ ਗਈਆਂ ਹਨ। ਸਰਕਾਰ ਵਲੋਂ ਨਿੱਜੀ ਬੱਸ ਆਪ੍ਰੇਟਰਾਂ ਕੋਲੋਂ ਜੋ ਟੈਕਸ ਲਿਆ ਜਾਂਦਾ ਹੈ, ਉਸ ਉੱਪਰ ਵੀ 10 ਫ਼ੀਸਦੀ ਸੈੱਸ ਲਗਾਇਆ ਜਾਂਦਾ ਹੈ। ਬੱਸ ਦੀ ਚੈੱਸੀ ਜੋ ਸਾਲ 2020 'ਚ 16 ਲੱਖ ਰੁਪਏ ਤੱਕ ਤਿਆਰ ਹੋ ਜਾਂਦੀ ਸੀ, ਉਹ ਹੁਣ 26 ਲੱਖ 'ਚ ਪੈਂਦੀ ਹੈ ਤੇ ਬੱਸ ਦੀ ਬਾਡੀ ਵੀ ਪਹਿਲਾਂ ਤੋਂ ਕਾਫ਼ੀ ਮਹਿੰਗੀ ਹੋ ਗਈ ਹੈ । ਬੱਸਾਂ ਦੇ ਸਪੇਅਰ ਪਾਰਟਸ 'ਤੇ 28 ਫ਼ੀਸਦੀ ਜੀ. ਐਸ. ਟੀ. ਹੋਣ ਕਾਰਨ ਇਹ ਕਾਰੋਬਾਰ ਪਹਿਲਾਂ ਹੀ ਘਾਟੇ ਵਿਚ ਜਾ ਰਿਹਾ ਹੈ ਤੇ ਉੱਪਰੋਂ ਸਰਕਾਰਾਂ ਦੀਆਂ ਮੁਫ਼ਤ ਸਕੀਮਾਂ ਨੇ ਉਨਾਂ ਦਾ ਹੋਰ ਕਚੂਮਰ ਕੱਢ ਦਿੱਤਾ ਹੈ। ਹਾਲਾਂਕਿ ਇਹ ਸਕੀਮ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਰਾਜ ਦੀਆਂ ਔਰਤਾਂ ਲਈ ਪਿਛਲੇ ਸਾਲ ਅਪ੍ਰੈਲ 'ਚ ਸ਼ੁਰੂ ਕੀਤੀ ਗਈ ਸੀ ਪਰ ਹੁਣ ਇਹ ਸਹੂਲਤ ਮੌਜੂਦਾ 'ਆਪ' ਸਰਕਾਰ ਲਈ ਗਲੇ ਦੀ ਹੱਡੀ ਬਣਦੀ ਜਾ ਰਹੀ ਹੈ ।ਵਿੱਤੀ ਬੋਝ ਦੇ ਚੱਲਦਿਆਂ ਸਰਕਾਰ ਲਈ ਇਸ ਸਕੀਮ ਨੂੰ ਚਾਲੂ ਰੱਖ ਸਕਣਾ ਇਕ ਚੁਣੌਤੀ ਬਣਿਆ ਹੋਇਆ ਹੈ ਤੇ ਨਿੱਜੀ ਬੱਸ ਕਾਰੋਬਾਰੀਆਂ ਵਲੋਂ ਵੀ ਇਸ ਸਕੀਮ ਦੇ ਖ਼ਿਲਾਫ਼ ਮੋਰਚਾ ਖੋਲਣ ਨਾਲ ਸਰਕਾਰ ਕਸੂਤੀ ਸਥਿਤੀ 'ਚ ਫਸੀ ਨਜ਼ਰ ਆ ਰਹੀ ਹੈ ।ਅਜਿਹੇ ਵਿਚ ਜੇਕਰ ਸਰਕਾਰ ਇਸ



ਸਕੀਮ ਨੂੰ ਵਾਪਸ ਲੈਂਦੀ ਹੈ ਤਾਂ ਇਸ ਦਾ ਸਿੱਧਾ ਮਤਲਬ ਰਾਜ ਦੀ ਅੱਧੀ ਅਬਾਦੀ ਭਾਵ 1.33 ਕਰੋੜ ਔਰਤਾਂ ਦੀ ਨਾਰਾਜ਼ਗੀ ਸਿੱਧੇ ਤੌਰ 'ਤੇ ਮੁੱਲ ਲੈਣਾ ਹੈ ।ਅਜਿਹੇ ਵਿਚ ਜੇਕਰ ਸਰਕਾਰ ਇਸ ਸਕੀਮ ਨੂੰ ਚਾਲੂ ਰੱਖਦੀ ਹੈ ਤਾਂ ਸਰਕਾਰ 'ਤੇ ਆਰਥਿਕ ਬੋਝ ਹੋਰ ਵਧੇਗਾ। ਸਰਕਾਰ ਦੇ ਸਾਹਮਣੇ ਸਰਕਾਰੀ ਬੱਸ ਕੰਪਨੀਆਂ ਦੇ ਘਾਟੇ ਨੂੰ ਪੂਰਾ ਕਰਨ ਦੇ ਨਾਲ-ਨਾਲ ਨਿੱਜੀ ਬੱਸ ਆਪਰੇਟਰਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦੀ ਵੀ ਵੱਡੀ ਚੁਣੌਤੀ ਹੈ ।ਹੁਣ ਜਦ ਨਿੱਜੀ ਬੱਸ ਆਪ੍ਰੇਟਰਾਂ ਨੇ ਰਾਜ ਭਰ 'ਚ ਬੱਸਾਂ ਦਾ ਚੱਕਾ ਜਾਮ ਕਰਕੇ ਆਪਣੇ ਇਰਾਦੇ ਸਪਸ਼ਟ ਕਰ ਦਿੱਤੇ ਹਨ ਕਿ ਉਹ ਇਸ ਮਾਮਲੇ 'ਚ ਸਰਕਾਰ ਨਾਲ ਆਰ-ਪਾਰ ਦੀ ਲੜਾਈ ਲੜਨ ਦਾ ਮਨ ਬਣਾਈ ਬੈਠੇ ਹਨ ਤਾਂ ਸਰਕਾਰ ਲਈ ਇਸ ਸਥਿਤੀ ਨਾਲ ਨਜਿੱਠਣਾ ਕਾਫ਼ੀ ਔਖਾ ਹੋ ਸਕਦਾ ਹੈ । ਦੱਸਣਯੋਗ ਹੈ ਕਿ ਸਰਕਾਰ ਦੀ ਮੁਫ਼ਤ ਸਫ਼ਰ ਸਹੂਲਤ ਸਕੀਮ ਨਾਲ ਖ਼ਜ਼ਾਨੇ 'ਤੇ ਹਰ ਸਾਲ 600 ਕਰੋੜ ਰੁਪਏ ਤੋਂ ਵੱਧ ਦਾ ਵਿੱਤੀ ਬੋਝ ਪੈ ਰਿਹਾ ਹੈ ਤੇ ਸਰਕਾਰ ਲਈ ਆਪਣੇ ਬੱਸ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣੀਆਂ ਵੀ ਔਖੀਆਂ ਹੋਈਆਂ ਪਈਆਂ ਹਨ । ਹਾਲ ਹੀ ਵਿਚ ਪੰਜਾਬ ਰੋਡਵੇਜ਼, ਪਨਬੱਸ ਤੇ ਪੈਪਸੂ ਰੋਡਵੇਜ਼ ਦੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਲੈਣ ਲਈ ਸਰਕਾਰ ਦੇ ਖ਼ਿਲਾਫ਼ ਧਰਨੇ ਮੁਜ਼ਾਹਰੇ ਦੇਣ ਲਈ ਮਜਬੂਰ ਹੋਣਾ ਪਿਆ ਸੀ। ਜਦਕਿ ਦੂਸਰੇ ਪਾਸੇ ਇਸ ਸੰਬੰਧੀ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਸੰਪਰਕ ਨਹੀਂ ਹੋ ਸਕਿਆ ।

# ਸ਼੍ਰੋਮਣੀ ਕਮੇਟੀ ਉਰਦੂ ਵਿਚ ਵੀ ਛਾਪੇਗੀ ਸਾਕਾ ਪੰਜਾ ਸਾਹਿਬ ਦਾ ਇਤਿਹਾਸ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਸ਼੍ਰੋਮਣੀ ਕਮੇਟੀ ਵੱਲੋਂ ਸਾਕਾ ਪੰਜਾ ਸਾਹਿਬ ਦਾ ਇਤਿਹਾਸ ਇਸ ਵਾਰ ਉਰਦੂ ਵਿੱਚ ਵੀ ਛਪਵਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਅਜੈਬ ਸਿੰਘ ਅਭਿਆਸੀ ਨੇ ਦੱਸਿਆ ਕਿ ਸਾਕਾ ਪੰਜਾ ਸਾਹਿਬ ਦੀ ਸ਼ਤਾਬਦੀ ਦੇ ਮੁੱਖ ਸਮਾਗਮਾਂ ਨੂੰ ਮਨਾਉਣ ਲਈ ਕਈ ਪ੍ਰੋਗਰਾਮ ਉਲੀਕੇ ਗਏ ਹਨ। ਇਸ ਸਾਕੇ ਦੇ ਇਤਿਹਾਸ ਸਬੰਧੀ ਛੋਟੇ ਕਿਤਾਬਚੇ ਪ੍ਰਕਾਸ਼ਤ ਕੀਤੇ ਜਾਣਗੇ ਜੋ ਪੰਜਾਬੀ, ਹਿੰਦੀ, ਅੰਗਰੇਜ਼ੀ ਤੋਂ ਇਲਾਵਾ ਇਸ ਵਾਰ ਉਰਦੂ ਵਿੱਚ ਵੀ ਛਪਵਾਏ ਜਾਣਗੇ। ਉਨਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਾਕੇ ਸਬੰਧੀ ਮੁੱਖ ਸਮਾਗਮ ਪਾਕਿਸਤਾਨ ਸਥਿਤ ਹਸਨ ਅਬਦਾਲ ਵਿੱਚ ਗੁਰਦੁਆਰਾ ਪੰਜਾ ਸਾਹਿਬ ਵਿੱਚ ਮਨਾਉਣ ਦਾ ਫ਼ੈਸਲਾ ਕੀਤਾ ਗਿਆ ਹੈ ਅਤੇ ਉਸ ਮੌਕੇ ਇਹ ਕਿਤਾਬਚੇ ਵੀ ਵੰਡੇ ਜਾਣਗੇ। ਉਨਾਂ ਦੱਸਿਆ ਕਿ ਸ਼ਤਾਬਦੀ ਸਮਾਗਮਾਂ ਨੂੰ ਪਾਕਿਸਤਾਨ ਵਿਚ ਮਨਾਉਣ



ਲਈ ਇਨਾਂ ਦੀ ਰੂਪ-ਰੇਖਾ ਉਲੀਕਣ ਵਾਸਤੇ ਵਫ਼ਦ ਪਾਕਿਸਤਾਨ ਭੇਜਿਆ ਜਾਣਾ ਹੈ। ਇਸ ਸਬੰਧ ਵਿਚ ਪਾਕਿਸਤਾਨ ਸਰਕਾਰ ਨੂੰ ਪੱਤਰ ਭੇਜ ਕੇ ਪ੍ਰਵਾਨਗੀ ਮੰਗੀ ਗਈ ਹੈ। ਪੀਐਸਜੀਪੀਸੀ ਨੂੰ ਸਿੱਖ ਵਫ਼ਦ ਵਾਸਤੇ ਵੀਜ਼ੇ ਮੁਹੱਈਆ ਕਰਨ ਲਈ ਆਖਿਆ ਗਿਆ ਹੈ। ਇਹ ਸ਼ਤਾਬਦੀ ਸਮਾਗਮ ਅਕਤੂਬਰ ਮਹੀਨੇ ਵਿਚ ਮਨਾਏ ਜਾਣੇ ਹਨ। ਸ਼੍ਰੋਮਣੀ ਕਮੇਟੀ ਇਸ ਮੌਕੇ ਸਿੱਖਾਂ ਦਾ ਜਥਾ ਪਾਕਿਸਤਾਨ ਲਿਜਾਣਾ ਚਾਹੁੰਦੀ ਹੈ। ਉਨਾਂ ਦੱਸਿਆ ਕਿ ਪੀਐੱਸਜੀਪੀਸੀ ਵੱਲੋਂ ਇਹ ਮਾਮਲਾ ਪਾਕਿਸਤਾਨ ਗ੍ਰਹਿ ਮੰਤਰਾਲੇ ਕੋਲ ਰੱਖਿਆ ਗਿਆ ਹੈ।

ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਾਕੇ ਦੇ ਸ਼ਤਾਬਦੀ ਸਮਾਗਮਾਂ ਲਈ ਵਿਸ਼ੇਸ਼ ਲੋਗੋ ਵੀ ਤਿਆਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਤਾਂਬੇ ਦਾ ਯਾਦਗਾਰੀ ਸਿੱਕਾ ਵੀ ਤਿਆਰ ਕੀਤਾ ਜਾ ਰਿਹਾ ਹੈ। ਇਸ ਦੇ ਇੱਕ ਪਾਸੇ ਗੁਰਦੁਆਰਾ ਪੰਜਾ ਸਾਹਿਬ ਦੀ ਤਸਵੀਰ ਅਤੇ ਦੂਜੇ ਪਾਸੇ ਲੋਗੋ ਹੋਵੇਗਾ। ਇਸੇ ਤਰਾਂ ਇੱਕ ਯਾਦਗਾਰੀ ਟਿਕਟ ਤੇ ਡਾਕ ਲਿਫਾਫਾ ਤਿਆਰ ਕਰਨ ਦੀ ਯੋਜਨਾ ਹੈ।

# ਆਰਪੀਐਫ ਰੱਦ ਕਰੇਗੀ ਕਿਸਾਨਾਂ ਖਿਲਾਫ ਕੇਸ

## ਕੇਂਦਰ ਸਰਕਾਰ ਨੇ ਮੰਨੀ ਸੀਐਮ ਮਾਨ ਦੀ ਸਿਫਾਰਸ਼

**ਚੰਡੀਗੜ/ਏ.ਟੀ.ਨਿਊਜ਼** :- ਕੇਂਦਰ ਸਰਕਾਰ ਨੇ ਕਿਸਾਨਾਂ 'ਤੇ ਦਰਜ ਕੇਸ ਵਾਪਸ ਲੈਣ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਿਫਾਰਸ਼ ਮੰਨ ਲਈ ਹੈ। ਰੇਲਵੇ ਪ੍ਰੋਟੈਕਸ਼ਨ ਫੋਰਸ (ਆਰਪੀਐਫ) ਵੱਲੋਂ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ 'ਤੇ ਦਰਜ ਕੇਸ ਵਾਪਸ ਲਏ ਜਾਣਗੇ। ਆਰਪੀਐਫ ਵੱਲੋਂ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ 'ਤੇ ਕਰੀਬ 106 ਪੁਲਿਸ ਕੇਸ ਦਰਜ ਕੀਤੇ ਸਨ। ਦੱਸ ਦਈਏ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਹਾਲ ਹੀ ਵਿੱਚ 3 ਅਗਸਤ ਨੂੰ ਕਿਸਾਨ ਧਿਰਾਂ ਨਾਲ ਮੀਟਿੰਗ ਦੌਰਾਨ ਭਰੋਸਾ ਦਿੱਤਾ ਸੀ ਕਿ ਜੋ ਕਿਸਾਨਾਂ 'ਤੇ ਆਰਪੀਐਫ ਵੱਲੋਂ ਦਰਜ ਪੁਲਿਸ ਕੇਸ ਰੱਦ ਕਰਾਉਣ ਵਾਸਤੇ ਉਹ ਕੇਂਦਰ ਸਰਕਾਰ ਤੱਕ ਪਹੁੰਚ ਕਰਨਗੇ। ਜਦੋਂ ਚਰਨਜੀਤ ਚੰਨੀ ਮੁੱਖ ਮੰਤਰੀ ਸਨ ਤਾਂ ਉਨਾਂ 2 ਅਕਤੂਬਰ 2021 ਨੂੰ ਰੇਲਵੇ ਬੋਰਡ ਦੇ ਚੇਅਰਮੈਨ ਨੂੰ ਪੱਤਰ ਲਿਖ ਕੇ ਕਿਸਾਨਾਂ 'ਤੇ ਦਰਜ ਕੇਸ ਰੱਦ ਕਰਨ ਦੀ ਮੰਗ ਕੀਤੀ ਸੀ, ਪਰ ਕੇਂਦਰ ਨੇ ਇਸ ਪਾਸੇ ਹਾਲੇ ਤੱਕ ਕੋਈ ਧਿਆਨ ਨਹੀਂ ਦਿੱਤਾ ਸੀ। ਇਸ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਦੀ ਮੀਟਿੰਗ ਉਪਰੰਤ ਗੈਰ-ਰਸਮੀ ਤੌਰ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਕੋਲ ਕਿਸਾਨਾਂ 'ਤੇ ਦਰਜ ਕੇਸਾਂ ਦਾ ਮੁੱਦਾ ਚੁੱਕਿਆ ਸੀ, ਜਿਨਾਂ ਫੌਰੀ ਅਧਿਕਾਰੀਆਂ ਨੂੰ ਇਸ ਬਾਰੇ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।

ਦਰਅਸਲ ਖੇਤੀ ਮੰਤਰਾਲੇ ਵੱਲੋਂ 9 ਦਸੰਬਰ, 2021 ਨੂੰ ਕਿਸਾਨ ਧਿਰਾਂ ਨੂੰ ਦਿੱਤੇ ਪੱਤਰ ਵਿੱਚ ਵੀ ਲਿਖਿਆ ਗਿਆ ਸੀ ਕਿ ਕਿਸਾਨਾਂ 'ਤੇ ਦਰਜ ਸਾਰੇ ਕੇਸ ਵਾਪਸ ਲਏ ਜਾਣਗੇ। ਖੇਤੀ ਕਾਨੂੰਨਾਂ ਖਿਲਾਫ਼ ਅੰਦੋਲਨ ਸ਼ੁਰੂ ਹੋਣ ਸਮੇਂ ਪੰਜਾਬ ਵਿੱਚ ਕਿਸਾਨਾਂ ਨੇ 1 ਅਕਤੂਬਰ, 2020 ਤੋਂ 25 ਨਵੰਬਰ, 2020 ਤੱਕ ਰੇਲ ਮਾਰਗਾਂ 'ਤੇ ਮੁਜ਼ਾਹਰੇ ਕੀਤੇ ਸਨ। ਪੰਜਾਬ ਵਿੱਚ ਕਰੀਬ 34-35 ਥਾਵਾਂ 'ਤੇ ਰੇਲ ਮਾਰਗ ਰੋਕੇ ਗਏ ਸਨ ਤੇ ਆਰਪੀਐਫ ਨੇ ਮੁਜ਼ਾਹਰਾਕਾਰੀ ਕਿਸਾਨਾਂ 'ਤੇ ਕੇਸ ਦਰਜ ਕੀਤੇ ਸਨ।

# ਪੰਜਾਬ ਸਰਕਾਰ ਵਲੋਂ ਮੀਡੀਆ ਉਪਰ ਪਾਬੰਦੀ

**ਅਵਤਾਰ ਸਿੰਘ ਯੂ.ਕੇ.**

ਮੀਡੀਆ ਅਤੇ ਖਾਸ ਕਰਕੇ ਸ਼ੋਸ਼ਲ ਮੀਡੀਆ ਦੀ ਘਨੇੜੀ ਚੜਕੇ ਸੱਤਾ ਵਿੱਚ ਆਈ ਪੰਜਾਬ ਸਰਕਾਰ ਹੁਣ ਮੀਡੀਆ ਨੂੰ ਹੀ ਡਰਾਉਣ ਲੱਗ ਪਈ ਹੈ। ਜਿਹੜੇ ਲੋਕ ਇਹ ਦਾਅਵਾ ਕਰਦੇ ਸਨ ਕਿ ਉਨਾਂ ਨੇ ਪੰਜਾਬ ਦੇ ਲੋਕਾਂ ਨੂੰ ਸਿਆਸੀ ਲੀਡਰਾਂ ਸਾਹਮਣੇ ਸੁਆਲ ਕਰਨ ਲਗਾ ਦਿੱਤਾ ਹੈ ਉਹ ਹੁਣ ਆਪ ਨੂੰ ਹੋਣ ਵਾਲੇ ਸਵਾਲਾਂ ਤੋਂ ਡਰਨ ਲੱਗ ਪਏ ਹਨ। ਆਪਣੀ ਹੋਂਦ ਦੇ ਦਿਨਾ ਤੋਂ ਆਮ ਆਦਮੀ ਪਾਰਟੀ ਇਹ ਦਾਅਵਾ ਕਰ ਰਹੀ ਸੀ ਕਿ ਉਸਨੇ ਆਮ ਲੋਕਾਂ ਵਿੱਚ ਜੁਅਰਤ ਭਰੀ ਹੈ ਅਤੇ ਉਹ ਸਿਆਸੀ ਲੋਕਾਂ ਦੇ ਵਾਅਦਿਆਂ ਅਤੇ ਉਨਾਂ ਦੀ ਪੂਰਤੀ ਦਰਮਿਆਨ ਫਰਕ ਦੇਖਣ ਲੱਗ ਪਏ ਹਨ ਅਤੇ ਸਿਆਸੀ ਲੀਡਰਾਂ ਨੂੰ ਸੁਆਲ ਕਰਨ ਦੀ ਜੁਅੱਰਤ ਕਰਨ ਲੱਗ ਪਏ ਹਨ।

ਇਸ ਵਿੱਚ ਵੱਧ ਯੋਗਦਾਨ ਆਮ ਆਦਮੀ ਪਾਰਟੀ ਦਾ ਹੈ ਜਾਂ ਸੋਸ਼ਲ ਮੀਡੀਆ ਰਾਹੀਂ ਆਪਣੇ ਵਿਚਾਰ ਪਰਗਟਾਉਣ ਦੀ ਮਿਲੀ ਅਜ਼ਾਦੀ ਦਾ ਹੈ। ਪਹਿਲਾਂ ਸਿੱਖ ਸਰੋਕਾਰਾਂ ਬਾਰੇ ਰਵਾਇਤੀ ਮੀਡੀਆ ਸਰਕਾਰਾਂ ਦੀ ਬੋਲੀ ਬੋਲ ਜਾਂਦਾ ਸੀ ਜਾਂ ਖਰੀਦਿਆ ਜਾਂਦਾ ਸੀ ਪਰ ਸੋਸ਼ਲ ਮੀਡੀਆ ਦੀ ਆਮਦ ਨੇ ਰਵਾਇਤੀ ਮੀਡੀਆ ਦੀ ਇਜਾਰੇਦਾਰੀ ਖਤਮ ਕਰ ਦਿੱਤੀ ਅਤੇ ਪੰਜਾਬ ਦਾ ਭਲਾ ਚਾਹੁੰਣ ਵਾਲਿਆਂ ਨੂੰ ਅਜਿਹਾ ਮੰਚ ਮੁਹੱਈਆ ਕਰਵਾਇਆ ਕਿ ਉਹ ਆਪਣੇ ਪੰਥਕ ਸਰੋਕਾਰਾਂ ਨੂੰ ਖੁੱਲ ਕੇ ਪਰਗਟਾਉਣ ਲੱਗ ਪਏ। ਇਸਦੇ ਨਾਲ ਹੀ ਅਕਾਲੀ ਦਲ ਅਤੇ ਕਾਂਗਰਸ ਦੀਆਂ ਪੰਜਾਬ ਮਾਰੂ ਨੀਤੀਆਂ ਸਭ ਦੇ ਸਾਹਮਣੇ ਬੇਨਕਾਬ ਕਰਨ ਲੱਗ ਪਏ। ਅਕਾਲੀ ਦਲ ਅਤੇ ਕਾਂਗਰਸ ਨੇ ਬਹੁਤ ਜੋਰ ਲਗਾਇਆ ਕਿ ਸੋਸ਼ਲ ਮੀਡੀਆ ਨੂੰ ਕਿਸੇ ਨਾ ਕਿਸੇ ਤਰਾਂ ਕਾਬੂ ਕੀਤਾ ਜਾਵੇ ਅਤੇ ਲੋਕਾਂ ਦੀ ਜਾਗਰਤੀ ਦੀ ਮੁਹਿੰਮ ਨੂੰ ਠੱਲਿਆ ਜਾਵੇ। ਪਰ ਉਹ ਕਾਮਯਾਬ ਨਹੀ ਹੋਏ। ਅਕਾਲੀ ਦਲ ਅਤੇ ਕਾਂਗਰਸ ਦੀ ਪੰਜਾਬ ਅਤੇ ਸਿੱਖ ਵਿਰੋਧੀ ਨੀਤੀ ਕਾਰਨ ਹੀ ਲੋਕ ਆਮ ਆਦਮੀ ਪਾਰਟੀ ਵੱਲ ਨੂੰ ਉਲਰ ਪਏ ਅਤੇ ਉਨਾਂ ਦੀ ਸਰਕਾਰ ਬਣਾ ਦਿੱਤੀ।

ਪਰ ਹੁਣ ਸਰਕਾਰ ਬਣਾਕੇ ਆਮ ਆਦਮੀ ਪਾਰਟੀ ਵੀ ਉਸੇ ਰਾਹ ਚੱਲਣ ਲੱਗ ਪਈ ਹੈ ਜਿਸ ਰਾਹ ਤੇ ਅਕਾਲੀ ਦਲ ਅਤੇ ਕਾਂਗਰਸ ਚੱਲਦੇ ਸਨ। ਜਿਹੜੀ ਪਾਰਟੀ ਇਹ ਦਾਅਵੇ ਕਰਦੀ ਸੀ ਕਿ ਉਸਨੇ ਲੋਕਾਂ ਵਿੱਚ ਅਕਾਲੀਆਂ ਅਤੇ ਕਾਂਗਰਸੀਆਂ ਬਾਰੇ ਜਾਗਰਤੀ ਲਿਆਂਦੀ ਹੁਣ ਉਹ ਹੀ ਪਾਰਟੀ ਪੰਜਾਬ ਦੇ ਲੋਕਾਂ ਨੂੰ ਆਪਣੇ ਵਿਰੁੱਧ ਲਾਮਬੰਦ ਅਤੇ ਜਾਗਰਤ ਹੋਣ ਤੋਂ ਰੋਕਣ ਦੇ ਯਤਨ ਕਰਨ ਲੱਗ ਪਈ ਹੈ।

ਪੰਜਾਬ ਦੇ ਬਹੁਤ ਸਾਰੇ ਅਖਬਾਰਾਂ ਅਤੇ ਚੈਨਲਾਂ ਨਾਲ ਸਰਕਾਰ ਨੇ ਸੌਦਾ ਕਰ ਲਿਆ ਹੈ। ਖ਼ਬਰਾਂ ਮੁਤਾਬਕ ਇੱਕ ਚੈਨਲ ਨੂੰ 18 ਕਰੋੜ ਰੁਪਏ ਸਾਲਾਨਾ ਦੇਣ ਦਾ ਸੌਦਾ ਹੋ ਗਿਆ ਹੈ। ਉਹ ਆਮ ਆਦਮੀ ਪਾਰਟੀ ਦੇ ਵਿਰੁੱਧ ਕੋਈ ਖਬਰ ਨਸ਼ਰ ਨਹੀ ਕਰੇਗਾ। ਮੁਹਾਲੀ ਤੋਂ ਛਪਦੇ ਇੱਕ ਅਖਬਾਰ ਨਾਲ ਸਬੰਧਤ ਇੱਕ ਬੀਬੀ ਨਾਲ ਵੀ ਇਸੇ ਤਰਜ਼ 'ਤੇ ਸੌਦਾ ਹੋ ਗਿਆ ਹੈ। ਬੜੇ ਦੁਖ ਨਾਲ ਕਹਿਣਾ ਪੈ ਰਿਹਾ ਹੈ ਕਿ ਪੰਜਾਬੀ ਵੈਬ ਚੈਨਲਾਂ ਵਿੱਚ ਸਭ ਤੋਂ ਵਧੀਆ ਪੱਤਰਕਾਰੀ ਕਰਨ ਵਾਲੇ ਪੱਤਰਕਾਰ ਜਿਸਨੇ ਆਪਣੇ ਚੈਨਲ ਦਾ ਨਾਂ ਵੀ ਪੰਜਾਬ ਹਿਤੈਸ਼ੀ ਰੱਖਿਆ ਹੋਇਆ ਹੈ ਉਹ ਵੀ ਪੰਜਾਬ ਸਰਕਾਰ ਦੀ ਸੌਦੇਬਾਜ਼ੀ ਦਾ ਸ਼ਿਕਾਰ ਹੋ ਗਿਆ ਹੈ। ਸਾਡੇ ਲਈ ਇਹ ਸਭ ਤੋਂ ਵੱਧ ਦੁਖਦਾਈ ਖਬਰ ਹੈ। ਸਾਨੂੰ ਨਿੱਜੀ ਤੌਰ 'ਤੇ ਉਸ ਪੱਤਰਕਾਰ ਤੇ ਬੜਾ ਮਾਣ ਸੀ ਕਿ ਉਹ ਆਪਣੇ ਚੈਨਲ ਦੇ ਨਾਅ ਦੀ ਲਾਜ ਰੱਖੇਗਾ ਪਰ ਉਹ ਸ਼ਖਸ ਵੀ ਹੁਣ ਪੰਜਾਬ ਸਰਕਾਰ ਦੇ ਸੋਹਲੇ ਗਾਉਣ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਉਸ ਪੱਤਰਕਾਰ ਵਿੱਚ ਬਹੁਤ ਅੱਗੇ ਵਧਣ ਦੀਆਂ ਸੰਭਾਵਨਾਵਾਂ ਹਨ।

ਜਿੱਥੇ ਪੰਜਾਬ ਸਰਕਾਰ ਮੀਡੀਆ ਅਦਾਰਿਆਂ ਨੂੰ ਖਰੀਦਣ ਤੇ ਲੱਕ ਬੰਨਕੇ ਤੁਰ ਪਈ ਹੈ ਉੱਥੇ ਹੀ ਸਰਕਾਰੀ ਬੋਲੀ ਬੋਲਣ ਤੋਂ ਆਕੀ ਪੱਤਰਕਾਰਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਕਿ ਜੇ ਸਰਕਾਰ ਦੇ ਹੱਕ ਵਿੱਚ ਬੋਲਣ ਦੀ ਆਦਤ ਨਾ ਪਾਈ ਤਾਂ ਜਾਨੀ ਮਾਲੀ ਨੁਕਸਾਨ ਹੋ ਸਕਦਾ ਹੈ। ਰੋਪੜ ਜਿਲੇ ਦੇ ਇੱਕ ਸੀਨੀਅਰ ਪੱਤਰਕਾਰ ਨੂੰ ਅਜਿਹੀ ਧਮਕੀ ਮਿਲ ਚੁੱਕੀ ਹੈ। ਇੰਗਲੈਂਡ ਤੋਂ ਚੱਲਦੇ ਇੱਕ ਪਰਮੁੱਖ ਪੰਜਾਬੀ ਚੈਨਲ ਦੇ ਪੰਜਾਬ ਸਥਿਤ ਨੁਮਾਇੰਦੇ ਨੂੰ ਸਰਕਾਰੀ ਧਿਰ ਵੱਲੋਂ ਸੁਨੇਹਾ ਮਿਲਿਆ ਕਿ ਸਾਨੂੰ ਚੰਡੀਗੜ ਆਕੇ ਮਿਲੋ। ਆਪਣੇ ਬਾਗੀਆਨਾ ਸੁਭਾਅ ਮੁਤਾਬਕ ਉਸ ਪੱਤਰਕਾਰ ਨੇ ਮਿਲਣਾਂ ਜ਼ਰੂਰੀ ਨਾ ਸਮਝਿਆ ਤਾਂ ਅਗਲੇ ਦਿਨ ਹੀ ਉਸ ਚੈਨਲ ਦਾ ਫੇਸਬੁੱਕ ਤੇ ਫੈਲਾਅ ਰੋਕ ਦਿੱਤਾ ਗਿਆ ਅਤੇ ਮਿਲ ਮਿਲਾ ਕੇ ਪਾਬੰਦੀ ਲਗਵਾ ਦਿੱਤੀ ਗਈ।

ਇਸ ਤਰਾਂ ਅਸੀਂ ਦੇਖ ਸਕਦੇ ਹਾਂ ਕਿ ਪੰਜਾਬ ਸਰਕਾਰ ਵਿੱਚ ਨਵਾਂ ਅਤੇ ਨਰੋਆ ਕੁਝ ਨਹੀ ਹੈ ਇਹ ਵੀ ਸੁਖਬੀਰ ਬਾਦਲ ਅਤੇ ਮਜੀਠੀਆ, ਕੈਪਟਨ ਦੇ ਹੀ ਭਰਾ ਹਨ। ਇਹ ਹਰ ਹੀਲੇ ਪੰਜਾਬ ਦੀ ਸੱਤਾ ਦੇ ਪਾਵੇ ਨੂੰ ਘੁੱਟਕੇ ਹੱਥ ਪਾਈ ਰੱਖਣ ਤੱਕ ਹੀ ਸੀਮਤ ਹਨ। ਮੀਡੀਆ ਨੂੰ ਖਰੀਦਣਾ, ਧਮਕੀਆਂ ਦੇਣੀਆਂ ਅਤੇ ਹਰ ਰੋਜ਼ ਸਰਕਾਰੀ ਖਜਾਨਾ ਲੁਟਾ ਕੇ ਇਸ਼ਤਿਹਾਰ ਦੇਣੇ ਇਹ ਸਾਰੇ ਸੁਖਬੀਰ ਮਾਰਕਾ ਰਾਜਨੀਤੀ ਦੇ ਪਹਿਲੂ ਹਨ। ਕੋਈ ਨਵੀਂ ਅਤੇ ਨਰੋਈ ਰਾਜਨੀਤੀ ਦੇ ਨਹੀਂ। ਪੰਜਾਬ ਦੇ ਲੋਕ ਖਾਸ ਕਰ ਸਿੱਖ ਸੁਚੇਤ ਰਹਿਣ।

# ਹਿੰਦੂ ਰਾਸ਼ਟਰ' ਵਾਲੀ ਬੁਲਡੋਜ਼ਰ ਸੋਚ ਘੱਟਗਿਣਤੀਆਂ ਲਈ ਖ਼ਤਰਨਾਕ

## ✪ ਹਿੰਦੂ ਫਿਰਕੂਵਾਦ ਦਾ ਮੁੱਖ ਨਿਸ਼ਾਨਾ ਬਣੇ ਮੁਸਲਮਾਨ, ਕੋਰਟਾਂ ਦੇ ਫੈਸਲੇ ਮੁਸਲਮਾਨਾਂ ਦੇ ਵਿਰੋਧ ਵਿਚ

## ✪ ਯੂ.ਪੀ. ਵਿਚ ਯੋਗੀ ਦੀ ਬੁਲਡੋਜ਼ਰ ਨੀਤੀ ਹਿੰਦੂਤਵ ਦੀ ਪ੍ਰਯੋਗੀ ਰਾਜਨੀਤੀ ਦਾ ਕੇਂਦਰ ਬਣੀ

ਪਿਛਲੇ ਕੁਝ ਸਮੇਂ ਦੌਰਾਨ ਭਾਜਪਾ ਅਤੇ ਸਤਾਧਾਰੀ ਨੁਮਾਇੰਦਿਆਂ ਦੇ ਅਜਿਹੇ ਅਨੇਕ ਫਿਰਕੂ ਬਿਆਨ ਟੀਵੀ ਚੈਨਲਾਂ 'ਤੇ ਦੇਖਣ ਨੂੰ ਮਿਲੇ, ਜੋ ਘੱਟ ਗਿਣਤੀਆਂ ਵਲੋਂ ਨਫਰਤ ਫੈਲਾਉਂਦੇ ਹਨ।ਇਹ ਲੋਕ ਮੁਸਲਮਾਨਾਂ ਨੂੰ ਉਨਾਂ ਦੇ ਖਾਣ-ਪੀਣ, ਰਹਿਣ-ਸਹਿਣ ਅਤੇ ਧਾਰਮਿਕ ਆਯੋਜਨਾਂ ਲਈ ਨਿਸ਼ਾਨਾ ਬਣਾਉਂਦੇ ਹਨ। ਇਸ ਵਿੱਚ ਦੰਗਾਕਾਰੀਆਂ ਨੂੰ ਕੱਪੜਿਆਂ ਤੋਂ ਪਛਾਣਨ ਵਾਲਾ ਬਿਆਨ ਹੋਵੇ, ਗੋਲੀ ਮਾਰੋ, ਹਾਈਵੇਅ 'ਤੇ ਨਮਾਜ਼ ਪੜਨ ਵਾਲਿਆਂ ਦਾ ਜ਼ਿਕਰ ਹੋਵੇ ਜਾਂ ਰਾਸ਼ਨ ਪਹਿਲਾਂ ਅੱਬਾ-ਜਾਨ ਵਾਲੇ ਲੈ ਜਾਂਦੇ ਸਨ... ਅਜਿਹੇ ਬਿਆਨਾਂ ਦੀ ਲੰਬੀ ਸੂਚੀ ਹੈ। ਇਸ ਤਰਾਂ ਦੇ ਬਿਆਨਾਂ ਦੀ ਭਰਮਾਰ ਚੋਣਾਂ ਦੇ ਆਸ-ਪਾਸ ਜ਼ਿਆਦਾ ਹੁੰਦੀ ਹੈ, ਪਰ ਇਨਾਂ ਦੀ ਝੜੀ ਕਦੇ ਬੰਦ ਨਹੀਂ ਹੁੰਦੀ।

ਹਿੰਦੂ ਮੁਸਲਮਾਨਾਂ ਵਿਚਾਲੇ ਵਧਦੀਆਂ ਤਰੇੜਾਂ

ਭਾਰਤ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਇੱਕ ਤਰੇੜ ਆਜ਼ਾਦੀ ਦੇ ਪਹਿਲਾਂ ਤੋਂ ਰਹੀ ਹੈ ਅਤੇ ਸਮੇਂ-ਸਮੇਂ 'ਤੇ ਦੰਗਿਆਂ ਦੀ ਸ਼ਕਲ ਵਿੱਚ ਦੋਵੇਂ ਭਾਈਚਾਰਿਆਂ ਵਿਚਕਾਰ ਟਕਰਾਅ ਵੀ ਹੁੰਦੇ ਰਹੇ ਹਨ।ਇਹ ਵੀ ਸੱਚ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਕਾਨਪੁਰ-ਮੁੰਬਈ (1992), ਮੇਰਠ (1987), ਰਾਂਚੀ (1967), ਭਾਗਲਪੁਰ (1989) ਅਤੇ ਅਹਿਮਦਾਬਾਦ (2002) ਵਰਗੇ ਭਿਆਨਕ ਦੰਗੇ ਨਹੀਂ ਹੋਏ ਹਨ, 2020 ਦੇ ਦਿੱਲੀ ਦੰਗਿਆਂ ਨੂੰ ਛੱਡ ਕੇ। ਪਰ ਦੋਵੇਂ ਭਾਈਚਾਰਿਆਂ ਵਿਚਕਾਰ ਤਰੇੜ ਪਹਿਲਾਂ ਤੋਂ ਜ਼ਿਆਦਾ ਗਹਿਰੀ ਹੁੰਦੀ ਦਿਖ ਰਹੀ ਹੈ, ਜਿਸ ਦੇ ਪਿੱਛੇ ਰੋਜ਼-ਰੋਜ਼ ਉਛਾਲੇ ਜਾਣ ਵਾਲੇ ਅਜਿਹੇ ਮੁੱਦੇ ਹਨ ਜਿਨਾਂ ਦਾ ਸਿੱਧਾ ਸਬੰਧ ਭਾਰਤ ਦੇ ਮੁਸਲਮਾਨਾਂ ਨਾਲ ਹੈ।ਇਹ ਸਾਰੇ ਫਿਰਕੂ ਬਿਆਨ ਕੇਵਲ ਸਿਆਸੀ ਤਬਕੇ ਤੋਂ ਆ ਰਹੇ ਹਨ, ਬਲਕਿ ਸਮਾਜ ਦੇ ਹਰ ਹਿੱਸੇ ਵਿੱਚੋਂ ਆ ਰਹੇ ਹਨ। ਸੋਸ਼ਲ ਮੀਡੀਆ 'ਤੇ, ਪਾਰਟੀਆਂ ਦੇ ਬੁਲਾਰਿਆਂ ਤੋਂ ਲੈ ਕੇ ਵੱਟਸਐਪ ਗਰੁੱਪ ਵਿਚ ਹਿੰਦੂ-ਮੁਸਲਮਾਨ ਤਕਰਾਰ ਨਾਲ ਜੁੜੇ ਮੁੱਦਿਆਂ 'ਤੇ ਬਹਿਸ ਅਤੇ ਵਿਵਾਦ ਲਗਾਤਾਰ ਜਾਰੀ ਹੈ।ਕਦੇ ਧਰਮ-ਸੰਸਦ ਦੇ ਨਾਮ 'ਤੇ, ਤਾਂ ਕਦੇ ਭੜਕਾਊ ਭਾਸ਼ਣ ਦੇ ਕੇ, ਕਦੇ ਮਾਸ ਦੀਆਂ ਦੁਕਾਨਾਂ ਨੂੰ ਲੈ ਕੇ, ਕਦੇ ਪਾਰਕ-ਮਾਲ ਵਿੱਚ ਨਮਾਜ਼ ਪੜਨ ਨੂੰ ਲੈ ਕੇ ਅਤੇ ਕਦੇ ਹਿਜਾਬ ਪਹਿਨਣ 'ਤੇ ਹੰਗਾਮਾ ਖੜਾ ਕਰਕੇ, ਤਾਂ ਕਦੇ ਲਾਊਡ ਸਪੀਕਰ ਤੋਂ ਨਿਕਲੀ ਅਜ਼ਾਨ ਦੀ ਆਵਾਜ਼ ਨੂੰ ਮੁੱਦਾ ਬਣਾ ਕੇ ਇਹ ਸਿਲਸਿਲਾ ਕਿਸੇ-ਨਾ-ਕਿਸੇ ਰੂਪ ਵਿੱਚ ਚੱਲਦਾ ਰਿਹਾ ਹੈ। ਜੇਕਰ ਤੁਸੀਂ ਗੌਰ ਕਰੋਗੇ ਤਾਂ ਦੇਖੋਗੇ ਕਿ ਇਨਾਂ ਸਾਰੇ ਹੰਗਾਮਿਆਂ ਦੇ ਪਿੱਛੇ ਜ਼ਿਆਦਾਤਰ ਉਹ ਲੋਕ ਹਨ ਜੋ ਮੰਨਦੇ ਹਨ ਕਿ ਭਾਰਤ ਹਿੰਦੂਆਂ ਦਾ ਦੇਸ਼ ਹੈ। ਇੱਥੇ ਸਭ ਕੁਝ ਉਨਾਂ ਦੀ ਪਸੰਦ-ਨਾਪਸੰਦ ਦੇ ਹਿਸਾਬ ਨਾਲ ਤੈਅ ਹੋਵੇਗਾ, ਇਹੀ ਉਹ ਲੋਕ ਹਨ, ਜਿਨਾਂ ਨੇ ਕੁਝ ਸਾਲ ਪਹਿਲਾਂ ਨਾਅਰੇ ਦਿੱਤੇ ਸਨ :-

'ਭਾਰਤ ਮੇਂ ਰਹਿਨਾ ਹੋਗਾ ਤੋਂ ਵੰਦੇ ਮਾਤਰਮ ਕਹਿਨਾ ਹੋਗਾ', ਜਾਂ 'ਜੈ ਸ਼੍ਰੀਰਾਮ ਕਹਿਨਾ ਹੋਗਾ', ਅਜਿਹੇ ਨਾਅਰੇ ਰਾਜਸਥਾਨ ਦੇ ਉਦੇਪੁਰ, ਕਰੌਲੀ ਤੋਂ ਲੈ ਕੇ ਕਰਨਾਟਕ ਦੇ ਹੁਬਲੀ ਤੱਕ ਸੁਣਾਈ ਦਿੰਦੇ ਰਹੇ।

ਇਸ ਦਾ ਮਕਸਦ 80 ਫੀਸਦ ਹਿੰਦੂਆਂ ਨੂੰ ਤਾਕਤਵਰ ਹੋਣ ਦਾ ਅਹਿਸਾਸ ਦਿਵਾਉਣਾ ਅਤੇ 20 ਫੀਸਦ ਮੁਸਲਮਾਨਾਂ ਵਿੱਚ ਵੱਖਰੇਪਣ ਜਾਂ ਪਰਾਏਪਣ ਦੀ ਭਾਵਨਾ ਭਰਨਾ ਦਿਖਦਾ ਹੈ।

ਹਿੰਦੂ ਧਰਮ ਨੂੰ ਰਾਜਨੀਤੀ ਦੇ ਕੇਂਦਰ ਵਿੱਚ ਲਿਆਉਣ ਦੀ ਕੋਸ਼ਿਸ਼ ਤਹਿਤ ਵਿਨਾਇਕ ਦਾਮੋਦਰ ਸਾਵਰਕਰ ਨੇ ਹਿੰਦੂਤਵ ਸ਼ਬਦ ਦਾ ਪ੍ਰਯੋਗ ਕੀਤਾ ਸੀ।ਪਹਿਲੀ ਵਾਰ 1923 ਵਿੱਚ ਛਪੀ ਉਨਾਂ ਦੀ ਕਿਤਾਬ 'ਅਸੈਂਸ਼ੀਅਲਜ਼ ਆਫ ਹਿੰਦੂਤਵਾ' ਵਿੱਚ ਦੋ ਰਾਸ਼ਟਰਵਾਦ ਦੀ ਦਲੀਲ ਸਾਹਮਣੇ ਰੱਖ ਗਈ।

ਉਨਾਂ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਹਿੰਦੂ ਅਤੇ ਮੁਸਲਮਾਨ ਬੁਨਿਆਦੀ ਤੌਰ 'ਤੇ ਇੱਕ ਦੂਜੇ ਤੋਂ ਅਲੱਗ ਹਨ।ਸਾਵਰਕਰ ਦਾ ਕਹਿਣਾ ਸੀ ਕਿ ਭਾਰਤ ਹਿੰਦੂਆਂ ਦੀ ਜਨਮ ਭੂਮੀ ਅਤੇ ਪਵਿੱਤਰ ਭੂਮੀ ਹੈ।ਜਦੋਂਕਿ ਮੁਸਲਮਾਨਾਂ ਅਤੇ ਈਸਾਈਆਂ ਦੀ ਪਵਿੱਤਰ ਭੂਮੀ ਭਾਰਤ ਨਹੀਂ ਹੈ ਕਿਉਂਕਿ ਉਨਾਂ ਦੇ ਤੀਰਥ ਭਾਰਤ ਤੋਂ ਬਾਹਰ ਹਨ।

ਸੰਘ ਪਰਿਵਾਰ ਅਨੁਸਾਰ ਹਿੰਦੂਆਂ ਦੇ ਅੰਦਰ ਦੀ ਇਸ ਕਥਿਤ ਹੀਣ ਭਾਵਨਾ ਨੂੰ ਖਤਮ ਕਰਕੇ 'ਮਾਣ' ਦੇ ਭਾਵ ਨੂੰ ਭਰਨ ਦੀ ਪੂਰੀ ਕਹਾਣੀ ਦਾ ਨਾਮ ਹੀ ਮਿਸ਼ਨ 'ਹਿੰਦੂ ਰਾਸ਼ਟਰ' ਹੈ।



ਅਸਲ ਵਿਚ ਇਸ ਦਾ ਉਦੇਸ਼ ਹਿੰਦੂਆਂ ਨੂੰ ਮੁਸਲਮਾਨਾਂ ਦੇ ਉਲਟ ਤਾਕਤਵਰ ਮਹਿਸੂਸ ਕਰਾਉਣਾ ਹੈ। ਆਰਐੱਸਐੱਸ ਦੇ 'ਹਿੰਦੂ ਰਾਸ਼ਟਰ' ਦਾ ਸਿਧਾਂਤ ਵੀ ਇਹੀ ਹੈ।ਪਿਛਲੇ ਕੁਝ ਸਾਲਾਂ ਵਿੱਚ ਇਹ 'ਡਰ' ਭਾਰਤ ਦੇ ਮੁਸਲਮਾਨਾਂ ਵਿੱਚ ਪੈਦਾ ਹੋਇਆ ਹੈ। ਇਸ ਦੇ ਤਰੀਕੇ ਅਲੱਗ ਅਲੱਗ ਰਹੇ ਹਨ।ਮੱਧ ਪ੍ਰਦੇਸ਼ ਦੇ ਖਰਗੋਨ ਵਿੱਚ ਰਾਮਨੌਮੀ ਦੇ ਜਲੂਸ ਦੌਰਾਨ ਜੋ ਹਿੰਸਾ ਹੋਈ, ਉਸ ਦੇ ਬਾਅਦ ਕਈ ਦੰਗਾਕਾਰੀ ਭਗਵਿਆਂ ਦੇ ਘਰਾਂ ਅਤੇ ਦੁਕਾਨਾਂ ਨੂੰ ਬੁਲਡੋਜ਼ਰ ਨਾਲ ਢਾਹ ਦਿੱਤਾ ਗਿਆ।ਆਊਟਲੁਕ ਰਸਾਲੇ ਵਿੱਚ ਸੀਨੀਅਰ ਪੱਤਰਕਾਰ ਆਸ਼ੂਤੋਸ਼ ਭ ਨੇ ਹਾਲ ਵਿੱਚ ਭਾਰਤ ਵਿੱਚ ਬੁਲਡੋਜ਼ਰ ਦੀ ਵਰਤੋਂ 'ਤੇ ਇੱਕ ਲੇਖ ਲਿਖਿਆ ਹੈ।ਲੇਖ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਜਿਨਾਂ 58 ਰੈਲੀਆਂ ਵਿੱਚ ਬੁਲਡੋਜ਼ਰ ਸ਼ਬਦ ਦੀ ਵਰਤੋਂ ਕੀਤੀ, ਪਾਰਟੀ ਨੇ ਇਨਾਂ ਸਾਰੀਆਂ ਸੀਟਾਂ 'ਤੇ ਜਿੱਤ ਦਰਜ ਕੀਤੀ। ਚੋਣਵੇਂ ਮੁਸਲਮਾਨਾਂ ਦੇ ਘਰਾਂ ਅਤੇ ਦੁਕਾਨਾਂ ਨੂੰ ਬੁਲਡੋਜ਼ਰ ਨਾਲ ਢਹਾਉਣ ਦੇ ਸਰਕਾਰੀ ਆਦੇਸ਼ ਨੂੰ ਲੈ ਕੇ ਹਿੰਦਆਂ ਦੇ ਇੱਕ ਤਬਕੇ ਵਿੱਚ ਉਤਸ਼ਾਹ ਸਾਫ਼ ਦੇਖਿਆ ਜਾ ਸਕਦਾ ਹੈ।ਚੋਣ ਵਿੱਚ ਜਿੱਤ ਤੋਂ ਬਾਅਦ ਕਈ ਲੋਕ ਵਿਜੇ ਜਲੂਸ ਵਿੱਚ ਖਿਡੌਣਾ ਬੁਲਡੋਜ਼ਰ ਲੈ ਕੇ ਨੱਚਦੇ ਦਿਖੇ ਅਤੇ ਯੋਗੀ ਆਦਿਤਿਆਨਾਥ ਨੂੰ 'ਬੁਲਡੋਜ਼ਰ ਬਾਬਾ' ਕਹਿ ਕੇ ਪੁਕਾਰਿਆ ਗਿਆ।

ਨੂਪੁਰ ਸ਼ਰਮਾ ਦੇ ਪੈਗੰਬਰ ਮੁਹੰਮਦ 'ਤੇ ਦਿੱਤੇ ਬਿਆਨ ਦੇ ਬਾਅਦ ਜਦੋਂ ਭਾਰਤ ਦੇ ਅਲੱਗ ਅਲੱਗ ਸ਼ਹਿਰਾਂ ਵਿੱਚ ਵਿਵਾਦ ਵਧਿਆ ਅਤੇ ਕਈ ਸ਼ਹਿਰਾਂ ਵਿੱਚ ਜੁੰਮੇ ਦੀ ਨਮਾਜ਼ ਦੇ ਬਾਅਦ 11 ਜੂਨ ਨੂੰ ਹਿੰਸਾ ਹੋਈ।ਉਸ ਦੇ ਬਾਅਦ ਉੱਤਰ ਪ੍ਰਦੇਸ਼ ਦੇ ਕਈ ਸ਼ਹਿਰਾਂ ਵਿੱਚ ਵੀ ਲੋਕਾਂ ਦੇ ਘਰ ਅਗਲੇ ਦਿਨ ਬੁਲਡੋਜ਼ਰ ਨਾਲ ਤੋੜੇ ਗਏ।

ਪ੍ਰਯਾਗਰਾਜ ਦੀ ਹਿੰਸਾ ਵਿੱਚ ਜਿਸ ਜਾਵੇਦ ਨੂੰ ਮਾਸਟਰਮਾਈਂਡ ਦੱਸਿਆ ਗਿਆ, ਉਸ ਦਾ ਘਰ ਵੀ ਬੁਲਡੋਜ਼ਰ ਨਾਲ ਤਬਾਹ ਕਰ ਦਿੱਤਾ ਗਿਆ। ਜਾਵੇਦ ਨਾਮ ਦੇ ਉਸ ਸ਼ਖ਼ਸ ਦੀ ਬੇਟੀ ਅਤੇ ਪਤਨੀ ਨੇ ਵੀ ਇਸੇ 'ਡਰ' ਦਾ ਜ਼ਿਕਰ ਕੀਤਾ ਸੀ। ਇਨਾਂ ਤਮਾਮ ਨਾਮਾਂ 'ਤੇ ਗੌਰ ਕਰੀਏ ਤਾਂ ਕੁਝ ਗੱਲਾਂ ਸਾਂਝੀਆਂ ਹਨ- ਇਹ ਸਭ 'ਡਰੇ' ਹੋਏ ਮੁਸਲਮਾਨ ਲੋਕ ਹਨ। ਡਰ ਦਾ ਇਹ ਮਾਹੌਲ ਜ਼ਿਆਦਾਤਰ ਮਾਮਲਿਆਂ ਵਿੱਚ ਭਾਜਪਾ ਸ਼ਾਸਿਤ ਸੂਬਿਆਂ ਵਿੱਚ ਹੈ।ਉਂਝ ਇੱਕ ਸੱਚਾਈ ਇਹ ਵੀ ਹੈ ਕਿ ਰਾਜਸਥਾਨ, ਪੱਛਮੀ ਬੰਗਾਲ, ਝਾਰਖੰਡ, ਵਰਗੇ ਗੈਰ-ਭਾਜਪਾ ਸ਼ਾਸਿਤ ਸੂਬਿਆਂ ਵਿੱਚ ਵੀ ਡਰ ਦਾ ਮਾਹੌਲ ਹੈ।

ਇਨਾਂ ਮਾਮਲਿਆਂ ਵਿੱਚ ਇੱਕ ਪੈਟਰਨ ਇਹ ਵੀ ਹੈ ਕਿ ਸਾਰੇ ਮਾਮਲਿਆਂ ਨੂੰ ਧਰਮ ਨਾਲ ਜੋੜਿਆ ਗਿਆ ਅਤੇ ਪੂਰਾ ਮਾਮਲਾ ਫਿਰਕੂ ਬਣ ਗਿਆ। ਮਾਮਲਾ ਵੱਖ ਵੱਖ ਸੂਬਿਆਂ ਦੀਆਂ ਸਥਾਨਕ ਅਦਾਲਤਾਂ ਤੋਂ ਸਰਵਉੱਚ ਅਦਾਲਤ ਤੱਕ ਪਹੁੰਚਿਆ।ਕੋਰਟ ਦਾ ਫੈਸਲਾ ਪਟੀਸ਼ਨਕਰਤਾਵਾਂ (ਜੋ ਜ਼ਿਆਦਾਤਰ ਮਾਮਲਿਆਂ ਵਿੱਚ ਮੁਸਲਮਾਨ ਸਨ) ਦੇ ਪੱਖ ਵਿੱਚ ਨਹੀਂ ਆਇਆ।

ਚਾਹੇ ਧਰਮ-ਸੰਸਦ ਹੋਵੇ ਜਾਂ ਫਿਰ ਤਮਾਮ ਤਿਓਹਾਰਾਂ 'ਤੇ ਸ਼ੋਭਾ ਯਾਤਰਾਵਾਂ ਕੱਢਣਾ ਜਾਂ ਫਿਰ ਖਾਣ-ਪੀਣ 'ਤੇ ਹੰਗਾਮਾ ਜਾਂ ਹਿਜਾਬ 'ਤੇ ਸਵਾਲ, ਇਤਿਹਾਸ ਨੂੰ ਬਦਲਣਾ ਜਾਂ ਫਿਰ ਮੰਦਿਰ-ਮਸਜਿਦ ਵਿਵਾਦ- ਇਹ ਲਿਸਟ ਲੰਬੀ ਹੈ।ਇਹ ਸਭ 'ਹਿੰਦੂ ਰਾਸ਼ਟਰ' ਦੀ ਪਰਿਕਲਪਨਾ ਦੀ ਵਜਾ ਨਾਲ ਹੋ ਰਿਹਾ ਹੈ ?

ਭਾਰਤ ਦੀ ਮੌਜੂਦਾ ਕੇਂਦਰ ਸਰਕਾਰ ਦੇ ਮੁਖੀ ਨਰਿੰਦਰ ਮੋਦੀ ਸਮੇਤ ਕਈ ਮੰਤਰੀ ਆਰਐੱਸਐੱਸ ਨਾਲ ਜੁੜੇ ਰਹੇ ਹਨ।ਇਸ ਵਜਾ ਨਾਲ ਇਨਾਂ ਦੋਵਾਂ ਸੰਗਠਨਾਂ ਦੀਆਂ ਸੱਭਿਆਚਾਰਕ ਇੱਛਾਵਾਂ ਨੂੰ ਸਿਆਸੀ ਰੂਪ ਵਿੱਚ ਅੱਗੇ ਵਧਾਉਣ ਦਾ ਇਲਜ਼ਾਮ ਮੌਜੂਦਾ ਭਾਜਪਾ ਸਰਕਾਰ 'ਤੇ ਲੱਗਦਾ ਰਿਹਾ ਹੈ।ਇਸ ਗੱਲ ਨੂੰ ਵੀਐੱਚਪੀ ਅਤੇ ਆਰਐੱਸਐੱਸ ਦੋਵੇਂ ਸਵੀਕਾਰ ਵੀ ਕਰਦੇ ਹਨ।ਮੰਨਿਆ ਜਾਂਦਾ ਹੈ ਕਿ 'ਹਿੰਦੂ ਰਾਸ਼ਟਰ' ਅਤੇ 'ਹਿੰਦੂ ਮਾਣ' ਨਾਲ ਜੋੜ ਕੇ ਦੇਸ਼ ਵਿੱਚ ਜੋ ਕੁਝ ਹੋ ਰਿਹਾ ਹੈ, ਉਸ ਨੂੰ ਸਰਕਾਰ ਅਤੇ ਸੰਘ ਦੋਵਾਂ ਦੀ ਸ਼ਹਿ ਹਾਸਲ ਹੈ।

ਇੱਕ-ਇੱਕ ਕਰਕੇ ਬੀਤੇ ਇੱਕ ਸਾਲ ਦੀਆਂ ਕੁਝ ਘਟਨਾਵਾਂ 'ਤੇ ਨਜ਼ਰ ਪਾਉਂਦੇ ਹਾਂ :-

### ਧਰਮ-ਸੰਸਦ

ਪਿਛਲੇ ਸਾਲ ਦਸੰਬਰ ਵਿੱਚ ਹਰਿਦੁਆਰ ਵਿੱਚ ਇੱਕ ਧਰਮ ਸੰਸਦ ਕੀਤੀ ਗਈ ਜਿਸ ਵਿੱਚ ਮੁਸਲਮਾਨਾਂ ਬਾਰੇ ਕਾਫ਼ੀ ਭੜਕਾਊ ਭਾਸ਼ਣ ਦਿੱਤੇ ਗਏ।ਹਰਿਦੁਆਰ ਦੇ ਬਾਅਦ ਇਸ ਸਾਲ ਦਿੱਲੀ, ਰਾਏਪੁਰ ਅਤੇ ਰੁੜਕੀ ਵਿੱਚ ਹੋਈਆਂ ਅਜਿਹੀਆਂ ਹੀ ਧਰਮ ਸੰਸਦਾਂ ਵਿੱਚ ਦੂਜੇ ਧਰਮਾਂ ਦੇ ਖਿਲਾਫ਼ ਜ਼ਹਿਰੀਲੀਆਂ ਗੱਲਾਂ ਕਹੀਆਂ ਗਈਆਂ। ਹਰਿਦੁਆਰ ਧਰਮ ਸੰਸਦ ਦੇ ਵੀਡਿਓ ਵਿੱਚ ਆਗੂ ਧਰਮ ਦੀ ਰਾਖੀ ਲਈ ਸ਼ਾਸਤਰ ਉਠਾਉਣ, ਕਿਸੇ ਮੁਸਲਮਾਨ ਨੂੰ ਪ੍ਰਧਾਨ ਮੰਤਰੀ ਨਾ ਬਣਨ ਦੇਣ, ਮੁਸਲਿਮ ਆਬਾਦੀ ਨਾ ਵਧਣ ਦੇਣ ਸਮੇਤ ਧਰਮ ਦੀ ਰਾਖੀ ਦੇ ਨਾਂ 'ਤੇ ਵਿਵਾਦਿਤ ਭਾਸ਼ਣ ਦਿੰਦੇ ਨਜ਼ਰ ਆਏ।ਉੱਥੋਂ ਦੇ ਧਰਮ ਸੰਸਦ ਦੇ ਸਥਾਨਕ ਪ੍ਰਬੰਧਕ ਅਤੇ ਪਰਸ਼ੂਰਾਮ ਅਖਾੜੇ ਦੇ ਪ੍ਰਧਾਨ ਪੰਡਿਤ ਅਧੀਰ ਕੌਸ਼ਿਕ ਨੇ ਕਿਹਾ ਸੀ, 'ਪਿਛਲੇ ਸੱਤ ਸਾਲਾਂ ਤੋਂ ਇਸ ਤਰਾਂ ਦੀ ਧਰਮ ਸੰਸਦ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਤੋਂ ਪਹਿਲਾਂ ਦਿੱਲੀ, ਗਾਜ਼ੀਆਬਾਦ ਵਿੱਚ ਵੀ ਅਜਿਹੀ ਧਰਮ ਸੰਸਦ ਕੀਤੀ ਜਾ ਚੁੱਕੀ ਹੈ।ਜਿਸ ਦਾ ਉਦੇਸ਼ 'ਹਿੰਦੂ ਰਾਸ਼ਟਰ' ਬਣਾਉਣ ਦੀ ਤਿਆਰੀ ਕਰਨਾ ਹੈ। ਇਸ ਲਈ ਸ਼ਸਤਰ ਉਠਾਉਣ ਦੀ ਜ਼ਰੂਰਤ ਪਈ ਤਾਂ ਉਹ ਵੀ ਉਠਾਵਾਂਗੇ।'

ਬੇਸ਼ੱਕ ਇਨਾਂ ਵਿਵਾਦਿਤ ਧਰਮ ਸੰਸਦਾਂ ਦਾ ਆਯੋਜਨ ਵਿਸ਼ਵ ਹਿੰਦੂ ਪ੍ਰੀਸ਼ਦ (ਵੀਐੱਚਪੀ) ਨੇ ਨਾ ਕੀਤਾ ਹੋਵੇ, ਪਰ ਭਾਰਤ ਵਿੱਚ ਧਰਮ-ਸੰਸਦ ਸ਼ੁਰੂ ਕਰਨ ਦਾ ਸਿਹਰਾ ਵੀਐੱਚਪੀ ਨੂੰ ਹੀ ਜਾਂਦਾ ਹੈ।ਵੀਐੱਚਪੀ ਦਾ ਕਹਿਣਾ ਹੈ ਕਿ ਉਸ ਦਾ ਉਦੇਸ਼ ਹਿੰਦੂ ਸਮਾਜ ਨੂੰ ਸੰਗਠਿਤ ਕਰਨਾ, ਹਿੰਦੂ ਧਰਮ ਦੀ ਰਾਖੀ ਕਰਨਾ ਅਤੇ ਸਮਾਜ ਦੀ ਸੇਵਾ ਕਰਨਾ ਹੈ।

ਕੁਲ ਮਿਲਾਕੇ ਕਿਹਾ ਜਾ ਸਕਦਾ ਹੈ ਕਿ ਹਿੰਦੂ ਰਾਸ਼ਟਰਵਾਦ ਦਾ ਨਿਸ਼ਾਨਾ ਮੁਸਲਮਾਨ ਹਨ। ਅਜਿਹੀ ਫਿਰਕੂ ਸੋਚ ਨਾਲ ਭਾਜਪਾ ਦੀ ਸਤਾ ਉਪਰ ਮਜਬੂਤੀ ਵਧ ਰਹੀ ਹੈ।

## ਵਿਦੇਸ਼ਾਂ ਵਿਚ ਵਸਦੇ ਭਾਰਤੀਆਂ ਦੀ ਗਿਣਤੀ ਬਾਰੇ ਸਰਕਾਰ ਕੋਲ ਅੰਕੜਾ ਨਹੀਂ

ਸੰਸਦੀ ਕਮੇਟੀ ਨੇ ਸਰਕਾਰ ਕੋਲ ਦੁਨੀਆ ਭਰ ਵਿੱਚ ਫੈਲੇ ਪਰਵਾਸੀ ਭਾਰਤੀ ਭਾਈਚਾਰੇ ਦਾ ਕੋਈ 'ਅਧਿਕਾਰਤ ਅੰਕੜਾ' ਨਾ ਹੋਣ 'ਤੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਭਾਰਤੀ ਸਫ਼ਾਰਤਖਾਨੇ/ਹਾਈ ਕਮਿਸ਼ਨ/ਮਿਸ਼ਨ ਦਾ ਪਰਵਾਸੀ ਭਾਰਤੀਆਂ ਨਾਲ ਵਿਆਪਕ ਅਤੇ ਨਜ਼ਦੀਕੀ ਸੰਪਰਕ ਹੋਣਾ ਚਾਹੀਦਾ ਹੈ ਤੇ ਉਨਾਂ ਨੂੰ ਪਰਵਾਸੀ ਭਾਰਤੀਆਂ ਨੂੰ ਰਜਿਸਟਰਡ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਉਨਾਂ ਦਾ ਡੇਟਾ ਤਿਆਰ ਕੀਤਾ ਜਾ ਸਕੇ। ਇਹ ਗੱਲ ਸੰਸਦ 'ਚ ਪੇਸ਼ ਕੀਤੀ ਗਈ ਭਾਜਪਾ ਸੰਸਦ ਮੈਂਬਰ ਪੀਪੀ ਚੌਧਰੀ ਦੀ ਅਗਵਾਈ ਵਾਲੀ ਵਿਦੇਸ਼ ਮਾਮਲਿਆਂ ਦੀ ਸਥਾਈ ਕਮੇਟੀ ਦੀ ਰਿਪੋਰਟ ਵਿਚ ਕਹੀ ਗਈ। ਪਰਵਾਸੀ ਭਾਰਤੀਆਂ ਦੁਆਰਾ ਭੇਜੀ ਗਈ ਰਕਮ ਬਾਰੇ ਪੁੱਛੇ ਜਾਣ 'ਤੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਦੂਜੇ ਦੇਸ਼ਾਂ ਤੋਂ ਆਪਣੇ ਪਰਿਵਾਰਾਂ ਨੂੰ ਭੇਜੀ ਗਈ ਰਕਮ ਬਾਰੇ ਕੋਈ ਸਹੀ ਅੰਕੜੇ ਉਪਲਬੱਧ ਨਹੀਂ ਹਨ।ਹਾਲਾਂਕਿ, ਇਸ ਵਿਸ਼ੇ 'ਤੇ ਵਿਸ਼ਵ ਬੈਂਕ ਦੀ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਸਾਲ 20 21 ਵਿੱਚ ਪਰਵਾਸੀ ਭਾਰਤੀਆਂ ਨੇ ਪਰਿਵਾਰਾਂ ਨੂੰ 87 ਅਰਬ ਡਾਲਰ ਦੀ ਰਾਸ਼ੀ ਭੇਜੀ ਅਤੇ ਭਾਰਤ ਇਸ ਸ਼੍ਰੇਣੀ ਸਭ ਤੋਂ ਅੱਗੇ ਹੈ।

## ਪੰਜਾਬ ਦੀ ਰਾਜਨੀਤੀ ਦਾ ਦੁਖਾਂਤ, ਆਪ, ਬਾਦਲਕੇ, ਕਾਂਗਰਸ, ਬਨਾਮ ਭਾਜਪਾ ਦਾ ਹਿੰਦੂਤਵ

ਪੰਜਾਬ ਦੀ ਰਾਜਨੀਤਕ ਸਥਿਤੀ ਬਹੁਤ ਮਾੜੇ ਦੌਰ ਵਿਚੋਂ ਗੁਜ਼ਰ ਰਹੀ ਹੈ, ਜਿਸ ਕਰਕੇ ਪੰਜਾਬ ਦੀ ਆਰਥਿਕ, ਸਮਾਜਿਕ, ਵਿੱਦਿਅਕ ਅਤੇ ਹੋਰ ਖੇਤਰਾਂ ਵਿਚ ਵੀ ਹਾਲਤ ਬਹੁਤ ਤਰਸਯੋਗ ਨਜ਼ਰ ਆ ਰਹੀ ਹੈ। ਬੇਸ਼ੱਕ ਪੰਜਾਬ ਦੀ ਹੁਕਮਰਾਨ ਪਾਰਟੀ ਕੋਲ ਬੇਹਿਸਾਬ ਬਹੁਮਤ ਹੈ ਪਰ ਅਜੇ ਤੱਕ ਇਹ ਸਾਫ਼ ਨਹੀਂ ਕਿ ਪੰਜਾਬ ਦੀ 'ਅਸਲ' ਕਮਾਨ ਕਿਸ ਦੇ ਹੱਥ ਵਿਚ ਹੈ ? ਜਿਸ ਤਰੀਕੇ ਨਾਲ ਆਪ ਸਰਕਾਰ ਵਲੋਂ ਪੰਜਾਬ ਵਿਚ ਫ਼ੈਸਲੇ ਲਏ ਜਾ ਰਹੇ ਹਨ ਅਤੇ ਉਨਾਂ 'ਤੇ ਜੋ ਸਵਾਲ ਖੜੇ ਹੋ ਰਹੇ ਹਨ, ਉਹ ਸੱਚਮੁੱਚ ਹੀ ਪੰਜਾਬ ਦੇ ਭਵਿੱਖ ਲਈ ਫ਼ਿਕਰਮੰਦੀ ਪੈਦਾ ਕਰਨ ਵਾਲੇ ਹਨ। ਦੂਜੇ ਪਾਸੇ ਪੰਜਾਬ ਦੀਆਂ ਦੋਵੇਂ ਮੁੱਖ ਵਿਰੋਧੀ ਪਾਰਟੀਆਂ ਦਾ ਹਾਲ ਵੀ ਬਹੁਤ ਬੁਰਾ ਹੈ। ਅਕਾਲੀ ਦਲ ਜੋ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਅਲੰਬਰਦਾਰ ਪਾਰਟੀ ਮੰਨੀ ਜਾਂਦੀ ਸੀ, ਇਸ ਵੇਲੇ ਆਪਣੇ ਇਤਿਹਾਸ ਦੇ ਸਭ ਤੋਂ ਵੱਧ ਬੁਰੇ ਦੌਰ ਵਿਚੋਂ ਗੁਜ਼ਰ ਰਹੀ ਹੈ। ਆਉਣ ਵਾਲੇ ਸਮੇਂ ਦੌਰਾਨ ਅਕਾਲੀ ਦਲ ਵਿਚਲੀ ਫੁੱਟ ਅਜੇ ਹੋਰ ਤਿੱਖੀ ਹੋਣ ਦੇ ਆਸਾਰ ਹਨ। ਨਿਕਟ ਭਵਿੱਖ ਵਿਚ ਅਕਾਲੀ ਦਲ ਤੋਂ ਪੰਜਾਬ ਦੀਆਂ ਮੰਗਾਂ ਲਈ ਕਿਸੇ ਮੁਹਿੰਮ ਜਾਂ ਅੰਦੋਲਨ ਦੇ ਆਸਾਰ ਤਾਂ ਅਸੰਭਵ ਹੀ ਜਾਪਦੇ ਹਨ। ਕਾਂਗਰਸ ਪਾਰਟੀ, ਵਿਰੋਧੀ ਧਿਰ ਦਾ ਰੋਲ ਨਿਭਾਉਣ ਵਿਚ ਸਿਰਫ ਪੰਜਾਬ ਵਿਚ ਹੀ ਨਹੀਂ, ਸਗੋਂ ਭਾਰਤ ਭਰ ਵਿਚ ਵੀ ਅਸਫਲ ਦਿਖਾਈ ਦੇ ਰਹੀ ਹੈ। ਕਾਂਗਰਸ ਅੰਦਰਲੀ ਫੁੱਟ ਤੇ ਉਸ ਦੀ ਕੇਂਦਰੀ ਲੀਡਰਸ਼ਿਪ ਦੀਆਂ ਤਰਜੀਹਾਂ ਨੂੰ ਦੇਖਦੇ ਹੋਏ ਪੰਜਾਬ ਕਾਂਗਰਸ ਵਲੋਂ ਪੰਜਾਬ ਦੇ ਮਸਲਿਆਂ ਦੇ ਹੱਲ ਲਈ ਕਿਸੇ ਤਰਜੀਹੀ ਰੋਲ ਦੀ ਆਸ ਅਜੇ ਨਹੀਂ ਕੀਤੀ ਜਾ ਸਕਦੀ। ਭਾਜਪਾ ਜਿਸ ਦੀਆਂ ਨੀਤੀਆਂ ਸਪੱਸ਼ਟ ਰੂਪ ਵਿਚ ਸੰਘੀ ਢਾਂਚੇ ਦੇ ਵਿਰੁੱਧ ਹਨ ਤੇ ਜੋ ਬਹੁਗਿਣਤੀਵਾਦ ਨੂੰ ਇਕ ਹਥਿਆਰ ਵਜੋਂ ਵਰਤ ਰਹੀ ਹੈ। ਉਸ ਲਈ ਕਿਸੇ ਪ੍ਰਾਂਤ ਦੇ ਹਿਤਾਂ ਜਾਂ ਘੱਟ-ਗਿਣਤੀ ਦੇ ਹਿਤਾਂ ਅਤੇ ਖੇਤਰੀ ਆਸ਼ਾਵਾਂ ਨਾਲੋਂ ਕੇਂਦਰੀਕਰਨ ਜਾਂ ਰਾਸ਼ਟਰਵਾਦ ਦੀ ਮਹੱਤਤਾ ਕਿਤੇ ਵੱਧ ਹੈ, ਫਿਰ ਵੀ ਉਹ ਹੌਲੀ-ਹੌਲੀ ਪੰਜਾਬ ਵਿਚ ਵੀ ਮਜ਼ਬੂਤ ਹੁੰਦੀ ਦਿਖਾਈ ਦੇ ਰਹੀ ਹੈ। ਕਿਸਾਨ ਮੋਰਚਾ ਜਿਸ ਨੇ ਪੰਜਾਬੀਆਂ ਦੇ ਇਕ 'ਦਬਾਅ ਗੁੱਟ' ਬਣਨ ਦੀ ਆਸ ਜਗਾਈ ਸੀ, ਉਹ ਵੀ ਖੇਰੂੰ-ਖੇਰੂੰ ਹੋ ਚੁੱਕਾ ਹੈ। ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ 64 ਵਿਚ ਬਦਲ ਚੁੱਕੀਆਂ ਹਨ ਤੇ ਅੱਗੋਂ ਵੀ ਉਹ 4 ਧੜਿਆਂ ਵਿਚ ਵੰਡੀਆਂ ਜਾ ਚੁੱਕੀਆਂ ਹਨ। ਸੋ ਰਾਜਨੀਤੀ ਪਧਰ ਉਪਰ ਪੰਜਾਬ ਦਾ ਦ੍ਰਿਸ਼ ਬਹੁਤ ਨਿਰਾਸ਼ਾਜਨਕ ਹੈ। ਰਾਜਨੀਤੀ ਕਿਧਰ ਮੋੜ ਕਟੇਗੀ, ਇਹ ਆਉਣ ਵਾਲਾ ਸਮਾਂ ਦਸੇਗਾ।

# ਨਿਊ ਮੈਕਸੀਕੋ ਦੇ ਅਲਬੂਕਰਕ ’ਚ ਬੇਵਜਾ ਮੁਸਲਮਾਨਾਂ ਨੂੰ ਮਾਰੀ ਜਾ ਰਹੀ ਗੋਲੀ

## ✪ ਕੁੱਝ ਸਮੇਂ ਵਿੱਚ ਹੀ 4 ਮੁਸਲਮਾਨਾਂ ਨੂੰ ਗੋਲੀ ਮਾਰ ਕੇ ਮਾਰਿਆ ਗਿਆ ✪ ਘਰੋਂ ਬਾਹਰ ਬੈਠਣ ਜਾਂ ਬਾਹਰ ਖਾਣਾ ਲੈਣ ਜਾਣ ਤੋਂ ਘਬਰਾਉਣ ਲੱਗੇ ਮੁਸਲਿਮ ਲੋਕ

**ਸਰਬਜੀਤ ਕੌਰ ਸਰਬ**

ਨਿਊ ਮੈਕਸੀਕੋ ਦੇ ਅਲਬੂਕਰਕ ਵਿੱਚ ਮੁਸਲਮਾਨਾਂ ਲਈ, ਹਰ ਰੋਜ਼ ਦੀ ਜ਼ਿੰਦਗੀ ਹੁਣ ਡਰ ਨਾਲ ਭਰੀ ਹੋਈ ਹੈ ਜਦੋਂ ਚਾਰ ਮੁਸਲਿਮ ਵਿਅਕਤੀਆਂ- ਮੁਹੰਮਦ ਅਹਿਮਦੀ, ਨਈਮ ਹੁਸੈਨ, ਮੁਹੰਮਦ ਏ ਹੁਸੈਨ ਅਤੇ ਆਫਤਾਬ ਹੁਸੈਨ ਨੂੰ ਬੇਵਜਾ ਅਲਬੂਕਰਕ ਵਿੱਚ ਗੋਲੀ ਮਾਰ ਦਿੱਤੀ ਗਈ ਸੀ।

ਕਾਇਲ ਹਾਰਟਸੌਕ , ਅਲਬੂਕਰਕ ਪੁਲਿਸ ਵਿਭਾਗ ਦੇ ਅਪਰਾਧਿਕ ਜਾਂਚ ਡਿਵੀਜ਼ਨ ਦੇ ਡਿਪਟੀ ਕਮਾਂਡਰ ਨੇ ਕਿਹਾ ਕਿ ਪੀੜਤਾਂ ਵਿੱਚੋਂ ਤਿੰਨ ਹੁਸੈਨ, 27, ਆਫਤਾਬ ਹੁਸੈਨ, 41 ਅਤੇ ਮੁਹੰਮਦ ਅਹਿਮਦੀ, 62 - ਸਾਰਿਆਂ ਉਤੇ ਬਿਨਾਂ ਕਿਸੇ ਚੇਤਾਵਨੀ ਦੇ ਘਾਤ ਲਗਾ ਕੇ ਇਹ ਹਮਲਾ ਕੀਤਾ ਗਿਆ ਸੀ, ਉਨਾਂ ’ਤੇ ਗੋਲੀਬਾਰੀ ਕੀਤੀ ਗਈ ਸੀ ਅਤੇ ਉਨਾਂ ਨੂੰ ਮਾਰ ਦਿੱਤਾ ਗਿਆ ਸੀ।

ਚੌਥਾ ਪੀੜਤ 25 ਸਾਲਾ ਨਈਮ ਹੁਸੈਨ- ਸ਼ੁੱਕਰਵਾਰ ਰਾਤ ਨੂੰ ਅਲਬੂਕਰਕ ਪੁਲਿਸ ਦੁਆਰਾ ਮ੍ਰਿਤਕ ਪਾਇਆ ਗਿਆ। ਉਹ ਦੋ ਹਫ਼ਤਿਆਂ ਦੇ ਅੰਦਰ ਸ਼ਹਿਰ ਵਿੱਚ ਮਾਰਿਆ ਗਿਆ ਤੀਜਾ ਅਤੇ ਨਵੰਬਰ ਤੋਂ ਬਾਅਦ ਚੌਥਾ ਮੁਸਲਿਮ ਵਿਅਕਤੀ ਬਣ ਗਿਆ ਹੈ। ਨਿਊ ਮੈਕਸੀਕੋ ਦੇ ਇਸਲਾਮਿਕ ਸੈਂਟਰ ਦੇ ਬੁਲਾਰੇ ਤਾਹਿਰ ਗੌਬਾ ਨੇ ਕਿਹਾ ਕਿ ਨਈਮ ਹੁਸੈਨ ਨੌਜਵਾਨ ਨੇ- ਦੋ ਹੋਰ ਗੋਲੀਬਾਰੀ ਪੀੜਤਾਂ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋ ਕੇ ਤਾਜ਼ਾ ਗੋਲੀਬਾਰੀ ਬਾਰੇ ਚਿੰਤਾ ਜ਼ਾਹਰ ਕੀਤੀ ਸੀ। ਤੇ ਕੁੱਝ ਘੰਟੇ ਬਾਅਦ ਨਈਮ ਹੁਸੈਨ ਨੂੰ ਵੀ ਗੋਲੀ ਮਾਰ ਦਿੱਤੀ ਗਈ। ਨਈਮ ਹੁਸੈਨ ਜੋ ਹੁਣੇ-ਹੁਣੇ ਅਮਰੀਕੀ ਨਾਗਰਿਕ ਬਣ ਗਿਆ ਸੀ । ਹਾਲਾਂਕਿ ਇਸ ਬਾਰੇ ਕੋਈ ਸ਼ੱਕੀ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ, ਅਲਬੂਕਰਕ ਪੁਲਿਸ ਦਾ ਕਹਿਣਾ ਹੈ ਕਿ ਦੱਖਣੀ ਏਸ਼ੀਆ ਦੇ ਇਨਾਂ ਚਾਰ ਵਿਅਕਤੀਆਂ ਦੀਆਂ ਹੱਤਿਆਵਾਂ ਆਪਸ ਵਿੱਚ ਜੋੜੀਆਂ ਹੋ ਸਕਦੀਆਂ ਹਨ।’

ਮੁਹੰਮਦ ਅਫਜ਼ਲ ਹੁਸੈਨ ਦੇ ਭਰਾ ਮੁਹੰਮਦ ਇਮਤਿਆਜ਼ ਹੁਸੈਨ ਨੇ ਕਿਹਾ ਕਿ ਜਿਸ ਨੇ ਵੀ ਉਸ ਦੇ ਭਰਾ ਨੂੰ ਮਾਰਿਆ ਹੈ, ਉਸ ਨੇ ਸਿਰਫ਼ ਪਰਿਵਾਰ ਦੇ ਇੱਕ ਪਿਆਰੇ ਮੈਂਬਰ ਦੀ ਜਾਨ ਹੀ ਨਹੀਂ ਲਈ ਸਗੋਂ ਉਨਾਂ ਨੇ ਉਸਦੇ ਪਰਿਵਾਰ ਦੀ ਆਜ਼ਾਦੀ ਦੀ ਭਾਵਨਾ ਨੂੰ ਵੀ ਖੋਹ ਲਿਆ। ਮੇਰੇ ਬੱਚੇ ਮੈਨੂੰ ਆਪਣੇ ਅਪਾਰਟਮੈਂਟ ਤੋਂ ਬਾਹਰ ਨਿਕਲਣ ਦੀ ਇਜਾਜ਼ਤ ਨਹੀਂ ਦਿੰਦੇ। ਉਹ ਕਹਿੰਦੇ ਹਨ, ‘ਪਿਤਾ ਜੀ, ਇਥੇ ਨਾ ਜਾਓ ਇਹ ਡਰਾਉਣੀ ਜਗਾ ਹੈ।’ ਜਿੱਥੋਂ ਉਸ ਦੇ ਭਰਾ ਨੂੰ ਗੋਲੀ ਮਾਰ ਦਿੱਤੀ ਗਈ ਸੀ।




ਹੁਸੈਨ ਕੋਲ ਮੈਡੀਕਲ ਜਾਂਚਕਰਤਾ ਦੇ ਦਫ਼ਤਰ ਵਿੱਚ ਆਪਣੇ ਭਰਾ ਦੀ ਲਾਸ਼ ਦੀ ਪਛਾਣ ਕਰਨਾ ਵੀ ਔਖਾ ਸੀ ਕਿਉਂਕਿ ਉਸ ਦੇ ਭਰਾ ਦੀ ਲਾਸ਼ ਨੂੰ ਇੰਨੀ ਬੁਰੀ ਤਰਾਂ ਕੱਟਿਆ ਗਿਆ ਸੀ ਜਿਸ ਤੋਂ ਇਹ ਸਪੱਸ਼ਟ ਹੈ ਕਿ ਕਤਲ ਜਾਣਬੁੱਝ ਕੇ ਕੀਤਾ ਗਿਆ ਸੀ।

ਹੁਸੈਨ ਨੇ ਕਿਹਾ ‘ਉਸਦਾ ਅੱਧੇ ਤੋਂ ਵੱਧ ਸਿਰ ਚਲਾ ਗਿਆ ਹੈ।’ ਜਿਸ ਸਮੇਂ ਮੈਂ ਲਾਸ਼ ਦੇਖੀ, ਉਸ ਦਾ ਅੱਧਾ ਚਿਹਰਾ ਵੀ ਨਹੀਂ ਸੀ।’ ਇਹ ਕੋਈ ਬੇਤਰਤੀਬੇ ਕਤਲ ਨਹੀਂ ਹੈ। ਇਹ ਬਹੁਤ ਹੀ ਪ੍ਰੇਰਿਤ ਅਤੇ ਅਤਿ ਨਫ਼ਰਤ ਵਾਲਾ ਕਤਲ ਹੈ।’

**ਇਨਾਮੀ ਰਾਸ਼ੀ ਵਧਦੀ ਹੈ, ਪਰ ਚਿੰਤਾ ਵੀ ਵਧਦੀ ਹੈ**

ਨਿਊ ਮੈਕਸੀਕੋ ਦੇ ਇਸਲਾਮਿਕ ਸੈਂਟਰ ਦੇ ਪ੍ਰਧਾਨ ਅਹਿਮਦ



ਅਸਦ ਨੇ ਕਿਹਾ ਕਿ ਪੂਰੇ ਨਿਊ ਮੈਕਸੀਕੋ ਦੇ ਮੁਸਲਮਾਨਾਂ ਵਿੱਚ ਸੋਗ ਅਤੇ ਦਹਿਸ਼ਤ ਫੈਲ ਗਈ ਹੈ।

ਅਹਿਮਦ ਅਸਦ ਨੇ ਕਿਹਾ ਅਵਿਸ਼ਵਾਸ਼ ਨਾਲ ਡਰਿਆ ਹੋਇਆ ਤੇ ਘਬਰਾਉਣ ਵਾਲਾ ਮਹੌਲ ਹੈ। ਅਜਿਹੇ ਸਮੇਂ ਕੁਝ ਲੋਕ ਰਾਜ ਤੋਂ ਚਲੇ ਜਾਣਾ ਚਾਹੁੰਦੇ ਹਨ ਜਦੋਂ ਤੱਕ ਇਹ ਗੱਲ ਖਤਮ ਨਹੀਂ ਹੋ ਜਾਂਦੀ। ਕੁਝ ਲੋਕ ਰਾਜ ਤੋਂ ਚਲੇ ਗਏ ਹਨ, ਲੋਕ ਦੇ ਕਾਰੋਬਾਰ ਬੰਦ ਹੋ ਰਹੇ ਹਨ ।

ਅਲਬੂਕਰਕ ਦੀ ਪੁਲਿਸ ‘ਕਤਲ ਵਿਚ ਵਰਤੇ ਜਾਣ ਵਾਲੇ ਵਾਹਨ’ ਦੀ ਭਾਲ ਕਰ ਰਹੀ ਹੈ ਜੋ ਚਾਰ ਕਤਲਾਂ ਨਾਲ ਜੁੜਿਆ ਹੋ ਸਕਦਾ ਹੈ। ਉਨਾਂ ਨੇ ਟਵੀਟ ਕਰਕੇ ਕਾਰ ਦੀ ਇੱਕ ਫੋਟੋ ਜਾਰੀ ਕੀਤੀ ਹੈ। ਪੁਲਿਸ ਨੇ ਕਿਹਾ ਕਿ ਇਹ ਵੋਲਕਸਵੈਗਨ ਜੇਟਾ ਗੱਡੀ ਹੋ ਸਕਦੀ ਹੈ।

ਕਾਰ ਬਾਰੇ ਜਾਂ ਹੱਤਿਆਵਾਂ ਬਾਰੇ ਜਾਣਕਾਰੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ 629 ਨੂੰ **1-800-CALL-FBI** ’ਤੇ ਕਾਲ ਕਰਨ ਲਈ ਕਿਹਾ ਜਾਂਦਾ ਹੈ ਜਾਂ **505-843-STOP ਜਾਂ CrimeStoppersNM.com** ’ਤੇ ਕ੍ਰਾਈਮ ਸਟੌਪਰਸ ਨਾਲ ਸੰਪਰਕ ਕਰਨ ਲਈ ਕਿਹਾ ਗਿਆਹੈ ।

ਅਲਬੂਕਰਕ ਸ਼ਹਿਰ ਦੇ ਲੋਕਾਂ ਦੁਆਰਾ ਪ੍ਰਦਾਨ ਕੀਤੀ ਗਈ ਸਾਰੀ ਜਾਣਕਾਰੀ ਗੁਮਨਾਮ ਅਤੇ ਗੁਪਤ ਹੈ। ਅਪਰਾਧ ਨੂੰ ਰੋਕਣ ਵਾਲਿਆਂ ਲਈ $20,000 ਦਾ ਇਨਾਮ ਹੈ ਅਤੇ ਗ੍ਰਿਫਤਾਰੀ ਲਈ ਅਗਵਾਈ ਕਰਨ ਵਾਲੀ ਜਾਣਕਾਰੀ ਪ੍ਰਦਾਨ ਕਰਨ ਵਾਲਿਆਂ ਲਈ ਕਾਉਂਸਿਲ ਆਨ ਅਮਰੀਕਨ-ਇਸਲਾਮਿਕ ਰਿਲੇਸ਼ਨਜ਼ ਤੋਂ $10,000 ਦਾ ਇਨਾਮ ਹੈ।

ਹੁਸੈਨ ਨੇ ਕਿਹਾ ਕਿ ਉਸਦਾ ਪਰਿਵਾਰ ਕਿਸੇ ਕਾਤਲ ਜਾਂ ਕਾਤਲਾਂ ਦੇ ਡਰ ਨਾਲ ਬਾਹਰ ਜਾਣ ਤੋਂ ਡਰਦਾ ਹੈ। ਪਰ ਉਹ ਹਿੰਸਾ ਨੂੰ ਰੋਕਣ ਦੀ ਕੋਸ਼ਿਸ਼ ਕਰਨ ਲਈ ਬੋਲ ਰਿਹਾ ਹੈ।

ਹੁਸੈਨ ਨੇ ਕਿਹਾ, ‘ਮੈਂ ਆਪਣੇ ਭਰਾ ਲਈ ਆਵਾਜ਼ ਉਠਾ ਰਿਹਾ ਹਾਂ ਕਿਉਂਕਿ ਮੈਂ ਨਹੀਂ ਚਾਹੁੰਦਾ ਕਿ ਕਿਸੇ ਹੋਰ ਦਾ ਭਰਾ ਉਨਾਂ ਨਿਸ਼ਾਨੇਬਾਜ਼ਾਂ ਦਾ ਸ਼ਿਕਾਰ ਹੋਵੇ, ਕੋਈ ਭੈਣ ਉਨਾਂ ਨਿਸ਼ਾਨੇਬਾਜ਼ਾਂ ਦੀ ਸ਼ਿਕਾਰ ਹੋਵੇ, ਕੋਈ ਮਾਂ ਜਾਂ ਪਿਤਾ



ਨਿਸ਼ਾਨੇਬਾਜ਼ਾਂ ਦਾ ਸ਼ਿਕਾਰ ਹੋਵੇ। ਉਸਨੇ ਕਿਹਾ ਕਿ ਉਹ ਉਮੀਦ ਕਰਦਾ ਹੈ ਕਿ ‘ਹੋਰ ਲੋਕ ਉਨਾਂ ਨਿਸ਼ਾਨੇਬਾਜ਼ਾਂ ਦਾ ਸ਼ਿਕਾਰ ਨਹੀਂ ਹੋਣਗੇ ਤੇ ਨਾ ਹੀ ਦੁਖੀ ਨਹੀਂ ਹੋਣਗੇ ਜਿਵੇਂ ਮੈਂ ਦੁਖੀ ਹਾਂ।

ਇਸ ਦਹਿਸ਼ਤ ਕਾਰਨ ਬੱਚੇ ਸਕੂਲ ਜਾਣ ਤੋਂ ਡਰਨ ਲੱਗੇ

ਅਲਬੂਕਰਕ ਦੇ ਮੇਅਰ ਟਿਮ ਕੈਲਰ ਨੇ ਸੋਮਵਾਰ ਨੂੰ ਕਿਹਾ, ਹਾਲਾਂਕਿ ਪੁਲਿਸ ਨੇ ਚਾਰ ਕਤਲਾਂ ਨੂੰ ਨਫ਼ਰਤ ਅਪਰਾਧ ਨਹੀਂ ਕਿਹਾ ਹੈ, ‘ਮੇਰੀ ਰਾਏ ਵਿੱਚ, ਸਪੱਸ਼ਟ ਤੌਰ ’ਤੇ ਇਹ ਨਫ਼ਰਤ ਨਾਲ ਸੰਚਾਲਿਤ ਹੈ’। ਸੀਐਨਐਨ ਦੀ ਰਿਪੋਰਟ ਅਨੁਸਾਰ ਕੈਲਰ ਨੇ ਕਿਹਾ ‘ਇਹ ਮਾਮਲੇ ਸਪੱਸ਼ਟ ਤੌਰ ’ਤੇ ਮੁਸਲਿਮ ਮਰਦਾਂ ਨੂੰ ਨਿਸ਼ਾਨਾ ਬਣਾ ਰਹੇ ਹਨ, **ਬਾਕੀ ਸਫ਼ਾ 30 ’ਤੇ**

## ਮਾਮਲਾ ਮਨਦੀਪ ਕੌਰ ਦੀ ਮੌਤ ਦਾ

# ਪੰਜਾਬੀ ਭਾਈਚਾਰੇ ’ਚ ਹੋ ਰਹੀ ਇਨਸਾਫ਼ ਦੀ ਮੰਗ

## ਨਿਊਯਾਰਕ ਪੁਲਿਸ ਵਲੋਂ ਜਾਂਚ ਪੜਤਾਲ ਜਾਰੀ ਅਤੇ ਉੱਤਰ ਪ੍ਰਦੇਸ਼ ਬਿਜਨੌਰ ਵਿਚ ਵੀ ਪਤੀ ਤੇ ਸਹੁਰੇ ਪਰਿਵਾਰ ਖ਼ਿਲਾਫ਼ ਦਰਜ ਹੋਇਆ ਕੇਸ

**ਨਿਊਯਾਰਕ/ਏ.ਟੀ.ਨਿਊਜ਼ :-** ਅਮਰੀਕਾ ਦੇ ਨਿਊਯਾਰਕ ਵਿਖੇ ਇੱਕ ਭਾਰਤੀ ਮੂਲ ਦੀ ਔਰਤ ਮਨਦੀਪ ਕੌਰ ਦੀ ਮੌਤ ਦਾ ਮਾਮਲਾ ਦੋਵਾਂ ਮੁਲਕਾਂ ਵਿਚ ਕਾਫ਼ੀ ਭਖ ਗਿਆ ਹੈ। ਕਿਉਂਕਿ ਮਨਦੀਪ ਕੌਰ ਦਾ ਪਿਛੋਕੜ ਸਿੱਖ ਪਰਿਵਾਰ ਨਾਲ ਹੈ, ਇਸ ਲਈ ਪੰਜਾਬ ਵਿਚ ਸਿਆਸੀ ਹਲਚਲ ਵੀ ਹੋ ਰਹੀ ਹੈ। ਇਸ ਮੌਤ ਪਿੱਛੇ ਮ੍ਰਿਤਕਾ ਵੱਲੋਂ ਘਰੇਲੂ ਹਿੰਸਾ ਤੋਂ ਤੰਗ ਆ ਕੇ ਕੀਤੀ ਖ਼ੁਦਕੁਸ਼ੀ ਦਾ ਕਾਰਨ ਦੱਸਿਆ ਜਾ ਰਿਹਾ ਹੈ। ਇਸ ਮਾਮਲੇ ਦੀ ਜਾਂਚ ਹੁਣ ਨਿਊਯਾਰਕ ਪੁਲਿਸ ਕਤਲ ਦਾ ਕੇਸ ਮੰਨ ਕੇ ਕਰ ਰਹੀ ਹੈ ਅਤੇ ਉੱਤਰ ਪ੍ਰਦੇਸ਼ ਬਿਜਨੌਰ ਵਿਚ ਵੀ ਪਤੀ ਤੇ ਸਹੁਰੇ ਪਰਿਵਾਰ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।

ਅਮਰੀਕਾ ਅਤੇ ਭਾਰਤ ਵਿਚ ਸੋਸ਼ਲ ਮੀਡੀਆ ਉੱਪਰ ਮ੍ਰਿਤਕ ਵਾਸਤੇ ਇਨਸਾਫ਼ ਦੀ ਮੰਗ ਹੋ ਰਹੀ ਹੈ। ਇਕ ਡਿਜੀਟਲ ਚੈਨਲ ਨੂੰ ਦਿੱਤੇ ਇੰਟਰਵਿਊ ਵਿੱਚ ਮਨਦੀਪ ਦੇ ਪਤੀ ਨੇ ਕਿਹਾ ਕਿ ਸੋਸ਼ਲ ਮੀਡੀਆ ਉੱਪਰ ਵਾਇਰਲ ਵੀਡੀਓ ਪੰਜ ਸਾਲ ਪੁਰਾਣੀ ਹੈ।

ਉਨਾਂ ਦਾ ਵਿਆਹੁਤਾ ਜੀਵਨ ਬਹੁਤ ਵਧੀਆ ਸੀ ਅਤੇ ਇਨਾਂ ਦੋਵਾਂ ਦੇ ਪਰਿਵਾਰ ਉੱਤਰ ਪ੍ਰਦੇਸ਼ ਤੋਂ ਹਨ। ਮਨਦੀਪ ਕੌਰ ਦੀ ਮੌਤ ਤੋਂ ਬਾਅਦ ਉੱਤਰ ਪ੍ਰਦੇਸ਼ ਦੇ ਬਿਜਨੌਰ ਦੇ ਨਜੀਬਾਬਾਦ ਪੁਲਿਸ ਸਟੇਸ਼ਨ ਵਿਖੇ ਮਨਦੀਪ ਦੇ ਪਤੀ ਅਤੇ ਸਹੁਰਿਆਂ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਗਈ ਹੈ।

**ਕੀ ਹੈ ਸਾਰਾ ਮਾਮਲਾ**

ਸੋਸ਼ਲ ਮੀਡੀਆ ਉੱਪਰ ‘ਦਿ ਕੌਰ ਮੂਵਮੈਂਟ’ ਵਲੋਂ ਸਾਂਝੀ ਕੀਤੀ ਜਾਣਕਾਰੀ ਮੁਤਾਬਕ ਮਨਦੀਪ ਕੌਰ ਨਿਊਯਾਰਕ ਦੇ ਕੁਈਨਜ਼ ਇਲਾਕੇ ਵਿੱਚ ਆਪਣੇ ਪਤੀ ਅਤੇ ਦੋ ਨਾਬਾਲਿਗ ਬੱਚੀਆਂ ਨਾਲ ਰਹਿੰਦੀ ਸੀ। ਦਾਅਵਾ ਕੀਤਾ ਜਾ ਰਿਹਾ ਹੈ ਕਿ ਮਨਦੀਪ ਕੌਰ ਪਿਛਲੇ ਅੱਠ ਸਾਲਾਂ ਤੋਂ ਘਰੇਲੂ ਹਿੰਸਾ ਦਾ ਸ਼ਿਕਾਰ ਸੀ ਅਤੇ ਉਸ ਦਾ ਪਤੀ ਅਕਸਰ ਉਸ ਦੀ ਕਥਿਤ ਤੌਰ ਉੱਤੇ ਕੁੱਟਮਾਰ ਕਰਦਾ ਸੀ।ਪਿਛਲੇ ਦਿਨੀਂ ਇਸ ਸਭ ਤੋਂ ਦੁਖੀ ਹੋ ਕੇ ਉਸ ਨੇ ਕਥਿਤ ਤੌਰ ’ਤੇ ਖ਼ੁਦਕੁਸ਼ੀ ਕਰ ਲਈ। ਉਸ ਦੀ ਮੌਤ ਤੋਂ ਬਾਅਦ ਸੋਸ਼ਲ ਮੀਡੀਆ ਉੱਤੇ ਉਸ ਦੇ ਪਤੀ ਦੀ ਗ੍ਰਿਫ਼ਤਾਰੀ ਅਤੇ ਸਖ਼ਤ ਸਜ਼ਾ ਦੀ ਮੰਗ ਉੱਠ ਰਹੀ ਹੈ। ਇਸ ਦੇ ਨਾਲ ਹੀ ਉਸ ਦੇ ਬੱਚਿਆਂ ਨੂੰ ਸੁਰੱਖਿਅਤ ਕਸਟਡੀ ਦੇਣ ਦੀ ਗੱਲ ਲਈ ਸੋਸ਼ਲ ਮੀਡੀਆ ਉੱਪਰ ਹੋ ਰਹੀ ਹੈ।



ਕੁੱਟਮਾਰ ਦੀ ਵਾਇਰਲ ਵੀਡੀਓ ਵਿੱਚ ਉਸ ਦਾ ਪਤੀ ਕਹਿੰਦਾ ਹੈ ਕਿ ਉਨਾਂ ਨੂੰ ਧੀਆਂ ਨਹੀਂ ਪੁੱਤਰ ਚਾਹੀਦਾ ਹੈ। ਦਰਅਸਲ ਇੱਕ ਇੰਸਟਾਗ੍ਰਾਮ ਪੋਸਟ ਵਿੱਚ ਇੱਕ ਵੀਡੀਓ ਸ਼ੇਅਰ ਕੀਤੀ ਗਈ ਸੀ, ਜਿਸ ਵਿੱਚ ਮਨਦੀਪ ਦਾ ਪਤੀ ਉਨਾਂ ਦੀ ਕੁੱਟਮਾਰ ਕਰਦਾ ਨਜ਼ਰ ਆਉਂਦਾ ਹੈ। ਸੋਸ਼ਲ ਮੀਡੀਆ ਉੱਪਰ ਮਨਦੀਪ ਦੀ ਇੱਕ ਹੋਰ ਵੀਡੀਓ ਵੀ ਵਾਇਰਲ ਹੋਈ ਹੈ, ਜਿਸ ਵਿੱਚ ਉਹ ਆਪਣੇ ਨਾਲ ਹੁੰਦੀ ਕਥਿਤ ਘਰੇਲੂ ਹਿੰਸਾ ਦਾ ਜ਼ਿਕਰ ਕਰਦੀ ਹੈ।

ਮਨਦੀਪ ਕੌਰ ਦੀ ਵਾਇਰਲ ਵੀਡੀਓ ਵਿੱਚ ਉਸ ਨੂੰ ਕਹਿੰਦੇ ਹੋਏ ਦੇਖਿਆ ਜਾ ਸਕਦਾ ਹੈ ਕਿ ਉਹ ਹੁਣ ਹੋਰ ਬਰਦਾਸ਼ਤ ਨਹੀਂ ਕਰ ਸਕਦੀ। ਇਸ ਦੇ ਨਾਲ ਹੀ ਉਸ ਨੇ ਆਪਣੇ ਪਤੀ ਦੇ ਪਰਿਵਾਰ ਉੱਪਰ ਵੀ ਕਈ ਗੰਭੀਰ ਇਲਜ਼ਾਮ ਲਗਾਏ। ਮਨਦੀਪ ਕੌਰ ਦੇ ਪਤੀ ਨੇ ਆਖਿਆ, ਸੋਸ਼ਲ ਮੀਡੀਆ ਉੱਪਰ ਵਾਇਰਲ ਵੀਡਿਓ ਪੰਜ ਸਾਲ ਪੁਰਾਣੀ ਹੈ ਅਤੇ ਉਸ ਨੂੰ ਪਿਛਲੇ ਹਫ਼ਤੇ ਹੋਈ ਮੌਤ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।’

**ਮਨਦੀਪ ਦਾ ਪਤੀ ਆਪਣੇ ਖ਼ਿਲਾਫ਼ ਲਾਏ ਜਾ ਰਹੇ ਸਾਰੇ ਇਲਜ਼ਾਮਾਂ ਨੂੰ ਵੀ ਰੱਦ ਕਰ ਰਿਹੈ**

ਮਨਦੀਪ ਕੌਰ ਦੇ ਰੋਂਦੇ-ਵਿਲਖਦੇ ਪਿਤਾ ਜਸਪਾਲ ਸਿੰਘ ਕਹਿੰਦੇ, ‘ਜੇ ਮੇਰੀ ਧੀ ਪੁੱਤ ਜੰਮਦੀ ਤਾਂ ਅੱਜ ਜ਼ਿੰਦਾ ਹੁੰਦੀ’ - ਮਨਦੀਪ ਦਾ ਪਤੀ ਅਤੇ ਉਸ ਦੀ ਸੱਸ ਮੇਰੀ ਧੀ ਦੀਆਂ ਦੋ ਬੇਟੀਆਂ ਹੋਣ ’ਤੇ ਅਕਸਰ ਤੰਗ ਕਰਦੇ ਸਨ। ਭਾਰਤ ਵਿੱਚ ਉਸ ਨੂੰ ਮਾਰਨਾ ਸੌਖਾ ਨਹੀਂ ਸੀ। ਇੱਥੇ ਅਸੀਂ ਸਾਰੇ ਸੀ। ਅਮਰੀਕਾ ਵਿੱਚ ਅਸੀਂ ਆਪਣੀ ਧੀ ਦੀ ਕਿਵੇਂ ਮਦਦ ਕਰਦੇ।’

‘ਉਨਾਂ ਨੇ ਮੇਰੀ ਮਨਦੀਪ ਨੂੰ ਇਸ ਹੱਦ ਤੱਕ ਮਾਨਸਿਕ ਅਤੇ ਸਰੀਰਕ ਤਸੀਹੇ ਦਿੱਤੇ ਕਿ ਉਹ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋ ਗਈ। ਮੈਂ ਚਾਹੁੰਦਾ ਹਾਂ ਕਿ ਸਰਕਾਰ ਉਸ ਦੇ ਪਤੀ ਰਣਜੋਤਵੀਰ ਸਿੰਘ ਨੂੰ ਅਜਿਹੀ ਸਖ਼ਤ ਸਜ਼ਾ ਦੇਵੇ ਕਿ ਕੋਈ ਬੇਟੀ ਇਸ ਤਰਾਂ ਮਰਨ ਲਈ ਮਜਬੂਰ ਨਾ ਹੋਵੇ।’

ਮਨਦੀਪ ਕੌਰ ਦੀ ਭੈਣ ਕੁਲਦੀਪ ਕੌਰ ਨੇ ਦੱਸਿਆ, ‘ਮੇਰੀ ਭੈਣ ਦਾ ਵਿਆਹ 2015 ਵਿੱਚ ਹੋਇਆ ਸੀ ਅਤੇ ਉਸ ਤੋਂ ਬਾਅਦ ਉਹ ਨਿਊਯਾਰਕ ਚਲੀ ਗਈ।’ ‘ਉਸ ਦੇ ਪਤੀ ਨੇ ਥੋੜੇ ਸਮੇਂ ਬਾਅਦ 50 ਲੱਖ ਰੁਪਏ ਦੀ ਮੰਗ ਕੀਤੀ ਅਤੇ ਇਸੇ ਨਾਲ ਹੀ ਕਿਹਾ ਕਿ ਉਸ ਨੂੰ ਇਕ ਬੇਟਾ ਚਾਹੀਦਾ ਹੈ।’ ਮਨਦੀਪ ਕੌਰ ਦੀ ਮੌਤ ਤੋਂ ਬਾਅਦ ਅਮਰੀਕਾ ਵਿੱਚ ਭਾਰਤੀ ਭਾਈਚਾਰੇ ਵੱਲੋਂ ਕਈ ਜਗਾ ਵਿਰੋਧ ਪ੍ਰਦਰਸ਼ਨ ਵੀ ਕੀਤਾ ਗਿਆ ਹੈ ਅਤੇ ਮਨਦੀਪ ਦੇ ਪਤੀ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ ਹੈ।

ਨਿਊਯਾਰਕ ਵਿਚ ਭਾਰਤੀ ਦੂਤਾਵਾਸ ਨੇ ਲਿਆ ਨੋਟਿਸ

ਨਿਊਯਾਰਕ ਸਿਟੀ ਵਿੱਚ ਭਾਰਤੀ ਸਫ਼ਾਰਤਖ਼ਾਨੇ ਨੇ ਪਤੀ ਦੇ ਤਸ਼ੱਦਦ ਤੋਂ ਦੁਖੀ ਹੋ ਕੇ ਖ਼ੁਦਕੁਸ਼ੀ ਕਰਨ ਵਾਲੀ ਮਨਦੀਪ ਕੌਰ ਦੀ ਮੌਤ ’ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਕਿਹਾ ਕਿ ਉਸ ਵੱਲੋਂ ਪੀੜਤ ਪਰਿਵਾਰ ਨੂੰ ਹਰ ਤਰਾਂ ਦੀ ਲੋੜੀਂਦੀ ਦੀ ਮਦਦ ਮੁਹੱਈਆ ਕਰਵਾਈ ਜਾਵੇਗੀ। ਉਧਰ, ਪੀੜਤਾ ਦੇ ਪਿਤਾ ਜਸਪਾਲ ਸਿੰਘ ਦੀ ਸ਼ਿਕਾਇਤ ’ਤੇ ਬਿਜਨੌਰ ਪੁਲਿਸ ਨੇ ਮਨਦੀਪ ਕੌਰ ਦੇ ਪਤੀ ਰਣਜੋਤਵੀਰ ਸਿੰਘ ਸੰਧੂ, ਸਹੁਰੇ ਮੁਖਤਾਰ ਸਿੰਘ, ਸੱਸ ਕੁਲਦੀਪ ਰਾਜ ਕੌਰ ਅਤੇ ਦਿਉਰ ਜਸਵੀਰ ਸਿੰਘ ਵਿਰੁੱਧ ਖੁਦਕੁਸ਼ੀ ਲਈ ਉਕਸਾਉਣ ਅਤੇ ਘਰੇਲੂ ਹਿੰਸਾ ਦਾ ਮਾਮਲਾ ਦਰਜ ਕੀਤਾ ਹੈ।

ਇਸੇ ਦੌਰਾਨ ਟਵੀਟ ਵਿੱਚ ਭਾਰਤੀ ਸਫ਼ਾਰਤਖ਼ਾਨੇ ਨੇ ਲਿਖਿਆ, ‘ਅਸੀਂ ਕੁਈਨਜ਼ (ਨਿਊਯਾਰਕ) ਵਿੱਚ ਮਨਦੀਪ ਕੌਰ ਦੀ ਮੌਤ ਤੋਂ ਬਹੁਤ ਦੁਖੀ ਹਾਂ। ਅਸੀਂ ਸੰਘੀ ਅਤੇ ਸਥਾਨਕ ਪੱਧਰ ’ਤੇ ਅਮਰੀਕੀ ਅਧਿਕਾਰੀਆਂ ਦੇ ਨਾਲ ਨਾਲ ਭਾਈਚਾਰੇ ਦੇ ਸੰਪਰਕ ਵਿੱਚ ਹਾਂ। ਅਸੀਂ ਹਰ ਤਰਾਂ ਦੀ ਮਦਦ ਕਰਨ ਲਈ ਤਿਆਰ ਹਾਂ।’

ਮਨਦੀਪ ਕੌਰ ਦੀ ਮੌਤ ਤੋਂ ਬਾਅਦ ਪੰਜਾਬ ਤੋਂ ਰਾਜ ਸਭਾ ਸੰਸਦ ਮੈਂਬਰ ਰਾਘਵ ਚੱਢਾ ਨੇ ਕਿਹਾ ਹੈ ਕਿ ਉਨਾਂ ਨੇ ਇਸ ਮਾਮਲੇ ਵਿੱਚ ਕੇਂਦਰੀ ਵਿਦੇਸ਼ ਮੰਤਰੀ ਤੋਂ ਸਮਾਂ ਮੰਗਿਆ। ਰਾਘਵ ਚੱਢਾ ਨੇ ਟਵੀਟ ਕਰਦੇ ਹੋਏ ਆਖਿਆ ਕਿ ਮਨਦੀਪ ਕੌਰ ਦੀ ਘਰੇਲੂ ਹਿੰਸਾ ਕਰਕੇ ਮੌਤ ਦੁੱਖਦਾਈ ਹੈ ਅਤੇ ਇਸ ਘਟਨਾ ਨੇ ਸਭ ਨੂੰ ਤੋੜ ਕੇ ਰੱਖ ਦਿੱਤਾ ਹੈ। ਪੰਜਾਬ ਸਰਕਾਰ ਵਿਚ ਸੈਰ-ਸਪਾਟਾ ਮੰਤਰੀ ਅਨਮੋਲ ਗਗਨ ਮਾਨ ਨੇ ਵੀ ਪੋਸਟ ਕਰਦੇ ਹੋਏ ਆਖਿਆ ਹੈ, ‘ਦੁਨੀਆ ਭਰ ਦੀਆਂ ਔਰਤਾਂ ਨੂੰ ਘਰੇਲੂ ਹਿੰਸਾ ਵਿਰੁੱਧ ਇਕਜੁੱਟ ਹੋ ਕੇ ਅਵਾਜ਼ ਚੁੱਕਣੀ ਚਾਹੀਦੀ ਹੈ ਤਾਂ ਜੋ ਕਿਸੇ ਔਰਤ ਨਾਲ ਅਜਿਹੀ ਘਟਨਾ ਨਾ ਵਾਪਰੇ।

TRANS-ALLIANCE
TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE
MORE: BAYS. EXPERTISE. SOLUTIONS.

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

# ਭਾਰਤ ਤੇ ਤਾਇਵਾਨ ਲਈ ਚੀਨ ਬਣਿਆ ਖ਼ਤਰਾ

## ✪ ਨੈਂਸੀ ਵਲੋਂ ਤਾਈਵਾਨ ਨੂੰ ਭਰੋਸਾ ਕਿ ਅਮਰੀਕਾ ਤਾਈਵਾਨ ਨੂੰ ਕਦੇ ਵੀ ਇਕੱਲਾ ਨਹੀਂ ਛੱਡੇਗਾ ✪ ਚੀਨੀ ਫ਼ੌਜ ਨੇ ਤਾਈਵਾਨ ਦੇ ਆਲੇ-ਦੁਆਲੇ ਜੰਗੀ ਅਭਿਆਸ ਕੀਤਾ ਤੇਜ਼ ✪ ਭਾਰਤ ਨੇ ਚੀਨ ਕੋਲ ਲੱਦਾਖ ਵਿਚ ਹਵਾਈ ਖੇਤਰ ਦੀ ਉਲੰਘਣਾ 'ਤੇ ਉਠਾਇਆ ਇਤਰਾਜ਼

**ਪ੍ਰਗਟ ਸਿੰਘ ਜੰਡਿਆਲਾ ਗੁਰੂ**

ਅਮਰੀਕੀ ਸੰਸਦ ਦੇ ਹੇਠਲੇ ਸਦਨ ਦੀ ਸਪੀਕਰ ਨੈਂਸੀ ਪੇਲੋਸੀ ਦੇ ਤਾਇਵਾਨ ਦੌਰੇ ਨੂੰ ਲੈ ਕੇ ਚੀਨ ਨੇ ਪੂਰਬੀ ਏਸ਼ੀਆ ਵਿਚ ਫ਼ੌਜੀ ਤਣਾਅ ਨੂੰ ਜਨਮ ਦੇ ਦਿੱਤਾ ਹੈ। ਚੀਨ ਦਾ ਸਰਕਾਰੀ ਮੀਡੀਆ ਪਹਿਲਾਂ ਤੋਂ ਹੀ ਧਮਕੀ ਦੇ ਰਿਹਾ ਸੀ ਕਿ ਜੇਕਰ ਨੈਂਸੀ ਨੇ ਤਾਇਵਾਨ ਆਉਣ ਦਾ ਯਤਨ ਕੀਤਾ ਤਾਂ ਚੀਨ ਉਸ ਦੇ ਜਹਾਜ਼ ਨੂੰ ਨਿਸ਼ਾਨਾ ਬਣਾਵੇਗਾ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਫੋਨ 'ਤੇ ਅੱਗ ਨਾਲ ਨਾ ਖੇਡਣ ਦੀ ਚਿਤਾਵਨੀ ਵੀ ਦੇ ਦਿੱਤੀ ਸੀ ਪਰ ਨੈਂਸੀ ਪੇਲੋਸੀ ਅਮਰੀਕੀ ਅਤੇ ਤਾਇਵਾਨੀ ਹਵਾਈ ਫ਼ੌਜ ਦੇ ਸੁਰੱਖਿਆ ਘੇਰੇ ਵਿਚ ਤਾਇਪੇ ਪੁੱਜੀ। ਅਮਰੀਕੀ ਪ੍ਰਤੀਨਿਧੀ ਸਭਾ ਦੀ ਸਪੀਕਰ ਨੈਂਸੀ ਪੇਲੋਸੀ ਨੇ ਕਿਹਾ ਕਿ ਉਸ ਨੇ ਅਤੇ ਉਸਦੇ ਵਫ਼ਦ ਵਿਚ ਕਾਂਗਰਸ ਦੇ ਹੋਰ ਮੈਂਬਰਾਂ ਨੇ ਸਵੈ-ਸ਼ਾਸਨ ਵਾਲੇ ਦੀਪ ਤਾਈਵਾਨ ਨੂੰ ਭਰੋਸਾ ਦਿੱਤਾ ਹੈ ਕਿ ਅਮਰੀਕਾ ਤਾਈਵਾਨ ਨੂੰ ਕਦੇ ਵੀ ਇਕੱਲਾ ਨਹੀਂ ਛੱਡੇਗਾ। ਉਹ ਆਪਣੀ ਵਚਨਬੱਧਤਾ ਤੋਂ ਪਿੱਛੇ ਨਹੀਂ ਹਟਣਗੇ। ਇਸ ਤੋਂ ਪਹਿਲਾਂ ਪੇਲੋਸੀ ਨੇ ਆਪਣੇ ਤਾਈਵਾਨ ਦੌਰੇ ਦੌਰਾਨ ਰਾਸ਼ਟਰਪਤੀ ਤਸਾਈ ਇੰਗ-ਵੇਨ ਨਾਲ ਮੁਲਾਕਾਤ ਕੀਤੀ।ਜਿਸ ਦੌਰਾਨ ਪੇਲੋਸੀ ਨੇ ਆਪਣੇ ਸੰਖੇਪ ਭਾਸ਼ਨ ਵਿਚ ਕਿਹਾ ਕਿ ਤਾਈਵਾਨ ਅਤੇ ਦੁਨੀਆ ਭਰ ਵਿਚ ਲੋਕਤੰਤਰ ਨੂੰ ਸੁਰੱਖਿਅਤ ਰੱਖਣ ਲਈ ਅਮਰੀਕਾ ਦਾ ਦ੍ਰਿੜ ਇਰਾਦਾ ਕਾਇਮ ਹੈ। ਇਸ ਮੌਕੇ ਤਾਈਵਾਨ ਦੀ ਰਾਸ਼ਟਰਪਤੀ ਨੇ ਚੀਨ ਦੀਆਂ ਧਮਕੀਆਂ ਦੇ ਸੰਬੰਧ ਵਿਚ ਕਿਹਾ ਕਿ ਉਹ ਪਿੱਛੇ ਨਹੀਂ ਹਟਣਗੇ।ਅਸੀਂ ਦ੍ਰਿੜਤਾ ਨਾਲ ਆਪਣੇ ਦੇਸ਼ ਦੀ ਪ੍ਰਭੂਸੱਤਾ ਨੂੰ ਬਣਾਈ ਰੱਖਾਂਗੇ। ਪੇਲੋਸੀ ਨੇ ਤਾਈਵਾਨ ਦੀ ਸੰਸਦ ਨੂੰ ਵੀ ਸੰਬੋਧਨ ਕੀਤਾ।ਇਸ ਦੌਰਾਨ ਪੇਲੋਸੀ ਨੇ ਕਿਹਾ ਕਿ ਸੁਰੱਖਿਆ ਦੇ ਮੁੱਦੇ 'ਤੇ ਅਮਰੀਕਾ ਤਾਈਵਾਨ ਦਾ ਸਾਥ ਦੇਵੇਗਾ। ਅਸੀਂ ਹਰ ਪਲ ਉਨਾਂ ਦੇ ਨਾਲ ਹਾਂ।ਉਨਾਂ ਕਿਹਾ ਕਿ ਅਮਰੀਕਾ ਨੇ 43 ਸਾਲ ਪਹਿਲਾਂ ਤਾਈਵਾਨ ਦੇ ਨਾਲ ਖੜੇ ਰਹਿਣ ਦਾ ਜੋ ਵਾਅਦਾ ਕੀਤਾ ਸੀ, ਉਹ ਉਸ 'ਤੇ ਅੱਜ ਵੀ ਕਾਇਮ ਹੈ।

ਅਮਰੀਕੀ ਪ੍ਰਤੀਨਿਧੀ ਸਭਾ ਦੀ ਸਪੀਕਰ ਨੈਨਸੀ ਪੇਲੋਸੀ ਦੇ ਤਾਇਵਾਨ ਦੌਰੇ ਦੇ ਜਵਾਬ ਵਿੱਚ ਚੀਨੀ ਜਲ ਸੈਨਾ ਵੱਲੋਂ ਮਿਜ਼ਾਈਲਾਂ ਦਾਗ਼ਣ ਤੋਂ ਬਾਅਦ ਤਾਇਵਾਨ ਨੇ ਕਈ ਉਡਾਣਾਂ ਰੱਦ ਕਰ ਦਿੱਤੀਆਂ। ਚੀਨ ਤਾਇਵਾਨ ਨੂੰ ਆਪਣਾ ਖੇਤਰ ਮੰਨਦਾ ਹੈ। ਚੀਨ ਨੇ ਵੀ ਸਮੁੰਦਰੀ ਤੇ ਹਵਾਈ ਜਹਾਜ਼ਾਂ ਨੂੰ ਫੌਜੀ ਅਭਿਆਸ ਦੌਰਾਨ ਆਪਣੀਆਂ ਸੇਵਾਵਾਂ ਠੱਪ ਰੱਖਣ ਆਦੇਸ਼ ਦਿੱਤਾ ਹੈ। ਪੱਛਮੀ ਮੀਡੀਆ ਨੇ ਇਸ ਨੂੰ ਤਾਈਵਾਨ ਦੀ ਪ੍ਰਭਾਵਸ਼ਾਲੀ ਨਾਕਾਬੰਦੀ ਕਰਾਰ ਦਿੱਤਾ ਹੈ। ਇਹ ਵੀ ਅਟਕਲਾਂ ਲਗਾਈਆਂ ਜਾ ਰਹੀਆਂ ਹਨ ਕਿ ਚੀਨੀ ਫ਼ੌਜ ਤਾਈਵਾਨ ਦੀ ਮੁਕੰਮਲ ਨਾਕਾਬੰਦੀ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ। ਚੀਨੀ ਫ਼ੌਜ ਦੀ ਪੂਰਬੀ ਥੇਟਰ ਕਮਾਂਡ ਨੇ ਕਿਹਾ ਕਿ ਤਾਈਵਾਨ ਦੇ ਉੱਤਰ, ਦੱਖਣ-ਪੱਛਣ ਅਤੇ ਦੱਖਣ-ਪੂਰਬ ਵਿਚ ਸਮੁੰਦਰ ਅਤੇ ਹਵਾਈ ਖ਼ੇਤਰ ਵਿਚ ਜੰਗੀ ਅਭਿਆਸ ਵਿਚ ਜਲ ਸੈਨਾ, ਹਵਾਈ ਸੈਨਾ, ਰਾਕੇਟ ਬਲ, ਕੂਟਨੀਤਕ ਸਹਾਇਤਾ ਬਲ ਅਤੇ ਸੰਯੁਕਤ ਸਹਾਇਤਾ ਬਲ ਸ਼ਾਮਿਲ ਹਨ।

ਤਾਈਵਾਨ ਨੇ ਕਿਹਾ ਹੈ ਕਿ ਉਹ ਚੀਨ ਦੇ ਫ਼ੌਜੀ ਅਭਿਆਸਾਂ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਉਹ ਲੜਾਈ ਲਈ ਤਿਆਰ ਹੈ, ਪਰ ਫਿਲਹਾਲ ਇਸ ਤੋਂ ਬਚ ਰਿਹਾ ਹੈ। ਇਸ ਨੇ ਚੀਨ ਦੇ ਫ਼ੌਜੀ ਅਭਿਆਸ ਨੂੰ ਗ਼ੈਰ-ਕਾਨੂੰਨੀ, ਗੈਰ-ਜ਼ਿੰਮੇਵਾਰਾਨਾ ਅਤੇ ਸੰਯੁਕਤ ਰਾਸ਼ਟਰ ਦੇ ਨਿਯਮਾਂ ਦੇ ਖ਼ਿਲਾਫ਼ ਕਿਹਾ ਹੈ।





ਅਮਰੀਕੀ ਸੰਸਦ ਦੇ ਹੇਠਲੇ ਸਦਨ ਪ੍ਰਤੀਨਿਧ ਦੀ ਸਪੀਕਰ ਅਤੇ ਡੈਮੋਕਰੇਟਿਕ ਸੰਸਦ ਮੈਂਬਰ ਨੈਨਸੀ ਪੇਲੋਸੀ ਦੇ ਤਾਈਵਾਨ ਦੌਰੇ ਤੋਂ ਚੀਨ ਨਾਰਾਜ਼ ਹੈ। ਪੇਲੋਸੀ ਪਿਛਲੇ ਕਰੀਬ ਢਾਈ ਦਹਾਕਿਆਂ ਵਿਚ ਤਾਈਵਾਨ ਦਾ ਦੌਰਾ ਕਰਨ ਵਾਲੀ ਅਮਰੀਕਾ ਦੀ ਸਭ ਤੋਂ ਵੱਡੀ ਨੇਤਾ ਰਹੀ ਹੈ। ਚੀਨ ਤਾਈਵਾਨ ਨੂੰ ਆਪਣਾ ਖੇਤਰ ਮੰਨਦਾ ਹੈ ਅਤੇ ਦੂਜੇ ਦੇਸ਼ਾਂ ਦੇ ਨੇਤਾਵਾਂ ਦੇ ਦੌਰੇ ਦਾ ਵਿਰੋਧ ਕਰਦਾ ਹੈ।

ਪੇਲੋਸੀ ਨੇ ਇਕ ਦਿਨ ਦੇ ਦੌਰੇ ਤੋਂ ਬਾਅਦ ਬੁੱਧਵਾਰ ਨੂੰ ਤਾਈਵਾਨ ਛੱਡ ਦਿੱਤਾ। ਕੁਝ ਘੰਟਿਆਂ ਬਾਅਦ, ਬੀਤੇ ਵੀਰਵਾਰ ਨੂੰ ਤੜਕੇ, ਚੀਨ ਨੇ ਤਾਈਵਾਨ ਸਟ੍ਰੇਟ ਵਿੱਚ ਆਪਣਾ ਹੁਣ ਤੱਕ ਦਾ ਸਭ ਤੋਂ ਵੱਡਾ ਫ਼ੌਜੀ ਅਭਿਆਸ ਸ਼ੁਰੂ ਕੀਤਾ। ਇਹ ਅਭਿਆਸ ਤਾਈਵਾਨ ਦੇ ਉੱਤਰ, ਦੱਖਣ ਅਤੇ ਪੂਰਬ ਦੇ ਪਾਣੀਆਂ ਵਿੱਚ ਚੱਲ ਰਿਹਾ ਹੈ। ਚੀਨੀ ਜੰਗੀ ਜਹਾਜ਼ ਅਤੇ ਲੜਾਕੂ ਜਹਾਜ਼ ਤਾਈਵਾਨ ਦੇ ਤੱਟ ਤੋਂ ਸਿਰਫ਼ 20 ਕਿਲੋਮੀਟਰ ਦੂਰ ਚੱਕਰ ਲਗਾ ਰਹੇ ਹਨ। ਤਾਈਵਾਨ ਨੇ ਚੀਨ 'ਤੇ ਸਾਈਬਰ ਹਮਲਿਆਂ ਦਾ ਵੀ ਦੋਸ਼ ਲਗਾਇਆ ਹੈ। ਤਾਈਵਾਨ ਨੇ ਕਿਹਾ ਕਿ ਵੀਰਵਾਰ ਨੂੰ ਉਸਦੇ ਕਈ ਸਰਕਾਰੀ ਦਫਤਰਾਂ ਦੇ ਨੈਟਵਰਕ ਨੂੰ ਸੰਖੇਪ ਵਿੱਚ ਹੈਕ ਕੀਤਾ ਗਿਆ ਸੀ। ਇਸ ਦੇ ਹਵਾਈ ਖੇਤਰ ਵਿਚ ਸ਼ੱਕੀ ਡਰੋਨ ਵੀ ਦੇਖੇ ਗਏ ਹਨ। ਚੀਨ ਤਾਈਵਾਨ ਨੂੰ ਆਪਣਾ ਪ੍ਰਭੂਸੱਤਾ ਖੇਤਰ ਹੋਣ ਦਾ ਦਾਅਵਾ ਕਰਦਾ ਹੈ। ਉਸਨੇ ਕਈ ਵਾਰ ਤਾਈਵਾਨ ਨੂੰ ਜ਼ਬਰਦਸਤੀ ਨਾਲ ਜੋੜਨ ਦੀ ਧਮਕੀ ਵੀ ਦਿੱਤੀ ਹੈ। ਚੀਨ ਨੇ ਇਕ ਵਾਰ ਫਿਰ ਕਿਹਾ ਕਿ ਤਾਈਵਾਨ ਨਾਲ ਮਤਭੇਦ ਉਸ ਦਾ ਅੰਦਰੂਨੀ ਮਾਮਲਾ ਹੈ। ਉਹ ਤਾਈਵਾਨ ਦੀ ਆਜ਼ਾਦੀ ਦਾ ਸਮਰਥਨ ਕਰਨ ਵਾਲੇ ਜਾਂ ਆਪਣੀ ਆਵਾਜ਼ ਉਠਾਉਣ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਦੰਡਕਾਰੀ ਕਾਰਵਾਈ ਕਰੇਗਾ।

ਚੀਨੀ ਫ਼ੌਜ ਨੇ ਕਈ ਮਿਜ਼ਾਈਲਾਂ ਇਸ ਤਰਾਂ ਦਾਗੀਆਂ ਕਿ ਉਹ ਤਾਇਵਾਨ ਦੇ ਹਵਾਈ ਖੇਤਰ ਤੋਂ ਹੋ ਕੇ ਜਾਪਾਨ ਦੇ ਇਕਨੋਮਿਕ ਜ਼ੋਨ ਵਿਚ ਜਾ ਕੇ ਡਿੱਗੀਆਂ। ਅਮਰੀਕੀ ਬੋਧਿਕ ਹਲਕਿਆਂ ਦਾ ਮੰਨਣਾ ਹੈ ਕਿ ਜੇਕਰ ਅਮਰੀਕਾ ਚੀਨੀ ਧਮਕੀਆਂ ਕਾਰਨ ਨੈਂਸੀ ਦਾ ਦੌਰਾ ਰੱਦ ਕਰਦਾ ਤਾਂ ਚੀਨ ਕੱਲ ਨੂੰ ਅਜਿਹੀਆਂ ਹੀ ਧਮਕੀਆਂ ਭਾਰਤੀ ਨੇਤਾਵਾਂ ਨੂੰ ਅਰੁਣਾਚਲ ਪ੍ਰਦੇਸ਼ ਵਰਗੇ ਇਲਾਕਿਆਂ ਦੇ ਦੌਰੇ ਨੂੰ ਲੈ ਕੇ ਦੇ ਸਕਦਾ ਸੀ। ਯਾਦ ਰਹੇ ਕਿ ਸੰਨ 1954-55 ਅਤੇ 1958 ਵਿਚ ਤਾਂ ਚੀਨੀ ਫ਼ੌਜ ਨੇ ਤਾਇਵਾਨ ਦੇ ਕਈ ਟਾਪੂਆਂ 'ਤੇ ਕਬਜ਼ਾ ਕਰਨ ਦੀ ਅਸਫਲ ਕੋਸ਼ਿਸ਼ ਵੀ ਕੀਤੀ ਸੀ। ਦੂਜੇ ਸੰਕਟ ਦੇ ਸਮੇਂ ਜਦ ਅਮਰੀਕੀ ਰਾਸ਼ਟਰਪਤੀ ਆਈਜਨਹਾਵਰ ਨੇ ਤਾਇਪੇ ਦਾ ਦੌਰਾ ਕੀਤਾ ਸੀ ਤਾਂ ਚੀਨੀ ਫ਼ੌਜ ਨੇ ਤਾਇਵਾਨ ਦੇ ਕਿਨਮੇਨ ਟਾਪੂ 'ਤੇ ਇਕ ਲੱਖ ਤੋਂ ਵੱਧ ਗੋਲੇ ਵਰਾਏ ਸਨ।ਉਦੋਂ ਤਾਇਵਾਨ ਦੇ ਨਾਲ ਹਵਾਈ ਝੜਪਾਂ ਵਿਚ ਚੀਨੀ ਹਵਾਈ ਫ਼ੌਜ ਨੂੰ 51 ਜੰਗੀ ਜਹਾਜ਼ ਗੁਆਉਣੇ ਪਏ ਸਨ। ਪਹਿਲਾਂ ਦੇ ਦੋਨੋਂ ਹੀ ਸੰਕਟਾਂ ਦੌਰਾਨ ਅਮਰੀਕੀ ਫ਼ੌਜ ਨੇ ਚੀਨ ਵਿਰੁੱਧ ਪਰਮਾਣੂ ਹਥਿਆਰਾਂ ਦੇ ਇਸਤੇਮਾਲ ਦੀ ਸਿਫ਼ਾਰਸ਼ ਕਰ ਦਿੱਤੀ ਸੀ। ਇਸ ਕਾਰਨ ਮਾਓ ਨੂੰ ਆਪਣੇ ਕਦਮ ਵਾਪਸ ਖਿੱਚਣੇ ਪਏ ਸਨ। ਸੰਨ 1995-96 ਦੌਰਾਨ ਤਾਇਵਾਨ ਨੂੰ ਲੈ ਕੇ ਚੀਨ ਨੇ ਇਸੇ ਤਰਾਂ ਦਾ ਹੰਗਾਮਾ ਖੜਾ ਕੀਤਾ ਸੀ ਕਿਉਂਕਿ ਤਾਇਵਾਨ ਦੇ ਰਾਸ਼ਟਰਪਤੀ ਨੂੰ ਇਕ ਅਮਰੀਕੀ ਯੂਨੀਵਰਸਿਟੀ ਵਿਚ ਭਾਸ਼ਣ ਦੇਣ ਲਈ ਵੀਜ਼ਾ ਦੇ ਦਿੱਤਾ ਗਿਆ ਸੀ। ਅਮਰੀਕਾ ਨੇ ਆਪਣੇ ਜ਼ਖ਼ਮਾਂ ਦਾ ਬਦਲਾ ਲੈਣ ਦੇ ਇਰਾਦੇ ਨਾਲ ਜਾਪਾਨ ਦੇ ਖ਼ਾਸ ਉਦਯੋਗਿਕ ਸ਼ਹਿਰ ਹੀਰੋਸ਼ੀਮਾ 'ਤੇ ਐਟਮ ਬੰਬ ਸੁੱਟ ਦਿੱਤਾ ਸੀ

ਉਦੋਂ ਵੀ ਚੀਨ ਨੇ ਮਿਜ਼ਾਈਲਾਂ ਦਾਗ ਕੇ ਖ਼ੂਬ ਫ਼ੌਜੀ ਤਣਾਅ ਵਧਾਇਆ ਸੀ ਜਿਸ ਦੇ ਜਵਾਬ ਵਿਚ ਅਮਰੀਕਾ ਨੇ ਆਪਣੇ ਸੱਤਵੇਂ ਸਮੁੰਦਰੀ ਬੇੜੇ ਨੂੰ ਤਾਇਵਾਨ ਸਟ੍ਰੇਟ ਵਿਚ ਭੇਜ ਦਿੱਤਾ ਸੀ। ਬਾਅਦ ਵਿਚ ਪਤਾ ਲੱਗਾ ਸੀ ਕਿ ਚੀਨ ਦੁਆਰਾ ਦਾਗੀਆਂ ਗਈਆਂ ਮਿਜ਼ਾਈਲਾਂ ਬਿਨਾਂ ਕਿਸੇ ਵਿਸਫੋਟਕ ਦੇ ਸਨ। ਇਸ ਵਾਰ ਵੀ ਇਸੇ ਸਭ ਕੁਝ ਨੂੰ ਦੁਹਰਾਇਆ ਜਾ ਰਿਹਾ ਪ੍ਰਤੀਤ ਹੁੰਦਾ ਹੈ। ਤਾਇਵਾਨ ਚੀਨ ਦੇ ਉਸ ਭੂਗੋਲਿਕ ਸਰਾਪ ਦਾ ਹਿੱਸਾ ਹੈ ਜੋ ਉਸ ਨੂੰ ਇਕ ਸਮੁੰਦਰੀ ਸ਼ਕਤੀ ਦੇ ਰੂਪ ਵਿਚ ਪੈਰ ਨਹੀਂ ਪਸਾਰਨ ਦਿੰਦਾ। ਤਮਾਮ ਭੂਗੋਲਿਕ ਵਿਸਥਾਰ ਦੇ ਬਾਵਜੂਦ ਚੀਨ ਦੇ ਪੂਰਬ ਵਿਚ ਹੀ ਸਮੁੰਦਰ ਹੈ ਅਤੇ ਤਟ ਤੋਂ ਕੁਝ ਦੂਰੀ 'ਤੇ ਹੀ ਤਾਇਵਾਨ ਹੈ ਜਿਸ ਨੂੰ ਅਮਰੀਕਾ ਸਥਾਈ ਜਹਾਜ਼ ਵਾਹਕ ਬੇੜੇ ਦੀ ਤਰਾਂ ਇਸਤੇਮਾਲ ਕਰ ਰਿਹਾ ਹੈ। ਤਾਇਵਾਨ ਦੇ ਅੱਗੇ ਜਾਪਾਨ ਹੈ ਜਿੱਥੇ ਅਮਰੀਕੀ ਫ਼ੌਜ ਤਾਇਨਾਤ ਹੈ।

ਹੁਣ ਅਮਰੀਕਾ ਨੇ ਇਸ ਸਮੁੰਦਰੀ ਇਲਾਕੇ ਵਿਚ ਵਿਆਪਕ ਸਮੁੰਦਰੀ ਫ਼ੌਜ ਦੀ ਸ਼ਕਤੀ ਦਾ ਮੁਜ਼ਾਹਰਾ ਕਰਨ ਦਾ ਐਲਾਨ ਕਰ ਦਿੱਤਾ ਹੈ। ਇਸ ਨਾਲ ਸੰਸਾਰ ਜੰਗ ਦੀ ਸੰਭਾਵਨਾ ਬਣ ਰਹੀ ਹੈ। ਅਜਿਹੇ ਵਿਚ ਖ਼ਤਰਾ ਇਹ ਹੈ ਕਿ ਸ਼ੀ ਜਿਨਪਿੰਗ ਜਾਂ ਤਾਂ ਤਾਇਵਾਨ ਦੇ ਕੁਝ ਛੋਟੇ ਟਾਪੂਆਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰੇਗਾ ਜਾਂ ਫਿਰ ਭਾਰਤੀ ਮੁਹਾਜ਼ 'ਤੇ ਧਿਆਨ ਕੇਂਦ੍ਰਿਤ ਕਰਨਗੇ। ਧਿਆਨ ਰਹੇ ਕਿ ਜੂਨ ਤੋਂ ਹੀ ਚੀਨੀ ਜੰਗੀ ਜਹਾਜ਼ ਲੱਦਾਖ ਵਿਚ ਹਕੀਕੀ ਕੰਟਰੋਲ ਲਾਈਨ ਦੇ ਬਹੁਤ ਨੇੜੇ ਉਡਾਣ ਭਰ ਰਹੇ ਹਨ। ਭਾਰਤੀ ਫ਼ੌਜ ਤੇ ਚੀਨੀ ਕਮਾਂਡਰਾਂ ਦਰਮਿਆਨ ਲੱਦਾਖ ਦੇ ਚਿਸ਼ੂਲ ਮੋਲਦੋ ਇਲਾਕੇ ਵਿਚ ਬੀਤੇ ਹਫਤੇ ਹੋਈ ਅਹਿਮ ਬੈਠਕ ਦੌਰਾਨ ਭਾਰਤ ਨੇ ਚੀਨ ਵਲੋਂ ਪੂਰਬੀ ਲੱਦਾਖ ਵਿਚ ਅਸਲ ਕੰਟਰੋਲ ਰੇਖਾ (ਐਲ.ਏ.ਸੀ) 'ਤੇ ਹਵਾਈ ਖੇਤਰ ਦੀ ਕੀਤੀ ਜਾ ਰਹੀ ਉਲੰਘਣਾ ਦਾ ਸਖ਼ਤ ਇਤਰਾਜ਼ ਉਠਾਇਆ।ਪੂਰਬੀ ਲੱਦਾਖ ਵਿਚ ਪਿਛਲੇ 45 ਦਿਨਾਂ ਵਿਚ ਚੀਨ ਵਲੋਂ ਹਵਾਈ ਖੇਤਰ ਦੀ ਕਈ ਵਾਰ ਉਲੰਘਣਾ ਕੀਤੀ ਜਾ ਚੁੱਕੀ ਹੈ।ਬੈਠਕ ਦੌਰਾਨ ਭਾਰਤੀ ਪੱਖ ਨੇ ਕਿਹਾ ਕਿ ਚੀਨ ਨੂੰ ਅਸਲ ਕੰਟਰੋਲ ਰੇਖਾ 'ਤੇ 10 ਕਿਲੋਮੀਟਰ ਦੇ 'ਨੋ ਫਲਾਈ ਜ਼ੋਨ' ਦੀ ਪਾਲਣਾ ਕਰਨੀ ਚਾਹੀਦੀ ਹੈ।ਇਸ ਬੈਠਕ ਦੀ ਖ਼ਾਸ ਗੱਲ ਇਹ ਰਹੀ ਕਿ ਭਾਰਤ ਅਤੇ ਚੀਨ ਦਰਮਿਆਨ ਲੰਮੇ ਸਮੇਂ ਤੋਂ ਜਾਰੀ ਸੈਨਿਕ ਗੱਲਬਾਤ ਵਿਚ ਪਹਿਲੀ ਵਾਰ ਹਵਾਈ ਸੈਨਾ ਦੇ ਅਧਿਕਾਰੀਆਂ ਨੇ ਹਿੱਸਾ ਲਿਆ। ਮੇਜਰ ਜਨਰਲ ਰੈਂਕ ਦੇ ਅਧਿਕਾਰੀ ਦੀ ਅਗਵਾਈ ਵਿਚ ਹੋਈ ਇਸ ਬੈਠਕ ਵਿਚ ਹਵਾਈ ਫ਼ੌਜ ਦੇ ਏਅਰ ਕਮਾਂਡਰ ਵੀ ਹਾਜ਼ਰ ਸਨ।

ਸਥਿਤੀ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਭਾਰਤ ਨੂੰ ਇਸ ਖੇਤਰ ਵਿਚ ਐੱਸ-400 ਮਿਜ਼ਾਈਲ ਪ੍ਰਣਾਲੀ ਦੀ ਦੂਜੀ ਬਟਾਲੀਅਨ ਨੂੰ ਵੀ ਤਾਇਨਾਤ ਕਰਨਾ ਪੈ ਰਿਹਾ ਹੈ। ਤਾਇਵਾਨ ਵਿਰੁੱਧ ਕੁਝ ਨਾ ਕਰ ਸਕਣ ਦੀ ਸਥਿਤੀ ਵਿਚ ਭਾਰਤੀ ਮੋਰਚੇ 'ਤੇ ਕਿਸੇ ਚੀਨੀ ਸ਼ਰਾਰਤ ਦੇ ਖ਼ਦਸ਼ੇ ਨੂੰ ਇਸ ਲਈ ਨਕਾਰਿਆ ਨਹੀਂ ਜਾ ਸਕਦਾ।

# ਲੋਕਾਂ ਲਈ ਖ਼ਤਰਾ ਬਣਿਆ ਪੁਲਾੜ ਵਿਚ ਜਮਾ ਹੋਇਆ ਮਲਬਾ

## ਨਵੇਂ ਨਿਯਮ ਬਣਾਉਣ ਦੀ ਆਵਾਜ਼ ਉਠੀ

**ਨਵੀਂ ਦਿੱਲੀ/ਏ.ਟੀ.ਨਿਊਜ਼:-** ਕੁਝ ਦਿਨ ਪਹਿਲਾਂ ਚੀਨ ਦਾ ਇਕ ਰਾਕੇਟ ਹਿੰਦ ਮਹਾਂਸਾਗਰ ਵਿਚ ਡਿੱਗਣ 'ਤੇ ਕਾਫੀ ਹੰਗਾਮਾ ਹੋਇਆ ਸੀ। ਇਹ ਇੱਕ ਸਪੇਸ ਜੰਕ ਸੀ। ਧਰਤੀ 'ਤੇ ਅਜਿਹੀ ਘਟਨਾ ਪਹਿਲੀ ਵਾਰ ਨਹੀਂ ਹੋਈ ਹੈ ਅਤੇ ਨਾ ਹੀ ਅਜਿਹੀ ਘਟਨਾ ਪਹਿਲੀ ਵਾਰ ਦੇਖਣ ਨੂੰ ਮਿਲੀ ਹੈ। ਹਰ ਸਾਲ ਪੁਲਾੜ ਤੋਂ ਸੈਂਕੜੇ ਛੋਟੇ-ਛੋਟੇ ਟੁਕੜੇ, ਜੋ ਉੱਥੇ ਭੇਜੀਆਂ ਗਈਆਂ ਚੀਜ਼ਾਂ ਦਾ ਹਿਸਾ ਹਨ, ਧਰਤੀ 'ਤੇ ਡਿੱਗਦੇ ਰਹਿੰਦੇ ਹਨ। ਆਸਟ੍ਰੇਲੀਆ ਦੇ ਕੈਨਬਰਾ ਤੋਂ ਲਗਭਗ 180 ਕਿਲੋਮੀਟਰ ਦੂਰ ਕੁਝ ਸਮਾਂ ਪਹਿਲਾਂ ਇੱਕ ਪੁਲਾੜ ਕਬਾੜ ਡਿੱਗਿਆ ਸੀ। ਜ਼ਮੀਨ 'ਤੇ ਡਿੱਗਣ 'ਤੇ ਬਹੁਤ ਜ਼ੋਰਦਾਰ ਧਮਾਕਾ ਵੀ ਹੋਇਆ। ਇਹ ਲਗਭਗ 3 ਮੀਟਰ ਲੰਬਾ ਲੋਹੇ ਦਾ ਇੱਕ ਵੱਡਾ ਟੁਕੜਾ ਸੀ। ਇਸ ਨੂੰ ਜ਼ਮੀਨ ਵਿੱਚ ਦੱਬ ਦਿੱਤਾ ਗਿਆ ਸੀ।

ਇੱਕ ਸਾਲ ਪਹਿਲਾਂ, ਇੱਕ ਰਾਕੇਟ ਦਾ ਹਿੱਸਾ ਆਈਵਰੀ ਕੋਸਟ ਵਿੱਚ ਇੱਕ ਰਿਹਾਇਸ਼ੀ ਖੇਤਰ ਵਿੱਚ ਡਿੱਗਿਆ ਸੀ। ਹਾਲਾਂਕਿ ਜ਼ਿਆਦਾਤਰ ਸਪੇਸ ਜੰਕ ਜਾਣਿਆ ਜਾਂਦਾ ਹੈ ਕਿ ਇਹ ਕਿੱਥੇ ਡਿੱਗੇਗਾ, ਇਹ ਕਈ ਵਾਰ ਕੰਟਰੋਲ ਤੋਂ ਬਾਹਰ ਜਾ ਸਕਦਾ ਹੈ। ਇਸ ਕਾਰਨ ਇਨਾਂ ਦੇ ਡਿੱਗਣ ਦੇ ਸਥਾਨ ਦਾ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਲ ਹੈ। ਤੁਹਾਨੂੰ ਦੱਸ ਦੇਈਏ ਕਿ ਧਰਤੀ 'ਤੇ ਜੋ ਸਪੇਸ ਜੰਕ ਡਿੱਗਦਾ ਹੈ, ਉਹ ਜ਼ਿਆਦਾਤਰ ਸਮੁੰਦਰ ਵਿਚ ਡਿੱਗਦਾ ਹੈ। ਜ਼ਿਆਦਾਤਰ ਉਹ ਦੱਖਣੀ ਪ੍ਰਸ਼ਾਂਤ ਮਹਾਂਸਾਗਰ ਵਿੱਚ ਡਿੱਗਦੇ ਹਨ। ਯੂਰਪੀਅਨ ਸਪੇਸ ਏਜੰਸੀ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ 1971 ਅਤੇ 2018 ਦੇ ਵਿਚਕਾਰ, ਪੁਲਾੜ ਕਬਾੜ ਦੇ ਲਗਭਗ 260 ਹਿੱਸੇ ਪੁਆਇੰਟ ਨੀਮੋ ਵਿੱਚ ਡਿੱਗ ਗਏ। ਇਸ ਥਾਂ ਨੂੰ ਪੁਲਾੜ ਕਬਾੜ ਦਾ ਕਬਰਿਸਤਾਨ ਕਿਹਾ ਜਾਂਦਾ ਹੈ।

ਆਸਟ੍ਰੇਲੀਆ ਦੇ ਸੂਬੇ ਨਿਊ ਸਾਊਥ ਵੇਲਜ਼ ਵਿਚ ਜੁਲਾਈ ਵਿਚ ਪੁਲਾੜ ਤੋਂ ਲਗਭਗ ਤਿੰਨ ਵੱਡੇ ਟੁਕੜੇ ਡਿੱਗੇ ਸਨ। ਇਹ ਟੁਕੜੇ ਸਪੇਸਐਕਸ ਦੇ ਡਰੈਗਨ ਰਾਕੇਟ ਦੇ ਦੱਸੇ ਜਾ ਰਹੇ ਹਨ। ਇਸ ਨੂੰ ਨਵੰਬਰ 2020 ਵਿੱਚ ਸਪੇਸ ਐਕਸ ਦੁਆਰਾ ਪੁਲਾੜ ਵਿੱਚ ਭੇਜਿਆ ਗਿਆ ਸੀ। 1979 ਆਸਟ੍ਰੇਲੀਆ ਵਿੱਚ, ਪੁਲਾੜ ਕਬਾੜ ਦਾ ਸਭ ਤੋਂ ਵੱਡਾ ਹਿੱਸਾ, ਜੋ ਕਿ ਨਾਸਾ ਦੀ ਸਕਾਈਲੈਬ ਨਾਲ ਸਬੰਧਤ ਸੀ, ਪੱਛਮੀ ਆਸਟ੍ਰੇਲੀਆ ਵਿੱਚ ਡਿੱਗਿਆ। ਸਪੇਸ ਐਕਸ ਧਰਤੀ 'ਤੇ ਡਿੱਗੇ ਸਪੇਸ ਐਕਸ ਦੇ ਡਰੈਗਨ ਰਾਕੇਟ ਦੇ ਟੁਕੜਿਆਂ ਦੀ ਵੀ ਜਾਂਚ ਕਰੇਗਾ। ਇਨਾਂ ਸਾਰੀਆਂ ਘਟਨਾਵਾਂ ਤੋਂ ਬਾਅਦ ਪੁਲਾੜ ਕਬਾੜ ਦੇ ਧਰਤੀ 'ਤੇ ਡਿੱਗਣ ਨੂੰ ਲੈ ਕੇ ਵੀ ਬਹਿਸ



ਸ਼ੁਰੂ ਹੋ ਗਈ ਹੈ। ਮਾਹਿਰਾਂ ਦੀ ਰਾਏ ਵਿੱਚ ਇਸ ਸਬੰਧੀ ਨਿਯਮ ਬਣਾਉਣ ਦੀ ਲੋੜ ਹੈ। ਤੁਹਾਨੂੰ ਦੱਸ ਦੇਈਏ ਕਿ ਪੁਲਾੜ ਵਿਚ ਕੋਈ ਵੀ ਚੀਜ਼ ਭੇਜਣ ਤੋਂ ਬਾਅਦ ਕੰਪਨੀ ਜਾਂ ਸੰਸਥਾ ਨੂੰ ਉਸ ਦੇ ਸੰਭਾਵਿਤ ਕੂੜੇ ਬਾਰੇ ਰਿਪੋਰਟ ਤਿਆਰ ਕਰਨੀ ਪੈਂਦੀ ਹੈ।

ਸਪੇਸ ਜੰਕ ਬਾਰੇ ਨਵੇਂ ਨਿਯਮਾਂ ਦੀ ਵਕਾਲਤ ਕਰਨ ਵਾਲੇ ਫੈਡਰਲ ਕਮਿਊਨੀਕੇਸ਼ਨ ਕਮਿਸ਼ਨ (ਐਫਸੀਸੀ) ਦਾ ਕਹਿਣਾ ਹੈ ਕਿ ਪੁਰਾਣੇ ਨਿਯਮ ਹੁਣ ਉਪਯੋਗੀ ਨਹੀਂ ਰਹੇ ਹਨ। ਇਸ ਲਈ ਨਵੇਂ ਸਮੇਂ ਦੇ ਨਾਲ ਨਵੇਂ ਨਿਯਮ ਬਣਾਉਣ ਦੀ ਲੋੜ ਹੈ। ਇਸ ਸੰਸਥਾ ਦਾ ਇਹ ਵੀ ਕਹਿਣਾ ਹੈ ਕਿ ਸਾਨੂੰ ਸਾਰਿਆਂ ਨੂੰ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਉਪਗ੍ਰਹਿਆਂ ਨੂੰ ਉੱਚਾਈ 'ਤੇ ਸਥਾਪਿਤ ਕਰਨ ਲਈ ਤਿਆਰ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਇਸ ਸੰਸਥਾ ਨੇ ਨਵੇਂ ਤਰੀਕੇ ਨਾਲ ਧਰਤੀ 'ਤੇ ਡਿੱਗ ਰਹੇ ਪੁਲਾੜ ਕਬਾੜ ਦੀ ਖੋਜ ਦੀ ਗੱਲ ਵੀ ਕੀਤੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਪੁਲਾੜ ਵਿੱਚ ਹਜ਼ਾਰਾਂ ਟਨ ਮਲਬਾ ਪਿਆ ਹੈ। ਇਹ ਸਾਡੇ ਲਈ ਖਤਰਨਾਕ ਹੁੰਦਾ ਜਾ ਰਿਹਾ ਹੈ।

ਨਾਸਾ ਮੁਤਾਬਕ ਸਾਫਟਬਾਲ ਦੇ ਆਕਾਰ ਦੇ 23 ਹਜ਼ਾਰ ਤੋਂ ਜ਼ਿਆਦਾ ਟੁਕੜੇ ਪੁਲਾੜ 'ਚ ਧਰਤੀ ਦੇ ਚੱਕਰ ਲਗਾ ਰਹੇ ਹਨ। ਉਸੇ ਸਮੇਂ, 1 ਸੈਂਟੀਮੀਟਰ ਤੋਂ ਵੱਡੇ ਆਕਾਰ ਦੇ ਲਗਭਗ 5 ਲੱਖ ਟੁਕੜੇ ਪੁਲਾੜ ਵਿੱਚ ਚੱਕਰ ਲਗਾ ਰਹੇ ਹਨ। ਉਨਾਂ ਦੇ ਛੋਟੇ ਆਕਾਰ ਬਾਰੇ ਗੱਲ ਕਰਨਾ ਬੇਕਾਰ ਹੈ। ਇਹ ਪੁਲਾੜ ਵਿੱਚ ਧਰਤੀ ਦੇ ਚੱਕਰ ਕੱਟ ਰਹੇ ਆਈਐਸਐਸ ਲਈ ਵੀ ਖ਼ਤਰਾ ਬਣ ਰਹੇ ਹਨ। ਇਹ ਸਪੇਸ ਸਟੇਸ਼ਨ ਇੱਕ ਦਿਨ ਵਿੱਚ ਧਰਤੀ ਦੇ 15-16 ਚੱਕਰ ਲਗਾਉਂਦਾ ਹੈ।

ਬਾਕੀ ਸਫ਼ਾ 31 'ਤੇ

# ਨਿਸ਼ਾਨ ਸਾਹਿਬ ਝੁਲਾਉਣਾ ਹੀ ਸਹੀ ਪੰਥਕ ਤੇ ਇਤਿਹਾਸਕ ਕਾਰਵਾਈ

**ਰਜਿੰਦਰ ਸਿੰਘ ਪੁਰੇਵਾਲ**

ਬੀਤੇ ਦਿਨੀਂ ਸਿੱਖ ਜਥੇਬੰਦੀਆਂ ਦਲ ਖ਼ਾਲਸਾ ਤੇ ਅਕਾਲੀ ਦਲ (ਅ) ਨੇ ਭਾਰਤ ਦੇ ਅਜ਼ਾਦੀ ਦਿਵਸ ਮੌਕੇ ਮੋਗਾ ਵਿਖੇ ਰੋਸ ਮਾਰਚ ਕਰਨ ਦਾ ਐਲਾਨ ਕਰਦਿਆਂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 13 ਤੋਂ 15 ਅਗਸਤ ਦੌਰਾਨ 'ਹਰ ਘਰ ਤਿਰੰਗਾ' ਲਹਿਰਾਉਣ ਦੇ ਸੱਦੇ ਦਾ ਵਿਰੋਧ ਕਰਦਿਆਂ ਪੰਜਾਬੀਆ ਤੇ ਸਿੱਖਾਂ ਨੂੰ ਆਪਣੇ ਘਰਾਂ 'ਤੇ ਤਿਰੰਗੇ ਦੀ ਥਾਂ ਖ਼ਾਲਸਾਈ ਝੰਡਾ ਲਹਿਰਾਉਣ ਦੀ ਅਪੀਲ ਕੀਤੀ ਸੀ। ਦਲ ਖ਼ਾਲਸਾ ਆਗੂ ਕੰਵਰਪਾਲ ਸਿੰਘ, ਸਤਨਾਮ ਸਿੰਘ ਪਾਉਂਟਾ ਸਾਹਿਬ, ਪਰਮਜੀਤ ਸਿੰਘ ਟਾਂਡਾ ਤੇ ਅਕਾਲੀ ਦਲ (ਅ) ਦੇ ਹਰਪਾਲ ਸਿੰਘ ਬਲੇਰ ਨੇ ਕਿਹਾ ਸੀ ਕਿ ਭਾਜਪਾ ਵੱਲੋਂ ਤਿਰੰਗੇ ਦੀ ਆੜ ਹੇਠ ਲੋਕਾਂ ਉੱਤੇ ਅਖੌਤੀ ਰਾਸ਼ਟਰਵਾਦ ਥੋਪਿਆ ਜਾ ਰਿਹਾ ਹੈ ਜਿਸ ਨੂੰ ਪੰਜਾਬ ਮੁੱਢੋਂ ਰੱਦ ਕਰਦਾ ਹੈ । ਉਨਾਂ ਦਾ ਕਹਿਣਾ ਸੀ ਕਿ ਦਲ ਖ਼ਾਲਸਾ ਅਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਅਕਾਲੀ ਦਲ (ਅ) ਨੇ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖਾਂ ਨੂੰ 15 ਅਗਸਤ ਨੂੰ ਆਪਣੇ ਘਰਾਂ 'ਤੇ ਖ਼ਾਲਸਾਈ ਝੰਡਾ ਲਹਿਰਾਉਣ ਦਾ ਸੱਦਾ ਦਿੱਤਾ ਸੀ ।ਪੰਥਕ ਜਥੇਬੰਦੀਆਂ ਵੱਲੋਂ ਇਹ ਸੱਦੇ ਪੰਥਕ ਭਾਵਨਾ ਤੇ ਸਿੱਖ ਇਤਿਹਾਸਕ ਦ੍ਰਿਸ਼ਟੀ ਤੋਂ ਸਹੀ ਹਨ ।ਜੁੱਗ ਅਟੱਲ ਖ਼ਾਲਸਾ ਜੀ ਦੇ ਝੰਡੇ ਬੁੰਗੇ ਦੇ ਅਰਥ ਇਹੀ ਹਨ ਕਿ ਖ਼ਾਲਸਾ ਸੱਚੀ ਪਾਤਸ਼ਾਹੀ ਦਾ ਪਹਿਰੇਦਾਰ ਹੈ।ਸੱਚੀ ਪਾਤਸ਼ਾਹੀ ਦੁਨਿਆਵੀ ਰਾਜਿਆਂ ਦੇ ਅਧੀਨ ਨਹੀਂ। ਸੱਚੀ ਪਾਤਸ਼ਾਹੀ ਦਾ ਸੱਚਾ ਪਾਤਸ਼ਾਹ ਸਤਿਗੁਰੂ ਹੈ।ਹਲੇਮੀ ਰਾਜ ਤੇ ਬੇਗਮਪੁਰਾ ਉਸਦੀ ਪਾਤਸ਼ਾਹੀ ਹੈ।ਖ਼ਾਲਸਾ ਉਸਦਾ ਪਹਿਰੇਦਾਰ ਹੈ। ਗਰੀਬਾਂ ਨਿਤਾਣਿਆਂ ,ਨਿਮਾਣਿਆਂ ਦਾ ਰੱਖਿਅਕ ਹੈ।ਨਿਸ਼ਾਨ ਸਾਹਿਬ ਖ਼ਾਲਸਾ ਜੀ ਦੀ ਰੂਹਾਂ ਵਿਚ ਸਮਾਇਆ ਸਰਬੱਤ ਅਜ਼ਾਦੀ ਲਈ ਝੁਲਦਾ ਹੈ। ਨਿਸ਼ਾਨ ਸਾਹਿਬ ਦੀ ਅਗਵਾਈ ਵਿਚ ਖ਼ਾਲਸਾ ਜੀ ਨੇ ਪੰਜਾਬ ਦੇ ਹੱਕਾਂ ਤੇ ਜ਼ੁਲਮ ਖ਼ਿਲਾਫ਼ ਲਹੂ ਡੋਲਵੇਂ ਸੰਘਰਸ਼ ਕੀਤੇ। ਚਾਹੇ ਉਹ ਜ਼ਾਲਮ ਸਟੇਟ ਮੁਗ਼ਲਾਂ ਦੀ ਸੀ ,ਅੰਗਰੇਜ਼ਾਂ ਦੀ ਸੀ ਜਾਂ ਕਾਂਗਰਸ ਦੀ।ਗੁਰੂ ਗ੍ਰੰਥ ਸਾਹਿਬ ਦਾ ਸੁਨੇਹਾ ਹੈ ਮਨੁੱਖ ਉਹੀ ਹੈ ਜੋ ਅਜ਼ਾਦ ਹੈ।ਸਤਿਗੁਰੂ ਨਾਨਕ ਸਾਹਿਬ ਅਨੁਸਾਰ ਗੁਲਾਮੀ ਦੀ ਜ਼ਿੰਦਗੀ ਜਿਊਣਾ ਹਰਾਮ ਹੈ।ਖਾਣਾ ਪੀਣਾ ਵੀ ਹਰਾਮ ਹੈ।ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥ ਸਮੁੱਚਾ ਸਿੱਖ ਜਗਤ ਮੰਨਕੇ ਚਲਦਾ ਹੈ ਸਾਡਾ ਸੱਚਾ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਹੈ ,ਨਿਸ਼ਾਨ ਸਾਹਿਬ ਸਤਿਗੁਰੂ ਦੀ ਸਤਾ ਦਾ ਪ੍ਰਤੀਕ ਹੈ।ਸਾਡੀ ਅਰਦਾਸ ਖ਼ਾਲਸਾ ਜੀ ਦੀ ਸਤਾ ਦੀ ਪੈਰਵਾਈ ਕਰਦੀ ਹੈ ਜਹਾਂ ਜਹਾਂ ਖ਼ਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ ਦੇਗ ਤੇਗ਼ ਫ਼ਤਿਹ ਬਿਰਦ ਕੀ ਪੈਜ ਪੰਥ ਕੀ ਜੀਤ ਸ੍ਰੀ ਸਾਹਿਬ ਜੀ ਸਹਾਇ ਖ਼ਾਲਸੇ ਜੀ ਕੇ ਬੋਲ ਬਾਲੇ ਬੋਲੋ ਜੀ ਵਾਹਿਗੁਰੂ । ਸਿੱਖਾਂ ਨੂੰ ਸਿੱਖੀ ਦਾਨ ਕੇਸ ਦਾਨ ਰਹਿਤ ਦਾਨ ਬਿਬੇਕ ਦਾਨ ਵਿਸਾਹ ਦਾਨ ਭਰੋਸਾ ਦਾਨ ਦਾਨਾਂ ਸਿਰ ਦਾਨ ਨਾਮ ਦਾਨ ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਚੌਕੀਆਂ ਝੰਡੇ ਬੁੰਗੇ ਜੁੱਗੋ ਜੁੱਗ ਅਟੱਲ ਧਰਮ ਕਾ ਜੈਕਾਰ ਬੋਲੋ ਜੀ ਵਾਹਿਗੁਰੂ । ਸੋ ਨਿਸ਼ਾਨ ਸਾਹਿਬ ਝੁਲਾਉਣਾ ਸਿੱਖ ਦਾ ਫਰਜ ਹੈ।ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਤਿਰੰਗਾ ਮਾਰਚ ਮੋਟਰ ਸਾਈਕਲਾਂ ਉੱਪਰ ਕੱਢਿਆ।ਜੇਕਰ ਉਹ ਨਿਸ਼ਾਨ ਸਾਹਿਬ ਦੀ ਅਗਵਾਈ ਵਿਚ ਇਹ ਮਾਰਚ ਕੱਢਦੇ ਤਾਂ ਖ਼ਾਲਸਾ ਪੰਥ ਨੇ ਬੁਰਾ ਨਹੀਂ ਮਨਾਉਣਾ ਸੀ। ਪੰਜਾਬ ਸਰਕਾਰ ਸਕੂਲਾਂ ਤੇ ਹੋਰ ਅਦਾਰਿਆਂ ਵਿਚ ਜਬਰੀ ਆਦੇਸ਼ ਜਾਰੀ ਕਰ ਰਹੀ ਹੈ ਕਿ ਤਿਰੰਗਾ ਲਹਿਰਾਉ ,ਸੁਆਲ ਇਹ ਹੈ ਕਿ ਇਹ ਜ਼ਬਰਦਸਤੀ ਕਿਉਂ ?ਇਹ ਸਰਕਾਰੀ ਪੱਤਰ ਸ਼੍ਰੋਮਣੀ ਕਮੇਟੀ ਨੂੰ ਵੀ ਪਹੁੰਚੇ ਹਨ। ਸ਼੍ਰੋਮਣੀ ਕਮੇਟੀ ਨੂੰ ਪੰਥ ਦੀ ਵਾਹਿਦ ਜਥੇਬੰਦੀ ਵਜੋਂ ਇਸ ਬਾਰੇ ਸਿੱਖ ਸੋਚ ਅਨੁਸਾਰ ਸਟੈਂਡ ਲੈਣਾ ਚਾਹੀਦਾ ਹੈ।ਖ਼ਾਲਸਾ ਪੰਥ ਭਾਰਤ ਦੇ ਕੌਮੀ ਝੰਡੇ ਤੋਂ ਇਲਾਵਾ ਸਭ ਝੰਡਿਆਂ ਦਾ ਸਤਿਕਾਰ ਕਰਦਾ ਹੈ ,ਪਰ ਅਗਵਾਈ ਨਿਸ਼ਾਨ ਸਾਹਿਬ ਦੀ ਕਬੂਲਦਾ ਹੈ।ਨਿਸ਼ਾਨ ਸਾਹਿਬ ਅਧੀਨ ਹੀ ਸਿੱਖਾਂ ਨੇ ਅਜ਼ਾਦੀ ਦੀ ਲੜਾਈ ਲੜੀ। ਹੈਰਾਨੀ ਦੀ ਗਲ ਹੈ ਕਿ ਵੱਖ ਵੱਖ ਰਜਵਾੜਿਆਂ ਦੀ ਲੜਾਈ ਜੋ 1857 ਈਸਵੀ ਵਿਚ ਆਪਣੀਆਂ ਜਗੀਰਾਂ ਲਈ ਲੜੀ ਗਈ ਉਸ ਨੂੰ ਅਜ਼ਾਦੀ ਦੀ ਪਹਿਲੀ ਜੰਗ ਦਾ ਨਾਮ ਦਿੱਤਾ ਗਿਆ।ਪਰ ਜੋ ਸਿੱਖਾਂ ਦੀ ਅਗਵਾਈ ਵਿਚ ਨਿਸ਼ਾਨ ਸਾਹਿਬ ਦੇ ਪਹਿਰੇ ਤੇ ਅਗਵਾਈ ਵਿਚ ਪੰਜਾਬ ਨੂੰ ਬਚਾਉਣ ਲਈ ਲੜੀ ਉਸ ਨੂੰ ਭਾਰਤ ਦੇ ਸੱਤਾਧਾਰੀਆਂ ਨੇ ਕਦੇ ਯਾਦ ਨਹੀਂ ਕੀਤਾ ,ਨਾ ਹੀ ਮਾਨਤਾ ਦਿੱਤੀ ਗਈ। 1849 ਦੀ ਜੰਗ ਜੋ ਪੰਜਾਬ ਨੇ ਲੜੀ ਉਹ ਅੰਗਰੇਜ਼ਾਂ ਦੇ ਖ਼ਿਲਾਫ਼ ਸੀ। ਪੰਜਾਬ ਦੇ ਯੋਧਿਆਂ ਨੇ ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਨਹੀਂ ਪੂਰੇ ਭਾਰਤ ਵਿਚੋਂ ਕੱਢਣਾ ਸੀ। ਇਹ ਦਸਤਾਵੇਜ਼ ਲਾਰਡ ਡਹਿਲੌਜ਼ੀ ,ਲਾਰੰਸ ,ਦੀਆਂ ਗੁਪਤ ਚਿੱਠੀਆਂ ਵਿਚੋਂ ਮਿਲਦੇ ਹਨ। ਸ਼੍ਰੋਮਣੀ ਕਮੇਟੀ ਸ਼੍ਰੋਮਣੀ ਅਕਾਲੀ ਦਲ ਨੂੰ ਇਹ ਮੁੱਦਾ ਉਠਾਉਣਾ ਚਾਹੀਦਾ ਹੈ ਤੇ ਦੱਸਣਾ ਚਾਹੀਦਾ ਹੈ ਕਿ ਨਿਸ਼ਾਨ ਸਾਹਿਬ ਦਾ ਖ਼ਾਲਸਾ ਪੰਥ ਲਈ ਕੀ ਮਹੱਤਵ ਹੈ।ਸਭ ਪੰਜਾਬੀਆਂ ਨੂੰ ਇਸ ਬਾਰੇ ਮੀਡੀਆ ਰਾਹੀਂ ਕੇਂਦਰ ਤੇ ਪੰਜਾਬ ਸਰਕਾਰ ਕੋਲ ਅਵਾਜ਼ ਉਠਾਉਣੀ ਚਾਹੀਦੀ ਹੈ ਕਿ ਪੰਜਾਬ ਦੇ ਮੋਢੀ ਸ਼ਹੀਦਾਂ ਨੂੰ ਮੁੱਢਲਾ ਸਥਾਨ ਦੇਵੋ। ਗ਼ਦਰੀ ਬਾਬਿਆਂ ਦਾ ਮੇਲਾ ਦੇਸ ਭਗਤ ਯਾਦਗਾਰ ਹਾਲ ਜਲੰਧਰ ਵਿਚ ਮੋਢੀ ਗ਼ਦਰੀ ਬਾਬਿਆਂ 1849 ਦੇ ਸ਼ਹੀਦਾਂ ਨੂੰ ਸਮਰਪਿਤ ਕਰਨਾ ਚਾਹੀਦਾ ਹੈ। ਭਾਰਤ ਦਾ ਪਹਿਲਾ ਗਦਰ ਦੂਸਰੇ ਐਂਗਲੋ-ਸਿੱਖ ਯੁੱਧ ਸੀ। ਦੇਸ ਪੰਜਾਬ ਦੇ ਲੋਕ ਪਹਿਲੇ ਐਂਗਲੋ-ਸਿੱਖ ਯੁੱਧ ਵਿੱਚ ਹੋਈ ਆਪਣੀ ਹਾਰ ਦਾ ਬਦਲਾ ਅੰਗਰੇਜ਼ਾਂ ਕੋਲੋਂ ਲੈਣਾ ਚਾਹੁੰਦੇ ਸਨ-ਲਾਹੌਰ ਅਤੇ ਭੈਰੋਵਾਲ ਦੀਆਂ ਸੰਧੀਆਂ ਨੇ ਦੇਸ ਪੰਜਾਬ ਰਾਜ ਦੀ ਸੁਤੰਤਰਤਾ ਨੂੰ ਲਗਭਗ ਖ਼ਤਮ ਕਰ ਦਿੱਤਾ ਸੀ-ਸੈਨਾ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਕੱਢੇ ਗਏ ਪੰਜਾਬੀ ਸੈਨਿਕਾਂ ਦੇ ਮਨ ਵਿੱਚ ਅੰਗਰੇਜ਼ਾਂ ਲਈ ਭਾਰੀ ਗ਼ੁੱਸਾ ਸੀ।ਅੰਗਰੇਜ਼ਾਂ ਦੁਆਰਾ ਮਹਾਰਾਣੀ ਜਿੰਦ ਕੌਰ ਨਾਲ ਕੀਤੇ ਗਏ ਦੁਰ-ਵਿਹਾਰ ਕਾਰਨ ਸਾਰੇ ਪੰਜਾਬ ਵਿੱਚ ਰੋਹ ਦੀ ਲਹਿਰ ਦੌੜ ਗਈ ਸੀ-ਮੁਲਤਾਨ ਦੇ ਦੀਵਾਨ ਮੂਲਰਾਜ ਨਾਲ ਧਕਾ ਕਰਕੇ ਵਿਦਰੋਹ ਨੂੰ ਅੰਗਰੇਜ਼ਾਂ ਨੇ ਜਾਣ-ਬੁੱਝ ਕੇ ਫੈਲਣ ਦਿੱਤਾ।ਬਾਬਾ ਬਿਕਰਮਾ ਸਿੰਘ ਬੇਦੀ ਬਾਬਾ ਮਹਾਰਾਜ ਸਿੰਘ ,ਹਰੀ ਸਿੰਘ ਨਲਵਾ ਦੇ ਬੇਟੇ ਜਵਾਹਰ ਸਿੰਘ ਨਲਵਾ-ਚਤਰ ਸਿੰਘ ਅਟਾਰੀ ਅਤੇ ਉਸ ਦੇ ਪੁੱਤਰ ਸ਼ੇਰ ਸਿੰਘ ,ਰਾਮ ਸਿੰਘ ਪਠਾਣੀਆਂ ਦੁਆਰਾ ਕੀਤੇ ਗਏ ਵਿਦਰੋਹ ਨੇ ਅੰਗਰੇਜ਼ਾਂ ਨੂੰ ਚੁਣੌਤੀ ਦਿੱਤੀ। ਪੰਜਾਬ ਵਿਰੁੱਧ ਲਾਰਡ ਡਲਹੌਜ਼ੀ ਦੀ ਸਾਮਰਾਜਵਾਦੀ ਨੀਤੀ ਇਸ ਗੱਦਰ ਦਾ ਮੁੱਖ ਕਾਰਣ ਸੀ।ਉਸ ਸਮੇਂ ਪੰਜਾਬ ਦੇ ਲੋਕ ਚਾਹੁੰਦੇ ਸਨ ਕਿ ਅੰਗਰੇਜ ਮਾਰ ਮਾਰਕੇ ਪੂਰੇ ਭਾਰਤ ਵਿਚੋਂ ਕੱਢ ਦਿੱਤੇ ਜਾਣ। ਇਹ ਜੰਗ ਤੇ ਗੱਦਰ ਨਿਸ਼ਾਨ ਸਾਹਿਬ ਦੀ ਅਗਵਾਈ ਵਿਚ ਲੜਿਆ ਗਿਆ।ਸੋ ਖ਼ਾਲਸਾ ਜੀ ਦੇ ਝੰਡੇ ਲਹਿਰਾਉਣ ਬਾਰੇ ਕਿਸੇ ਨੂੰ ਦਿੱਕਤ ਨਹੀਂ ਹੋਣੀ ਚਾਹੀਦੀ।

# ਗੁਰੂ ਸਾਹਿਬ ਦੇ ਵਜੀਰਾਂ (ਗ੍ਰੰਥੀ ਸਿੰਘਾਂ) ਦਾ ਉੱਚਾ ਸੁੱਚਾ ਰੁਤਬਾ ਬਨਾਮ ਜਮੀਨੀ ਹਕੀਕਤਾਂ



**ਬਘੇਲ ਸਿੰਘ ਪੱਤਰਕਾਰ**

99142-58142

ਮੌਜੂਦਾ ਹਾਲਾਤਾਂ ਦੇ ਸੰਦਰਭ ਵਿੱਚ ਗੁਰਦੁਆਰਾ ਸਾਹਿਬਾਨਾਂ ਦੇ ਗ੍ਰੰਥੀ ਸਿੰਘਾਂ ਸਬੰਧੀ ਨਾ ਲਿਖਿਆ ਜਾਣਾ ਸਿੱਖ, ਸਿੱਖੀ ਅਤੇ ਸਿੱਖ ਸੱਭਿਆਚਾਰ ਪ੍ਰਤੀ ਲਾਪ੍ਰਵਾਹੀ ਸਮਝੀ ਜਾਵੇਗੀ, ਇਸ ਲਈ ਇਸ ਮਹੱਤਵਪੂਰਨ ਵਿਸ਼ੇ 'ਤੇ ਜਰੂਰ ਗੱਲ ਕੀਤੀ ਜਾਣੀ ਬਣਦੀ ਹੈ। ਪਿੰਡਾਂ ਦੇ ਗੁਰਦੁਆਰਿਆਂ 'ਚ ਸੇਵਾ ਨਿਭਾਉਂਦੇ ਗ੍ਰੰਥੀ/ਪਾਠੀ ਸਿੰਘਾਂ ਦੀ ਵੱਡੀ ਤਰਾਸਦੀ ਇਹ ਹੈ ਕਿ ਉਹਨਾਂ ਤੋਂ ਗੁਰਦੁਆਰਾ ਕਮੇਟੀਆਂ ਵੱਲੋਂ ਬਹੁਤ ਨਿਗੂਣੀਆਂ ਤਨਖਾਹਾਂ 'ਤੇ ਸੇਵਾਵਾਂ ਲਈਆਂ ਜਾਂਦੀਆਂ ਹਨ। ਪਿੰਡਾਂ ਸ਼ਹਿਰਾਂ ਜਾਂ ਕਸਬਿਆਂ ਅੰਦਰ ਜਿੰਨੇ ਵੀ ਗੁਰਦੁਆਰਾ ਸਾਹਿਬ ਸੁਸ਼ੋਭਿਤ ਹਨ, ਉਨਾਂ ਵਿੱਚ ਸੇਵਾ ਨਿਭਾਉਣ ਵਾਲੇ ਗ੍ਰੰਥੀ ਸਿੰਘ ਦੀ ਤਨਖਾਹ ਤਿੰਨ ਚਾਰ ਹਜ਼ਾਰ ਰੁਪਏ ਤੋਂ ਵੱਧ ਨਹੀਂ ਹੋਵੇਗੀ। ਇਹ ਤਾਂ ਹੋ ਸਕਦਾ ਹੈ ਕਿ ਬਹੁਤੇ ਗੁਰਦੁਆਰਿਆਂ ਵਿੱਚ ਗ੍ਰੰਥੀ ਸਿੰਘ ਖੁਦ ਹੀ ਡਾਲੀ ਦੀ ਸੇਵਾ ਵੀ ਨਿਭਾਉਂਦਾ ਹੋਵੇ, ਖੁਦ ਹੀ ਸੇਵਾਦਾਰ ਹੋਵੇ ਤੇ ਖੁਦ ਹੀ ਪਹਿਰੇਦਾਰ ਵੀ ਹੋਵੇ ਪਰ ਇਹ ਕਿਤੇ ਵੀ ਇਹ ਨਹੀਂ ਦੇਖਿਆ ਗਿਆ ਕਿ ਗ੍ਰੰਥੀ ਸਿੰਘ ਨੂੰ ਚੰਗੇ ਗੁਜ਼ਾਰੇ ਜੋਗੀ ਤਨਖਾਹ ਦੇ ਕੇ ਮਾਣ ਸਤਿਕਾਰ ਨਾਲ ਰੱਖਿਆ ਹੋਇਆ ਹੋਵੇ, ਬਲਕਿ ਕਮੇਟੀਆਂ ਦੇ ਪ੍ਰਧਾਨ, ਅਹੁਦੇਦਾਰ ਉਨਾਂ ਨਾਲ ਮਾਲਕਾਂ ਦੀ ਤਰਾਂ ਪੇਸ਼ ਆਉਂਦੇ ਹਨ, ਜਿਹੜਾ ਬੇਹੱਦ ਹੀ ਮੰਦਭਾਗਾ ਰੁਝਾਨ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਰਜ਼ 'ਤੇ ਕਿਸੇ ਵੀ ਪਿੰਡ ਵਿੱਚ ਕਿਸੇ ਵੀ ਗੁਰਦੁਆਰਾ ਸਾਹਿਬ ਵਿੱਚ ਗ੍ਰੰਥੀ, ਰਾਗੀ, ਸੇਵਾਦਾਰ ਤੇ ਪਹਿਰੇਦਾਰ ਵੱਖੋ-ਵੱਖਰੇ ਰੱਖਣ ਦੀ ਬਜਾਏ ਇਹ ਸਾਰੀਆਂ ਸੇਵਾਵਾਂ ਗ੍ਰੰਥੀ ਸਿੰਘ ਤੋਂ ਲਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਬਹੁਤ ਪਿੰਡਾਂ ਦੇ ਵਿੱਚ ਗ੍ਰੰਥੀ ਸਿੰਘ ਬੱਚਿਆਂ ਨੂੰ ਗੁਰਬਾਣੀ ਪੜਾਉਂਦੇ ਹਨ, ਕੀਰਤਨ ਸਿਖਾਉਂਦੇ ਹਨ ਤੇ ਸਭ ਤੋਂ ਵੱਡੀ ਗੱਲ ਕਿ ਅੱਜ ਕੱਲ ਦੇ ਬੱਚਿਆਂ ਨੂੰ ਪਤਿਤ ਹੋਣ ਤੋਂ ਬਚਾਉਂਦੇ ਹਨ। ਸਿੱਖੀ ਨਾਲ ਜੋੜ ਕੇ ਗੁਰੂ ਦੇ ਲੜ ਲਾਉਂਦੇ ਹਨ, ਪਰ ਅਫਸੋਸ ਕਿ ਘੋਨੇ ਮੋਨੇ ਬੱਚਿਆਂ ਦੇ ਸਿਰ ਦਸਤਾਰਾਂ ਸਜਾਉਣ ਵਾਲੇ ਗਰੀਬੜੇ ਗ੍ਰੰਥੀ ਸਿੰਘਾਂ ਨੂੰ ਉਨਾਂ ਦੇ ਇਸ ਉਦਮ ਬਦਲੇ ਕੋਈ ਵੱਖਰਾ ਮਾਣ ਭੱਤਾ ਦੇਣ ਦੀ ਬਜਾਏ, ਉਨਾਂ ਤੋਂ ਮੁਫਤ ਵਿੱਚ ਹੀ ਇਹ ਸੇਵਾਵਾਂ ਲਈਆਂ ਜਾਂਦੀਆਂ ਹਨ। ਬਲਕਿ ਕਮੇਟੀ ਮੈਂਬਰਾਂ, ਪ੍ਰਧਾਨਾਂ ਦੀ ਆਓ ਭਗਤ ਉਨਾਂ ਨੂੰ ਵੱਖਰੀ ਕਰਨੀ ਪੈਂਦੀ ਹੈ। ਕੀ ਅੱਜ ਦੇ ਅੱਤ ਦੀ ਮਹਿੰਗਾਈ ਦੇ ਸਮੇਂ ਵਿੱਚ ਕੋਈ ਵਿਅਕਤੀ ਅਪਣਾ ਚਾਰ ਜੀਆਂ ਦੇ ਪਰਿਵਾਰ ਦਾ ਪਾਲਣ ਪੋਸਣ ਤਿੰਨ ਜਾਂ ਚਾਰ ਹਜ਼ਾਰ ਰੁਪਏ ਨਾਲ ਕਰ ਸਕਦਾ ਹੈ ? ਕੀ ਸਾਡੇ ਬੱਚਿਆਂ ਨੂੰ ਮੁਫਤ ਵਿੱਚ ਧਰਮ ਦੀ ਸਿੱਖਿਆ ਦੇਣ ਵਾਲਾ ਗ੍ਰੰਥੀ ਸਿੰਘ ਅਪਣੇ ਬੱਚਿਆਂ ਨੂੰ ਇਸ ਨਿਗੂਣੀ ਤਨਖਾਹ ਨਾਲ ਚੰਗੀ ਸਕੂਲੀ ਸਿੱਖਿਆ ਦਿਵਾ ਸਕੇਗਾ, ਇਹ ਸੰਭਵ ਨਹੀਂ ਹੈ। ਇਹ ਵੀ ਕੌੜਾ ਸੱਚ ਹੈ ਕਿ ਕੋਈ ਵੀ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਪਾਠੀ ਬਣਾਉਣ ਲਈ ਰਾਜੀ ਨਹੀਂ। ਇਸ ਦਾ ਕਾਰਨ ਇਹ ਹੈ ਕਿ ਅਸੀਂ ਪਾਠੀ ਸਿੰਘ ਦੇ ਰੁਤਬੇ ਨੂੰ ਪਛਾਣਿਆ ਹੀ ਨਹੀਂ। ਇਸ ਕਰਕੇ ਹੀ ਤਾਂ ਅਸੀਂ ਗੁਰਦੁਆਰੇ ਦੇ ਗ੍ਰੰਥੀ ਸਿੰਘ ਨੂੰ ਇੱਕ ਮਾਮੂਲੀ ਨੌਕਰ ਤੋਂ ਵੱਧ ਕੁੱਝ ਨਹੀਂ ਸਮਝਦੇ। ਜਦੋਂ ਕਿ ਗ੍ਰੰਥੀ ਸਿੰਘ ਨੌਕਰ ਨਹੀਂ ਬਲਕਿ ਗ੍ਰੰਥੀ ਸਿੰਘ ਦਾ ਰੁਤਬਾ ਸਾਡੇ ਲਈ ਬਹੁਤ ਸਤਿਕਾਰਯੋਗ ਹੋਣਾ ਚਾਹੀਦਾ ਹੈ। ਇਸ ਸਤਿਕਾਰਤ ਰੁਤਬੇ 'ਤੇ ਸੇਵਾ ਨਿਭਾਉਣ ਵਾਲੇ ਗ੍ਰੰਥੀ ਸਿੰਘ ਦੀ ਤਨਖਾਹ ਘੱਟ ਤੋਂ ਘੱਟ ਵੀਹ ਹਜ਼ਾਰ ਹੋਣੀ ਚਾਹੀਦੀ ਹੈ ਤੇ ਇਸ ਤੋਂ ਵੱਧ ਉਨਾਂ ਦੀ ਯੋਗਤਾ ਅਨੁਸਾਰ ਹੋਵੇ। ਗ੍ਰੰਥੀ ਸਿੰਘ ਐਨਾ ਆਤਮ ਨਿਰਭਰ ਹੋਵੇ ਕਿ ਉਨਾਂ ਨੂੰ ਦੇਖ ਕੇ ਸਿੱਖ ਨੌਜਵਾਨ ਪਾਠੀ/ਗ੍ਰੰਥੀ ਬਨਣ ਵਿੱਚ ਮਾਣ ਮਹਿਸੂਸ ਕਰਨ। ਇੱਕ ਪਾਸੇ ਅਸੀਂ ਗ੍ਰੰਥੀ ਸਿੰਘ ਨੂੰ ਗੁਰੂ ਸਾਹਿਬ ਦਾ ਵਜੀਰ ਕਹਿੰਦੇ ਹਾਂ, ਪ੍ਰੰਤੂ ਵਿਹਾਰ ਨੌਕਰਾਂ ਵਾਲਾ ਕਰਦੇ ਹਾਂ, ਇਹ ਵਰਤਾਰਾ ਬੰਦ ਹੋਣਾ ਚਾਹੀਦਾ ਹੈ। ਇਸੇ ਤਰਾਂ ਹੀ ਪਾਠੀ ਸਿੰਘ ਜਿਹੜੇ ਲੋਕਾਂ ਦੇ ਘਰਾਂ ਵਿੱਚ ਜਾਂ ਗੁਰਦੁਆਰਾ ਸਹਿਬਾਨਾਂ ਵਿੱਚ ਸ੍ਰੀ ਅਖੰਡ ਪਾਠ ਸਮੇਂ ਪਾਠ ਦੀ ਸੇਵਾ ਕਰਦੇ ਹਨ, ਉਨਾਂ ਲਈ ਵੀ ਮਾਣ ਭੱਤਾ ਗੁਰੂ ਦੇ ਵਜ਼ੀਰ ਸਮਝ ਕੇ ਦੇਣਾ ਤਹਿ ਹੋਣਾ ਚਾਹੀਦਾ ਹੈ ਤਾਂ ਕਿ ਜਿਆਦਾ ਤੋਂ ਜਿਆਦਾ ਪੜੇ ਲਿਖੇ ਨੌਜਵਾਨ ਧਾਰਮਿਕ ਸਿੱਖਿਆ ਪ੍ਰਾਪਤ ਕਰਕੇ ਇਸ ਖੇਤਰ ਵਿਚ ਆਉਣ ਲਈ ਉਤਸ਼ਾਹਿਤ ਹੋਣ। ਇਸ ਬਦਲਵੇਂ ਰੁਝਾਨ ਨਾਲ ਨਸ਼ਿਆਂ ਵਿਚ ਗ੍ਰਸਤ ਹੋ ਚੁੱਕੀ ਜੁਆਨੀ ਨੂੰ ਸਹੀ ਦਿਸ਼ਾ ਵੱਲ ਮੋੜਿਆ ਜਾ ਸਕਦਾ ਹੈ। ਜੇਕਰ ਕਰੋਨਾ ਮਹਾਂਮਾਰੀ ਦੇ ਬੁਰੇ ਹਾਲਾਤਾਂ ਦੇ ਮੱਦੇਨਜ਼ਰ ਗੱਲ ਕੀਤੀ ਜਾਵੇ ਤਾਂ ਇੱਕ ਅਨੁਮਾਨ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਤਕਰੀਬਨ ਸੱਤ ਅੱਠ ਹਜ਼ਾਰ ਪਾਠੀ ਸਿੰਘ ਸਨ, ਜਿਹੜੇ ਸਹਿਜ ਪਾਠ ਅਤੇ ਅਖੰਡ ਪਾਠਾਂ ਵਿੱਚ ਸੇਵਾ ਨਿਭਾਅ ਕੇ ਆਪਣੇ ਪਰਿਵਾਰ ਪਾਲਦੇ ਸਨ, ਪਰ ਉਸ ਅਤਿ ਮਾੜੇ ਸਮੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਹ ਸਾਰੇ ਆਰਜੀ ਸੇਵਾਵਾਂ ਦੇਣ ਵਾਲੇ ਪਾਠੀ ਸਿੰਘ ਵਿਹਲੇ ਕਰ ਦਿੱਤੇ ਸਨ। ਉਸ ਸਮੇਂ ਨਾਂ ਹੀ ਗੁਰਦੁਆਰਾ ਸਾਹਿਬਾਨਾਂ ਵਿੱਚ ਪਾਠਾਂ ਦੀ ਸੇਵਾ ਚੱਲਦੀ ਸੀ ਅਤੇ ਨਾ ਹੀ ਲੋਕਾਂ ਦੇ ਘਰਾਂ ਵਿਚ ਸਹਿਜ ਪਾਠ ਜਾਂ ਅਖੰਡ ਪਾਠ ਹੋ ਰਹੇ ਸਨ। ਇਸ ਲਈ ਉਨਾਂ ਸੱਤ ਅੱਠ ਹਜ਼ਾਰ ਪਾਠੀਆਂ ਦਾ ਕੀ ਬਣਿਆ ਹੋਵੇਗਾ, ਇਹ ਕਦੇ ਕਿਸੇ ਸਿੱਖ ਨੇ ਮਹਿਸੂਸ ਨਹੀਂ ਕੀਤਾ ਹੋਵੇਗਾ, ਜਦੋਂ ਕਿ ਇਹ ਚਿੰਤਾ ਕਰਨ ਦਾ ਵਿਸ਼ਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰੋਨਾ ਪੀੜਤ ਭਾਰਤੀਆਂ ਲਈ ਲਾਏ ਜਾਂਦੇ ਭੋਜਨ, ਕੱਪੜੇ ਆਦਿ ਸਮੇਤ ਹਰ ਤਰਾਂ ਦੇ ਲੰਗਰਾਂ ਦਾ ਖੂਬ ਪ੍ਰਚਾਰ ਵੀ ਕੀਤਾ ਗਿਆ, ਪਰ ਆਪਣੇ ਘਰ ਵਿਚ ਭੁੱਖੇ ਮਰਦੇ ਆਪਣਿਆਂ ਨੂੰ ਬੇਰਹਿਮੀ ਨਾਲ ਧੱਕਾ ਦੇ ਕੇ ਘਰੋਂ ਕੱਢ ਦਿੱਤਾ। ਸੇਵਾ ਦੌਰਾਨ ਉਨਾਂ ਪਾਠੀ ਸਿੰਘਾਂ ਨੂੰ ਮਹੀਨੇ ਦਾ ਅੱਠ ਨੌ ਹਜ਼ਾਰ ਰੁਪਏ ਮਿਲ ਜਾਇਆ ਕਰਦੇ ਸਨ, ਜਿਸ ਨਾਲ ਉਹ ਆਪਣੇ ਪਰਿਵਾਰ ਪਾਲ ਰਹੇ ਸਨ, ਪਰ ਉਹ ਸਾਰਾ ਕੁੱਝ ਬੰਦ ਹੋ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਵੱਲੋਂ ਸਰਕਾਰਾਂ ਨੂੰ ਖੁਸ਼ ਕਰਨ ਖਾਤਰ ਜਾਂ ਆਪਣੇ ਆਕਾਵਾਂ ਨੂੰ ਖੁਸ਼ ਕਰਨ ਖਾਤਰ ਤਾਂ ਭਾਵੇਂ ਗੁਰਦੁਆਰਿਆਂ ਦੀਆਂ ਗੋਲਕਾਂ ਦੇ ਮੂੰਹ ਖੋਲਣ ਦੇ ਵੱਡੇ ਵੱਡੇ ਦਾਅਵੇ ਕੀਤੇ ਜਾਂਦੇ ਰਹੇ ਹਨ, ਪ੍ਰੰਤੂ ਉਸ ਸਮੇਂ ਇਹ ਕਿਉਂ ਨਹੀਂ ਯਾਦ ਰੱਖਿਆ ਗਿਆ ਕਿ ਉਨਾਂ ਹਜ਼ਾਰਾਂ ਅਖੰਡ ਪਾਠੀ ਸਿੰਘਾਂ ਦਾ ਕੀ ਬਣੇਗਾ ਜਿਹੜੇ ਇਸ ਮਹਾਂਮਾਰੀ ਕਾਰਨ ਸੇਵਾ ਤੋਂ ਵਾਂਝੇ ਹੋ ਗਏ ਹਨ। ਹਜ਼ਾਰਾਂ ਪਾਠੀ ਸਿੰਘਾਂ ਨੂੰ ਵਿਸਾਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀਆਂ ਜਾਂਦੀਆਂ ਰਹੀਆਂ ਬਾਹਰੀ ਸੇਵਾਵਾਂ ਦੇ ਕੀ ਅਰਥ ਹੋ ਸਕਦੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਵੀ ਜਿਹੜੀ ਕੌਮ ਭੁੱਖਿਆਂ ਨੂੰ ਦੋ ਵਕਤ ਦੀ ਰੋਟੀ ਦੇਣ ਲਈ ਸੰਸਾਰ ਵਿੱਚ ਪ੍ਰਸਿੱਧ ਹੋਵੇ ਤੇ ਦੁਨੀਆਂ ਦੇ ਕਿਸੇ ਵੀ ਖਿੱਤੇ ਵਿੱਚ ਕੋਈ ਕੁਦਰਤੀ ਜਾਂ ਗੈਰ ਕੁਦਰਤੀ ਆਫਤ ਆਉਣ 'ਤੇ ਬਗੈਰ ਨਸਲੀ ਵਿਤਕਰੇ ਦੇ, ਬਗੈਰ ਰੰਗ ਨਸਲ ਦਾ ਭੇਦ ਕੀਤੇ ਉੱਥੇ ਪਹੁੰਚ ਕੇ ਹਰ ਤਰਾਂ ਦੀ ਮਦਦ ਕਰਨਾ ਅਪਣਾ ਫਰਜ ਸਮਝਦੀ ਹੋਵੇ ਅਤੇ ਗੁਰੂ ਤੋਂ ਅਸੀਸਾਂ ਦੀ ਹੱਕਦਾਰ ਬਣੀ ਹੋਵੇ, ਪ੍ਰੰਤੂ ਉਹ ਕੌਮ ਨੂੰ ਉਨਾਂ ਪਾਠੀ ਸਿੰਘਾਂ ਦਾ ਚੇਤਾ ਵਿਸਰ ਜਾਣਾ ਬੇਹੱਦ ਮੰਦਭਾਗਾ ਹੈ। ਗੁਰੂ ਸਾਹਿਬ ਦੇ ਵਜੀਰਾਂ ਦੀਆਂ ਬੇਹੱਦ ਜਰੂਰੀ ਅਤੇ ਨਿੱਤਨੇਮੀ ਸੇਵਾਵਾਂ ਦੇ ਮੱਦੇਨਜ਼ਰ ਉਨਾਂ ਲਈ ਪਰਿਵਾਰਕ ਲੋੜਾਂ ਦੀ ਖੁਲਦਿਲੀ ਨਾਲ ਪੂਰਤੀ ਅਤੇ ਉੱਚ ਪਾਏ ਦੇ ਰਹਿਣ ਸਹਿਣ ਦੇ ਇੰਤਜਾਮ ਕਰਨੇ ਸਿੱਖ ਕੌਮ ਦੀ ਜਿੰਮੇਵਾਰੀ ਬਣਦੀ ਹੈ, ਜਦੋਂ ਕਿ ਮੌਜੂਦਾ ਸਮੇ ਵਿੱਚ ਹਾਲਾਤ ਬਿਲਕੁਲ ਉਲਟ ਹਨ। ਗ੍ਰੰਥੀ, ਪਾਠੀ ਸਿੰਘ ਬੇਹੱਦ ਨੀਵੇਂ ਪੱਧਰ ਦੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ, ਜਿਸ ਦਾ ਨਤੀਜਾ ਇਹ ਹੈ ਕਿ ਕੋਈ ਵੀ ਸਰਦੇ ਪੁੱਜਦੇ ਘਰ ਦਾ ਧੀ ਪੁੱਤ ਗ੍ਰੰਥੀ/ਪਾਠੀ ਬਣਨ ਵਿੱਚ ਰੁਚੀ ਨਹੀਂ ਰੱਖਦਾ, ਜਿਸ ਕਰਕੇ ਸਿੱਖ ਨੌਜਵਾਨੀ ਪਤਿਤਪੁਣੇ ਦਾ ਸ਼ਿਕਾਰ ਹੋ ਕੇ ਸਿੱਖੀ ਤੋਂ ਦੂਰ ਜਾ ਰਹੀ ਹੈ। ਸਿੱਖੀ ਦੇ ਪ੍ਰਚਾਰ ਪਾਸਾਰ ਦੇ ਕਾਰਜਾਂ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਗੁਰੂ ਸਾਹਿਬ ਦੇ ਵਜੀਰਾਂ ਨੂੰ ਉਨਾਂ ਦੇ ਉੱਚੇ ਸੁੱਚੇ ਰੁਤਬੇ ਅਨੁਸਾਰ ਚੰਗੀਆਂ ਤਨਖਾਹਾਂ ਅਤੇ ਮਾਣ ਸਨਮਾਨ ਦੇਣ ਲਈ ਉਪਰਾਲੇ ਹੋਣੇ ਚਾਹੀਦੇ ਹਨ, ਕਿਉਂਕਿ ਜਿਓਂ-ਜਿਓਂ ਨੀਂਹ ਮਜਬੂਤ ਹੋਵੇਗੀ, ਮਕਾਨ ਦੀ ਮਜਬੂਤੀ ਵੀ ਤਾਂ ਹੀ ਹੋ ਸਕੇਗੀ। ਗੁਰਬਾਣੀ ਦੇ ਚੰਗੇ ਗਿਆਤਾ ਹੋਣ ਦੇ ਨਾਲ-ਨਾਲ ਦੁਨਿਆਵੀ ਵਿਦਿਆ ਵਿੱਚ ਵੀ ਮੁਹਾਰਤ ਰੱਖਣ ਵਾਲੇ ਗ੍ਰੰਥੀ ਸਿੱਖ ਪੈਦਾ ਕਰਨੇ ਸਮੇਂ ਦੀ ਜਰੂਰੀ ਲੋੜ ਹੈ, ਪ੍ਰੰਤੂ ਇਹ ਓਨੀ ਦੇਰ ਸੰਭਵ ਨਹੀ, ਜਿੰਨੀ ਦੇਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਸਾਡੇ ਗੁਰਦੁਆਰਾ ਸਾਹਿਬਾਨਾਂ ਦੀਆਂ ਕਮੇਟੀਆਂ ਵਿੱਚ ਵੀ ਚੰਗੇ ਗੁਰਸਿੱਖ ਨਹੀਂ ਹੋਣਗੇ। ਸੋ ਇਸ ਪਾਸੇ ਗੰਭੀਰਤਾ ਨਾਲ ਸੋਚਣ ਦੇ ਨਾਲ ਨਾਲ ਗੁਰੂ ਸਾਹਿਬ ਦੇ ਵਜੀਰਾਂ ਪ੍ਰਤੀ ਨਜ਼ਰੀਏ ਵਿੱਚ ਬਦਲਾਅ ਲੈ ਕੇ ਆਉਣਾ ਪਵੇਗਾ। ਸੋ ਗ੍ਰੰਥੀ/ਪਾਠੀ ਸਿੰਘਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਤੋਂ ਬਗੈਰ ਚੰਗੇ ਗ੍ਰੰਥੀ ਸਿੰਘ ਪੈਦਾ ਕਰ ਸਕਣੇ ਵੀ ਸੰਭਵ ਨਹੀਂ। ਮੌਜੂਦਾ ਹਾਲਾਤਾਂ ਦੇ ਸੰਦਰਭ ਵਿੱਚ ਇਸ ਪਾਸੇ ਗੰਭੀਰਤਾ ਅਤੇ ਸੰਜੀਦਗੀ ਨਾਲ ਸੋਚਣ ਤੇ ਚਿੰਤਨ ਕਰਨ ਦੀ ਲੋੜ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES

10 ਅਗਸਤ 2022 ਤੋਂ 16 ਅਗਸਤ 2022

# ਮੋਰਚਾ ਗੁਰੂ ਕਾ ਬਾਗ : ਅੱਜ ਸਾਡੀ ਬਣਦੀ ਜਿੰਮੇਵਾਰੀ

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਕਤ ਸੰਗਤ ਦੇ ਉੱਦਮਾਂ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ 'ਚ ਆਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਹਾਇਤਾ ਵਾਸਤੇ, ਉਸ ਦੇ ਫੈਸਲਿਆਂ ਅਤੇ ਹੁਕਮਾਂ ਨੂੰ ਵਰਤੋਂ ਵਿੱਚ ਲਿਆਉਣ, ਉਨਾਂ ਅਨੁਸਾਰ ਕਾਰਵਾਈ ਕਰਨ/ਕਰਵਾਉਣ ਲਈ ਇੱਕ ਵੱਖਰੀ ਜਥੇਬੰਦੀ ਬਣਾਉਣ ਦਾ ਫੈਸਲਾ ਹੋਇਆ, ਇਸ ਦਾ ਨਾਮ ਸ਼੍ਰੋਮਣੀ ਅਕਾਲੀ ਦਲ ਰੱਖਿਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਗਤ ਦੇ ਸਹਿਯੋਗ ਸਦਕਾ ਲਗਾਤਾਰ ਯਤਨ ਕੀਤੇ ਜਿਸ ਸਦਕਾ ਮਹੰਤਾਂ ਪਾਸੋਂ ਗੁਰਦੁਆਰਾ ਪ੍ਰਬੰਧ ਨੂੰ ਅਜ਼ਾਦ ਕਰਵਾਇਆ।

ਗੁਰਦੁਆਰਾ ਗੁਰੂ ਕਾ ਬਾਗ ਦੇ ਮਹੰਤ ਸੁੰਦਰ ਦਾਸ ਦੇ ਮਾੜੇ ਕੰਮਾਂ ਦੀਆਂ ਸ਼ਿਕਾਇਤਾਂ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਪੁੱਜੀਆਂ ਤਾਂ 31 ਜਨਵਰੀ 1921 ਨੂੰ ਮਹੰਤ ਨੂੰ ਸਮਝਾਇਆ ਪਰ ਕੁਝ ਸਮੇਂ ਬਾਅਦ ਮਹੰਤ ਫਿਰ ਆਕੀ ਹੋ ਗਿਆ। ਫਿਰ 23 ਅਗਸਤ 1921 ਨੂੰ ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸੰਭਾਲ ਲਿਆ। ਗੁਰਦੁਆਰਾ ਸਾਹਿਬ ਦੀ ਜਮੀਨ ਮਹੰਤ ਕੋਲ ਹੀ ਰਹੀ। ਫਰਵਰੀ 1922 ਨੂੰ ਮਹੰਤ ਨਾਲ ਇੱਕ ਵਾਰ ਫਿਰ ਸਮਝੌਤਾ ਹੋਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਹੰਤ ਨੂੰ ਗੁਜਾਰੇ ਲਈ 120 ਰੁਪਏ ਮਹੀਨਾ ਨੀਯਤ ਕੀਤਾ ਗਿਆ ਅਤੇ ਸ੍ਰੀ ਅੰਮ੍ਰਿਤਸਰ ਵਿਖੇ ਇੱਕ ਰਹਿਣ ਲਈ ਮਕਾਨ ਦਿੱਤਾ ਗਿਆ। ਪਰ ਥੋੜੇ ਸਮੇਂ ਬਾਅਦ ਮਹੰਤ ਫਿਰ ਆਕੀ ਹੋ ਗਿਆ।

ਜਦੋਂ ਤੋਂ ਗੁਰਦੁਆਰਾ ਗੁਰੂ ਕੇ ਬਾਗ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆਇਆ ਸੀ ਉਦੋਂ ਤੋਂ ਹੀ ਇੱਥੇ ਲੰਗਰ ਚਾਲੂ ਸੀ। ਲੰਗਰ ਲਈ ਬਾਲਣ ਗੁਰਦੁਆਰਾ ਸਾਹਿਬ ਦੀ ਜਮੀਨ ਚੋਂ ਹੀ ਆਉਂਦਾ ਸੀ। 8 ਅਗਸਤ 1922 ਨੂੰ ਇਸੇ ਥਾਂ ਤੋਂ 5 ਅਕਾਲੀਆਂ ਨੇ ਲੰਗਰ ਵਾਸਤੇ ਇੱਕ ਸੁੱਕੀ ਕਿੱਕਰ ਛਾਂਗ ਕੇ ਬਾਲਣ ਲਿਆਂਦਾ। ਅਗਲੇ ਦਿਨ ਇਨਾਂ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। 10 ਅਗਸਤ ਨੂੰ ਮਹੰਤ ਪਾਸੋਂ ਇਨਾਂ ਸਿੰਘਾਂ ਵਿਰੁੱਧ ਦਰਖ਼ਾਸਤ ਲਈ ਗਈ ਕਿ ਇਨਾਂ ਨੇ ਮੇਰੀ ਚੋਰੀ ਕੀਤੀ ਹੈ। ਉਸੇ ਹੀ ਦਿਨ ਇਨਾਂ ਸਿੰਘਾਂ ਨੂੰ 6-6 ਮਹੀਨੇ ਦੀ ਕੈਦ ਅਤੇ ਪੰਜਾਹ-ਪੰਜਾਹ ਰੁਪਏ ਜੁਰਮਾਨੇ ਦੀ ਸਜਾ ਦਿੱਤੀ ਗਈ। ਅਗਲੇ ਦਿਨ ਉਥੇ ਪੁਲਸ ਬਿਠਾ ਦਿੱਤੀ ਗਈ। ਫਿਰ 22 ਅਗਸਤ 1922 ਤੋਂ ਅਚਾਨਕ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਪੁਲਸ ਕਪਤਾਨ ਨੇ ਹੁਕਮ ਦੇ ਦਿੱਤਾ ਕਿ ਜੇ ਕੋਈ ਲੱਕੜਾਂ ਵੱਢਣ ਜਾਵੇ ਤਾਂ ਓਹਨੂੰ ਡਾਂਗਾਂ ਨਾਲ ਕੁੱਟਿਆ ਜਾਵੇ।

26 ਅਗਸਤ 1922 ਨੂੰ ਗੁਰਦੁਆਰਾ ਸਾਹਿਬ ਦੇ ਬਾਹਰ ਵੱਡੀ ਗਿਣਤੀ 'ਚ ਸੰਗਤ ਇਕੱਤਰ ਹੋਈ। ਪੁਲਸ ਨੇ ਇਕੱਤਰ ਹੋਈ ਸੰਗਤ 'ਤੇ ਲਾਠੀਚਾਰਜ ਕਰ ਦਿੱਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਜਨਰਲ ਸਕੱਤਰ, ਸਕੱਤਰ ਅਤੇ ਛੇ ਹੋਰ ਮੁਖੀ ਮੈਂਬਰਾਂ ਦੀ ਗ੍ਰਿਫਤਾਰੀ ਹੋਈ। 29 ਅਗਸਤ 1922 ਨੂੰ ਅਕਾਲ ਤਖ਼ਤ ਸਾਹਿਬ ਤੋਂ ਪਹਿਲਾ ਜਥਾ ਇਹ ਪ੍ਰਣ ਕਰਕੇ ਰਵਾਨਾ ਹੋਇਆ ਕਿ ਉਹ ਸ਼ਾਂਤਮਈ ਰਹਿ ਕੇ ਹਰ ਤਰਾਂ ਦਾ ਕਸ਼ਟ ਸਹਾਰਦੇ ਹੋਏ ਗੁਰੂ ਕੇ ਬਾਗ ਵੱਲ ਜਾਣਗੇ। ਰਸਤੇ ਵਿੱਚ ਹੀ ਨਾਕਾ ਸੀ ਜਿਥੇ ਇਨਾਂ ਸਿੰਘਾਂ 'ਤੇ ਬਹੁਤ ਜਿਆਦਾ ਕਸ਼ਟ ਹੋਇਆ, ਡਾਂਗਾ ਮਾਰੀਆਂ ਗਈਆਂ, ਬੇਰਹਿਮੀ ਨਾਲ ਕੁੱਟਿਆ ਗਿਆ। ਸਿੰਘ ਵਾਹਿਗੁਰੂ ਦਾ ਜਾਪੁ ਕਰਦੇ ਰਹੇ ਪਰ ਸੀ ਨਹੀਂ ਕੀਤਾ। ਇਸੇ ਤਰਾਂ ਹਰ ਰੋਜ ਕਦੀ 50, ਕਦੀ 60 ਕਦੀ 100 ਸਿੰਘਾਂ ਦਾ ਜਥਾ ਜਾਂਦਾ ਅਤੇ ਸਰਕਾਰ ਦਾ ਤਸ਼ੱਦਦ ਝੱਲਦਾ। ਹਰ ਪਾਸੇ ਸਰਕਾਰ ਦੀ ਨਿੰਦਾ ਹੋਣ ਲੱਗੀ। ਫਿਰ 13 ਸਤੰਬਰ 1922 ਨੂੰ ਸਰਕਾਰ ਨੇ ਬਦਨਾਮੀ ਤੋਂ ਬਚਨ ਲਈ ਆਪਣਾ ਪੈਂਤੜਾ ਬਦਲਿਆ। ਗੁਰਦੁਆਰੇ ਦੇ ਰਾਹ ਵਿਚਲੀ ਚੌਂਕੀ ਪੁਲਸ ਨੇ ਚੱਕ ਲਈ ਤਾਂ ਕਿ ਜਥੇ ਗੁਰੂ ਕੇ ਬਾਗ ਪੁੱਜ ਸਕਣ। 13 ਸਤੰਬਰ ਮਗਰੋਂ ਮਾਰ ਕੁਟਾਈ ਬੰਦ ਕੀਤੀ ਗਈ ਅਤੇ ਮੁੜ ਗ੍ਰਿਫਤਾਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਇਸ ਤਰਾਂ 5605 ਸਿੰਘ ਗ੍ਰਿਫਤਾਰ ਹੋ ਗਏ।

ਸਰਕਾਰ ਇਸ ਵਿਚੋਂ ਨਿਕਲਣਾ ਚਾਹੁੰਦੀ ਸੀ ਪਰ ਕੋਈ ਰਾਹ ਨਹੀਂ ਸੀ ਮਿਲ ਰਿਹਾ। ਸਰਕਾਰ ਚਾਬੀਆਂ ਦੇ ਮੋਰਚੇ ਦੇ ਬਦਲੇ ਵਜੋਂ ਸਿੰਘਾਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ ਪਰ ਹੋ ਉਲਟਾ ਗਿਆ। ਅੰਤ ਸਰਕਾਰ ਨੂੰ ਭੱਜਣ ਦਾ ਰਾਹ ਮਿਲ ਗਿਆ, ਸੇਵਾ ਮੁਕਤ ਸਰਕਾਰੀ ਇੰਜੀਨੀਅਰ ਸਰ ਗੰਗਾ ਰਾਮ ਨੇ ਮਹੰਤ ਪਾਸੋਂ ਜਮੀਨ ਠੇਕੇ 'ਤੇ ਲੈ ਲਈ ਅਤੇ ਸਰਕਾਰ ਨੂੰ ਲਿਖ ਦਿੱਤਾ ਕਿ ਮੈਨੂੰ ਪੁਲਸ ਦੀ ਲੋੜ ਨਹੀਂ ਨਾ ਹੀ ਮੈਂ ਸਿੰਘਾਂ ਨੂੰ ਲੰਗਰਾਂ ਵਾਸਤੇ ਬਾਲਣ ਵੱਢਣ ਤੋਂ ਰੋਕਣਾ ਚਾਹੁੰਦਾ ਹਾਂ। ਇਸ ਤਰਾਂ ਸਰਕਾਰ ਨੂੰ ਵੀ ਸੌਖਾ ਰਾਹ ਮਿਲ ਗਿਆ। ਅੰਤ ਸਿਦਕ, ਦ੍ਰਿੜਤਾ ਅਤੇ ਗੁਰੂ 'ਤੇ ਭਰੋਸੇ ਵਾਲਿਆਂ ਦੀ ਜਿੱਤ ਹੋਈ।

ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਕਿਸੇ ਵੇਲੇ ਗੁਰੂ ਪਾਤਿਸਾਹ ਨੇ ਮਸੰਦ ਥਾਪੇ। ਜਦੋਂ ਉਹ ਗੁਰੂ ਤੋਂ ਬੇਮੁੱਖ ਹੋਏ ਤਾਂ ਗੁਰੂ ਨੇ ਆਪਣੇ ਹੱਥੀਂ ਖਤਮ ਕੀਤੇ। ਫਿਰ ਸੰਗਤ ਨੇ ਮਹੰਤ ਅਤੇ ਪੁਜਾਰੀਆਂ ਨੂੰ ਓਹਨਾ ਦਾ ਬਣਦਾ ਸਤਿਕਾਰ ਦਿੱਤਾ ਪਰ ਜਦੋਂ ਉਹ ਵੀ ਗੁਰੂ ਤੋਂ ਮੂੰਹ ਫੇਰ ਗਏ ਤਾਂ ਸੰਗਤ ਨੇ ਉੱਦਮ ਕੀਤਾ ਅਤੇ ਉਹਨਾਂ ਦੇ ਹੱਥਾਂ 'ਚੋਂ ਗੁਰਦੁਆਰਾ ਪ੍ਰਬੰਧ ਨੂੰ ਵਾਪਸ ਲੈ ਲਿਆ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ 'ਚ ਆਈ ਅਤੇ ਉਸ ਦੇ ਹੁਕਮਾਂ/ਫੈਸਲਿਆਂ ਨੂੰ ਲਾਗੂ ਕਰਨ/ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਬਣਾਇਆ ਗਿਆ। ਅੱਜ 100 ਸਾਲਾਂ ਬਾਅਦ ਹਲਾਤ ਇਹ ਹਨ ਕਿ ਸ਼੍ਰੋਮਣੀ ਅਕਾਲੀ ਦਲ ਜੋ ਕਿ ਇੱਕ ਨਿਰੋਲ ਰਾਜਸੀ ਪਾਰਟੀ ਬਣ ਕੇ ਰਹਿ ਗਿਆ ਹੈ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਲਾ ਰਿਹਾ ਹੈ। ਇਹ ਦੋਵੇਂ ਸਿੱਖ ਸੰਗਤ ਦੀਆਂ ਭਾਵਨਾਵਾਂ ਦੀ ਤਰਜਮਾਨੀ ਨਹੀਂ ਕਰ ਪਾ ਰਹੇ ਅਤੇ ਪੰਥ ਦੀਆਂ ਰਵਾਇਤਾਂ ਅਨੁਸਾਰ ਨਹੀਂ ਚੱਲ ਰਹੇ। 100 ਸਾਲ ਪਹਿਲਾਂ ਜਿਸ ਪਵਿੱਤਰ ਕਾਰਜ ਲਈ ਇਹ ਕਮੇਟੀ ਬਣੀ ਸੀ ਅੱਜ ਇਹ ਉਸ 'ਤੇ ਸਹੀ ਨਹੀਂ ਨਿਭ ਰਹੀ।

ਕੋਈ ਮਨੁੱਖ/ਸੰਸਥਾ/ਜਥਾ ਜਦੋਂ ਤੱਕ ਗੁਰੂ ਆਸ਼ੇ ਅਨੁਸਾਰ ਚੱਲਦਾ ਹੈ, ਗੁਰੂ ਦੀ ਬਖਸ਼ਿਸ਼ ਦਾ ਪਾਤਰ ਰਹਿੰਦਾ ਹੈ, ਜਦੋਂ ਉਹ ਗੁਰੂ ਤੋਂ ਮੂੰਹ ਫੇਰ ਲੈਂਦਾ ਹੈ ਉਦੋਂ ਉਸਦਾ ਖਤਮ ਹੋਣਾ ਸੁਭਾਵਿਕ ਹੈ, ਉਹ ਭਾਵੇਂ ਮਸੰਦ ਹੋਣ, ਭਾਵੇਂ ਮਹੰਤ ਤੇ ਭਾਵੇਂ ਕੋਈ ਪ੍ਰਬੰਧਕ ਕਮੇਟੀ। ਉਸ ਸਮੇਂ 'ਚ ਵਿਚਰ ਰਹੇ ਮਨੁੱਖਾਂ 'ਤੇ ਇਹ ਜਿੰਮੇਵਾਰੀ ਆਇਦ ਹੁੰਦੀ ਹੈ ਕਿ ਉਹ ਮੌਜੂਦਾ ਪ੍ਰਬੰਧ ਨੂੰ ਲੋੜ ਅਨੁਸਾਰ ਸੋਧ ਕੇ ਗੁਰਮਤਿ ਅਨੁਸਾਰ, ਆਪਣੀ ਰਵਾਇਤ ਅਨੁਸਾਰ ਕਰਨ ਲਈ ਉੱਦਮ ਕਰਨ।

ਅੱਜ ਮੌਜੂਦਾ ਸਮੇਂ 'ਚ ਵਿਚਰ ਰਹੇ ਜੀਆਂ 'ਤੇ ਇਹ ਜਿੰਮੇਵਾਰੀ ਆਇਦ ਹੈ ਕਿ ਉਹ ਮਜੂਦਾ ਗੁਰਦੁਆਰਾ ਪ੍ਰਬੰਧ ਨੂੰ ਲੋੜ ਅਨੁਸਾਰ ਸੋਧ ਕੇ ਆਪਣੀ ਰਵਾਇਤ ਅਨੁਸਾਰ ਕਰਨ ਲਈ ਯਤਨਸ਼ੀਲ ਹੋਣ। ਗੁਰੂ ਪਾਤਿਸ਼ਾਹ ਮਿਹਰ ਕਰਨ ਅਸੀਂ ਆਪਣੀ ਸਭ ਤੋਂ ਸਿਰਮੌਰ ਜਿੰਮੇਵਾਰੀ ਗੁਰੂ ਦੇ ਅਦਬ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਸਬੰਧੀ ਬੀਤੇ ਦੀ ਰੌਸ਼ਨੀ 'ਚ ਭਵਿੱਖ ਲਈ ਯਤਨਸ਼ੀਲ ਹੋ ਸਕੀਏ।

# ਵੰਡ ਨਾ ਹੁੰਦੀ ਤਾਂ ਪੰਜਾਬ ਦੁਨੀਆ ਦਾ ਵਿਕਸਿਤ ਖਿੱਤਾ ਹੁੰਦਾ

## ਡਾਕਟਰ ਰਣਜੀਤ ਸਿੰਘ ਘੁੰਮਣ

ਭਾਰਤ-ਪਾਕਿਸਤਾਨ ਦੀ ਬਰਤਾਨਵੀ ਸਾਮਰਾਜ ਤੋਂ ਆਜ਼ਾਦੀ ਅਤੇ ਦੇਸ਼ ਦੀ ਵੰਡ ਇਕੋ ਸਮੇਂ ਵਾਪਰੀਆਂ ਦੋ ਅਜਿਹੀਆਂ ਘਟਨਾਵਾਂ ਹਨ, ਜਿਨਾਂ ਵਿਚ ਆਜ਼ਾਦੀ ਦੀ ਖ਼ੁਸ਼ੀ ਅਤੇ ਵੰਡ ਦਾ ਦੁਖਾਂਤ ਇਕੋ ਸਮੇਂ ਵਾਪਰੇ। ਭਾਵੇਂ ਇਨਾਂ ਘਟਨਾਵਾਂ ਨੂੰ ਵਾਪਰਿਆਂ ਹੁਣ 75 ਸਾਲ ਬੀਤ ਗਏ ਹਨ ਪਰ ਵੰਡ ਦੇ ਜ਼ਖ਼ਮ ਅਜੇ ਵੀ ਅੱਲੇ ਹਨ ਅਤੇ ਦੁਖਾਂਤ ਅਜੇ ਵੀ ਤਾਜ਼ਾ ਹੈ। ਵੰਡ ਦੀ ਜ਼ਿੰਮੇਵਾਰੀ ਲਈ ਉਸ ਵੇਲੇ ਦੀ ਬਰਤਾਨਵੀ ਹਕੂਮਤ, ਧਰਮ-ਆਧਾਰਿਤ ਸੰਪਰਦਾਇਕ/ਕੱਟੜਪੰਥੀ ਸੰਗਠਨ (ਖ਼ਾਸ ਕਰਕੇ ਹਿੰਦੂ-ਮਹਾਂਸਭਾ ਅਤੇ ਮੁਸਲਿਮ ਲੀਗ) ਅਤੇ ਉਸ ਵੇਲੇ ਦੀਆਂ ਰਾਜਨੀਤਕ ਪਾਰਟੀਆਂ ਸਿਰ ਜਾਂਦੀ ਹੈ। ਪਰ ਵੰਡ ਵਿਚ ਜਾਨੀ ਅਤੇ ਮਾਲੀ ਨੁਕਸਾਨ ਦੀ ਜ਼ਿੰਮੇਵਾਰੀ ਸਾਰੇ ਧਰਮਾਂ/ਮਜ਼ਹਬਾਂ ਦੇ ਲੋਕਾਂ ਸਿਰ ਜਾਂਦੀ ਹੈ। ਸਾਰੇ ਵਰਗਾਂ ਅਤੇ ਧਰਮਾਂ ਦੇ ਲੋਕਾਂ ਨੂੰ ਅਣ-ਮਨੁੱਖੀ ਕਤਲੋ-ਗਾਰਤ ਅਤੇ ਹੈਵਾਨੀਅਤ ਨੂੰ ਝੱਲਣਾ ਪਿਆ।

ਪਿਛਲੇ 75 ਸਾਲਾਂ ਦੌਰਾਨ ਵੀ ਭਾਰਤ-ਪਾਕਿਸਤਾਨ ਬਾਰਡਰ (ਪਾਕਿਸਤਾਨ ਦੀ 553 ਕਿਲੋਮੀਟਰ ਸਰਹੱਦ ਪੰਜਾਬ ਨਾਲ ਲਗਦੀ ਹੈ) ਕਦੀ ਵੀ ਸ਼ਾਂਤਮਈ ਨਹੀਂ ਰਿਹਾ। ਭਾਰਤ ਪਾਕਿਸਤਾਨ ਵਿਚਾਲੇ ਸਾਢੇ ਤਿੰਨ ਜੰਗਾਂ ਵਿਚੋਂ ਦੋ ਵੱਡੀਆਂ ਜੰਗਾਂ ਦੌਰਾਨ ਪੰਜਾਬ ਹੀ ਮੁੱਖ ਤੌਰ 'ਤੇ ਲੜਾਈ ਦਾ ਮੈਦਾਨ ਸੀ। ਵੰਡ ਦੌਰਾਨ ਅਤੇ ਵੰਡ ਤੋਂ ਬਾਅਦ ਵੀ ਦੋਵਾਂ ਪੰਜਾਬਾਂ (ਪੂਰਬੀ ਅਤੇ ਪੱਛਮੀ ਪੰਜਾਬ) ਨੇ ਹੀ ਮੁੱਖ ਤੌਰ ਤੇ ਦੁਖਾਂਤ ਭੁਗਤਿਆ ਅਤੇ ਭੁਗਤ ਰਹੇ ਹਨ। ਵੰਡ ਏਨੀ ਕਠੋਰ ਸੀ ਕਿ ਇਸ ਨੇ ਨਾ ਕੇਵਲ ਘਰਾਂ ਅਤੇ ਪਰਿਵਾਰਾਂ ਨੂੰ ਹੀ ਵੰਡਿਆ ਬਲਕਿ ਦਰਿਆਵਾਂ, ਨਦੀਆਂ, ਪਹਾੜਾਂ ਦੇ ਨਾਲ-ਨਾਲ ਆਵਾਜਾਈ ਨਾਲ ਸੰਬੰਧਿਤ ਰੇਲਾਂ, ਸੜਕਾਂ ਅਤੇ ਸਮੁੱਚੇ ਆਰਥਿਕ ਢਾਂਚੇ ਨੂੰ ਵੀ ਵੰਡ ਦਿੱਤਾ। ਲੋਕਾਂ ਨੂੰ ਪੁਸ਼ਤੈਨੀ ਘਰ ਅਤੇ ਕਾਰੋਬਾਰ ਅਚਾਨਕ ਹੀ ਮਜਬੂਰਨ ਛੱਡਣੇ ਪਏ। ਕਈ ਪੀੜੀਆਂ ਤੱਕ ਵਸਦੇ-ਰਸਦੇ ਇਹ ਲੋਕ (ਜਿਨਾਂ ਨੂੰ ਮਜਬੂਰਨ ਹਿਜਰਤ ਕਰਨੀ ਪਈ) ਪਨਾਹਗੀਰ (ਪਨਾਹੀ) ਅਖਵਾਉਂਦੇ ਰਹੇ ਅਤੇ ਦੂਜੇ ਦਰਜੇ ਦੇ ਸ਼ਹਿਰੀ ਬਣ ਕੇ ਰਹਿੰਦੇ ਰਹੇ।

ਜ਼ਰਾ ਸੋਚੋ ਜੇ ਮੁਲਕ ਅਤੇ ਪੰਜਾਬ ਦੀ ਵੰਡ ਨਾ ਹੁੰਦੀ ਤਾਂ ਲਾਹੌਰ ਅਤੇ ਅੰਮ੍ਰਿਤਸਰ ਕਿੰਨਾ ਜ਼ਿਆਦਾ ਵਿਕਸਿਤ (ਸੱਭਿਆਚਾਰਕ ਅਤੇ ਆਰਥਿਕ ਤੌਰ 'ਤੇ) ਹੁੰਦੇ। ਪਰ ਵੰਡ ਇਕ ਮੰਦਭਾਗੀ ਇਤਿਹਾਸਿਕ ਸਚਾਈ ਹੈ ਅਤੇ ਪਾਕਿਸਤਾਨ ਅਤੇ ਭਾਰਤ ਦੋ ਆਜ਼ਾਦ ਮੁਲਕ ਹਨ। ਪਰ ਦੁਖਾਂਤ ਇਹ ਹੈ ਕਿ ਅੱਜ ਵੀ ਦੋਵੇਂ ਦੇਸ਼ ਚੰਗੇ ਗੁਆਂਢੀਆਂ ਵਾਂਗ ਨਹੀਂ ਰਹਿ ਰਹੇ। ਜਿਸ ਕਰਕੇ ਹਰ ਵੇਲੇ ਅਸ਼ਾਂਤੀ ਅਤੇ ਤਣਾਅ ਦਾ ਮਾਹੌਲ ਬਣਿਆ ਰਹਿੰਦਾ ਹੈ। ਇਸ ਦੇ ਫਲਸਰੂਪ ਅੰਤਰਰਾਸ਼ਟਰੀ ਸਰਹੱਦ ਦੇ ਦੋਵੇਂ ਪਾਸੇ ਆਰਥਿਕ ਤਰੱਕੀ ਉੱਪਰ ਬਹੁਤ ਹੀ ਮਾੜਾ ਪ੍ਰਭਾਵ ਪੈ ਰਿਹਾ ਹੈ। ਸਰਹੱਦ ਦੇ ਦੋਵੇਂ ਪਾਸੇ ਲੋਕਾਂ ਨੂੰ ਆਪਣੀਆਂ ਆਰਥਿਕ ਸਰਗਰਮੀਆਂ ਕਰਨੀਆਂ ਮੁਸ਼ਕਿਲ ਹੋ ਰਹੀਆਂ ਹਨ। ਸਰਕਾਰਾਂ ਵੀ ਸਰਹੱਦੀ ਇਲਾਕਿਆਂ ਵਿਚ ਵਸਦੇ ਲੋਕਾਂ ਦੀ ਬਣਦੀ ਸਾਰ ਨਹੀਂ ਲੈ ਰਹੀਆਂ। ਇਸ ਦੇ ਫਲਸਰੂਪ ਸਮਾਜਿਕ (ਸਿੱਖਿਆ ਅਤੇ ਸਿਹਤ ਸਹੂਲਤਾਂ) ਅਤੇ ਆਰਥਿਕ ਬੁਨਿਆਦੀ ਢਾਂਚਾ ਬਹੁਤ ਹੀ ਘੱਟ ਵਿਕਸਿਤ ਹੋਇਆ ਹੈ। ਨਤੀਜੇ ਵਜੋਂ ਇਨਾਂ ਖਿੱਤਿਆਂ ਵਿਚ ਰਹਿਣ ਵਾਲੇ ਲੋਕ ਆਰਥਿਕ ਪੱਖੋਂ ਬਹੁਤ ਪਛੜ ਗਏ ਹਨ। ਸੋ, ਭਾਵੇਂ ਉਜੜ-ਪੁਜੜ ਕੇ ਆਏ ਬਹੁਤੇ ਲੋਕ ਆਪਣੀ ਹਿੰਮਤ, ਸਿਰੜ ਅਤੇ ਮਿਹਨਤ ਸਦਕਾ ਆਰਥਿਕ ਪੱਖੋਂ ਸਥਿਰ ਹੋ ਗਏ ਹਨ ਪਰ ਸਰਹੱਦ ਦੇ ਆਸ-ਪਾਸ ਵਸਦੇ ਲੋਕਾਂ ਦੀ ਹਾਲਤ ਅੱਜ ਵੀ ਤਰਸਯੋਗ ਹੈ।

ਦੇਸ਼ ਦੀ ਵੰਡ ਕਾਰਨ ਦੋਵਾਂ ਦੇਸ਼ਾਂ ਵਿਚ ਹੋ ਰਹੇ ਵਪਾਰ ਅਤੇ ਵਪਾਰਕ ਸੰਬੰਧਾਂ ਉੱਪਰ ਵੀ ਬਹੁਤ ਹੀ ਮਾੜਾ ਅਸਰ ਪਿਆ। ਜ਼ਿਕਰਯੋਗ ਹੈ ਕਿ ਦੋਵਾਂ ਪੰਜਾਬਾਂ ਵਿਚਕਾਰ ਵੰਡ ਵੇਲੇ ਵਪਾਰ ਦੀ ਖ਼ਾਸ ਮਹੱਤਤਾ ਸੀ, ਕਿਉਂਕਿ ਦੋਵੇਂ ਖਿੱਤੇ (ਪੱਛਮੀ ਅਤੇ ਪੂਰਬੀ ਪੰਜਾਬ) ਆਰਥਿਕ ਅਤੇ ਵਪਾਰਕ ਪੱਖੋਂ ਇਕ ਦੂਜੇ ਦੇ ਪੂਰਕ ਸਨ ਅਤੇ ਸਾਂਝੇ ਪੰਜਾਬ ਦਾ ਆਰਥਿਕ ਵਿਕਾਸ ਵੀ ਇਸੇ ਆਧਾਰ 'ਤੇ ਕੀਤਾ ਗਿਆ ਸੀ। ਵੰਡ ਤੋਂ ਅਗਲੇ ਸਾਲ (1948-49) ਦੌਰਾਨ ਪਾਕਿਸਤਾਨ ਦੀਆਂ ਕੁੱਲ ਦਰਾਮਦਾਂ ਅਤੇ ਬਰਾਮਦਾਂ ਵਿਚ ਭਾਰਤ ਦਾ ਕ੍ਰਮਵਾਰ 51 ਪ੍ਰਤੀਸ਼ਤ ਅਤੇ 24 ਪ੍ਰਤੀਸ਼ਤ ਹਿੱਸਾ ਸੀ। ਇਸ ਵਿਚੋਂ ਅੱਧ ਤੋਂ ਵੀ ਜ਼ਿਆਦਾ ਵਪਾਰ ਵਾਹਗਾ ਬਾਰਡਰ ਦੇ ਰਸਤੇ ਹੋ ਰਿਹਾ ਸੀ ਜਿਸ ਦਾ ਪੰਜਾਬ ਨੂੰ ਬਹੁਤ ਫਾਇਦਾ ਸੀ ਬਾਅਦ ਵਾਲੇ ਸਾਲਾਂ ਵਿਚ ਆਪਸੀ ਵਪਾਰ ਬਹੁਤ ਘੱਟ ਗਿਆ। ਸਾਲ 1965 ਦੀ ਲੜਾਈ ਤੋਂ ਬਾਅਦ ਦੋਵਾਂ ਮੁਲਕਾਂ ਵਿਚਕਾਰ 9 ਸਾਲਾਂ ਤੱਕ ਵਪਾਰ ਬਿਲਕੁਲ ਬੰਦ ਰਿਹਾ। ਪੰਜਾਬ ਨੂੰ ਇਸ ਦਾ ਬਹੁਤ ਵੱਡਾ ਆਰਥਿਕ ਖਮਿਆਜ਼ਾ (ਪਾਕਿਸਤਾਨ ਪੰਜਾਬ ਨੂੰ ਵੀ) ਭੁਗਤਣਾ ਪਿਆ। ਵਰਨਣਯੋਗ ਹੈ ਕਿ ਦੋਵੇਂ ਪੰਜਾਬ ਸਮੁੰਦਰੀ ਬੰਦਰਗਾਹਾਂ ਤੋਂ ਬਹੁਤ ਦੂਰ ਹਨ ਅਤੇ ਉਸ ਰਸਤੇ ਸਾਮਾਨ ਦੀ ਢੋਆ-ਢੁਆਈ ਉੱਪਰ ਲਾਗਤ (ਸਮੇਂ ਅਤੇ ਵਿੱਤ ਦੀ) ਬਹੁਤ ਵਧ ਜਾਂਦੀ ਹੈ। ਵਰਨਣਯੋਗ ਹੈ ਕਿ 1965 ਤੋਂ 1974 ਦੇ 9 ਸਾਲਾਂ ਦੀ ਵਪਾਰ-ਬੰਦੀ ਦੌਰਾਨ ਵੀ ਭਾਰਤੀ ਅਤੇ ਪਾਕਿਸਤਾਨੀ ਵਸਤਾਂ ਦਾ ਵਪਾਰ ਮੱਧ ਏਸ਼ੀਆ ਰਾਹੀਂ ਹੁੰਦਾ ਰਿਹਾ ਪਰ ਇਸ ਵਿਚ ਬਹੁਤਾ ਫ਼ਾਇਦਾ ਬੰਦਰਗਾਹਾਂ ਦੇ ਨੇੜਲੇ ਸੂਬਿਆਂ ਨੂੰ ਹੋਇਆ ਪਰ ਦੋਹਾਂ ਪੰਜਾਬਾਂ ਦੇ ਵਪਾਰ ਨੂੰ ਬਹੁਤ ਵੱਡਾ ਧੱਕਾ ਲੱਗਿਆ।

ਸਾਲ 1965 ਦੀ ਭਾਰਤ-ਪਾਕਿਸਤਾਨ ਲੜਾਈ ਤੋਂ ਬਾਅਦ ਪੰਜਾਬ ਵਿਚ ਉਦਯੋਗਿਕ ਇਕਾਈਆਂ ਨੇ ਵੀ ਹਿਜਰਤ ਕਰਨੀ ਸ਼ੁਰੂ ਕਰ ਦਿੱਤੀ। ਬਟਾਲੇ ਦੇ ਲੋਹਾ-ਉਦਯੋਗ ਨੂੰ ਖਾਸ ਧੱਕਾ ਲੱਗਾ। ਬਟਾਲੇ ਦੀ ਇਕ ਬਹੁਤ ਵੱਡੀ ਉਦਯੋਗਿਕ ਇਕਾਈ (ਬੀਕੋ) ਫ਼ਰੀਦਾਬਾਦ (ਹੁਣ ਹਰਿਆਣਾ) ਵਿਖੇ ਚਲੀ ਗਈ। ਸਾਲ 1971 ਦੀ ਲੜਾਈ ਨੇ ਪੰਜਾਬ ਦੇ ਉਦਯੋਗਾਂ ਨੂੰ (ਖ਼ਾਸ ਕਰਕੇ ਅੰਮ੍ਰਿਤਸਰ ਅਤੇ ਬਟਾਲੇ ਨੂੰ) ਹੋਰ ਵੀ ਧੱਕਾ ਪਹੁੰਚਾਇਆ। ਫਲਸਰੂਪ ਪੰਜਾਬ ਦੀ ਉਦਯੋਗਿਕ ਅਤੇ ਆਰਥਿਕ ਉੱਨਤੀ ਨੂੰ ਬਹੁਤ ਵੱਡਾ ਨੁਕਸਾਨ ਹੋ ਗਿਆ। ਕੇਂਦਰ ਸਰਕਾਰ ਦੁਆਰਾ ਪੰਜਾਬ ਦੇ ਗੁਆਂਢੀ ਰਾਜਾਂ (ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਨੂੰ) ਵਿਸ਼ੇਸ਼ ਸਹੂਲਤਾਂ ਨੇ ਵੀ ਪੰਜਾਬ ਦੇ ਉਦਯੋਗਿਕ ਖੇਤਰ ਨੂੰ ਬਹੁਤ ਨੁਕਸਾਨ ਪਹੁੰਚਾਇਆ। ਦੇਸ਼ ਦੀ ਵੰਡ ਦਾ ਅਸਰ ਵਾਹਗਾ ਬਾਰਡਰ ਤੋਂ ਹੋ ਰਹੇ ਵਪਾਰ ਉਪਰ ਸ਼ੁਰੂ ਤੋਂ ਹੀ ਮਾੜਾ ਪੈ ਰਿਹਾ ਹੈ। ਤਰਾਸਦੀ ਹੈ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਇਸ ਮੁੱਦੇ ਨੂੰ ਕਦੀ ਵੀ ਸ਼ਿੱਦਤ ਨਾਲ ਨਹੀਂ ਉਭਾਰਿਆ। ਕੇਂਦਰ ਦੀਆਂ ਸਰਕਾਰਾਂ ਨੇ ਵੀ ਇਸ ਸਿਲਸਿਲੇ ਵਿਚ ਪੰਜਾਬ ਨਾਲ ਸੁਹਿਰਦਤਾ ਵਾਲਾ ਵਰਤਾਰਾ ਨਹੀਂ ਕੀਤਾ। ਦੱਸਣਾ ਉਚਿਤ ਹੋਵੇਗਾ ਕਿ ਅੰਤਰਰਾਸ਼ਟਰੀ ਵਪਾਰ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਹੁੰਦਾ ਹੈ। ਪਾਕਿਸਤਾਨ ਦੀ ਕੇਂਦਰ ਸਰਕਾਰ ਅਤੇ ਉਧਰਲੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਵੀ ਵਾਹਗਾ ਬਾਰਡਰ ਰਾਹੀਂ ਵਪਾਰ ਦੀ ਮਹੱਤਤਾ ਨੂੰ ਵਿਕਸਿਤ ਕਰਨ ਲਈ ਸੰਜੀਦਾ ਯਤਨ ਨਹੀਂ ਕੀਤੇ। ਲਗਦਾ ਇੰਝ ਹੈ ਕਿ ਬੰਬਈ-ਕਰਾਚੀ ਉਦਯੋਗਿਕ ਅਤੇ ਵਪਾਰ-ਸੰਗਠਨ ਸਿਆਸੀ ਪਾਰਟੀਆਂ ਅਤੇ ਸਰਕਾਰਾਂ ਉੱਪਰ ਭਾਰੂ ਹਨ, ਕਿਉਂਕਿ ਵਾਹਗਾ ਅਤੇ ਹੁਸੈਨੀਵਾਲਾ ਸਰਹੱਦਾਂ ਰਾਹੀਂ ਵਪਾਰ ਵਧਣ ਨਾਲ ਬੰਬਈ-ਕਰਾਚੀ ਦਰਮਿਆਨ ਸਰਗਰਮ ਵਪਾਰਕ ਸੰਗਠਨਾਂ ਨੂੰ ਨੁਕਸਾਨ ਹੋਵੇਗਾ।ਫਰਵਰੀ 2019 ਦੇ ਪੁਲਵਾਮਾ ਹਮਲੇ ਤੋਂ ਬਾਅਦ ਦੋਵਾਂ ਮੁਲਕਾਂ ਵਿਚ ਵਪਾਰ ਬੰਦ ਹੋ ਗਿਆ, ਜਿਸ ਦਾ ਅਸਰ ਪੰਜਾਬ ਉੱਪਰ ਵਧੇਰੇ ਪਿਆ। ਦਿਹਾਤੀ ਅਤੇ ਉਦਯੋਗਿਕ ਵਿਕਾਸ ਸੈਂਟਰ (ਕਰਿਡ), ਚੰਡੀਗੜ ਵਲੋਂ ਲੇਖਕ ਦੀ ਰਹਿਨੁਮਾਈ ਵਿਚ ਵਾਹਗਾ ਬਾਰਡਰ ਤੋਂ ਵਪਾਰ ਬੰਦ ਹੋਣ ਦੇ ਫਲਸਰੂਪ ਪੰਜਾਬ ਦੀ ਆਰਥਿਕਤਾ ਉਪਰ ਪਏ ਪ੍ਰਭਾਵ ਦਾ ਅਧਿਐਨ ਕੀਤਾ ਗਿਆ। ਪੁਲਵਾਮਾ ਹਮਲੇ ਤੋਂ ਬਾਅਦ 16 ਫਰਵਰੀ 2019 ਨੂੰ ਭਾਰਤ ਨੇ ਪਾਕਿਸਤਾਨ ਤੋਂ ਦਰਾਮਦਾਂ ਉਪਰ 200 ਪ੍ਰਤੀਸ਼ਤ ਕਸਟਮ ਡਿਊਟੀ ਲਗਾ ਦਿੱਤੀ ਸੀ ਅਤੇ 9 ਅਗਸਤ 2019 ਨੂੰ ਪਾਕਿਸਤਾਨ ਨੇ ਭਾਰਤ ਨਾਲ ਵਪਾਰ ਉਪਰ ਪੂਰਨ ਰੋਕ ਲਗਾ ਦਿੱਤੀ ਸੀ। ਫਲਸਰੂਪ ਭਾਰਤ-ਪਾਕਿਸਤਾਨ ਵਪਾਰ ਪੂਰਨ ਰੂਪ ਵਿਚ ਬੰਦ ਹੋ ਗਿਆ। ਇਸ ਦਾ ਸਭ ਤੋਂ ਵੱਧ ਮਾੜਾ ਪ੍ਰਭਾਵ ਵਾਹਗਾ ਬਾਰਡਰ ਰਾਹੀਂ ਹੋ ਰਹੇ ਵਪਾਰ ਉੱਪਰ ਪਿਆ। ਸਾਲ 2017-18 ਦੌਰਾਨ ਵਾਹਗਾ ਬਾਰਡਰ ਤੋਂ 5507 ਕਰੋੜ ਰੁਪਏ ਦਾ ਵਪਾਰ ਹੋਇਆ ਸੀ ਜੋ ਭਾਰਤ-ਪਾਕਿਸਤਾਨ ਦੇ ਸਮੁੱਚੇ ਵਪਾਰ ਦਾ ਤਕਰੀਬਨ ਚੌਥਾ ਹਿੱਸਾ ਬਣਦਾ ਹੈ। ਇਹ ਵਪਾਰ ਰੇਲ ਅਤੇ ਸੜਕੀ ਰਸਤੇ ਹੋ ਰਿਹਾ ਸੀ, ਸੜਕੀ-ਵਪਾਰ ਦਾ ਹਿੱਸਾ ਜ਼ਿਆਦਾ ਸੀ। ਅਚਾਨਕ ਵਪਾਰ ਬੰਦ ਹੋਣ ਨਾਲ ਪੰਜਾਬ ਵਿਚਲੀਆਂ (ਖ਼ਾਸ ਕਰਕੇ ਅੰਮ੍ਰਿਤਸਰ ਅਤੇ ਜਲੰਧਰ ਜ਼ਿਲਿਆਂ ਨੂੰ) ਬਹੁਤ ਸਾਰੀਆਂ ਆਰਥਿਕ ਸਰਗਰਮੀਆਂ ਨੂੰ ਭਾਰੀ ਧੱਕਾ ਲੱਗਾ। ਸਾਡੇ ਦੁਆਰਾ ਕੀਤੇ ਅਧਿਐਨ ਤੋਂ ਪਤਾ ਲੱਗਾ ਕਿ ਫਰਵਰੀ 2019 ਤੋਂ ਅਗਸਤ 2020 ਤੱਕ ਵਾਹਗਾ ਬਾਰਡਰ ਤੋਂ ਵਪਾਰ ਬੰਦ ਹੋਣ ਕਾਰਨ 16 ਮਹੀਨਿਆਂ ਦੇ ਅਰਸੇ ਦੌਰਾਨ ਪੰਜਾਬ ਨੂੰ 1609 ਕਰੋੜ ਰੁਪਏ ਦਾ ਨੁਕਸਾਨ ਹੋਇਆ। ਇਸ ਤੋਂ ਇਲਾਵਾ ਤਕਰੀਬਨ 10000 ਤੋਂ 12000 ਕਾਮਿਆਂ ਨੂੰ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪਿਆ। ਫਲਸਰੂਪ ਲੱਖਾਂ ਪਰਿਵਾਰਾਂ ਦੀ ਉਪਜੀਵਿਕਾ ਨੂੰ ਨੁਕਸਾਨ ਹੋਇਆ। ਅਸਲ ਨੁਕਸਾਨ ਉਪਰੋਕਤ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੋਵੇਗਾ, ਕਿਉਂਕਿ ਕੋਵਿਡ ਦੇ ਚਲਦਿਆਂ ਅਸੀਂ ਪੂਰੇ ਅੰਦਾਜ਼ੇ ਨਹੀਂ ਲਗਾ ਸਕੇ। ਸਾਡੇ ਦੁਆਰਾ ਕੀਤੇ ਅਧਿਐਨ ਤੋਂ ਬਾਅਦ 23 ਮਹੀਨੇ ਹੋਰ ਗੁਜ਼ਰ ਗਏ ਹਨ। ਇਨਾਂ 23 ਮਹੀਨਿਆਂ ਦੌਰਾਨ ਵਾਹਗਾ ਬਾਰਡਰ ਤੋਂ ਵਪਾਰ ਨਾ ਹੋਣ ਕਾਰਨ 2313 ਕਰੋੜ ਰੁਪਏ ਦਾ ਹੋਰ ਨੁਕਸਾਨ ਹੋ ਗਿਆ ਹੈ। ਸਪੱਸ਼ਟ ਹੈ ਕਿ ਫਰਵਰੀ 2019 ਤੋਂ ਜੁਲਾਈ 2022 ਤੱਕ ਤਕਰੀਬਨ 3922 ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ। ਵਰਨਣਯੋਗ ਹੈ ਕਿ 1975 ਤੋਂ 2012 ਤੱਕ ਵਾਹਗਾ ਬਾਰਡਰ ਰਾਹੀਂ ਬਹੁਤ ਘੱਟ ਵਪਾਰ ਹੋ ਰਿਹਾ ਸੀ। ਪਰ 2012 ਵਿਚ ਅਟਾਰੀ ਵਿਖੇ ਏਕੀਕ੍ਰਿਤ ਚੈੱਕ ਪੋਸਟ **(9nte{ranted check post-93P)** ਬਣਨ ਨਾਲ ਇਸ ਰਸਤੇ ਭਾਰਤ-ਪਾਕਿਸਤਾਨ ਵਪਾਰ ਵਧਣਾ ਸ਼ੁਰੂ ਹੋ ਗਿਆ। ਪਰ ਇਸ ਚੈਕ ਪੋਸਟ 'ਤੇ ਭਾਰਤ ਸਰਕਾਰ ਨੇ ਅਜੇ ਤੱਕ ਸਮੁੱਚੇ ਟਰੱਕ ਨੂੰ ਸਕੈਨ ਕਰਨ ਵਾਲਾ ਸਕੈਨਰ **(6u Truck Scanner)** ਅਜੇ ਤੱਕ ਚਾਲੂ ਨਹੀਂ ਕੀਤਾ, ਜਿਸ ਕਾਰਨ ਵਪਾਰਕ ਕਾਰਜ-ਕੁਸ਼ਲਤਾ ਉੱਪਰ ਮਾੜਾ ਪ੍ਰਭਾਵ ਪੈ ਰਿਹਾ ਹੈ।

ਸੋ ਜ਼ਰੂਰਤ ਹੈ ਕਿ ਭਾਰਤ-ਪਾਕਿਸਤਾਨ ਵਪਾਰਕ ਸੰਬੰਧ ਵਧਾਏ ਜਾਣ ਅਤੇ ਵਾਹਗਾ ਬਾਰਡਰ ਰਾਹੀਂ ਵਪਾਰ ਵੀ ਵਧਾਇਆ ਜਾਵੇ। ਹੁਸੈਨੀਵਾਲਾ ਬਾਰਡਰ ਵੀ ਵਪਾਰ ਲਈ ਖੋਲਿਆ ਜਾਵੇ। ਅਜਿਹਾ ਕਰਨ ਨਾਲ ਨਾ ਕੇਵਲ ਪੰਜਾਬ ਨੂੰ ਬਲਕਿ ਪੰਜਾਬ ਦੇ ਨਾਲ ਲਗਦੇ ਹੋਰ ਰਾਜਾਂ ਨੂੰ ਵੀ ਫਾਇਦਾ ਹੋਵੇਗਾ। ਨਾਲ ਹੀ ਭਾਰਤ ਜ਼ਮੀਨੀ ਰਸਤਿਆਂ ਰਾਹੀਂ ਮੱਧ-ਪੂਰਬੀ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਤੱਕ ਆਪਣੀ ਵਪਾਰਕ ਪਹੁੰਚ ਵਧਾ ਸਕਦਾ ਹੈ। ਵਾਹਗਾ ਬਾਰਡਰ ਅਤੇ ਹੁਸੈਨੀਵਾਲਾ ਬਾਰਡਰ ਤੋਂ ਵਪਾਰ ਵਧਾਉਣ ਲਈ ਪੰਜਾਬ ਅਤੇ ਇਸਦੇ ਗੁਆਂਢੀ ਰਾਜਾਂ ਨੂੰ ਅਤੇ ਇਨਾਂ ਦੀਆਂ ਸਿਆਸੀ ਪਾਰਟੀਆਂ,

**ਬਾਕੀ ਸਫ਼ਾ 31 'ਤੇ**

# ਜੇਲ੍ਹਾਂ 'ਚ ਕੈਦੀਆਂ ਨਾਲੋਂ ਵਿਚਾਰ ਅਧੀਨ ਕੈਦੀਆਂ ਦੀ ਚੌਗੁਣੀ ਗਿਣਤੀ ਚਿੰਤਾਜਨਕ



**ਗੁਰਮੀਤ ਸਿੰਘ ਪਲਾਹੀ**
9815802070

ਭਾਰਤ ਦੀਆਂ ਜੇਲਾਂ ਵਿੱਚ ਇਸ ਵੇਲੇ ਛੇ ਲੱਖ ਦਸ ਹਜ਼ਾਰ ਕੈਦੀ ਹਨ, ਜਿਹਨਾ ਵਿਚੋਂ ਲਗਭਗ 80 ਫ਼ੀਸਦੀ ਵਿਚਾਰ ਅਧੀਨ ਹਨ। ਭਾਵ ਇਹ ਕੈਦੀ ਜਾਂ ਤਾਂ ਬਿਨਾਂ ਮੁਕੱਦਮਾ ਚਲਾਏ ਜੇਲ ਵਿੱਚ ਹਨ ਜਾਂ ਜਿਹਨਾ ਉਤੇ ਲੰਮੀ ਕਾਨੂੰਨੀ ਪ੍ਰਕਿਰਿਆ ਅਧੀਨ ਮੁਕੱਦਮੇ ਚੱਲ ਰਹੇ ਹਨ। ਦੁਨੀਆ ਦੀਆਂ ਜੇਲਾਂ 'ਚ ਵਿਚਾਰ ਅਧੀਨ ਕੈਦੀਆਂ ਦੀ ਗਿਣਤੀ 18 ਤੋਂ 20 ਫ਼ੀਸਦੀ ਹੈ ਜਦਕਿ ਭਾਰਤ ਵਿੱਚ 4 ਕੈਦੀਆਂ ਵਿਚੋਂ 3 ਵਿਚਾਰ ਅਧੀਨ ਕੈਦੀ ਹਨ ਅਤੇ ਅਦਾਲਤਾਂ ਦੇ ਫ਼ੈਸਲੇ ਉਡੀਕ ਰਹੇ ਹਨ।

ਇਕ ਰਿਪੋਰਟ ਅਨੁਸਾਰ ਅਦਾਲਤਾਂ ਵਿਚ ਲੰਮੇ ਸਮੇਂਤ ਤੱਕ ਫ਼ੈਸਲੇ ਖਿੱਚੇ ਜਾਣ ਕਾਰਨ ਜੇਲ ਵਿੱਚ ਇੱਕ ਸਾਲ ਤੋਂ ਜ਼ਿਆਦਾ, ਤਿੰਨ ਸਾਲ ਤੋਂ ਜ਼ਿਆਦਾ ਅਤੇ ਪੰਜ ਸਾਲ ਤੋਂ ਜ਼ਿਆਦਾ ਵਿਚਾਰਅਧੀਨ ਕੈਧੀਆਂ ਦੀ ਗਿਣਤੀ 'ਚ ਵਾਧਾ ਹੋਇਆ ਹੈ। ਯੂ.ਪੀ. ਵਿਚ ਸਭ ਤੋਂ ਵਧ 80557 ਵਿਚਾਰ ਅਧੀਨ ਕੈਦੀ ਹਨ।

ਪੁਲਿਸ ਬਹੁਤੀ ਵੇਰ, ਹੜਬੜੀ ਵਿਚ ਬਿਨਾਂ ਸੋਚੇ ਸਮਝੇ ਗ੍ਰਿਫ਼ਤਾਰੀਆਂ ਕਰਦੀ ਹੈ, ਐਫ.ਆਰ.ਆਈ ਦਰਜ ਕਰਦੀ ਹੈ ਅਤੇ ਕਥਿਤ ਦੋਸ਼ੀ ਨੂੰ ਜੇਲ ਅੰਦਰ ਡੱਕ ਦਿੰਦੀ ਹੈ। ਕੇਸਾਂ ਵਿੱਚ ਜ਼ਮਾਨਤ ਲੈਣ ਤੱਕ ਇਨਾਂ ਵਿਚਾਰ ਅਧੀਨ ਮਾਮਲਿਆਂ 'ਚ ਲੰਮਾ ਸਮਾਂ ਜੇਲ ਜਾਣ ਦੀ ਪ੍ਰਕਿਰਿਆ ਹੈ। ਸਬ-ਡਿਵੀਜਨ ਪੱਧਰ ਤੇ ਜੇਕਰ ਜ਼ਮਾਨਤ ਨਹੀਂ ਹੁੰਦੀ, ਤਾਂ ਜ਼ਿਲਾ ਅਦਾਲਤਾਂ 'ਚ ਜ਼ਮਾਨਤ ਲਗਦੀ ਹੈ, ਇਥੇ ਵੀ ਜ਼ਮਾਨਤ ਨਹੀਂ ਹੁੰਦੀ ਤਾਂ ਸੂਬਿਆਂ ਦੀ ਹਾਈਕੋਰਟਾਂ ਵਿਚ ਵਿਚਾਰ ਅਧੀਨ ਕੈਦੀ ਪਹੁੰਚਦਾ ਹੈ ਤੇ ਜੇਕਰ ਇਥੇ ਵੀ ਕੁਝ ਪੱਲੇ ਨਹੀਂ ਪੈਂਦਾ ਤਾਂ ਦੇਸ਼ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਂਦਾ ਹੈ। ਸਧਾਰਨ ਆਦਮੀ ਤਾਂ ਵੱਡੀ ਅਦਾਲਤ ਤੱਕ ਪੁੱਜਣ ਦੀ ਸਮਰੱਥਾ ਨਹੀਂ ਰੱਖਦਾ, ਜਿਹੜੇ ਸਮਰੱਥਾ ਵੀ ਰੱਖਦੇ ਹਨ, ਉਹ ਸੁਪਰੀਮ ਕੋਰਟ ਤੱਕ ਪੁੱਜਦੇ ਉਵੇਂ ਹੀ ਹੰਭ ਜਾਂਦੇ ਹਨ ਤੇ ਜੇਲਾਂ 'ਚ ਰਹਿਣ ਲਈ ਮਜ਼ਬੂਰ ਹੋ ਜਾਂਦੇ ਹਨ। ਕਿਉਂਕਿ ਦੇਸ਼ ਭਾਰਤ ਦੀ ਨਿਆਇਕ ਪ੍ਰਣਾਲੀ ਬਹੁਤ ਹੀ ਗੁੰਝਲਦਾਰ ਹੈ।

ਦੇਸ਼ ਦੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਐਨ.ਬੀ. ਰਮਨਾ ਕਹਿੰਦੇ ਹਨ, 'ਸਾਡੀ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਪ੍ਰੀਕਿਰਿਆ ਸਜ਼ਾ ਬਣ ਚੁੱਕੀ ਹੈ। ਜੇਲਾਂ ਵਿੱਚ ਬੰਦ ਕੈਦੀਆਂ ਨੂੰ ਨਿਆਇਕ ਪ੍ਰਣਾਲੀ ਪ੍ਰਕਿਰਿਆ ਵਿੱਚ ਵੱਡਾ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ ਅਤੇ ਇਸ ਪ੍ਰਕਿਰਿਆ ਕਾਰਨ ਹੀ ਬਿਨਾਂ ਮੁਕੱਦਮਾ ਚਲਾਏ ਲੰਮੇ ਸਮੇਂ ਤੱਕ ਕਥਿਤ ਦੋਸ਼ੀ ਕੈਦ ਵਿੱਚ ਰੱਖਿਆ ਜਾਂਦਾ ਹੈ, ਇਸ ਉਤੇ ਤੁਰੰਤ ਧਿਆਨ ਦੇਣ ਦੀ ਲੋੜ ਹੈ'।

ਆਰੋਪ ਝੂਠੇ ਹਨ ਜਾਂ ਸਹੀ, ਇਸਦਾ ਫ਼ੈਸਲਾ ਅਦਾਲਤ ਨੇ ਕਰਨਾ ਹੁੰਦਾ ਹੈ। ਪਰ ਮੁੱਦਾ ਤਾਂ ਇਹ ਹੈ ਕਿ ਆਰੋਪੀਆਂ ਨੂੰ ਜ਼ਮਾਨਤ ਕਿਉਂ ਨਹੀਂ ਦਿੱਤੀ ਜਾਂਦੀ ? ਜਾਂਚ ਦੇ ਦੌਰਾਨ ਆਰੋਪੀ, ਦੋਸ਼ੀ ਨਹੀਂ ਹੁੰਦੇ, ਉਨਾਂ 'ਤੇ ਦੋਸ਼ ਵਿਚਾਰ ਅਧੀਨ ਹੁੰਦੇ ਹਨ। ਪਰ ਜਦੋਂ ਅਦਾਲਤ ਆਰੋਪ ਤਹਿ ਕਰ ਦਿੰਦੀ ਹੈ ਤਾਂ ਉਹ ਵਿਚਾਰ ਅਧੀਨ ਕੈਦੀ ਹੋ ਜਾਂਦੇ ਹਨ। ਬਹੁਤੀ ਵੇਰ ਇਸ ਪ੍ਰਕਿਰਿਆ ਵਿੱਚ ਸਾਲਾਂਬੱਧੀ ਸਮਾਂ ਲਗਦਾ ਹੈ। ਵਕੀਲਾਂ ਦੀ ਬਹਿਸ ਵੀ ਚਲਦੀ ਹੈ। ਤਾਰੀਖ ਦਰ ਤਾਰੀਖ ਮੁਕੱਦਮੇ ਚਲਦੇ ਹਨ। ਸਵਾਲ ਇਹ ਹੈ ਕਿ ਜਦ ਤੱਕ ਸੁਣਵਾਈ ਪੂਰੀ ਨਾ ਹੋ ਜਾਵੇ ਤਦ ਤੱਕ ਆਰੋਪੀ ਨੂੰ ਕੀ ਜੇਲ ਵਿੱਚ ਰੱਖਿਆ ਜਾਣਾ ਚਾਹੀਦਾ ਹੈ ? ਕੀ ਦੇਸ਼ ਦਾ ਕਾਨੂੰਨ ਇਹੀ ਹੈ ?

ਜੇਕਰ ਸੱਚ ਮੁੱਚੀ ਦੇਸ਼ ਦਾ ਕਾਨੂੰਨ ਇਹੋ ਹੀ ਹੈ ਤਾਂ ਇਸ ਦੀ ਸਮੀਖਿਆ ਜਾਂ ਵਿਆਖਿਆ ਦੀ ਵੱਡੀ ਲੋੜ ਹੈ। ਇਸ ਕਰਕੇ ਵੀ ਕਿ ਕਈ ਵੇਰ ਆਰੋਪੀ ਮੁਕੱਦਮੇ 'ਚੋਂ ਬਰੀ ਹੋ ਜਾਂਦਾ ਹੈ ਪਰ ਕਈ ਵੇਰ ਬਿਨਾਂ ਵਜਾ ਕੈਦੀ ਬਣਿਆ ਰਹਿੰਦਾ ਹੈ ਜਾਂ ਕਈ ਵੇਰ ਮੁਕੱਦਮਾ ਇੰਨਾ ਸਮਾਂ ਚੱਲਦਾ ਹੈ ਕਿ ਮੁਕੱਦਮੇ 'ਚ ਕੈਦ ਉਸਨੂੰ ਕੈਦ ਥੋੜੇ ਸਮੇਂ ਲਈ ਹੁੰਦੀ ਹੈ, ਪਰ ਉਹ ਕੈਦ ਉਸ ਤੋਂ ਵੱਧ ਸਮਾਂ ਕੱਟ ਚੁੱਕਾ ਹੁੰਦਾ ਹੈ। ਇਹ ਕਈ ਹਾਲਤਾਂ ਵਿੱਚ ਉਦੋਂ ਹੁੰਦਾ ਹੈ ਜਦੋਂ ਸਧਾਰਨ ਵਿਅਕਤੀ ਦੀ ਮੁਕੱਦਮਾ ਲੜਨ ਦੀ ਪਹੁੰਚ ਹੀ ਨਹੀਂ ਹੁੰਦੀ।

ਚਾਲੀ ਸਾਲ ਪਹਿਲਾਂ ਗੁਰਬਖਸ਼ ਸਿੰਘ ਸਿਬੀਆ ਮਾਮਲੇ (1980 'ਚ) ਸੁਪਰੀਮ ਕੋਰਟ ਦੇ ਸੰਵਾਧਾਨਿਕ ਬੈਂਚ ਨੇ ਕਿਹਾ ਸੀ ਕਿ ਅਪਰਾਧਿਕ ਮਾਮਲਿਆਂ ਦੀ ਕਈ ਕਾਨੂੰਨੀ ਧਾਰਾਵਾਂ ਅਧੀਨ ਜ਼ਮਾਨਤ ਦੇਣਾ ਨਿਯਮ ਹੈ ਅਤੇ ਇਸ ਤੋਂ ਇਨਕਾਰ ਕਰਨਾ ਬੇਇਨਸਾਫੀ ਹੈ। ਸਾਲ 2014 ਵਿੱਚ ਅਰਨੇਸ਼ ਕੁਮਾਰ ਦੇ ਮਾਮਲੇ 'ਚ ਅਦਾਲਤ ਨੇ ਕਿਹਾ ਸੀ ਕਿ ਗ੍ਰਿਫ਼ਤਾਰ ਕਰਨ ਦੀ ਸ਼ਕਤੀ ਦੇ ਅਧਿਕਾਰ ਨੂੰ ਕੁੱਲ ਮਿਲਾਕੇ ਉਤਪੀੜਨ, ਦਮਨ ਦੇ ਰੂਪ ਵਿੱਚ ਨਹੀਂ ਦੇਖਿਆ ਜਾ ਸਕਦਾ ਅਤੇ ਨਾ ਹੀ ਇਸ ਨੂੰ ਨਿਸ਼ਚਤ ਰੂਪ ਵਿਚ ਜਨਤਾ ਪ੍ਰਤੀ ਦੋਸਤਾਨਾ ਰੂਪ 'ਚ ਦੇਖਿਆ ਜਾਂਦਾ ਹੈ। 29 ਜਨਵਰੀ 2020 ਵਿੱਚ ਇੱਕ ਹੋਰ ਸੰਵਿਧਾਨਕ ਬੈਂਚ ਨੇ ਸੁਸ਼ੀਲ ਅਗਰਵਾਲ ਦੇ ਇਨਾਂ ਸਾਰੇ ਭਰਮਾਂ ਨੂੰ ਦੂਰ ਕਰਦਿਆਂ ਕਿਹਾ ਸੀ ਕਿ ਆਪਣੇ ਆਪ ਨੂੰ ਇਹ ਯਾਦ ਦੁਆਉਣਾ ਲਾਭਦਾਇਕ ਹੋਏਗਾ ਕਿ ਨਾਗਰਿਕ ਜਿਨਾਂ ਅਧਿਕਾਰਾਂ ਨੂੰ ਗਹਿਰਾਈ ਨਾਲ ਅਨੁਭਵ ਕਰਦੇ ਹਨ, ਉਹ ਮੌਲਿਕ ਅਧਿਕਾਰ ਹੈ ਨਾ ਕਿ ਪ੍ਰਤੀਬੰਧਤ ਮੌਲਿਕ ਅਧਿਕਾਰ। 2022 ਵਿੱਚ ਮੁਹੰਮਦ ਜੁਬੈਰ ਮਾਮਲੇ 'ਚ ਨਿਰਨਾਇਕ ਫ਼ੈਸਲਾ ਦੇ ਕੇ ਮੁਹੰਮਦ ਜੂਬੈਰ ਨੂੰ ਰਿਹਾਅ ਕਰ ਦਿੱਤਾ ਗਿਆ। ਇਹ ਸੁਪਰੀਮ ਕੋਰਟ ਦਾ ਧਮਾਕੇਦਾਰ ਫ਼ੈਸਲਾ ਹੈ ਜੋ ਭਾਰਤੀ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰਾਖੀ ਕਰਨ ਵਾਲਾ ਮੰਨਿਆ ਜਾ ਰਿਹਾ ਹੈ।

ਇਨਾਂ ਸਾਰੇ ਫ਼ੈਸਲਿਆਂ ਦੇ ਬਾਵਜੂਦ ਦੇਸ਼ ਭਰ ਵਿਚ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਜਾਰੀ ਹੈ। ਭੀਮਾ ਕੌਰੇਗਾਓ ਮਾਮਲੇ 'ਚ ਆਰੋਪੀ, ਛਰਜੀਲ ਇਮਾਮ, ਉਮਰ ਖਾਲਿਦ, ਸਿਦੀਕੀ ਕਪਨ ਅਤੇ ਇਹੋ ਜਿਹੇ ਹੀ ਹਜ਼ਾਰਾਂ ਲੋਕ ਬਿਨਾਂ ਦੋਸ਼ ਸਿੱਧ ਹੋਣ ਦੇ ਵੀ ਜੇਲਾਂ ਵਿਚ ਬੰਦ ਹਨ। ਇਸ ਸਮੇਂ ਉਨਾਂ ਸੋਲਾਂ ਆਰੋਪੀਆਂ ਤੋਂ ਵੱਧ ਸਦਮਾ ਪਹੁੰਚਾਉਣ ਵਾਲੀ ਕੋਈ ਕਹਾਣੀ ਹੋ ਹੀ ਨਹੀਂ ਸਕਦਾ। ਇਸ ਮਾਮਲੇ ਨੂੰ ਭੀਮਾ ਕੌਰੇਗਾਓਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇੱਕ ਜਨਵਰੀ 2018 ਨੂੰ ਹਰ ਸਾਲ ਦੀ ਤਰਾਂ ਭੀਮਾ ਕੌਰੇਗਾਓਂ ਵਿੱਚ ਕੁਝ ਲੋਕ ਜਿਨਾਂ ਵਿੱਚ ਦਲਿਤ ਸਮਾਜ ਨਾਲ ਬਹੁਤੇ ਸਬੰਧਤ ਧਨ ਇਸ ਪਿੰਡ ਦੇ ਸੰਘਰਸ਼ ਦੀ 200ਵੀਂ ਵਰੇਗੰਢ ਦੇ ਮੌਕੇ ਜਮਾਂ ਹੋਏ। ਉਨਾਂ ਉਤੇ ਭੀੜ ਨੇ ਹਿੰਸਾ ਅਤੇ ਪੱਥਰਬਾਜੀ ਕੀਤੀ। ਦੋਸ਼ ਲਗਦਾ ਹੈ ਕਿ ਉਨਾਂ ਕੱਟੜ ਲੋਕਾਂ ਨੂੰ ਉਕਸਾਇਆ ਸੀ। ਇਸ ਵਿੱਚ ਇੱਕ ਵਿਅਕਤੀ ਮਾਰਿਆ ਗਿਆ ਅਤੇ ਪੰਜ ਜ਼ਖ਼ਮੀ ਹੋਏ। ਭਾਜਪਾ ਸੂਬਾ ਸਰਕਾਰ ਨੇ ਜਾਂਚ ਕਰਵਾਈ। ਇਸ ਜਾਂਚ ਨੇ ਅਜੀਬ ਮੋੜ ਲੈ ਲਿਆ। 6 ਜਨਵਰੀ 2018 ਨੂੰ ਪੰਜ ਲੋਕਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਇਹ ਸਾਰੇ ਦਲਿਤ ਵਰਗ ਨਾਲ ਹਮਦਰਦੀ ਰੱਖਣ ਵਾਲੇ ਲੋਕ ਸਨ ਅਤੇ ਖੱਬੇ ਪੱਖੀ ਵਿਚਾਰਧਾਰਾ ਵਾਲੇ ਸਨ।

ਅਗਲੇ ਮਹੀਨਿਆਂ ਵਿਚ ਹੋਰ ਗ੍ਰਿਫ਼ਤਾਰੀਆਂ ਹੋਈਆਂ। ਗ੍ਰਿਫ਼ਤਾਰ ਕੀਤੇ ਜਾਣ ਵਾਲਿਆਂ 'ਚ ਇੱਕ ਵਕੀਲ, ਇੱਕ ਕਵੀ, ਇੱਕ ਪਾਦਰੀ ਲੇਖਕ, ਪ੍ਰੋਫੈਸਰ ਅਤੇ ਮਾਨਵੀ ਹੱਕਾਂ ਦੇ ਰਾਖੇ ਸ਼ਾਮਲ ਸਨ। ਆਰੋਪੀਆਂ ਵੱਲੋਂ ਜ਼ਮਾਨਤਾਂ ਲਈ ਅਰਜ਼ੀਆਂ ਦਿੱਤੀਆਂ ਗਈਆਂ। ਇਸ ਦੌਰਾਨ 84 ਸਾਲਾ ਪਾਦਰੀ ਸਟੇਨ ਸਵਾਮੀ ਦੀ 5 ਜੁਲਾਈ 2021 ਨੂੰ ਮੌਤ ਹੋ ਗਈ। 82 ਸਾਲ ਦੇ ਮਸ਼ਹੂਰ ਕਵੀ ਬਾਰਬਰਾ ਰਾਓ ਨੂੰ 2 ਸਤੰਬਰ 2021 ਨੂੰ ਸਿਹਤ ਦੀ ਖਰਾਬੀ ਦੇ ਮੱਦੇਨਜ਼ਰ ਮਸਾਂ ਜ਼ਮਾਨਤ ਮਿਲੀ।

ਇਥੇ ਹੀ ਬਸ ਨਹੀਂ ਕਈ ਹੋਰ ਉਦਾਹਰਣਾਂ ਹਨ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦੇ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰਨ ਦੀਆਂ। ਕੇਰਲਾ, ਉਤਰ ਪ੍ਰਦੇਸ਼ ਵਿੱਚ ਵੀ ਇਹੋ ਜਿਹੀਆਂ ਗ੍ਰਿਫ਼ਤਾਰੀਆਂ ਹੋਈਆਂ। ਕੇਰਲ ਦੇ ਪੱਤਰਕਾਰ ਕੰਪਨ ਸਿਦੀਕੀ ਨੂੰ ਉਸ ਵੇਲੇ ਗ੍ਰਿਫ਼ਤਾਰ ਕੀਤਾ ਗਿਆ ਜਦੋਂ ਉਹ ਉਤਰ ਪ੍ਰਦੇਸ਼ ਦੇ ਹਾਥਰਸ ਕਾਂਡ ਦੀ ਰਿਪੋਰਟਿੰਗ ਕਰ ਰਹੇ ਸਨ। ਉਹ 5 ਅਕਤੂਬਰ 2020 ਤੋਂ ਜੇਲ ਵਿੱਚ ਹਨ, ਉਨਾਂ ਨੂੰ ਵੀ ਜ਼ਮਾਨਤ ਨਹੀਂ ਮਿਲੀ। ਦੇਸ਼ ਵਿਚ ਕਈ ਹੋਰ ਪੱਤਰਕਾਰ ਜੇਲਾਂ 'ਚ ਹਨ।

ਦੇਸ਼ਧ੍ਰੋਹ ਦੇ ਮੁਕੱਦਮੇ ਦਰਜ ਕਰਕੇ ਦਰਜਨਾਂ ਸਿਆਸੀ ਕਾਰਕੁੰਨਾਂ, ਨੇਤਾਵਾਂ ਨੂੰ ਜੇਲੀਂ ਡੱਕਿਆ ਗਿਆ ਹੈ, ਹਾਲਾਂਕਿ ਦੇਸ਼ ਦੀ ਸਰਬ ਉੱਚ ਅਦਾਲਤ ਨੂੰ ਇਸ ਧਾਰਾ ਅਧੀਨ ਸੂਬਾ ਸਰਕਾਰਾਂ ਨੂੰ ਕਿਸੇ 'ਤੇ ਵੀ ਮੁੱਕਦਮਾ ਦਰਜ ਨਾ ਕਰਨ ਤੋਂ ਵਰਜਿਆ ਹੈ।

ਅਸਲ ਵਿੱਚ ਸਰਕਾਰਾਂ ਵਲੋਂ ਬੋਲਣ ਦੀ ਆਜ਼ਾਦੀ ਨੂੰ ਜੰਜ਼ੀਰਾਂ ਨਾਲ ਬੰਨਿਆ ਜਾ ਰਿਹਾ ਹੈ, ਭਾਵ ਵਿਅਕਤੀ ਦੀ ਜੁਬਾਨ ਨੂੰ ਜ਼ੰਜੀਰਾਂ ਨਾਲ ਬੰਨਿਆ ਜਾ ਰਿਹਾ ਹੈ। ਇਨਾਂ ਗ੍ਰਿਫ਼ਤਾਰੀਆਂ ਦਾ ਇੱਕ ਪੱਖ ਇਹ ਵੀ ਹੈ ਕਿ ਜੋ ਵਿਅਕਤੀ ਸਰਕਾਰ ਦੀਆਂ ਨੀਤੀਆਂ ਵਿਰੁੱਧ ਬੋਲਦਾ ਹੈ, ਉਸਨੂੰ ਗ੍ਰਿਫ਼ਤਾਰ ਕਰਨ ਜਾਂ ਉਨਾਂ ਦੇ ਘਰਾਂ ਤੇ ਛਾਪੇ ਪਵਾਉਣ ਦੇ ਇਲਾਵਾ ਇੱਕ ਹੋਰ ਹਥਿਆਰ ਦੀ ਵਰਤੋਂ ਕੀਤੀ ਜਾ ਰਹੀ ਹੈ। ਉਹ ਹੈ ਬਦਨਾਮੀ। ਜਿਸ ਵਿੱਚ ਕਿਸੇ ਵੀ ਵਿਅਕਤੀ ਉਤੇ ਦੋਸ਼ ਮੜ ਕੇ ਗੋਦੀ ਪੱਤਰਕਾਰਾਂ ਦੇ ਟੋਲਿਆਂ ਨਾਲ ਰਲਕੇ ਭਾਜਪਾ ਆਈ.ਟੀ.ਸੈਲ ਉਨਾਂ ਨੂੰ ਬਦਨਾਮ ਕਰਦੀ ਹੈ। ਉਹ ਵਿਅਕਤੀ ਕਿਸ ਕਿਸ ਅੱਗੇ ਸਫਾਈਆਂ ਦਿੰਦਾ ਫਿਰੇਗਾ ? ਬਹੁਤ ਸਾਰੇ ਸਿਆਸੀ ਨੇਤਾਵਾਂ ਉਤੇ ਗਬਨ ਦੇ ਮੁਕੱਦਮੇ ਹਨ, ਆਈ.ਡੀ, ਸੀ ਬੀ ਆਈ ਦੇ ਛਾਪੇ ਹਨ, ਪਰ ਕਿਸੇ ਭਾਜਪਾ ਨੇਤਾ ਉਤੇ ਕੋਈ ਛਾਪਾ ਨਹੀਂ, ਕੋਈ ਮੁੱਕਦਮਾ ਨਹੀਂ, ਕੀ ਉਹ ਸਾਰੇ ਇਮਾਨਦਾਰ ਹਨ।

ਬਿਨਾਂ ਮੁੱਕਦਮਾ ਚਲਾਏ ਜੇਲ ਵਿੱਚ ਕੈਦੀਆਂ ਨੂੰ ਰੱਖਣਾ ਉਨਾਂ ਦੇ ਮਾਨਵ ਅਧਿਕਾਰਾਂ ਦਾ ਸਿੱਧਾ ਹਨਨ ਹੈ। ਇਸ ਸਬੰਧ ਵਿੱਚ ਇਹ ਧਿਆਨ ਕਰਨਾ ਬਣਦਾ ਹੈ ਕਿ ਅੰਤਰਰਾਸ਼ਟਰੀ ਮੰਚ ਉਤੇ ਮਾਨਵ ਅਧਿਕਾਰਾਂ ਦੀ ਉਲੰਘਣਾ ਕਾਰਨ ਭਾਰਤ ਦੀ ਵੱਡੀ ਬਦਨਾਮੀ ਹੋਈ ਹੈ ਅਤੇ ਇਹ ਦੇਸ਼ ਭਰ 'ਚ ਲੋਕਾਂ ਨੂੰ ਫ਼ਿਰਕੂ ਆਧਾਰ ਤੇ ਵੰਡਕੇ ਵੋਟਾਂ ਲੈਣ ਦੀ ਸਿਆਸਤ ਕਾਰਨ ਚਰਮ ਸੀਮਾ ਉਤੇ ਹੈ।

ਹੈਰਾਨੀ ਵਾਲੀ ਗੱਲ ਤਾਂ ਇਹ ਵੀ ਹੈ ਕਿ ਪਿਛਲੇ ਦੋ ਸਾਲਾਂ ਦੇ ਸਮੇਂ ਦੌਰਾਨ ਭਾਰਤ ਦੀਆਂ 1378 ਜੇਲਾਂ ਵਿੱਚ ਕੈਦੀਆਂ/ਵਿਚਾਰ ਅਧੀਨ ਕੈਦੀਆਂ ਦੀ ਗਿਣਤੀ 'ਚ 30 ਫ਼ੀਸਦੀ ਦਾ ਵਾਧਾ ਹੋਇਆ ਹੈ। ਇਨਾਂ ਜੇਲਾਂ ਵਿੱਚ 4,03,739 ਵਿਅਕਤੀ ਰੱਖੇ ਜਾਣ ਦੀ ਸਮਰੱਥਾ ਹੈ ਜਦਕਿ 17 ਜੁਲਾਈ, 2022 ਤੱਕ ਓਨੀ ਥਾਂ ਵਿੱਚ 6,22,585 ਕੈਦੀ ਤੂੜਕੇ ਰੱਖੇ ਹੋਏ ਹਨ।

ਭਾਵੇਂ ਇਹ ਦਰਸਾਉਣਾ ਇਸ ਲੇਖ ਦਾ ਵਿਸ਼ਾ ਨਹੀਂ ਹੈ, ਪਰ ਕੈਦੀਆਂ ਨੂੰ ਦਿੱਤਾ ਜਾਣ ਵਾਲਾ ਖਾਣਾ, ਮੈਡੀਕਲ ਸਹੂਲਤਾਂ ਜੇਲਾਂ ਵਿੱਚ ਇੰਨੀਆਂ ਘੱਟ ਹਨ ਕਿ ਕੈਦੀਆਂ ਦਾ ਜੀਵਨ ਅਤਿ ਦਰਜੇ ਦਾ ਦੁੱਖ ਦਾਇਕ ਹੈ। ਭਾਵੇਂਕਿ ਕਈ ਜੇਲਾਂ ਵਿੱਚ ਨਸ਼ਿਆਂ ਦਾ ਕਾਰੋਬਾਰ, ਅਧਿਕਾਰੀਆਂ, ਸਿਆਸਤਦਾਨਾਂ ਦੀ ਸਰਪ੍ਰਸਤੀ ਹੇਠ ਹੁੰਦਾ ਹੈ। ਔਰਤ ਕੈਦੀਆਂ ਦੀ ਹਾਲਾਤ ਕਈ ਜੇਲਾਂ ਵਿੱਚ ਬਹੁਤ ਦਰਦਨਾਕ ਹੈ, ਇਕ ਕਮਰੇ ਵਿੱਚ 45 ਔਰਤਾਂ ਨੂੰ ਰੱਖਣਾ ਅਤੇ ਕਮਰੇ ਵਿਚ ਇਕ ਬਲਬ ਅਤੇ ਸਿਰਫ਼ ਇੱਕ ਪੱਖੇ ਦਾ ਹੋਣਾ, ਜੇਲਾਂ 'ਚ ਕੈਦੀਆਂ ਨਾਲ ਅਭੱਦਰ ਵਰਤਾਉ ਦੀ ਉਦਹਾਰਨ ਹੈ। ਅਪਰਾਜਿਤਾ ਬੋਸ ਨਾਂ ਦੀ (ਕਾਲਪਨਿਕ ਨਾਂ) ਇੱਕ ਔਰਤ ਸਾਲ 2000 ਤੋਂ 2013 ਤੱਕ ਆਪਣੇ ਪਤੀ ਦੇ ਕਤਲ ਦੇ ਦੋਸ਼ 'ਚ ਜੇਲ ਵਿਚ ਸੜਦੀ ਰਹੀ, ਜਿਸਨੂੰ ਕਲਕੱਤਾ ਹਾਈ ਕੋਰਟ ਤੇ ਫਿਰ ਸੁਪਰੀਮ ਕੋਰਟ ਨੇ ਬਰੀ ਕਰ ਦਿੱਤਾ ਸੀ।

ਇੱਕ ਪਾਸੇ ਦੋਸ਼, ਦੂਜੇ ਪਾਸੇ ਪਰਿਵਾਰ ਦਾ ਤ੍ਰਿਸਕਾਰ ਅਤੇ ਫਿਰ ਅਦਾਲਤੀ ਕਾਰਵਾਈਆਂ ਵਿਚ ਦੇਰੀ ਪੈਸੇ ਦੀ ਬਰਬਾਦੀ ਵੱਡੀ ਗਿਣਤੀ 'ਚ ਵਿਚਾਰ ਅਧੀਨ ਕੈਦੀਆਂ ਨਾਲ ਹੋ ਰਹੀ ਤ੍ਰਾਸਦੀ ਦੀ ਤਸਵੀਰ ਹੈ।

ਉਨਾਂ ਵਿਅਕਤੀਆਂ ਦੀ ਵਿਚਾਰ ਅਧੀਨ ਕੈਦੀ ਵਜੋਂ ਕੱਟੀ ਗਈ ਕੈਦ ਦਾ ਹਿਸਾਬ ਕੌਣ ਕਰੇਗਾ, ਕੌਣ ਉਨਾਂ ਦੀ ਆਰਥਿਕ ਹਾਲਤ ਦੀ ਭਰਪਾਈ ਕਰੇਗਾ, ਜਦੋਂ ਉਹ ਕੇਸ ਤੋਂ ਬਰੀ ਹੋ ਕੇ ਵਰਿਆਂਬੱਧੀ ਇਕੱਲ ਗੁਜ਼ਾਰਕੇ ਮੁੜ ਘਰ ਆਏਗਾ ? ਇੱਕ ਸਰਵੇਖਣ ਅਨੁਸਾਰ ਭਾਰਤੀ ਅਦਾਲਤਾਂ 'ਚ ਦੋਸ਼ੀ ਕਰਾਰ ਦਿੱਤੇ ਜਾਣ ਦੀ ਦਰ 'ਚ 15 ਫ਼ੀਸਦੀ ਦੀ ਕਮੀ ਆਈ ਹੈ।




## ਤਾਈਵਾਨ ਨੇ ਚੀਨ ਦਾ ਟਾਕਰਾ ਕਰਨ ਲਈ ਤਿਆਰ-ਸ਼ੁਰੂ ਕੀਤਾ ਫ਼ੌਜੀ ਅਭਿਆਸ

**ਤਾਈਪੇ/ਬੀਜਿੰਗ/ਏ.ਟੀ.ਨਿਊਜ਼ :-** ਸੰਕਟ ਵਿਚ ਘਿਰੇ ਤਾਈਵਾਨ ਨੇ ਹਮਲਾਵਰ ਰੁਖ ਅਪਣਾਉਂਦਿਆਂ ਚੀਨ ਦੇ ਫ਼ੌਜੀ ਅਭਿਆਸ ਦੇ ਮੁਕਾਬਲੇ ਵਿਚ ਫ਼ੌਜੀ ਅਭਿਆਸ ਸ਼ੁਰੂ ਕਰ ਦਿੱਤਾ ਹੈ, ਜਦਕਿ ਚੀਨ ਦਾ ਫ਼ੌਜੀ ਅਭਿਆਸ 6ਵੇਂ ਦਿਨ ਵੀ ਜਾਰੀ ਹੈ। ਤਾਈਵਾਨ ਨੇ ਆਪਣਾ ਲਾਈਵ-ਫਾਇਰ ਸੈਨਿਕ ਅਭਿਆਸ ਸ਼ੁਰੂ ਕਰਦਿਆਂ ਦੋਸ਼ ਲਗਾਇਆ ਹੈ ਕਿ ਚੀਨ ਵਲੋਂ ਅਮਰੀਕੀ ਸਪੀਕਰ ਨੈਂਨਸੀ ਪੇਲੋਸੀ ਦੇ ਤਾਈਪੇ ਦੇ ਦੌਰੇ ਦੇ ਵਿਰੋਧ ਦੀ ਆੜ ਵਿਚ ਸਵੈ-ਸਾਸਿਤ ਟਾਪੂ (ਤਾਈਵਾਨ) 'ਤੇ ਹਮਲੇ ਦੀ ਤਿਆਰੀ ਕੀਤੀ ਜਾ ਰਹੀ ਹੈ। ਤਾਈਪੇ ਵਿਚ ਤਾਈਵਾਨ ਦੇ ਵਿਦੇਸ਼ ਮੰਤਰੀ ਜੋਸੇਫ ਵੂ ਨੇ ਅੰਤਰਰਾਸ਼ਟਰੀ ਮੀਡੀਆ ਨੂੰ ਸੰਬੋਧਨ ਕਰਦਿਆਂ ਦੋਸ਼ ਲਗਾਏ ਹਨ ਕਿ ਚੀਨ ਵਲੋਂ ਆਪਣੀ ਸੈਨਿਕ ਪਲੇਅ-ਬੁੱਕ ਅਨੁਸਾਰ ਤਾਈਵਾਨ 'ਤੇ ਹਮਲੇ ਦੀ ਤਿਆਰੀ ਲਈ ਫ਼ੌਜੀ ਅਭਿਆਸ ਦੀ ਵਰਤੋਂ ਕੀਤੀ ਜਾ ਰਹੀ ਹੈ । ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਾਂਗ ਵੇਨਬਿਨ ਨੇ ਤਾਈਵਾਨ ਦੇ ਫ਼ੌਜੀ ਅਭਿਆਸ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਮੌਜੂਦਾ ਤਣਾਅ ਦਾ ਕਾਰਨ ਤਾਈਵਾਨ ਦੇ ਸੱਤਾਧਾਰੀ ਡੀ.ਪੀ.ਪੀ. (ਡੈਮੋਕ੍ਰੇਟਿਕ ਪ੍ਰੋਗਰੈਸਿਵ ਪਾਰਟੀ) ਦੇ ਅਧਿਕਾਰੀ ਹਨ ਜੋ ਵਿਦੇਸ਼ੀ ਤਾਕਤਾਂ ਨਾਲ ਮਿਲ ਕੇ ਅਜ਼ਾਦੀ ਦੇ ਨਾਂ 'ਤੇ ਭੜਕਾਹਟ ਪੈਦਾ ਕਰ ਰਹੇ ਹਨ

# ਮੰਕੀਪਾਕਸ ਦੇ ਦੁਨੀਆ ਅੰਦਰ 76 ਦੇਸ਼ਾਂ ਵਿਚ 19000 ਕੇਸ ਮਿਲੇ

## ✪ ਅਫ਼ਰੀਕਾ ਦੇ ਦੇਸ਼ਾਂ ਤੋਂ ਫੈਲੀ ਹੁਣ ਸਾਰੀ ਦੁਨੀਆ ਵਿਚ ✪ ਸਮਲੈਂਗਿਕ ਪੁਰਸ਼ਾਂ ਵਿਚ ਖ਼ਾਸ ਤੌਰ ’ਤੇ ਹੁੰਦੀ ਏ ਬਿਮਾਰੀ

**ਡਾਕਟਰ ਅਰੁਣ ਮਿਤਰਾ**

ਅੱਜ ਮੰਕੀਪਾਕਸ ਦੀ ਸਾਰੀ ਦੁਨੀਆ ਵਿਚ ਚਰਚਾ ਹੋ ਰਹੀ ਹੈ। ਹੁਣ ਤੱਕ ਦੁਨੀਆ ਅੰਦਰ 76 ਦੇਸ਼ਾਂ ਵਿਚ 19000 ਕੇਸ ਮਿਲ ਚੁੱਕੇ ਹਨ। ਭਾਰਤ ਵਿਚ ਵੀ ਕੇਸ ਮਿਲ ਰਹੇ ਹਨ। ਇਸ ਬਿਮਾਰੀ ਬਾਰੇ ਦੁਨੀਆ ਵਿਚ ਫ਼ਿਕਰ ਦੀ ਗੱਲ ਇਸ ਕਰਕੇ ਹੋ ਰਹੀ ਹੈ, ਕਿਉਂਕਿ ਹੁਣ ਤੱਕ ਇਹ ਕੇਵਲ ਅਫ਼ਰੀਕਾ ਦੇ ਦੇਸ਼ਾਂ ਵਿਚ ਸੀ, ਪਰ ਹੁਣ ਸਾਰੀ ਦੁਨੀਆ ਵਿਚ ਫੈਲ ਰਹੀ ਹੈ। ਵਿਸ਼ਵ ਸਿਹਤ ਸੰਗਠਨ ਵਲੋਂ ਦਿੱਤੀ ਜਾਣਕਾਰੀ ਮੁਤਾਬਿਕ ਇਸ ਨੂੰ ਫੈਲਾਉਣ ਵਾਲਾ ਵਾਇਰਸ ਚੇਚਕ ਦੇ ਵਾਇਰਸ ਦੇ ਨਾਲ ਮਿਲਦਾ-ਜੁਲਦਾ ਹੈ। ਜਿਸ ਤਰਾਂ ਕਿ ਨਾਂ ਦਰਸਾਉਂਦਾ ਹੈ ਇਹ ਬਿਮਾਰੀ ਦੂਸਰੀਆਂ ਪ੍ਰਜਾਤੀਆਂ ਤੋਂ ਮਨੁੱਖਾਂ ਨੂੰ ਹੁੰਦੀ ਹੈ। ਸਭ ਤੋਂ ਪਹਿਲਾ ਕੇਸ 1958 ਵਿਚ ਇਕ ਬਾਂਦਰ ਵਿਚ ਪਾਇਆ ਗਿਆ ਸੀ ਤੇ 1970 ਵਿਚ ਇਕ ਬੱਚੇ ਵਿਚ ਮਿਲਿਆ ਸੀ। ਇਹ ਬਿਮਾਰੀ ਵਧੇਰੇ ਕਰਕੇ ਪੱਛਮੀ ਅਤੇ ਕੇਂਦਰੀ ਅਫ਼ਰੀਕਾ, ਜੋ ਕਿ ਭੂ-ਮੱਧ ਰੇਖਾ ਦੇ ਨੇੜੇ ਹਨ ਅਤੇ ਜਿਥੇ ਜੰਗਲ ਜ਼ਿਆਦਾ ਹੋਣ ਕਰਕੇ ਨਮੀ ਅਧਿਕ ਹੈ, ਵਿਚ ਹੁੰਦੀ ਹੈ। ਕਿਉਂਕਿ ਇਸ ਬਿਮਾਰੀ ਦੇ ਲੱਛਣ ਅਨੇਕਾਂ ਲੋਕਾਂ ਵਿਚ ਸਾਰੀ ਦੁਨੀਆ ਵਿਚ ਪਾਏ ਜਾ ਰਹੇ, ਇਸ ਲਈ ਵਿਸ਼ਵ ਸਿਹਤ ਸੰਗਠਨ ਨੇ ਇਸ ਬਿਮਾਰੀ ਨੂੰ ਚਿੰਤਾਜਨਕ ਬਿਮਾਰੀ ਗਰਦਾਨਿਆ ਹੈ। ਇਸ ਲਈ ਇਸ ਤੋਂ ਹੋਣ ਵਾਲੇ ਲੱਛਣਾਂ ਬਾਰੇ ਤੇ ਬਿਮਾਰੀ ਦੇ ਰੂਪ ਬਾਰੇ ਜਾਣਕਾਰੀ ਜ਼ਰੂਰੀ ਹੈ।

ਜਿਵੇਂ ਕਿ ਸਾਹ ਦੀਆਂ ਬਿਮਾਰੀਆਂ ਲਗਾਉਣ ਵਾਲੇ ਵਾਇਰਸ ਫੈਲਦੇ ਹਨ, ਇਹ ਵੀ ਸਾਡੇ ਸਰੀਰ ਵਿਚ ਆਹਮਣੇ-ਸਾਹਮਣੇ ਸਾਹ ਲੈਣ ਤੋਂ ਫੈਲਦੀ ਹੈ। ਇਸ ਤੋਂ ਇਲਾਵਾ ਰੋਗੀ ਨੂੰ ਛੂਹਣ ਦੇ ਨਾਲ ਅਤੇ ਸਰੀਰ ਵਿਚਲਾ ਤਰਲ ਦੂਸਰੇ ਵਿਅਕਤੀ ਦੇ ਤਰਲ ਨਾਲ ਮਿਲਣ ’ਤੇ ਵੀ ਇਹ ਰੋਗ ਫੈਲਦਾ ਹੈ। ਸਮਲੈਂਗਿਕ ਪੁਰਸ਼ਾਂ ਵਿਚ ਖ਼ਾਸ ਤੌਰ ’ਤੇ ਇਸ ਨੂੰ ਦੇਖਿਆ ਗਿਆ ਹੈ। ਬਾਅਦ ਵਿਚ ਜੇ ਅਜਿਹਾ ਪੁਰਸ਼ ਕਿਸੇ ਇਸਤਰੀ ਨਾਲ ਸਰੀਰਕ ਸੰਬੰਧ ਬਣਾਉਂਦਾ



ਹੈ ਤਾਂ ਬਿਮਾਰੀ ਇਸਤਰੀਆਂ ਵਿਚ ਵੀ ਫੈਲ ਜਾਂਦੀ ਹੈ। ਵਾਇਰਸ ਦੇ ਸਰੀਰ ਵਿਚ ਦਾਖ਼ਲ ਹੋਣ ਤੋਂ, ਇਕ ਤੋਂ ਤਿੰਨ ਹਫ਼ਤੇ ਦੇ ਸਮੇਂ ਬਾਅਦ ਇਸ ਬਿਮਾਰੀ ਦੇ ਲੱਛਣ ਪੈਦਾ ਹੋ ਸਕਦੇ ਹਨ। ਇਨਾਂ ਲੱਛਣਾਂ ਵਿਚ ਜਿਸ ਤਰਾਂ ਕਿ ਵਾਇਰਸ ਨਾਲ ਹੋਣ ਵਾਲੇ ਦੂਜੇ ਵਿਕਾਰਾਂ ਵਿਚ ਹੁੰਦਾ ਹੈ, ਬੁਖਾਰ, ਜ਼ੁਕਾਮ, ਖਾਂਸੀ, ਸਿਰ ਤੇ ਸਰੀਰ ਦੁਖਣਾ, ਮਾਸਪੇਸ਼ੀਆਂ ਵਿਚ ਦਰਦ ਹੋਣਾ ਆਦਿ ਹੁੰਦੇ ਹਨ ਅਤੇ ਨਾਲ ਹੀ ਸਰੀਰ ਵਿਚ ਗਿਲਟੀਆਂ ਵੀ ਪੈਦਾ ਹੋ ਜਾਂਦੀਆਂ ਹਨ, ਜਿਨਾਂ ਵਿਚ ਦਰਦ ਵੀ ਹੁੰਦਾ ਹੈ। ਬਾਅਦ ਵਿਚ ਸਰੀਰ ’ਤੇ ਛਾਲੇ ਪੈਦਾ ਹੋ ਜਾਂਦੇ ਹਨ, ਤਲੀਆਂ, ਪੈਰਾਂ ਦੇ ਤਲੇ ਤੇ ਮੂੰਹ ਦੇ ਉੱਪਰ ਤੇ ਅੰਦਰ ਵੀ। ਇਨਾਂ ਛਾਲਿਆਂ ਤੇ ਪੇਪੜੀਆਂ ਜੰਮ ਜਾਂਦੀਆਂ ਹਨ। ਜਦੋਂ ਉਹ ਸੁੱਕ ਜਾਂਦੇ ਹਨ, ਫਿਰ ਉਨਾਂ ਦੀਆਂ ਪੇਪੜੀਆਂ ਉਤਰ ਕੇ ਫੈਲਦੀਆਂ ਹਨ। ਉਨਾਂ ਦੇ ਅੰਦਰ ਵੀ ਇਹ ਵਾਇਰਸ ਹੋ ਸਕਦਾ ਹੈ ਜੋ ਕਿ ਸਾਹ ਦੇ ਰਸਤੇ ਸਰੀਰ ਵਿਚ ਦਾਖ਼ਲ ਹੋ ਸਕਦਾ ਹੈ।

**ਸਿਹਤ ਸੰਸਾਰ**

ਜੇ ਇਹ ਲੱਛਣ ਕਿਸੇ ਵਿਅਕਤੀ ਵਿਚ ਹੋਣ ਤਾਂ ਮੰਕੀਪਾਕਸ ਬਾਰੇ ਸ਼ੱਕ ਕਰਨਾ ਚਾਹੀਦਾ ਹੈ। ਇਹ ਬਿਮਾਰੀ ਜ਼ਿਆਦਾਤਰ ਆਪਣੇ-ਆਪ ਠੀਕ ਹੋ ਜਾਂਦੀ ਹੈ। ਇਸ ਨਾਲ ਮਰਨ ਵਾਲਿਆਂ ਦੀ ਗਿਣਤੀ ਕੇਂਦਰੀ ਅਫ਼ਰੀਕਾ ਦੇ ਵਾਇਰਸ ਨਾਲ 10 ਫ਼ੀਸਦੀ ਅਤੇ ਪੱਛਮੀ ਅਫ਼ਰੀਕਾ ਦੇ ਵਾਇਰਸ ਨਾਲ 3.6 ਫ਼ੀਸਦੀ ਹੈ। ਇਸ ਲਈ ਇਸ ਬਿਮਾਰੀ ਤੋਂ ਬਚਣ ਦੇ ਉਪਾਅ ਸਾਡੇ ਲਈ ਜਾਣਨਾ ਬਹੁਤ ਜ਼ਰੂਰੀ ਹਨ।

ਪਹਿਲਾਂ ਤਾਂ ਇਹ ਕਿ ਜੇ ਕਿਸੇ ਵਿਅਕਤੀ ਨੂੰ ਖੰਘ, ਜ਼ੁਕਾਮ, ਬੁਖਾਰ ਆਦਿ ਹੋਵੇ ਤਾਂ ਉਸ ਦੇ ਨੇੜੇ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਮਾਸਕ ਲਗਾ ਕੇ ਉਸ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਰੋਗੀ ਨੂੰ ਵੀ ਮਾਸਕ ਲਗਾ ਕੇ ਰੱਖਣਾ ਚਾਹੀਦਾ ਹੈ।

ਇਸ ਵਿਅਕਤੀ ਦੁਆਰਾ ਵਰਤੇ ਜਾਣ ਵਾਲੇ ਕੱਪੜੇ, ਤੌਲੀਆ ਆਦਿ ਤੋਂ ਵੀ ਦੂਰੀ ਬਣਾ ਕੇ ਰੱਖਣੀ ਜ਼ਰੂਰੀ ਹੈ। ਇਨਾਂ ਰੋਗੀਆਂ ਨੂੰ ਬਿਨਾਂ ਦਸਤਾਨਾ ਪਾਏ ਛੂਹਣਾ ਨਹੀਂ ਚਾਹੀਦਾ, ਕਿਉਂਕਿ ਇਨਾਂ ਵਿਚ ਜੀਵਾਣੂ ਹੋ ਸਕਦੇ ਹਨ ਜੋ ਕਿ ਸਾਡੇ ਸਰੀਰ ਵਿਚ ਦਾਖ਼ਲ ਹੋ ਸਕਦੇ ਹਨ। ਇਸ ਲਈ ਇਸ ਕਿਸਮ ਦੇ ਲੱਛਣ ਨਜ਼ਰ ਆਉਣ ਤਾਂ ਜਾਂਚ ਕਰਾ ਲੈਣੀ ਜ਼ਰੂਰੀ ਹੈ। ਜੇਕਰ ਬਿਮਾਰੀ ਸਾਬਤ ਹੋ ਜਾਏ ਤਾਂ ਰੋਗੀ ਨੂੰ 21 ਦਿਨ ਤੱਕ ਵੱਖਰੇ ਰੱਖਣਾ ਜ਼ਰੂਰੀ ਹੈ ਜਦੋਂ ਤੱਕ ਉਸ ਦੇ ਸਰੀਰ ਤੋਂ ਸਾਰੀਆਂ ਪੇਪੜੀਆਂ ਉਤਰ ਕੇ ਉਸ ਦੇ ਸਰੀਰ ਦੀ ਚਮੜੀ ਸਾਫ਼ ਨਹੀਂ ਹੋ ਜਾਂਦੀ। ਕਿਉਂਕਿ ਇਸ ਦਾ ਵਾਇਰਸ ਚੇਚਕ ਦੇ ਵਾਇਰਸ ਨਾਲ ਮਿਲਦਾ-ਜੁਲਦਾ ਹੈ, ਇਸ ਲਈ ਇਹ ਸਮਝਿਆ ਜਾ ਰਿਹਾ ਹੈ ਕਿ ਜਿਨਾਂ ਨੂੰ ਚੇਚਕ ਦੇ ਟੀਕੇ ਲੱਗੇ ਹੋਏ ਹਨ ਉਨਾਂ ਨੂੰ ਇਸ ਬਿਮਾਰੀ ਤੋਂ 87 ਪ੍ਰਤੀਸ਼ਤ ਰੋਕਥਾਮ ਮਿਲਦੀ ਹੈ। ਪਰ ਕਿਉਂਕਿ ਚੇਚਕ ਉਤੇ ਅਸੀਂ 1970ਵਿਆਂ ਵਿਚ ਕਾਬੂ ਪਾ ਲਿਆ ਸੀ, ਇਸ ਲਈ ਜੋ ਉਸ ਤੋਂ ਬਾਅਦ ਪੈਦਾ ਹੋਏ ਹਨ, ਉਨਾਂ ਨੂੰ ਇਹ ਟੀਕੇ ਨਹੀਂ ਲੱਗੇ ਹੋਏ ਤੇ ਉਨਾਂ ਨੂੰ ਮੁਕਾਬਲਤਨ ਵਧੇਰੇ ਸਾਵਧਾਨੀ ਵਰਤਣ ਦੀ ਲੋੜ ਹੈ।

ਸਿਹਤ ਕਰਮੀਆਂ ਨੂੰ ਇਸ ਬਿਮਾਰੀ ਬਾਰੇ ਸਾਵਧਾਨੀਆਂ ਬਾਰੇ ਉਚੇਚੀ ਜਾਣਕਾਰੀ ਦੇਣ ਦੀ ਲੋੜ ਹੈ।

ਰੋਗੀ ਤੋਂ ਡਰਨ ਜਾਂ ਦੂਰ ਭੱਜਣ ਦੀ ਲੋੜ ਨਹੀਂ ਹੈ ਜਿਵੇਂ ਕਿ ਅਸੀਂ ਕੋਰੋਨਾ ਕਾਲ ਵਿਚ ਸ਼ੁਰੂ-ਸ਼ੁਰੂ ਵਿਚ ਦੇਖਿਆ ਸੀ। ਉਦੋਂ ਕਈ ਥਾਵਾਂ ’ਤੇ ਸਿਹਤ ਕਰਮੀਆਂ ਨਾਲ ਹੀ ਲੋਕਾਂ ਨੇ ਇਸ ਗੱਲ ਤੋਂ ਦੂਰੀ ਬਣਾ ਕੇ ਰੱਖਣੀ ਸ਼ੁਰੂ ਕਰ ਦਿੱਤੀ ਸੀ ਕਿ ਉਹ ਬਿਮਾਰੀ ਫੈਲਾਉਣਗੇ। ਸਾਡੇ ਦੇਸ਼ ਵਿਚ ਵਹਿਮਾਂ-ਭਰਮਾਂ ਦੀ ਭਰਮਾਰ ਹੈ। ਇਸ ਰੋਗ ਬਾਰੇ ਵੀ ਕਈ ਗ਼ੈਰ-ਪ੍ਰਮਾਣਿਤ ਨੁਸਖੇ ਦੱਸੇ ਜਾਣਗੇ, ਜਿਨਾਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ।

ਘਬਰਾਹਟ ਦੀ ਲੋੜ ਨਹੀਂ ਹੈ, ਸਾਵਧਾਨੀ ਜ਼ਰੂਰੀ ਹੈ, ਸਰਕਾਰ ਵਲੋਂ ਵੀ ਤੇ ਲੋਕਾਂ ਵਲੋਂ ਵੀ। ਹੁਣ ਤੱਕ ਬਹੁਤ ਵੱਡੀ ਗਿਣਤੀ ਵਿਚ ਕੇਸ ਨਹੀਂ ਆਏ ਪਰ ਜੇ ਅਸੀਂ ਚੇਤੰਨ ਹੋਈਏ ਤਾਂ ਬਿਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ। ਸਾਡੇ ਦੇਸ਼ ਸਾਹਮਣੇ ਅਨੇਕਾਂ ਬਿਮਾਰੀਆਂ ਚੁਣੌਤੀ ਬਣ ਕੇ ਖੜੀਆਂ ਹਨ, ਜਿਨਾਂ ਵਿਚ ਮਲੇਰੀਆ, ਟੀ.ਬੀ., ਪੇਚਿਸ਼ ਆਦਿ ਸ਼ਾਮਿਲ ਹਨ, ਜਿਨਾਂ ਬਾਰੇ ਸਰਕਾਰਾਂ ਨੂੰ ਬਜਟ ਵਿਚ ਕਮੀ ਨਹੀਂ ਕਰਨੀ ਚਾਹੀਦੀ। ਸਿਹਤ ’ਤੇ ਖ਼ਰਚਾ ਵੱਧ ਕਰਨਾ ਚਾਹੀਦਾ ਹੈ। ਇਸ ਦੇ ਟੀਕੇ ਬਣਾਉਣ ਲਈ ਬਿਨਾਂ ਕਿਸੇ ਮੁਨਾਫ਼ੇ ਵਾਲੇ ਮੰਤਵ ਦੇ, ਸਰਕਾਰੀ ਖੇਤਰ ਵਿਚ ਟੀਕੇ ਤੇ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਮੁੜ ਸੁਰਜੀਤ ਕਰਨਾ ਚਾਹੀਦਾ ਹੈ।

# ਕੈਨੇਡਾ ’ਚ ਪੰਜਾਬੀ ਗੈਂਗਸਟਰ ਪੰਜਾਬੀਆਂ ਦਾ ਅਕਸ ਖਰਾਬ ਕਰਨ ’ਤੇ ਤੁਲੇ



**ਪ੍ਰੋ: ਸਰਚਾਂਦ ਸਿੰਘ ਖਿਆਲਾ**

ਪੰਜਾਬੀ ਸਦੀਆਂ ਤੋਂ ਵਿਦੇਸ਼ਾਂ ’ਚ ਪਰਵਾਸ ਕਰਨ ਦੇ ਆਦੀ ਰਹੇ ਹਨ। ਅਨੇਕਤਾ ’ਚ ਏਕਤਾ, ਸਹਿਣਸ਼ੀਲਤਾ ਅਤੇ ਬਿਨਾਂ ਕਿਸੇ ਵਿਤਕਰੇ ਦੇ ਇੱਥੇ ਆਉਣ ਵਾਲੇ ਪਰਵਾਸੀਆਂ ਨੂੰ ਆਪਣੇ ’ਚ ਰਲੇਵੇਂ ਦਾ ਮੌਕਾ ਦੇਣ ਵਰਗੀਆਂ ਕੈਨੇਡੀਅਨ ਜੀਵਨ ਸ਼ੈਲੀ ਦੀਆਂ ਵਿਸ਼ੇਸ਼ਤਾਵਾਂ ਕਾਰਨ ਪ੍ਰਵਾਸੀਆਂ ਲਈ ਕੈਨੇਡਾ ਸਭ ਤੋਂ ਵਧ ਤਰਜੀਹੀ ਮੁਲਕ ਬਣ ਗਿਆ ਹੈ। ਸ਼ੁਰੂਆਤ ’ਚ ਰੋਜ਼ੀ ਰੋਟੀ ਅਤੇ ਖ਼ੁਸ਼ਹਾਲੀ ਪ੍ਰਮੁੱਖ ਸੀ ਪਰ ਹੁਣ ਬਿਹਤਰੀਨ ਸਿੱਖਿਆ ਅਤੇ ਸਿਆਸੀ ਪਨਾਹ ਵੀ ਜੁੜ ਚੁੱਕੇ ਹਨ। ਪੰਜਾਬੀ ਭਾਈਚਾਰੇ ਖ਼ਾਸਕਰ ਸਿੱਖਾਂ ਨੇ ਆਪਣੀ ਲਿਆਕਤ, ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਸਰੋਕਾਰਾਂ ਨਾਲ ਕੈਨੇਡਾ ਵਿਚ ਆਪਣੀ ਅਜਿਹੀ ਵਿਲੱਖਣ ਤੇ ਪ੍ਰਭਾਵਸ਼ਾਲੀ ਪਛਾਣ ਬਣਾ ਲਈ ਹੈ ਕਿ ਅੱਜ ਕੈਨੇਡਾ ਵਿਚ 1.4 ਫ਼ੀਸਦੀ ਅਬਾਦੀ ਵਾਲਿਆਂ ਦੀ ਕੈਨੇਡਾ ਦੇ 338 ਸੀਟਾਂ ਵਾਲੇ ਸਦਨ ’ਚ 18 ਸਿੱਖ ਮੈਂਬਰ ਹਨ, ਜਿਨਾਂ ’ਚੋਂ 4 ਟਰੂਡੋ ਸਰਕਾਰ ’ਚ ਮੰਤਰੀ ਤਕ ਬਣੇ ਹਨ। ਅਜਿਹੇ ਸਨਮਾਨਜਨਕ ਵਾਤਾਵਰਣ ਸਿਰਜਣ ਕਾਰਨ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮਈ 1914 ਦੌਰਾਨ ਕਾਮਾਕਾਟਾ ਮਾਰੂ ਕਾਂਡ ਦੀ ਇਤਿਹਾਸਕ ਵਧੀਕੀ ਅਤੇ ਦੁਖਦਾਇਕ ਵਰਤਾਰੇ ਪ੍ਰਤੀ ਇਕ ਸਦੀ ਬਾਅਦ ਹਾਊਸ ਆਫ਼ ਕਾਮਨਜ਼ ਵਿਚ ਮੁਆਫ਼ੀ ਮੰਗਦਿਆਂ ਸਿੱਖ ਭਾਈਚਾਰੇ ਦੀ ਭੂਮਿਕਾ ਅਤੇ ਪ੍ਰਭਾਵ ਨੂੰ ਪ੍ਰਤੀਬਿੰਬਤ ਕੀਤਾ।

ਇਸ ਮੁਕਾਮ ’ਤੇ ਪਹੁੰਚਣ ਦੇ ਬਾਵਜੂਦ ਕੁਝ ਅਨਸਰ ਅਤੇ ਘਟਨਾਵਾਂ ਹਨ ਜੋ ਸਿੱਖ ਤੇ ਪੰਜਾਬੀ ਭਾਈਚਾਰੇ ਦੀ ਛਵੀ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਪੁਲੀਸ ਵੱਲੋਂ ਜਾਰੀ 11 ਖ਼ਤਰਨਾਕ ਗੈਂਗਸਟਰ ਦੀ ਸੂਚੀ ਵਿਚ 9 ਪੰਜਾਬੀ ਮੂਲ ਦੇ ਲੋਕਾਂ ਦਾ ਸ਼ਾਮਿਲ ਹੋਣਾ ਕੈਨੇਡਾ ’ਚ ਪੰਜਾਬੀ ਭਾਈਚਾਰੇ ਲਈ ਨਮੋਸ਼ੀ ਦਾ ਸਬੱਬ ਬਣ ਗਿਆ ਹੈ। ਪਿਛਲੀ ਵਾਰ ਤੋਂ ਹਟ ਕੇ ਇਹ ਪਹਿਲੀ ਵਾਰ ਪੁਲਿਸ ਨੇ ਸੂਬੇ ਵਿਚ ਹੱਤਿਆਵਾਂ ਅਤੇ ਗੋਲੀਬਾਰੀ ਦੇ ਮਾਮਲਿਆਂ ਨਾਲ ਜੁੜੇ ਇਨਾਂ ਗੈਂਗਸਟਰਾਂ ਤੋਂ ਆਪਣੇ ਨਾਗਰਿਕਾਂ ਨੂੰ ਨਾ ਕੇਵਲ ਦੂਰ ਰਹਿਣ ਸਗੋਂ ਇਨਾਂ ਤੋਂ ਆਪਣੇ ਦੋਸਤਾਂ ਅਤੇ ਪਰਿਵਾਰਾਂ ਲਈ ਵੀ ਖ਼ਤਰਾ ਦੱਸਦਿਆਂ ਇਨਾਂ ਅਪਰਾਧੀਆਂ ਨਾਲ ਰਾਬਤਾ ਤੱਕ ਨਾ ਕਰਨ ਲਈ ਕਿਹਾ ਹੈ। ਜ਼ਾਹਿਰ ਹੈ, ਕੈਨੇਡਾ ’ਚ ਗੈਂਗਸਟਰ ਅਤੇ ਨਸ਼ਾ ਤਸਕਰਾਂ ਦਾ ਅੱਜ ਪੂਰਾ ਬੋਲ ਬਾਲਾ ਹੈ। ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਪੰਜਾਬੀ ਮੂਲ ਦੇ ਗੈਂਗਸਟਰਾਂ ਦੀ ਵੀ ਵੱਡੀ ਭੂਮਿਕਾ ਦੇਖੀ ਗਈ ਹੈ। ਕੈਨੇਡਾ ਦੇ ਪਬਲਿਕ ਹੈਲਥ ਏਜੰਸੀ ਦੁਆਰਾ 2016 ਤੋਂ 19 ਤਕ ਤਿੰਨ ਸਾਲ ’ਚ ਨਸ਼ਿਆਂ ਦੇ ਓਵਰਡੋਜ਼ ਨਾਲ 15000 ਤੋਂ ਵੱਧ ਕੈਨੇਡੀਅਨਾਂ ਦੇ ਮੌਤ ਹੋਣ ਬਾਰੇ ਚਿੰਤਾਜਨਕ ਖ਼ੁਲਾਸਾ ਕੈਨੇਡਾ ’ਚ ਨਸ਼ਾ ਮਾਫ਼ੀਆ ਦੀ ਮਜ਼ਬੂਤੀ ਨੂੰ ਦਰਸਾਉਂਦਾ ਹੈ। ਇਨਾਂ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਹੋਵੇ ਜਾਂ ਗੈਂਗਵਾਰ ਨਾਲ ਹੋ ਰਹੀਆਂ ਹੱਤਿਆਵਾਂ, ਸਮਾਜਿਕ ਅਤੇ ਅਮਨ ਸ਼ਾਂਤੀ ਨੂੰ ਭੰਗ ਕਰ ਰਹੀਆਂ ਹਨ। ਬ੍ਰਦਰ ਕੀਪਰ ਗੈਂਗ ਦੇ ਮਨਿੰਦਰ ਸਿੰਘ ਧਾਲੀਵਾਲ ਤੇ ਇਕ ਮਿੱਤਰ ਦੀ ਹਾਲ ਹੀ ’ਚ ਕੈਨੇਡਾ ਦੇ ਵਿਸਲਰ ਵਿਲੇਜ ਵਿਚ ਗੈਂਗਵਾਰ ਦੀ ਇਕ ਫਾਇਰਿੰਗ ਦੌਰਾਨ ਮੌਤ ਹੋ ਗਈ। ਇਸ ਸੰਬੰਧੀ ਗ੍ਰਿਫ਼ਤਾਰ ਕੀਤੇ ਗਏ ਗੈਂਗਸਟਰ ਗੁਰਸਿਮਰਨ ਸਹੋਤਾ ਅਤੇ ਤਨਵੀਰ ਖੱਖ ਪੰਜਾਬੀ ਹਨ। ਮਨਿੰਦਰ ਦਾ ਛੋਟਾ ਭਰਾ ਹਰਬ ਧਾਲੀਵਾਲ ਪਿਛਲੇ ਸਾਲ ਹੀ ਗੈਂਗਵਾਰ ’ਚ ਮਾਰ ਦਿੱਤਾ ਗਿਆ ਸੀ। ਇਹ ਦੋਵੇਂ ਬਰਿੰਦਰ ਧਾਲੀਵਾਲ ਦੇ ਭਰਾ ਸਨ, ਜਿਸ ਨੂੰ ਕੈਨੇਡੀਅਨ ਗੈਂਗਸਟਰਾਂ ਦੀ ਦੁਨੀਆ ’ਚ ‘ਸ਼ਰੈੱਕ’ ਵਜੋਂ ਜਾਣਿਆ ਜਾਂਦਾ ਹੈ।

ਬ੍ਰਿਟਿਸ਼ ਕੋਲੰਬੀਆ ਦੀ 2004 ਦੀ ਸਲਾਨਾ ਪੁਲਿਸ ਰਿਪੋਰਟ ਦੇ ਖ਼ੁਲਾਸੇ ਮੁਤਾਬਿਕ ਪੰਜਾਬੀ-ਕੈਨੇਡੀਅਨ ਗੈਂਗ ਕੈਨੇਡਾ ਵਿਚ ਅਪਰਾਧਾਂ ਲਈ ਜ਼ਿੰਮੇਵਾਰ ਟੌਪ-3 ਗਰੁੱਪਾਂ ਵਿਚ ਹੀ ਨਹੀਂ ਸਗੋਂ ਦੂਜਿਆਂ ਨਾਲੋਂ ਕਾਫ਼ੀ ਅੱਗੇ ਸਨ। ਵੈਨਕੂਵਰ ਦੀ ਸਾਲ 2005 ਦੀ ਰਿਪੋਰਟ ਅਨੁਸਾਰ ਪੰਜਾਬ ਨਾਲ ਸਬੰਧਿਤ ਗੈਂਗਸਟਰਾਂ ਦੀ ਵੈਨਕੂਵਰ ’ਚ ਸ਼ੁਰੂਆਤ 1980 ਦੇ ਦਹਾਕੇ ਵਿੱਚ ਭੁਪਿੰਦਰ ਸਿੰਘ ਬਿੰਦੀ ਜੌਹਲ ਵੱਲੋਂ ਨਸ਼ੇ ਰਾਹੀਂ ਆਪਣਾ ਕਾਰੋਬਾਰ ਸ਼ੁਰੂ ਕਰਨ ਨਾਲ ਹੋਈ। ਇਸ ਤੋਂ ਬਾਅਦ ਸੰਘੇੜਾ ਕ੍ਰਾਈਮ ਆਰਗੇਨਾਈਜ਼ੇਸ਼ਨ ਅਤੇ ਬੁੱਟਰ ਗਰੁੱਪ ਪਰਵਾਸੀਆਂ ਦੀ ਸਭ ਤੋਂ ਵਧ ਬਦਨਾਮ ਗਰੁੱਪਾਂ ’ਚ ਸਨ। ਇਸ ਤੋਂ ਇਲਾਵਾ ਧਾਲੀਵਾਲ ਪਰਿਵਾਰ, ਮੱਲੀ-ਬੁੱਟਰ ਸੰਗਠਨ ਆਦਿ ਪੰਜਾਬੀ ਮਾਫ਼ੀਆ ਚਰਚਾ ਵਿੱਚ ਰਹੇ ਹਨ। ਪੰਜਾਬੀ-ਕੈਨੇਡੀਅਨ ਕ੍ਰਾਈਮ ਸਿੰਡੀਕੇਟ ਮੁੱਖ ਤੌਰ ’ਤੇ ਉਨਾਂ ਨੌਜਵਾਨ ਦਾ ਸਮੂਹ ਹੈ ਜੋ ਪੰਜਾਬੀ ਪਰਿਵਾਰਾਂ ਵਿੱਚ ਪੈਦਾ ਹੋਏ ਹਨ। ਪਿਛਲੇ ਅਪ੍ਰੈਲ ਦੌਰਾਨ ਯੌਰਕ ਰਿਜਨਲ ਪੁਲੀਸ ਨੇ ਪੱਛਮੀ ਕੈਨੇਡਾ, ਯੂ ਐਸ ਅਤੇ ਭਾਰਤ ਤਕ ਫੈਲਿਆ ਹੋਇਆ ਅੰਤਰਰਾਸ਼ਟਰੀ ਨਸ਼ਾ ਤਸਕਰ ਨੈੱਟਵਰਕ ਨੂੰ ਖ਼ਤਮ ਕਰਦਿਆਂ ਜਿਨਾਂ 27 ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਉਨਾਂ ਵਿਚ 23 ਪੰਜਾਬੀ ਮੂਲ ਦੇ ਸਨ। ਇਸੇ ਤਰਾਂ ਜੂਨ ਦੇ ਮਹੀਨੇ ਦੌਰਾਨ ਇਕੱਲੇ ਬਰੈਪਟਨ ਵਿਚ ਪੰਜਾਬ ਦੇ ਘੱਟੋ ਘੱਟ 4 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਨਾਂ ’ਤੇ ਹਥਿਆਰਾਂ ਨਾਲ ਜੁੜੇ ਅਪਰਾਧਿਕ ਮਾਮਲੇ ਦਰਜ ਹਨ। ਇਸ ਤੋਂ ਪਹਿਲਾਂ 8 ਦਸੰਬਰ 2021 ਨੂੰ ਕੈਲਗਰੀ ਪੁਲਿਸ ਨੇ ਭਾਰਤੀ ਮੂਲ ਦੇ 9 ਇੰਡੋ ਕੈਨੇਡੀਅਨ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ, ਜੋ ਕੇਵਲ ਇਕ ਸਾਲ ’ਚ 20 ਤੋਂ ਵੱਧ ਹਿੰਸਕ ਘਟਨਾਵਾਂ ਲਈ ਜ਼ਿੰਮੇਵਾਰ ਸਨ।

ਗਲ ਇਥੇ ਹੀ ਖਤਮ ਨਹੀਂ ਹੁੰਦੀ 14 ਜੁਲਾਈ ਨੂੰ ਸਰੀ ਵਿਖੇ ਕਾਰੋਬਾਰੀ ਤੇ ਸਿੱਖ ਆਗੂ ਰਿਪੁਦਮਨ ਸਿੰਘ ਮਲਿਕ ਦੀ ‘ਟਾਰਗੈਟ ਕਿਲਿੰਗ’ ਅਤੇ ਉਸ ਤੋਂ ਦਸ ਦਿਨ ਬਾਅਦ ਹੀ ਗੈਂਗਸਟਰ ਮਨਿੰਦਰ ਸਿੰਘ ਧਾਲੀਵਾਲ ਦੀ ਹੱਤਿਆ ਨੇ ਦਹਿਸ਼ਤ ਪੈਦਾ ਕਰਦਿਆਂ ਅਮਨ ਸ਼ਾਂਤੀ ਨੂੰ ਪ੍ਰਭਾਵਿਤ ਕੀਤਾ ਹੈ। ਬੱਬਰ ਖ਼ਾਲਸਾ ਨਾਲ ਸੰਬੰਧਿਤ ਸ: ਮਲਿਕ ਦੀ ਹੱਤਿਆ ਨਾਲ ਕਰੀਬ ਚਾਰ ਦਹਾਕੇ ਪਹਿਲਾਂ ਏਅਰ ਇੰਡੀਆ ਦੀ ‘ਕਨਿਸ਼ਕ’ ਨੂੰ ਉਡਾਉਣ ਦੀ ਖੇਡੀ ਗਈ ਖ਼ੂਨੀ ਖੇਡ ਦੀ ਯਾਦ ਫਿਰ ਤੋਂ ਤਾਜ਼ੀ ਹੋ ਗਈ। 23 ਜੂਨ 1985 ’ਚ ਵਾਪਰੇ ਉਕਤ ਕਨਿਸ਼ਕ ਕਾਂਡ ਜਿਸ ਵਿਚ 268 ਕੈਨੇਡੀਅਨ ਨਾਗਰਿਕਾਂ ਸਮੇਤ 331 ਲੋਕ ਮਾਰੇ ਗਏ ਸਨ, ’ਚ ਮਲਿਕ ਦੀ ਕਥਿਤ ਸ਼ਮੂਲੀਅਤ ਲਈ ਉਸ ਨੂੰ ਕੈਨੇਡੀਅਨ ਲੋਕ ਮਾਨਸਿਕਤਾ ਨੇ ਕਦੀ ਵੀ ਮੁਆਫ਼ ਨਹੀਂ ਕੀਤਾ। ਜਿਸ ਦੀ ਚਰਚਾ ਮਲਿਕ ਦੇ ਕਤਲ ਤੋਂ ਬਾਅਦ ਕੈਨੇਡੀਅਨ ਮੀਡੀਆ ਵਿੱਚ ਦੇਖਣ ਨੂੰ ਮਿਲੀ। ਬੇਸ਼ੱਕ ਵਿਸ਼ਵ ਹਵਾਈ ਖੇਤਰ ਦੇ ਇਤਿਹਾਸ ਵਿਚ 9/11 ਤੋਂ ਪਹਿਲਾਂ ਦੇ ਇਸ ਭਿਆਨਕ ਅਤਿਵਾਦੀ ਹਮਲੇ ਸੰਬੰਧੀ ਮਲਿਕ ਨੂੰ ਸੁਪਰੀਮ ਕੋਰਟ ਆਫ਼ ਬ੍ਰਿਟਿਸ਼ ਕੋਲੰਬੀਆ ਨੇ ਪੁਖ਼ਤਾ ਸਬੂਤ ਨਾ ਹੋਣ ਕਾਰਨ 2005 ’ਚ ਬਰੀ ਕਰ ਦਿੱਤਾ ਸੀ। ਵਿਸ਼ਵ ਅਤਿਵਾਦ ਦੀ ਚੁਨੌਤੀ ਦੇ ਸਨਮੁੱਖ ਕੈਨੇਡਾ ਸਰਕਾਰ ਵੱਲੋਂ ਕ੍ਰਿਮੀਨਲ ਕੋਡ ਤਹਿਤ ਸੂਚੀਬੱਧ ਕੀਤੇ ਗਏ 77 ਅਤਿਵਾਦੀ ਸਮੂਹਾਂ ਵਿਚ ਬੱਬਰ ਖ਼ਾਲਸਾ ਸਮੇਤ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਵਰਗੇ ਸਿੱਖ ਜਥੇਬੰਦੀਆਂ ਦਾ ਸ਼ਾਮਿਲ ਹੋਣਾ ਅਤੇ ਕੈਨੇਡਾ ਵੱਲੋਂ ਦੇਸ਼ ਨੂੰ ਅਤਿਵਾਦ ਦੇ ਖ਼ਤਰੇ ਬਾਰੇ 2018 ਦੌਰਾਨ ਜਾਰੀ ਰਿਪੋਰਟ ’ਚ ‘ਸਿੱਖ ਕੱਟੜਪੰਥੀਆਂ’ ਦੇ ਵਧਦੇ ਖ਼ਤਰੇ ਦਾ ਜ਼ਿਕਰ ਕੀਤਾ ਜਾਣਾ ਸਿੱਖ ਭਾਈਚਾਰੇ ਲਈ ਨਮੋਸ਼ੀ ਦਾ ਸਬੱਬ ਬਣਿਆ ਰਿਹਾ।

ਅੱਜ ਗੈਂਗਸਟਰ ਅਤੇ ਕੱਟੜਪੰਥੀਆਂ ਵੱਲੋਂ ਕੈਨੇਡਾ ਨੂੰ ਸੁਰੱਖਿਅਤ ਛੁਪਣਗਾਹ ਬਣਾ ਲਿਆ ਗਿਆ ਹੈ। ਸਿੱਧੂ ਮੂਸੇਵਾਲਾ ਦੇ ਕਤਲ ਨਾਲ ਚਰਚਾ ਵਿਚ ਆਇਆ ਗੋਲਡੀ ਬਰਾੜ ਹੋਵੇ ਜਾਂ ਪੰਜਾਬ ਪੁਲੀਸ ਇੰਟੈਲੀਜੈਂਸ ਦੇ ਹੈੱਡਕੁਆਟਰ ਮੋਹਾਲੀ ਵਿਖੇ ਗਰਨੇਡ ਹਮਲੇ ਦਾ ਕਥਿਤ ਮੁੱਖ ਸਾਜ਼ਿਸ਼ਕਾਰ ਲਖਬੀਰ ਸਿੰਘ ਲੰਡਾ, ਸਭ ਕੈਨੇਡਾ ਵਿਚ ਛੁਪੇ ਬੈਠੇ ਹਨ। ਭਾਰਤੀ ਏਜੰਸੀ ਐਨ ਆਈ ਏ ਨੇ ਹਾਲ ਹੀ ’ਚ ਕੈਨੇਡਾ ਵਿਚ ਬੈਠੇ ਹਰਦੀਪ ਸਿੰਘ ਨਿੱਝਰ ’ਤੇ ਜਲੰਧਰ ਦੇ ਇਕ ਹਿੰਦੂ ਪੁਜਾਰੀ ਕਮਲਦੀਪ ਸ਼ਰਮਾ ਦੇ ਕਤਲ ’ਚ ਲੋੜੀਂਦੇ ਹੋਣ ਕਾਰਨ 10 ਲੱਖ ਦਾ ਇਨਾਮੀ ਰੱਖਿਆ ਹੈ। ਨਿੱਝਰ ਆਈ ਐਸ ਆਈ. ਦੇ ਏਜੰਟ ਤੇ ਖ਼ਾਲਿਸਤਾਨੀ ਸਿੱਖ ਫ਼ਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਦਾ ਆੜੀ ਹੈ ਅਤੇ ਉਸ ਦੇ ਏਜੰਡੇ ਨੂੰ ਲਾਗੂ ਕਰਨ ’ਚ ਮੋਹਰੀ ਹੈ। ਪੰਜਾਬ ਵਿੱਚ ਗੈਂਗਸਟਰਾਂ ਵੱਲੋਂ ਕੀਤੀਆਂ ਜਾ ਰਹੀਆਂ ਹੱਤਿਆਵਾਂ ਦੀਆਂ ਤਾਰਾਂ ਦਾ ਕੈਨੇਡਾ ਤੱਕ ਵੀ ਜੁੜੀਆਂ ਹੋਣ ਦੀਆਂ ਖ਼ਬਰਾਂ ਨਾਲ ਵੀ ਆਮ ਕੈਨੇਡੀਅਨ ਨਾਗਰਿਕਾਂ ’ਚ ਆਪਣੇ ਦੇਸ਼ ਦੀ ਅਮਨ ਸ਼ਾਂਤੀ ਨੂੰ ਲੈ ਕੇ ਚਿੰਤਾਵਾਂ ਵਧ ਰਹੀਆਂ ਹਨ। ਆਮ ਕੈਨੇਡੀਅਨ ਅਮਨ ਪਸੰਦ ਸ਼ਹਿਰੀ ਸਮਝ ਦੇ ਹਨ ਕਿ ਜੋ ਲੋਕ ਕੈਨੇਡਾ ਵਿੱਚ ਬੈਠ ਕੇ ਪੰਜਾਬ ਵਿੱਚ ਵੱਡੀਆਂ ਵਾਰਦਾਤਾਂ ਨੂੰ ਅੰਜਾਮ ਦੇਣ ’ਚ ਵੱਡੀ ਭੂਮਿਕਾ ਨਿਭਾਅ ਰਹੇ ਹਨ, ਉਹ ਉਨਾਂ ਲਈ ਵੀ ਕਿਸੇ ਸਮੇਂ ਖ਼ਤਰਾ ਬਣ ਸਕਦੇ ਹਨ। ਗੈਂਗ ਕਲਚਰ ਤੋਂ ਦੁਖੀ ਹੋ ਕੇ ਪੰਜਾਬ ਦੇ ਮਾਪੇ ਬਚਿਆਂ ਨੂੰ ਕੈਨੇਡਾ ਭੇਜ ਰਹੇ ਹਨ, ਹੁਣ ਸਵਾਲ ਉੱਠਦਾ ਹੈ ਕਿ ਕੈਨੇਡਾ ਦੇ ਮਾਪੇ ਇਸੇ ਸਥਿਤੀ ’ਚ ਆਪਣੇ ਬਚਿਆਂ ਨੂੰ ਕਿਥੇ ਲੁਕਾਉਣ। ਆਮ ਕੈਨੇਡੀਅਨ ਨਾਗਰਿਕਾਂ ’ਚ ਦਹਿਸ਼ਤ ਕਾਰਨ ਪੈਦਾ ਹੋਏ ‘ਖ਼ੌਫ’ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**




# ਸੰਯੁਕਤ ਰਾਜ ਅਮਰੀਕਾ ਵਿਚ ਬੱਚਿਆਂ ਨੂੰ ਦਰਪੇਸ਼ ਮੁੱਖ ਸਮੱਸਿਆਵਾਂ



**ਸਰਬਜੀਤ ਕੌਰ ਸਰਬ**

2010 ਦੇ ਅੰਤ ਵਿੱਚ, ਯੂਐਸ ਡਿਪਾਰਟਮੈਂਟ ਆਫ਼ ਐਗਰੀਕਲਚਰ ਨੇ ਰਿਪੋਰਟ ਦਿੱਤੀ ਕਿ ਸੰਯੁਕਤ ਰਾਜ ਵਿੱਚ ਹਰ ਚਾਰ ਵਿੱਚੋਂ ਇੱਕ ਬੱਚੇ ਨੂੰ ਭੁੱਖਮਰੀ ਦਾ ਸਾਹਮਣਾ ਕਰਨਾ ਪਿਆ। 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਗਰੀਬੀ ਦਰ ਲਗਭਗ 20% ਤੱਕ ਵਧ ਗਈ ਹੈ, ਪਰ ਇਹ ਸੰਖਿਆ ਬੱਚੇ ਦੇ ਨਸਲੀ ਅਤੇ ਸਮਾਜਿਕ ਪਿਛੋਕੜ ਦੇ ਆਧਾਰ ’ਤੇ ਵੱਖ-ਵੱਖ ਹੁੰਦੀ ਹੈ। ਉਦਾਹਰਨ ਲਈ, 43% ਅਫਰੀਕੀ-ਅਮਰੀਕੀ ਬੱਚੇ ਗਰੀਬੀ ਵਿੱਚ ਰਹਿੰਦੇ ਹਨ।

ਗਰੀਬੀ ਦਾ ਬੱਚਿਆਂ ਦੇ ਜੀਵਨ ’ਤੇ ਵਿਆਪਕ ਪ੍ਰਭਾਵ ਪੈਂਦਾ ਹੈ, ਕਿਉਂਕਿ ਗਰੀਬ ਬੱਚੇ ਆਮ ਤੌਰ ’ਤੇ ਬਦਤਰ ਸਿਹਤ ਵਿੱਚ ਹੁੰਦੇ ਹਨ ਅਤੇ ਉਨਾਂ ਕੋਲ ਉੱਚ ਸਿੱਖਿਆ ਵਿੱਚ ਜਾਣ ਦੇ ਘੱਟ ਮੌਕੇ ਹੁੰਦੇ ਹਨ।

## ਬਾਲ ਦੁਰਵਿਵਹਾਰ

ਸੰਯੁਕਤ ਰਾਜ ਵਿੱਚ ਹਰ ਸਾਲ, ਬਾਲ ਸ਼ੋਸ਼ਣ ਦੇ 3 ਮਿਲੀਅਨ ਤੋਂ ਵੱਧ ਮਾਮਲੇ ਰਿਪੋਰਟ ਕੀਤੇ ਜਾਂਦੇ ਹਨ। ਉਨਾਂ ਵਿੱਚੋਂ ਬਹੁਤ ਸਾਰੇ ਸਰੀਰਕ ਹਿੰਸਾ ਦੇ ਅਧੀਨ ਹਨ, ਅਤੇ ਇਹਨਾਂ ਵਿੱਚੋਂ ਲਗਭਗ 10% ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਏ ਹਨ। ਅਮਰੀਕਾ ਵਿੱਚ ਹਿੰਸਾ ਜਾਂ ਅਣਗਹਿਲੀ ਦੇ ਨਤੀਜੇ ਵਜੋਂ ਪ੍ਰਤੀ ਸਾਲ ਅੰਦਾਜ਼ਨ ਇੱਕ ਹਜ਼ਾਰ ਬੱਚੇ ਮਰਦੇ ਹਨ। ਜ਼ਿਆਦਾਤਰ ਉਹ 4 ਸਾਲ ਤੋਂ ਘੱਟ ਉਮਰ ਦੇ ਹੁੰਦੇ ਹਨ।

ਇਸ ਤੋਂ ਇਲਾਵਾ, ਸਿੱਖਿਆ ਵਿਭਾਗ ਨੇ 2007 ਵਿੱਚ ਰਿਪੋਰਟ ਕੀਤੀ ਕਿ ਸਕੂਲ ਵਿੱਚ 200,000 ਵਿਦਿਆਰਥੀਆਂ ਨੂੰ ਸਰੀਰਕ ਸਜ਼ਾ ਦਿੱਤੀ ਗਈ ਸੀ। ਵਿਕਲਾਂਗ ਬੱਚੇ ਆਮ ਤੌਰ ’ਤੇ ਅਜਿਹੇ ਅਪਰਾਧਾਂ ਦੇ ਮੁੱਖ ਸ਼ਿਕਾਰ ਹੁੰਦੇ ਹਨ।

ਸਾਈਬਰ ਅਪਰਾਧੀ ਖਾਸ ਤੌਰ ’ਤੇ ਅਮਰੀਕਾ ਵਿੱਚ ਪ੍ਰਚਲਿਤ ਹਨ। ‘ਲਵ ਅਵਰ ਚਿਲਡਰਨ ਯੂਐਸਏ’ ਸੰਸਥਾ ਨੇ ਰਿਪੋਰਟ ਦਿੱਤੀ ਹੈ ਕਿ ਚਾਰ ਵਿੱਚੋਂ ਇੱਕ ਬੱਚੇ ਨੂੰ ਔਨਲਾਈਨ ਪ੍ਰੇਸ਼ਾਨ



ਕੀਤਾ ਜਾਂਦਾ ਹੈ। ਵਰਚੁਅਲ ਧੱਕੇਸ਼ਾਹੀ ਅਕਸਰ ਸਕੂਲ ਵਿਚ ਅਸਲ ਜ਼ਿੰਦਗੀ ਨਾਲ ਜੁੜੀ ਹੁੰਦੀ ਹੈ: ਹਿੰਸਾ ਨੂੰ ਨਿਯਮਿਤ ਤੌਰ ’ਤੇ ਕੈਮਰੇ ਫੋਨਾਂ ’ਤੇ ਰਿਕਾਰਡ ਕੀਤਾ ਜਾਂਦਾ ਹੈ ਅਤੇ ਇੰਟਰਨੈੱਟ ’ਤੇ ਪੋਸਟ ਕੀਤਾ ਜਾਂਦਾ ਹੈ। ਬਹੁਤ ਸਾਰੇ ਬੱਚੇ ਇੰਟਰਨੈੱਟ ’ਤੇ ਪੋਰਨੋਗ੍ਰਾਫੀ ਦੇ ਸੰਪਰਕ ਵਿੱਚ ਆਉਂਦੇ ਹਨ ਅਤੇ ਅਮਰੀਕੀ ਬੱਚਿਆਂ ਦੇ ਅਧਿਕਾਰ ਸੰਗਠਨ ਇਹ ਯਕੀਨੀ ਬਣਾਉਣ ਲਈ ਦ੍ਰਿੜ ਹਨ ਕਿ ਅਧਿਕਾਰੀ ਸੁਰੱਖਿਆ ਲਈ ਵਧੇਰੇ ਪ੍ਰਭਾਵਸ਼ਾਲੀ ਉਪਾਅ ਪਾਸ ਕਰਨ।

## ਸਿਹਤ ਦਾ ਅਧਿਕਾਰ

ਸੰਯੁਕਤ ਰਾਜ ਅਮਰੀਕਾ ਵਿੱਚ 8 ਮਿਲੀਅਨ ਤੋਂ ਵੱਧ ਬੱਚਿਆਂ ਦਾ ਕੋਈ ਸਿਹਤ ਬੀਮਾ ਨਹੀਂ ਹੈ, ਭਾਵ ਦਸ ਵਿੱਚੋਂ ਇੱਕ ਬੱਚੇ ਦਾ। ਹਜ਼ਾਰਾਂ ਹੋਰ ਲੋਕ ਘੱਟ ਬੀਮੇ ਵਾਲੇ ਹਨ, ਜੋ ਉਨਾਂ ਦੇ ਮਿਆਰੀ ਸਿਹਤ ਸੰਭਾਲ ਸੇਵਾਵਾਂ ਦੇ ਅਧਿਕਾਰ ਵਿੱਚ ਰੁਕਾਵਟ ਪਾਉਂਦੇ ਹਨ। ਅੰਕੜੇ ਦਰਸਾਉਂਦੇ ਹਨ ਕਿ ਇਹ ਬੱਚੇ ਸ਼ੂਗਰ, ਦਮਾ, ਮੂੰਹ ਦੀਆਂ ਬਿਮਾਰੀਆਂ, ਅਤੇ ਮੋਟਾਪੇ ਵਰਗੀਆਂ ਸਥਿਤੀਆਂ ਲਈ ਇਲਾਜ ਪ੍ਰਾਪਤ ਕਰਨ ਦੀ ਸੰਭਾਵਨਾ ਦਸ ਗੁਣਾ ਘੱਟ ਹਨ। ਨੈਤਿਕ ਘੱਟ-ਗਿਣਤੀਆਂ (ਅਫਰੀਕਨ-ਅਮਰੀਕਨ ਜਾਂ ਹਿਸਪੈਨਿਕ) ਦੇ ਬੱਚਿਆਂ ਨੂੰ ਦੂਜਿਆਂ ਨਾਲੋਂ ਜ਼ਿਆਦਾ ਜੋਖਮ ਹੁੰਦਾ ਹੈ : ਉਨਾਂ ਵਿੱਚੋਂ ਲਗਭਗ ਇੱਕ ਚੌਥਾਈ ਨੂੰ ਸਭ ਤੋਂ ਆਮ ਗੰਭੀਰ ਬਿਮਾਰੀਆਂ ਦੇ ਵਿਰੁੱਧ ਟੀਕਾਕਰਣ ਨਹੀਂ ਕੀਤਾ ਜਾਂਦਾ ਹੈ।

## ਬਾਲ ਮਜਦੂਰੀ

ਭਾਵੇਂ ਅਮਰੀਕਾ ਵਿੱਚ ਬਾਲ ਮਜ਼ਦੂਰੀ ਕਾਨੂੰਨਾਂ ਨੂੰ ਚੰਗੀ ਤਰਾਂ ਲਾਗੂ ਕੀਤਾ ਗਿਆ ਹੈ, ਹਜ਼ਾਰਾਂ ਬੱਚੇ, ਖਾਸ ਕਰਕੇ ਹਿਸਪੈਨਿਕ, ਔਖੇ ਖੇਤੀਬਾੜੀ ਵਾਤਾਵਰਨ ਵਿੱਚ ਕੰਮ ਕਰਦੇ ਹਨ। ਵਾਢੀ ਦੇ ਮੌਸਮ ਦੌਰਾਨ ਉਹ ਦਿਨ ਵਿੱਚ 14 ਘੰਟੇ ਕੰਮ ਕਰਦੇ ਹਨ ਅਤੇ ਆਮ ਤੌਰ ’ਤੇ ਆਪਣੀ ਪੜਾਈ ਛੱਡ ਦਿੰਦੇ ਹਨ। ਉਹ ਕੀਟਨਾਸ਼ਕਾਂ ਅਤੇ ਹੋਰ ਖੇਤੀ ਰਸਾਇਣਕ ਦੇ ਸੰਪਰਕ ਵਿੱਚ ਹਨ ਜੋ ਗੰਭੀਰ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ।

## ਪੋਸ਼ਣ

ਰਿਪੋਰਟਾਂ ਦਿਖਾਉਂਦੀਆਂ ਹਨ ਕਿ 12 ਮਿਲੀਅਨ ਅਮਰੀਕੀ ਪਰਿਵਾਰ ਲੋੜੀਂਦਾ ਭੋਜਨ ਬਰਦਾਸ਼ਤ ਕਰਨ ਲਈ ਸੰਘਰਸ਼ ਕਰਦੇ ਹਨ। ਇਹ ਖਾਸ ਤੌਰ ’ਤੇ ਬੱਚਿਆਂ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਨਾਲ ਚਿੰਤਾ ਅਤੇ ਗੰਭੀਰ ਡਾਕਟਰੀ ਸਮੱਸਿਆਵਾਂ ਪੈਦਾ ਹੁੰਦੀਆਂ ਹਨ, ਜਿਵੇਂ ਕਿ ਇਮਿਊਨ ਸਿਸਟਮ ਦੀ ਕਮੀ ਜਾਂ ਮਾਨਸਿਕ ਬਿਮਾਰੀਆਂ। ਕੁਪੋਸ਼ਿਤ ਬੱਚਿਆਂ ਦੇ ਸਕੂਲ ਵਿੱਚ ਵਧੀਆ ਪ੍ਰਦਰਸ਼ਨ ਕਰਨ ਦੀ ਸੰਖਿਆਤਮਕ ਤੌਰ ’ਤੇ ਘੱਟ ਸੰਭਾਵਨਾ ਹੁੰਦੀ ਹੈ ਅਤੇ ਕਈਆਂ ਨੂੰ ਪੜਨ ਅਤੇ ਲਿਖਣ ਵਿੱਚ ਸਮੱਸਿਆਵਾਂ ਹੁੰਦੀਆਂ ਹਨ। ਅਜਿਹੇ ਕਿਸ਼ੋਰਾਂ ਵਿੱਚ ਛੱਡਣ ਦੀ ਦਰ ਵੀ ਕਾਫ਼ੀ ਜ਼ਿਆਦਾ ਹੈ।

ਬਹੁਤ ਸਾਰੇ ਨੌਜਵਾਨ ਅਮਰੀਕੀ ਮੋਟਾਪੇ ਤੋਂ ਪੀੜਤ ਹਨ। ਲਗਭਗ ਤਿੰਨ ਬੱਚਿਆਂ ਵਿੱਚੋਂ ਇੱਕ ਨੂੰ ਮੋਟਾ ਜਾਂ ਵੱਧ




ਭਾਰ ਮੰਨਿਆ ਜਾਂਦਾ ਹੈ। ਦੁਬਾਰਾ ਫਿਰ, ਘੱਟ ਗਿਣਤੀਆਂ ਦੂਜਿਆਂ ਨਾਲੋਂ ਜ਼ਿਆਦਾ ਪ੍ਰਭਾਵਿਤ ਹੁੰਦੀਆਂ ਹਨ। ਵਿਰੋਧਾਭਾਸੀ ਤੌਰ ’ਤੇ, ਲਗਭਗ 45% ਮੋਟੇ ਬੱਚੇ ਮੁਸ਼ਕਲ ਸਮਾਜਿਕ ਸਥਿਤੀਆਂ ਤੋਂ ਆਉਂਦੇ ਹਨ। ਮਿੱਠੇ ਪੀਣ ਵਾਲੇ ਪਦਾਰਥਾਂ ਦਾ ਜ਼ਿਆਦਾ ਸੇਵਨ ਅਤੇ ਗਤੀਵਿਧੀ ਦੀ ਕਮੀ ਬੱਚਿਆਂ ਦੇ ਵੱਧ ਭਾਰ ਹੋਣ ਦੇ ਮੁੱਖ ਕਾਰਨ ਹਨ। ਮੋਟਾਪਾ ਜੀਵਨ ਵਿੱਚ ਬਾਅਦ ਵਿੱਚ ਸਿਹਤ ਸਮੱਸਿਆਵਾਂ ਨਾਲ ਵੀ ਜੁੜਿਆ ਹੋਇਆ ਹੈ,

ਬਾਕੀ ਸਫ਼ਾ 30 ’ਤੇ

# ਸੋਸ਼ਲ ਮੀਡੀਆ ਖਤਮ ਕਰ ਦੇਵੇਗਾ ਬੱਚਿਆਂ ਦੀਆਂ ਸਭ ਖੇਡਾਂ

**ਪਰਮਜੀਤ ਸਿੰਘ**

ਕ੍ਰਿਕਟ ਪਿਛਲੇ ਦਹਾਕਿਆਂ ਤੋਂ ਸਾਡੇ ਦੇਸ਼ ਵਿਚ ਬਹੁਤ ਜ਼ਿਆਦਾ ਲੋਕਪ੍ਰਿਆ ਖੇਡ ਮੰਨੀ ਜਾਂਦੀ ਰਹੀ ਹੈ। ਇਸ ਦਾ ਨਸ਼ਾ ਲੋਕਾਂ ਦੇ ਸਿਰ ਚੜ ਬੋਲ ਰਿਹਾ ਹੈ। ਲੋਕ ਹੈਰਾਨ ਹੋਣਗੇ ਕਿ ਇਸ ਖੇਡ ਨੇ ਭਾਰਤ ਨੂੰ ਦੀਵਾਨਾ ਕੀਤਾ ਹੋਇਆ ਸੀ, ਅੱਜ ਉਹ ਵੀ ਆਪਣੀ ਲੋਕਪ੍ਰਿਅਤਾ ਦਿਨੋ-ਦਿਨ ਗੁਆਈ ਜਾ ਰਹੀ ਹੈ। ਕ੍ਰਿਕਟ ਨੂੰ ਸਾਡੇ ਦੇਸ਼ ਵਿਚ ਕਿਸੇ ਖੇਡ ਨੇ ਪਿੱਛੇ ਨਹੀਂ ਪਾਇਆ ਸਗੋਂ ਸੋਸ਼ਲ ਮੀਡੀਏ ਦੀ ਹਰਮਨ-ਪਿਆਰਤਾ ਨੇ, ਇਸ ਵਲੋਂ ਨੌਜਵਾਨ ਪੀੜੀ ਦਾ ਧਿਆਨ ਥੋੜਾ ਘੱਟ ਕੀਤਾ ਹੈ। ਜੇ ਇਸ ਖੇਡ ਦਾ ਇਹ ਹਾਲ ਹੈ ਤਾਂ ਬਾਕੀ ਖੇਡਾਂ ਜਿਵੇਂ ਹਾਕੀ, ਫੁੱਟਬਾਲ, ਵਾਲੀਬਾਲ, ਬਾਸਕਟਬਾਲ, ਅਥਲੈਟਿਕਸ ਆਦਿ ਦਾ ਕੀ ਹਾਲ ਹੋਵੇਗਾ।

ਨੌਜਵਾਨ ਪੀੜੀ ਲਈ ਫੇਸਬੁੱਕ, ਵਟਸਐਪ, ਇੰਸਟਾਗ੍ਰਾਮ, ਸਿਗਨਲ, ਟਵਿੱਟਰ, ਟਿਕਟੋਕ, ਸਨੈਪ ਚੈਟ ਆਦਿ ਹੀ ਹੁਣ ਅਸਲੀ ਮੈਦਾਨ ਬਣ ਕੇ ਰਹਿ ਗਏ ਹਨ, ਜਿਥੇ ਉਹ ਦੂਜਿਆਂ ਨੂੰ, ਸਾਥੀ ਮਿੱਤਰਾਂ ਨੂੰ ਪ੍ਰਭਾਵਿਤ ਕਰਨ ਤੇ ਲੱਗੇ ਹੋਏ ਹਨ। ਘੰਟਿਆਂਬੱਧੀ ਉਹ ਆਪਣਾ ਵਕਤ ਇਥੇ ਹੀ ਗਵਾਈ ਜਾ ਰਹੇ ਹਨ। ਯੂ-ਟਿਊਬ ਇਕ ਬਹੁਤ ਹੀ ਪ੍ਰਭਾਵਸ਼ਾਲੀ ਬਹੁਤ ਗਿਆਨ ਦੇਣ ਵਾਲਾ ਸਰੋਤ ਹੈ, ਪਰ ਇਸ ਦੀ ਵਰਤੋਂ ਵੀ ਨੌਜਵਾਨ ਪੀੜੀ, ਨਾਕਾਰਤਮਿਕ ਸੋਚ ਨੂੰ ਬੜਾਵਾ ਦੇਣ ਵਾਲੀਆਂ ਚੀਜ਼ਾਂ ਲਈ ਕਰ ਰਹੀ ਹੈ। ਜੇ ਬਹੁਤ ਡੂੰਘੀ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਯੂ-ਟਿਊਬ ਤੇ ਬਹੁਤ ਸਾਰੇ ਸਪੋਰਟਸ ਚੈਨਲ ਵੀ ਹਨ, ਜਿਥੋਂ ਸਾਡੇ ਨੌਜਵਾਨਾਂ ਖਿਡਾਰੀ ਖੇਡਾਂ ਦਾ ਅਭਿਆਸ ਸਿੱਖ ਸਕਦੇ ਹਨ। ਖੇਡਾਂ ਲਈ ਪ੍ਰੇਰਿਤ ਹੋ ਸਕਦੇ ਹਨ। ਪਰ ਸਾਡੀ ਨੌਜਵਾਨ ਪੀੜੀ ਇਸ ਸਭ ਕਾਸੇ ਤੋਂ ਮੁੱਖ ਮੋੜਦੀ ਨਜ਼ਰ ਆ ਰਹੀ ਹੈ।

ਕੋਈ ਜ਼ਮਾਨਾ ਸੀ ਕਿ ਸਕੂਲੀ ਬੱਚਿਆਂ ਨੂੰ ਸਵੇਰੇ-ਸ਼ਾਮ ਖੇਡ ਮੈਦਾਨ ’ਚ ਜਾਣ ਦਾ ਚਾਅ ਹੁੰਦਾ ਸੀ। ਪਰ ਹੁਣ ਬਸ ਉਨਾਂ ਦੇ ਦਿਲਾਂ ’ਚ ਜੇ ਕੋਈ ਚਾਅ ਰਹਿ ਗਿਆ ਹੈ ਤਾਂ ਉਹ ਬਸ ਫੇਸਬੁੱਕ, ਇੰਸਟਾਗ੍ਰਾਮ ’ਤੇ ਕੋਈ ਨਵੀਂ ਸਟੋਰੀ ਪਾਉਣ ਦਾ ਹੀ ਹੈ। ਵਟਸਐਪ ’ਤੇ ਸਹੇਲੀਆਂ-ਮਿੱਤਰਾਂ ਨਾਲ ਚੈਟ ਕਰਨ ਦੀ, ਖੁਸ਼ੀ ਉਨਾਂ ਨੂੰ ਖੇਡ ਮੈਦਾਨ ਤੋਂ ਕਿਤੇ ਵੱਧ ਮਿਲ ਰਹੀ ਹੈ। ਹੁਣ ਰਨ ਬਣਾਉਣ, ਗੋਲ ਕਰਨ ਨਾਲੋਂ ਆਪਣੀ ਪੋਸਟ ਤੇ ਕਿੰਨੇ ਲਾਈਕ ਮਿਲੇ ਹਨ, ਇਸ ਬਾਰੇ ਨੌਜਵਾਨਾਂ ਜ਼ਿਆਦਾ ਸੰਜੀਦਾ ਹਨ। ਖੇਡ ਮੈਦਾਨ ’ਚ ਜਾਣ ਵਾਲੇ ਸਮੇਂ ’ਚ, ਉਹ ਪਾਰਕਾਂ, ਮਾਲਾਂ ਵਿਚ ਜਾ ਕੇ ਦਿਲਕੁਸ਼ ਅੰਦਾਜ਼ ਵਿਚ ਤਸਵੀਰਾਂ ਖਿਚਵਾ ਰਹੇ ਹਨ। ਟਿਕਟੋਕ ਲਈ ਵੀਡੀਓ ਕਲਿੱਪ ਬਣਾ ਰਹੇ ਹਨ, ਕਿਸੇ ਖੇਡ ਨਾਲ ਪਿਆਰ ਪਾਉਣ ਦੀ ਬਜਾਏ ਹੁਣ ਨੌਜਵਾਨਾਂ ਨੂੰ ਫੇਸਬੁਕ ’ਤੇ ਨਵੀਆਂ ਦੋਸਤੀਆਂ ਦੀ ਤਲਾਸ਼ ਰਹਿੰਦੀ ਹੈ ਤੇ ਫਿਰ ਇਸ ਦੋਸਤੀ ਦੀ ਖੇਡ ’ਚ ਹੀ ਉਹ ਉਲਝ ਜਾਂਦੇ ਹਨ। ਨੌਜਵਾਨਾਂ ਵਿਚ ਰਾਜਨੀਤੀ ਵਿਚ ਦਿਲਚਸਪੀ ਦਾ ਵਧਣਾ ਵੀ ਉਨਾਂ ਨੂੰ ਖੇਡਾਂ ਪੱਖੋਂ ਰੁਝਾਨ ਨੂੰ ਘੱਟ ਕਰ ਰਿਹਾ ਹੈ। ਟੀ.ਵੀ. ਚੈਨਲ ਵੀ ਜਿਹੜੇ ਕ੍ਰਿਕਟ ਪਰੋਸਦੇ ਰਹੇ ਹਨ, ਹੁਣ ਅਜਿਹਾ ਕੁਝ ਪੇਸ਼ ਕਰ ਰਹੇ ਹਨ ਕਿ ਨੌਜਵਾਨ ਪੀੜੀ, ਬਿਨਾਂ ਗੱਲੋਂ ਹੀ ਰਾਜਨੀਤਕ ਮਸਲਿਆਂ ਵਿਚ ਉਲਝਦੀ ਜਾ ਰਹੀ ਹੈ। ਸੋਸ਼ਲ ਮੀਡੀਆ ਵੀ ਪ੍ਰਭਾਵਿਤ ਹੋ ਰਿਹਾ ਹੈ।

ਅਜਿਹਾ ਰੁਝਾਨ ਜੇਕਰ ਸੋਸ਼ਲ ਮੀਡੀਆ ’ਤੇ ਇੰਜ ਹੀ ਵਧਦਾ ਗਿਆ ਤਾਂ ਉਹ ਦਿਨ ਦੂਰ ਨਹੀਂ ਕਿ ਸਿਰਫ਼ ਏਅਰ ਕੰਡੀਸ਼ਨ ਬੰਦ ਕਮਰਿਆਂ ਵਿਚ ਸਾਡੀ ਨੌਜਵਾਨ ਪੀੜੀ ਸਿਰਫ਼ ਸੋਸ਼ਲ ਮੀਡੀਏ ਸਾਈਟਾਂ ਤੱਕ ਹੀ ਸੀਮਤ ਰਹਿ ਜਾਵੇਗੀ। ਸਿਹਤ ਦਾ ਖਿਆਲ ਕਿਸ ਨੂੰ ਹੈ, ਧਿਆਨ ਤਾਂ ਆਪਣੀ ਸਟੋਰੀ, ਆਪਣੇ ਸਟੇਟਸ, ਆਪਣੀ ਪੋਸਟ ਤੇ ਵੱਧ ਤੋਂ ਵੱਧ ਕੁਮੈਂਟਸ, ਲਾਈਕ ਲੈਣ ਦੀ ਹੈ। ਇਸ ਲਾਈਕ ਕੁਮੈਂਟ ਦੀ ਖੇਡ ਵਿਚ ਨੌਜਵਾਨਾਂ ਨੂੰ ਕਢਣ ਦੀ ਲੋੜ ਹੈ। ਵੇਲਾ ਹੈ ਕਿ ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ ’ਚ ਇਸ ਵਿਸ਼ੇ ’ਤੇ ਸੈਮੀਨਾਰ ਹੋਣ, ਲੈਕਚਰ ਹੋਣ ਅਤੇ ਅਧਿਆਪਕ ਵੀ ਬੱਚਿਆਂ ਦੀ ਰਹਿਨੁਮਾਈ ਕਰਨ, ਨੌਜਵਾਨਾਂ ਦੇ ਲੋੜ ਤੋਂ ਵੱਧ ਮੋਬਾਈਲ ਦੀ ਵਰਤੋਂ ’ਤੇ ਘਰਦਿਆਂ ਵਲੋਂ ਵੀ ਕੁਝ ਪਾਬੰਦੀ ਲਾਈ ਜਾਵੇ। ਸਾਰੀਆਂ ਸੋਸ਼ਲ ਮੀਡੀਆ ਸਾਈਟਸ ਦਾ ਆਪਣਾ-ਆਪਣਾ ਮਹੱਤਵ ਹੈ ਪਰ ਨੌਜਵਾਨ ਪੀੜੀ ਉਨਾਂ ਦੀ ਦੁਰਵਰਤੋਂ ਤੋਂ ਗੁਰੇਜ਼ ਕਰੇ। ਆਓ, ਇਕ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਇਸ ਪੀੜੀ ਨੂੰ ਖੇਡ ਦੇ ਮੈਦਾਨਾਂ ਵੱਲ ਤੋਰੀਏ।



# ਸ਼ਹੀਦ ਭਾਈ ਸੁੱਖਾ ਸਿੰਘ ਮਹਿਤਾਬ ਸਿੰਘ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਮੁਗਲਾਂ ਨੇ ਸਿੰਘਾਂ ਤੇ ਤਸ਼ੱਦਦ ਦੀ ਇਕ ਮੁਹਿਮ ਹੀ ਚਲਾ ਦਿੱਤੀ। ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਦੇ ਖੂਨੀ ਇਰਾਦੇ ਨੇ ਸਿੰਘਾਂ ਨੂੰ ਮੁਕਾਉਣ ਦਾ ਐਲਾਨ ਕਰ ਦਿੱਤਾ। ਸਿੰਘ ਇਸ ਜ਼ੁਲਮ ਦੀ ਹਨੇਰੀ ਤੋਂ ਬਚਣ ਲਈ ਲੱਖੀ ਜੰਗਲਾਂ, ਰਾਜਪੂਤਾਨੇ ਦੇ ਰੇਗਿਸਤਾਨ ਅਤੇ ਕਾਹਨੂੰਵਾਨ ਦੇ ਛੰਭ ਆਦਿ ਵਿਚ ਜਾ ਵਸੇ। ਹਕੂਮਤ ਨੇ ਹਰਿਮੰਦਰ ਸਾਹਿਬ ਜੀ ਦਾ ਕਬਜਾ ਮੰਡਿਆਲੀ ਦੇ ਚੌਧਰੀ 'ਮੱਸਾ ਰੰਘੜ' ਨੂੰ ਸੌਂਪ ਦਿੱਤਾ। ਹਕੂਮਤ ਦੀ ਸ਼ਹਿ ਤੇ ਉਸ ਭ੍ਰਿਸ਼ਟ ਨੇ ਗੁਰ ਮਰਯਾਦਾ ਨੂੰ ਪਰੇ ਕਰ ਆਪਣੀਆਂ ਹੀ ਭ੍ਰਿਸ਼ਟ ਮਨਮਾਨੀਆਂ ਸ਼ੁਰੂ ਕਰ ਦਿੱਤੀਆਂ। ਜਿਵੇਂ ਕਿ ਉਹ ਹਰਿਮੰਦਰ ਸਾਹਿਬ ਵਿਖੇ ਹੁੱਕਾ ਪੀਣਾ, ਵੇਸਵਾਵਾਂ ਦਾ ਨਾਚ ਕਰਾਉਂਦਾ ਅਤੇ ਸ਼ਰਾਬ ਦੀਆਂ ਮਜਲਸਾਂ ਸਜਾਉਂਦਾ।

ਉਸ ਦੇ ਅਜੇਹੇ ਦੁਰਾਚਾਰੀ ਕਾਰਨਾਮੇ ਵੇਖ ਕੇ ਸਿੰਘਾਂ ਵਿਚ ਗੁੱਸੇ ਦੀ ਲਹਿਰ ਦੌੜ ਪਈ। ਪਿੰਡ ਕੰਗ ਦੇ ਭਾਈ ਬਲਾਕਾ ਸਿੰਘ ਨੇ ਹਰਿਮੰਦਰ ਸਾਹਿਬ ਦੀ ਹੋ ਰਹੀ ਬੇਅਦਬੀ ਦੀ ਖਬਰ ਬੀਕਾਨੇਰ ਦੇ ਰੇਗਿਸਤਾਨ ਵਿਚ ਵਸੇ ਸਿੰਘਾਂ ਨੂੰ ਜਾ ਦਿੱਤੀ। ਇਹ ਸੁਣ ਕੇ ਸਿੰਘਾਂ ਦਾ ਖੂਨ ਖੋਲਣ ਲੱਗ ਪਿਆ ਕਿ ਸਿਰ ਵਾਰ ਕੇ ਵੀ ਧਰਮ ਦੀ ਰਾਖੀ ਕੀਤੀ ਜਾਵੇ। ਜਥੇਦਾਰ ਬੁੱਢਾ ਸਿੰਘ ਜੀ ਨੇ ਕਿਹਾ ਕਿ ਜਿਹੜਾ ਸਿੰਘ ਮੱਸੇ ਰੰਗੜ ਦਾ ਸਿਰ ਵੱਢ ਕੇ ਲਿਆਵੇਗਾ, ਉਹ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੇਗਾ। ਇਹ ਵੰਗਾਰ ਸੁਣ ਕੇ ਦੀਵਾਨ ਵਿਚ ਪਿੰਡ ਮਾੜੀ ਕੰਬੋਕੀ ਦੇ ਭਾਈ ਸੁੱਖਾ ਸਿੰਘ ਤੇ ਪਿੰਡ ਮੀਰਾ ਕੋਟ ਦੇ ਭਾਈ ਮਹਿਤਾਬ ਸਿੰਘ ਨੇ ਕਿਹਾ ਕਿ ਸਾਡੇ ਚੰਗੇ ਭਾਗ ਹੋਣਗੇ ਕਿ ਅਸੀਂ ਰੰਘੜ ਦਾ ਸਿਰ ਵੱਢ ਕੇ ਭੇਟ ਕਰੀਏ। ਭਾਵੇਂ ਸਾਨੂੰ ਸ਼ਹੀਦ ਹੀ ਕਿਉਂ ਨਾ ਹੋਣਾ ਪਵੇ।

ਫਤਿਹ ਦਾ ਅਰਦਾਸਾ ਸੋਧ ਦੇ ਦੋਵੇਂ ਸੂਰਬੀਰ ਚੌਧਰੀਆਂ ਦੇ ਭੇਸ ਬਣਾ ਕੇ ਘੋੜਿਆਂ ਤੇ ਸਵਾਰ ਹੋ ਕੇ ਦੁਸ਼ਟ 'ਮੱਸਾ ਰੰਘੜ' ਨੂੰ ਖਤਮ ਕਰਨ ਲਈ ਚਲ ਪਏ। ਰਸਤੇ ਵਿਚ ਉਨਾਂ ਇਕ ਖੂਹ ਤੇ ਟਿਕਾਣਾ ਕੀਤਾ। ਉਹ ਸਲਾਹ ਕਰਨ ਲੱਗੇ ਕਿ ਇਸ ਕਾਰਜ ਲਈ ਕਿਵੇਂ ਉਪਰਾਲਾ ਕੀਤਾ ਜਾਵੇ। ਉਨਾਂ ਨੂੰ ਤਰਕੀਬ ਸੁੱਝੀ ਕਿ ਉਨਾਂ ਨੇੜਲੇ ਘੁਮਿਆਰ ਦੇ ਆਵੇ ਤੋਂ ਘੜੇ ਖਰੀਦ ਕੇ ਠੀਕਰੀਆਂ ਬਣਾ ਲਈਆਂ। ਠੀਕਰੀਆਂ ਥੈਲੀਆਂ ਵਿਚ ਪਾ ਲਈਆਂ ਕਿ ਉਨਾਂ ਦੀ ਟੁਣਕਾਰ ਤੋਂ ਮੋਹਰਾਂ ਜਾਪਣਗੀਆਂ। ਰਾਤ ਅਰਾਮ ਕੀਤਾ, ਸਵੇਰ ਹੁੰਦਿਆਂ ਹੀ ਥੈਲੀਆਂ ਲੈ ਕੇ ਘੋੜਿਆਂ ਤੇ ਸਵਾਰ ਹੋ ਕੇ ਅੰਮ੍ਰਿਤਸਰ ਵੱਲ ਚੱਲ ਪਏ। ਅਗਸਤ 11, 1740 ਦਾ ਦਿਨ ਸੀ।

ਪਹਿਰਾਵੇ ਤੋਂ ਉਹ ਕਿਸੇ ਪਿੰਡ ਦੇ ਵੱਡੇ ਚੌਧਰੀ ਜਾਪਦੇ ਸਨ। ਦੁਪਹਿਰ ਦੇ ਵੇਲੇ ਮੁਗਲ ਫੌਜ ਦੇ ਆਰਾਮ ਦਾ ਵੇਲਾ ਸੀ। ਉਹ ਘੋੜਿਆਂ ਸਮੇਤ ਪ੍ਰਕਰਮਾ ਵਿਚ ਪਹੁੰਚ ਗਏ। ਪਹਿਰੇਦਾਰਾਂ ਨੇ ਸਮਝਿਆ ਕਿ ਇਹ ਕੋਈ ਚੌਧਰੀ ਹਨ ਜੋ ਮਾਮਲਾ ਤਾਰਨ ਆਏ ਹੋਣਗੇ। ਬਿਨਾ ਕਿਸੇ ਰੁਕਾਵਟ ਘੋੜਿਆਂ ਨੂੰ ਲਾਚੀ ਬੇਰ ਨਾਲ ਬੰਨਿਆ। ਹੱਥ ਵਿਚ ਕਿਰਪਾਨਾਂ ਤੇ ਮੋਢੇ ਤੇ ਥੈਲੀਆਂ ਲੈ ਕੇ ਹਰਿਮੰਦਰ ਸਾਹਿਬ ਵੱਲ ਵਧ ਪਏ। ਉਨਾਂ ਵੇਖਿਆ ਕਿ 'ਮੱਸਾ ਰੰਘੜ' ਪਲੰਘ ਤੇ ਬੈਠਾ ਹੁੱਕਾ ਪੀ ਰਿਹਾ ਸੀ। ਵੇਸਵਾ ਦਾ ਨਾਚ ਹੋ ਰਿਹਾ ਸੀ। ਸ਼ਰਾਬ ਦਾ ਦੌਰ ਚੱਲ ਰਿਹਾ ਸੀ। ਹਕੂਮਤ ਦੀ ਸ਼ਹਿ ਤੇ ਇਹ ਉਸ ਦਾ ਨਿੱਤ ਦਾ ਕੰਮ ਸੀ। ਦੋਵੇਂ ਸਿੰਘ ਮੱਸਾ ਰੰਘੜ ਨੂੰ ਜਾ ਮਿਲੇ। ਭਾਈ ਸੁੱਖਾ ਸਿੰਘ ਨੇ ਕਿਹਾ ਕਿ ਬੜੇ ਚਿਰ ਦਾ ਲੰਮਾ ਹਿਸਾਬ ਬਕਾਇਆ ਸੀ, ਚੁਕਾਉਣ ਆਏ ਹਾਂ। ਸਿੰਘਾਂ ਨੇ ਥੈਲੀਆਂ ਪਲੰਘ ਹੇਠ ਵਗਾਹ ਮਾਰੀਆਂ। 'ਮੱਸਾ ਰੰਘੜ' ਨੇ ਥੈਲੀਆਂ ਚੁੱਕਣ ਲਈ ਜਦੋਂ ਸਿਰ ਝੁਕਾਇਆ ਤਾਂ ਮਹਿਤਾਬ ਸਿੰਘ ਨੇ ਬੜੀ ਫੁਰਤੀ ਨਾਲ ਇਕ ਝਟਕੇ ਕਿਰਪਾਨ ਨਾਲ 'ਮੱਸਾ ਰੰਘੜ' ਦਾ ਸਿਰ ਵੱਢ ਲਿਆ। ਭੀੜ ਵਿਚ ਘਬਰਾਹਟ ਅਤੇ ਹਲਚਲ ਫੈਲ ਗਈ। ਇਸ ਤੋਂ ਪਹਿਲਾਂ ਕਿ ਕਿਸੇ ਨੂੰ ਸਮਝ ਆਉਂਦੀ ਉਨਾਂ ਸਿਰ ਸੰਭਾਲ ਲਿਆ ਸੀ। ਉਨਾਂ ਨੇ ਲਾਚੀ ਬੇਰ ਨਾਲ ਬੱਧੇ ਘੋੜਿਆਂ ਕੋਲ ਆ ਕੇ ਸਿਰ ਨੂੰ ਨੇਜੇ ਤੇ ਟੰਗ ਲਿਆ। ਬਿਜਲੀ ਵਾਂਗ ਦੌੜਦੇ ਘੋੜੇ ਪਰਕਰਮਾ ਤੋਂ ਬਾਹਰ ਆ ਗਏ। ਉਨਾਂ ਨੇ 'ਮੱਸਾ ਰੰਘੜ' ਦੇ ਝੂਠ ਦਾ ਠੀਕਰਾ ਭੰਨ ਦਿੱਤਾ।

ਸਿੱਖ ਇਤਿਹਾਸ

ਬੀਕਾਨੇਰ ਪਹੁੰਚ ਕੇ ਸਜੇ ਦੀਵਾਨ ਵਿਚ ਸੰਗਤਾਂ ਦੀ ਹਾਜ਼ਰੀ ਵਿਚ 'ਮੱਸਾ ਰੰਘੜ' ਦਾ ਸਿਰ ਜਥੇਦਾਰ ਨੂੰ ਭੇਟ ਕੀਤਾ। ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਜੋਸ਼ ਪ੍ਰਗਟ ਕੀਤਾ। ਮੁਗਲ ਸਰਕਾਰ ਦੀ ਇਹ ਵੱਡੀ ਹਾਰ ਸੀ। ਦੋਵੇਂ ਸਿੰਘਾਂ ਨੇ ਸਪੱਸ਼ਟ ਕਰ ਦਿੱਤਾ ਕਿ ਸਿੱਖਾਂ ਨੂੰ ਆਪਣੇ ਗੁਰਧਾਮ ਆਪਣੀ ਜਾਨ ਤੋਂ ਵੀ ਪਿਆਰੇ ਹਨ। ਉਹ ਮਰ ਕੇ ਵੀ ਜਿਉਂਦੇ ਹਨ ਜਿਹੜੇ ਧਰਮ ਲਈ ਮਿਟਦੇ ਹਨ। ਗੁਰੂ ਦੀ ਰਾਹ ਤੇ ਆਪਣਾ ਸੀਸ ਭੇਟ ਕਰਕੇ ਆਪਣਾ ਜਿਉਣ-ਮਰਨ ਸਫ਼ਲ ਕਰ ਜਾਂਦੇ ਹਨ।

ਦੋਵੇਂ ਸੂਰਬੀਰਾਂ ਦਾ ਸੰਖੇਪ ਜੀਵਨ :-

1. ਭਾਈ ਸੁੱਖਾ ਸਿੰਘ ਜੀ

ਭਾਈ ਸੁੱਖਾ ਸਿੰਘ ਜੀ ਦਾ ਜਨਮ ਪਿਤਾ ਲੱਧਾ ਅਤੇ ਬੀਬੀ ਹਰੋ ਦੇ ਘਰ ਪਿੰਡ ਮਾੜੀ ਕੰਬੋਕੀ ਵਿਖੇ ਹੋਇਆ। ਬਚਪਨ ਤੋਂ ਹੀ ਉਹ ਸਿੱਖੀ ਸੁਭਾਅ ਦੇ ਸਨ ਤੇ ਸਿੰਘ ਸਜ ਗਏ। ਸੰਗਤਾਂ ਦੀ ਸੇਵਾ ਖੁਸ਼ੀ ਖੁਸ਼ੀ ਕਰਦੇ। ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਅੱਗੇ ਹੋ ਕੇ ਕਰਨ ਵਿਚ ਤਤਪਰ ਰਹਿੰਦੇ ਸਨ। ਉਹ ਅਣਥੱਕ ਸੇਵਕ ਸਨ। ਬਾਗੀ ਸਿੰਘਾਂ ਦੀ ਮਦਦ ਕਰਨ ਦੇ ਸ਼ੱਕ ਵਿਚ ਹਾਕਮਾਂ ਨੇ ਉਨਾਂ ਨੂੰ ਗ੍ਰਿਫ਼ਤਾਰ ਕਰਨਾ ਚਾਹਿਆ। ਗ੍ਰਿਫ਼ਤਾਰ ਕਰਨ ਲਈ ਜਦ ਪਿੰਡ ਪਹੁੰਚੇ ਤਾਂ ਭਾਈ ਸਾਹਿਬ ਹੱਥ ਨਾ ਆਏ। ਇਸ ਛਾਪੇ ਤੋਂ ਪਰਿਵਾਰ ਵਾਲੇ ਡਰ ਗਏ ਕਿ ਇਸ ਦਾ ਸਿੱਖੀ ਪ੍ਰਵਾਰ ਲਈ ਹਮੇਸ਼ਾ ਖਤਰਾ ਹੈ। ਪਰਿਵਾਰ ਨੇ ਭਾਈ ਸਾਹਿਬ ਦੇ ਸੁੱਤੇ ਪਿਆਂ ਦੇ ਕੇਸ ਕਤਲ ਕਰ ਦਿੱਤੇ। ਭਾਈ ਸਾਹਿਬ ਨੇ ਗੁੱਸੇ ਵਿਚ ਆ ਕੇ ਖੂਹ ਵਿਚ ਛਾਲ ਮਾਰ ਦਿੱਤੀ। ਪਾਣੀ ਘੱਟ ਹੋਣ ਕਰਕੇ ਬਚ ਗਏ। ਇਕ ਸਿੰਘ ਨੇ ਵੰਗਾਰਿਆ ਕਿ ਜੇ ਮਰਨਾ ਹੀ ਹੈ ਤਾਂ ਕਿਸੇ ਦੁਸ਼ਮਣ ਦੇ ਸਿਰ ਚੜ ਕੇ ਮਰ।

ਇਸ ਵੰਗਾਰ ਦਾ ਭਾਈ ਸਾਹਿਬ ਦੇ ਦਿਲ ਤੇ ਡੂੰਘਾ ਅਸਰ ਹੋਇਆ। ਕੁਝ ਦਿਨਾਂ ਬਾਅਦ ਸਰਦਾਰ ਸ਼ਾਮ ਸਿੰਘ ਦੇ ਜਥੇ ਨਾਲ ਜਾ ਰਲੇ। ਦੁਬਾਰਾ ਅੰਮ੍ਰਿਤ ਛਕ ਕੇ ਫਿਰ ਤੋਂ ਸਿੰਘ ਸਜ ਗਏ। ਉਨਾਂ ਦੀ ਸ਼ਸਤਰ ਚਲਾਉਣ ਵਿਚ ਬੜੀ ਨਿਪੁੰਨਤਾ ਸੀ। ਦ੍ਰਿੜ ਇਰਾਦੇ ਵਾਲੇ ਬਹਾਦਰ ਇਕ ਪੱਕੇ ਨਿਸ਼ਾਨਚੀ ਸਨ। ਸੰਨ 1739 ਵਿਚ ਨਾਦਰਸ਼ਾਹ ਦਿੱਲੀ ਲੁੱਟ ਕੇ ਪਰਤ ਰਿਹਾ ਸੀ ਤਾਂ ਸਿੰਘਾਂ ਨੇ ਉਸ ਦੀ ਫੌਜ ਨੂੰ ਹੀ ਲੁੱਟ ਲਿਆ। ਇਸ ਤੇ ਲਾਹੌਰ ਦੇ ਸੂਬੇਦਾਰ ਜਕਰੀਆ ਖਾਨ ਨੇ ਸਿੱਖਾਂ ਤੇ ਬੜੀ ਸਖਤੀ ਵਧਾ ਦਿੱਤੀ। ਕੋਈ ਵੀ ਸਿੰਘ ਸਰੋਵਰ ਵਿਚ ਇਸ਼ਨਾਨ ਨਹੀਂ ਕਰ ਸਕਦਾ ਸੀ। ਹਰਿਮੰਦਰ ਸਾਹਿਬ ਦੇ ਹਕੂਮਤ ਦਾ ਕਬਜਾ ਹੋ ਗਿਆ। ਭਾਈ ਸੁੱਖਾ ਸਿੰਘ ਤੇ ਭਾਈ ਮਨੀ ਸਿੰਘ ਜੀ ਦਾ ਭਤੀਜਾ ਥਰਾਜ ਸਿੰਘ ਜੱਥਾ ਲੈ ਕੇ ਇਸ਼ਨਾਨ ਕਰ ਆਏ। ਕਾਜੀ ਅਤੇ ਉਸ ਦੇ ਪੁੱਤਰ ਨੇ ਪਿੱਛਾ ਕੀਤਾ ਜੋ ਸਿੰਘਾਂ ਹੱਥੋ ਮਾਰੇ ਗਏ। 1746 ਵਿਚ ਛੋਟੇ ਘੱਲੂਘਾਰੇ ਵੇਲੇ ਭਾਈ ਸੁੱਖਾ ਸਿੰਘ ਕਾਹਨੂੰਵਾਨ ਦੇ ਛੰਭ ਵਿਚ ਤਾਇਨਾਤ ਸਨ। ਇਕ ਦਿਨ ਭਾਈ ਸੁੱਖਾ ਸਿੰਘ ਨੂੰ ਸੁੱਝੀ ਕਿ ਦੀਵਾਨ ਲਖਪਤ ਤੇ ਹਮਲਾ ਕੀਤਾ ਜਾਵੇ। ਸਿੰਘਾਂ ਨੇ ਲਖਪਤ ਰਾਏ ਦੀ ਫੌਜ ਤੇ ਹੱਲਾ ਬੋਲ ਦਿੱਤਾ। ਉਨਾਂ ਨੇ ਲਖਪਤ ਰਾਏ ਤੇ ਸਿੱਧਾ ਹਮਲਾ ਕਰਨਾ ਚਾਹਿਆ। ਪਰ ਉਸ ਤੱਕ ਪਹੁੰਚ ਨਾ ਸਕੇ। ਇਸ ਖੂਨੀ ਲੜਾਈ ਵਿਚ ਮੁਗਲਾਂ ਦੇ ਨਾਮੀ ਜਰਨੈਲ ਮਾਰੇ ਗਏ। ਭਾਈ ਸੁੱਖਾ ਸਿੰਘ ਦੀ ਲੱਤ ਟੁੱਟ ਗਈ। ਘੱਲੂਘਾਰਾ ਖਤਮ ਹੋਣ ਤੇ ਜਥਾ ਜੈਤੋ ਪਹੁੰਚਿਆ ਤਾਂ ਲੱਤ ਬਣਵਾਈ। ਅਹਿਮਦ ਸ਼ਾਹ ਅਬਦਾਲੀ 1747 ਈ. ਵਿਚ ਕੁਝ ਫੌਜ ਲਾਹੌਰ ਛੱਡ ਗਿਆ। ਫੌਜ ਦੀ ਭਾਈ ਸੁੱਖਾ ਸਿੰਘ ਦੇ ਜਥੇ ਨਾਲ ਝੜਪ ਹੋ ਗਈ। ਭਾਈ ਸੁੱਖਾ ਸਿੰਘ ਇਕ ਇਕ ਦੀ ਲੜਾਈ ਵਿਚ ਨਿਤਰਿਆ। ਇਕ ਝੜਪ ਵਿਚ ਪਠਾਣ ਨੂੰ ਮਾਰ ਮੁਕਾਇਆ। ਸਿੰਘਾਂ ਨੇ ਉਨਾਂ ਨੂੰ ਜਥੇਦਾਰ ਸ਼ਾਮ ਦਾ ਘੋੜਾ ਤੋਹਫ਼ੇ ਵਿਚ ਭੇਟ ਕੀਤਾ।

1752 ਵਿਚ ਅਹਿਮਦ ਸ਼ਾਹ ਅਬਦਾਲੀ ਦੀ ਫੌਜ ਦੀ ਟੁਕੜੀ ਨਾਲ ਜੂਝਦਿਆਂ ਭਾਈ ਸੁੱਖਾ ਸਿੰਘ ਚੜਾਈ ਕਰ ਗਏ। ਮੱਸਾ ਰੰਗੜ ਦਾ ਸਿਰ ਵੱਢ ਕੇ ਲਿਆਉਣ ਨੇ ਉਸ ਨੂੰ ਅਮਰ ਕਰ ਦਿੱਤਾ। ਉਸ ਦੀ ਯਾਦ ਵਿਚ ਮਾੜੀ ਕੰਬੋਕੀ ਵਿਖੇ ਤਿੰਨ ਗੁਰਦੁਆਰੇ ਸਥਾਪਤ ਹਨ।

2. ਭਾਈ ਮਹਿਤਾਬ ਸਿੰਘ ਜੀ :-

ਭਾਈ ਮਹਿਤਾਬ ਸਿੰਘ ਜੀ ਅੰਮ੍ਰਿਤਸਰ ਤੋਂ 5 ਮੀਲ ਦੂਰੀ ਤੇ ਪਿੰਡ ਮੀਰਾਂਕੋਟ ਦੇ ਵਸਨੀਕ ਸਨ। ਉਹ ਬੜੇ ਬਹਾਦਰ ਅਤੇ ਦ੍ਰਿੜ ਇਰਾਦੇ ਵਾਲੇ ਸਿੰਘ ਸਨ। ਨਾਦਰ ਸ਼ਾਹ ਦੇ ਹੁਕਮ ਤੇ ਲਾਹੌਰ ਦੇ ਸੂਬੇਦਾਰ ਜਕਰੀਆ ਖਾਨ ਨੇ ਜਦ ਸਿੰਘਾਂ ਨੂੰ ਖਤਮ ਕਰਨ ਦੇ ਖੂਨੀ ਇਰਾਦੇ ਨਾਲ ਸਿੰਘਾਂ ਤੇ ਜ਼ੁਲਮ ਢਾਹੇ ਤਾਂ ਸਿੰਘ ਜੰਗਲਾਂ, ਬੇਲਿਆਂ, ਪਹਾੜਾਂ ਅਤੇ ਰੇਗਿਸਤਾਨ ਵਿਚ ਵਸਣ ਲੱਗੇ। ਭਾਈ ਮਹਿਤਾਬ ਸਿੰਘ ਬੀਕਾਨੇਰ ਦੇ ਰੇਗਿਸਤਾਨ ਵਿਚ ਚਲੇ ਗਏ। ਜਦੋਂ ਉਨਾਂ ਨੇ ਮੱਸਾ ਰੰਗੜ ਵਲੋਂ ਅੰਮ੍ਰਿਤਸਰ ਦੀ ਬੇਅਦਬੀ ਦੀ ਖਬਰ ਸੁਣੀ ਤਾਂ ਪਿੰਡ ਮਾੜੀ ਕੰਬੋਕੀ ਦੇ ਭਾਈ ਸੁੱਖਾ ਸਿੰਘ ਨਾਲ ਮੱਸਾ ਰੰਗੜ ਦਾ ਸਿਰ 11 ਅਗਸਤ, 1740 ਵਿਚ ਲਾਹਿਆ। ਜਿਸ ਨੇ ਦੋਹਾਂ ਸੂਰਬੀਰਾਂ ਨੂੰ ਅਮਰ ਕਰ ਦਿੱਤਾ। ਮੱਸਾ ਰੰਗੜ ਦੇ ਖਤਮ ਹੋਣ ਦੀ ਖ਼ਬਰ ਸੁਣ ਕੇ ਜ਼ਕਰੀਆ ਖਾਨ ਤੈਸ਼ ਵਿਚ ਆ ਗਿਆ। ਉਸ ਨੇ ਸਾਰੇ ਚੌਧਰੀਆਂ ਜਿਵੇਂ ਛੀਨੇ ਦਾ ਕਰਮਾ, ਤਲਵੰਡੀ ਦਾ ਰਾਮਾ ਰੰਧਾਵਾ, ਨੌਸ਼ਹਿਰੇ ਵਾਲੇ ਦਾ ਸਾਹਿਬ ਰਾਏ, ਜੰਡਿਆਲੇ ਦਾ ਹਰਿਭਗਤ, ਨਿਰੰਜਣੀਏ ਆਦਿ ਨੂੰ ਸਿੰਘਾਂ ਦਾ ਪਤਾ ਦੇਣ ਲਈ ਕਿਹਾ, ਗ੍ਰਿਫ਼ਤਾਰੀ ਦੇ ਹੁਕਮ ਜਾਰੀ ਹੋ ਗਏ ਸਨ। ਮੌਕੇ ਦਾ ਫਾਇਦਾ ਉਠਾਉਂਦਿਆਂ ਹਰਿਭਗਤ ਨਿਰੰਜਣੀਏ ਨੇ ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦੇ ਨਾਂ ਦੱਸ ਦਿੱਤੇ। ਨੂਰਦੀਨ ਫੌਜਦਾਰ ਨੇ ਪਿੰਡ ਮੀਰਾਂਕੋਟ ਨੂੰ ਘੇਰਾ ਪਾ ਲਿਆ। ਭਾਈ ਮਹਿਤਾਬ ਸਿੰਘ ਜੀ ਪਿੰਡ ਵਿਚੋਂ ਨਾ ਲੱਭੇ। ਪਰ ਉਨਾਂ ਦਾ ਪੁੱਤਰ ਰਾਏ ਸਿੰਘ ਪਿੰਡ ਵਿਚ ਸੀ। ਜਿਸ ਨੂੰ ਪੰਚ ਨੱਥੇ ਖਹਿਰੇ ਦੀ ਨਿਗਰਾਨੀ ਹੇਠ ਰੱਖਿਆ ਸੀ। ਨੱਥਾ ਸਿੰਘ ਪੰਚ ਆਪਣੇ ਕੁਝ ਸਾਥੀਆਂ ਨਾਲ ਘਰ ਦੇ ਪਿਛਲੇ ਰਸਤੇ ਤੋਂ ਲੜਕੇ ਨੂੰ ਲੈ ਕੇ ਪਿੰਡੋਂ ਨਿਕਲ ਗਿਆ। ਫੌਜਦਾਰ ਨੂਰਦੀਨ ਨੇ ਕੁਝ ਦੂਰ ਗਏ ਨੂੰ ਘੇਰ ਲਿਆ। ਪੰਚ ਨੱਥਾ ਸਿੰਘ ਅਤੇ ਉਸ ਦੇ ਸਾਥੀ ਮੁਕਾਬਲੇ ਵਿਚ ਮਾਰੇ ਗਏ। ਲੜਕੇ ਨੂੰ ਬੁਰੀ ਤਰਾਂ ਜ਼ਖਮੀ ਹੋਏ ਨੂੰ ਮਰਿਆ ਸਮਝ ਕੇ ਛੱਡ ਗਏ। ਬੱਚਾ ਇਕ ਇਸਤਰੀ ਦੀ ਨਜ਼ਰੀਂ ਪਿਆ, ਜਿਸ ਨੇ ਉਸ ਦੀ ਸੰਭਾਲ ਕਰਕੇ ਬਚਾ ਲਿਆ।

ਭਾਈ ਤਾਰੂ ਸਿੰਘ ਜੀ ਦੀ ਸਹੀਦੀ ਤੋਂ ਦੋ ਦਿਨ ਬਾਅਦ ਭਾਈ ਮਹਿਤਾਬ ਸਿੰਘ ਜੀ ਨੂੰ ਮੱਸੇ ਰੰਘੜ ਦੀ ਮੌਤ ਬਦਲੇ ਲਾਹੌਰ ਵਿੱਚ ਜੁਲਾਈ 1745 ਵਿੱਚ ਚਰਖੜੀ 'ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ।

# ਪਿੰਡ ਖੁੰਡੇ ਦਾ ਮਿਸਲ ਕਨੱਈਆ ਕਿਲਾ

ਇੰਦਰਜੀਤ ਸਿੰਘ ਹਰਪੁਰਾ

ਜ਼ਿਲਾ ਗੁਰਦਾਸਪੁਰ ਦੇ ਧਾਰੀਵਾਲ ਕੋਲ ਪਿੰਡ ਖੁੰਡਾ ਵਿੱਚ ਸਿੱਖ ਮਿਸਲਾਂ ਦੇ ਦੌਰ ਦਾ ਇੱਕ ਕਿਲਾ ਅਜੇ ਵੀ ਮੌਜੂਦ ਹੈ, ਜੋ ਆਪਣੀ ਖੂਬਸੂਰਤੀ ਨਾਲ ਸਭ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ। ਇਹ ਕਿਲਾ ਕਨੱਈਆ ਮਿਸਲ ਦੇ ਖੁੰਡੇ ਵਾਲੇ ਸਰਦਾਰਾਂ ਦਾ ਹੈ, ਜਿਸ ਵਿਚ ਅੱਜ ਵੀ ਉਨਾਂ ਸਰਦਾਰਾਂ ਦੇ ਪਰਿਵਾਰ ਆਬਾਦ ਹਨ। ਇਸ ਕਿਲੇ ਨੂੰ ਇਲਾਕੇ ਵਿੱਚ ਖੁੰਡੇ ਵਾਲੇ ਸਰਦਾਰਾਂ ਦੇ ਕਿਲੇ ਵਜੋਂ ਵੀ ਜਾਣਿਆਂ ਜਾਂਦਾ ਹੈ। ਸਿੱਖ ਇਤਿਹਾਸ ਨਾਲ ਸਬੰਧਤ ਇਸ ਬੇਸ਼ਕੀਮਤੀ ਨਿਸ਼ਾਨੀ ਨੂੰ ਜੇ ਇੰਨੇ ਪਿਆਰ ਤੇ ਖੂਬਸੂਰਤੀ ਨਾਲ ਸਾਂਭਿਆ ਹੈ ਤਾਂ ਉਸ ਵਿੱਚ ਸਭ ਤੋਂ ਵੱਡਾ ਯੋਗਦਾਨ ਖੁੰਡੇ ਵਾਲੇ ਸਰਦਾਰਾਂ ਦੇ ਵਾਰਸਾਂ ਐਡਵੋਕੇਟ ਬਲਜੀਤ ਪਾਲ ਸਿੰਘ ਰੰਧਾਵਾ ਅਤੇ ਕਰਨਲ ਪ੍ਰਜੀਤ ਪਾਲ ਸਿੰਘ ਰੰਧਾਵਾ ਦਾ ਹੈ।

ਖੁੰਡੇਵਾਲੇ ਸਰਦਾਰਾਂ ਦਾ ਸਬੰਧ ਕਨੱਈਆ ਮਿਸਲ ਨਾਲ ਰਿਹਾ ਹੈ। ਜਦੋਂ ਕਨੱਈਆ ਮਿਸਲ ਦਾ ਮਾਝੇ ਦੇ ਵੱਡੇ ਹਿੱਸੇ ਵਿੱਚ ਰਾਜ ਰਿਹਾ, ਉਸ ਸਮੇਂ ਖੁੰਡੇਵਾਲੇ ਸਰਦਾਰਾਂ ਵੱਲੋਂ ਬਟਾਲਾ ਸ਼ਹਿਰ ਵਿੱਚ ਅਤੇ ਆਪਣੇ ਪਿੰਡ ਖੁੰਡੇ ਵਿੱਚ ਦੋ ਕਿਲੇ ਬਣਾਏ ਗਏ ਸਨ।

ਖੁੰਡੇਵਾਲੇ ਰੰਧਾਵਾ ਗੋਤ ਦੇ ਸਰਦਾਰਾਂ ਦਾ ਸਬੰਧ ਬੀਕਾਨੇਰ ਦੇ ਰਾਜਪੂਤਾਂ ਨਾਲ ਜੁੜਦਾ ਹੈ। ਕਰੀਬ 700 ਸਾਲ ਪਹਿਲਾਂ ਰੰਧਾਵਾ ਗੋਤ ਦੇ ਇਨਾਂ ਰਾਜਪੂਤਾਂ ਨੇ ਬੀਕਾਨੇਰ ਤੋਂ ਪੰਜਾਬ ਵੱਲ ਹਿਜ਼ਰਤ ਕੀਤੀ ਅਤੇ ਮਾਝੇ ਦੇ ਪਿੰਡਾਂ ਧਰਮਕੋਟ, ਘਣੀਏ ਕੇ ਬਾਂਗਰ, ਚਮਿਆਰੀ, ਡੋਡਾ, ਦੋਰਾਂਗਲਾ, ਤਲਵੰਡੀ, ਕੱਥੂਨੰਗਲ ਅਤੇ ਖੁੰਡਾ ਵਿੱਚ ਆ ਕੇ ਵੱਸ ਗਏ। ਇਲਾਕੇ ਕਬਜ਼ੇ ਵਿੱਚ ਸਨ। ਪਰ ਜਦੋਂ ਕਨੱਈਆ ਮਿਸਲ ਦੀ ਕਮਾਨ ਸਰਦਾਰਨੀ ਸਦਾ ਕੌਰ ਹੱਥ ਆ ਗਈ ਤਾਂ





ਇਨਾਂ ਰੰਧਾਵਿਆਂ 'ਚੋਂ ਖੁੰਡੇਵਾਲੇ ਸਰਦਾਰਾਂ ਨੇ ਮਿਸਲਾਂ ਦੇ ਰਾਜ, ਸਰਕਾਰ-ਏ-ਖਾਲਸਾ ਅਤੇ ਬਾਅਦ ਵਿੱਚ ਅੰਗਰੇਜ਼ ਰਾਜ ਵਿੱਚ ਵੀ ਉੱਚੀਆਂ ਪਦਵੀਆਂ ਹਾਸਲ ਕੀਤੀਆਂ। ਧਾਰੀਵਾਲ ਲਾਗੇ ਪਿੰਡ ਖੁੰਡਾ ਵਿੱਚ ਰਹਿਣ ਕਰਕੇ ਇਸ ਪਿੰਡ ਦੇ ਰੰਧਾਵੇ ਸਰਦਾਰਾਂ ਦਾ ਨਾਮ ਖੁੰਡੇ ਵਾਲੇ ਸਰਦਾਰ ਪੈ ਗਿਆ, ਜੋ ਅੱਜ ਤੱਕ ਜਾਰੀ ਹੈ।

ਖੁੰਡੇਵਾਲੇ ਸਰਦਾਰ ਕਨੱਈਆ ਮਿਸਲ ਨਾਲ ਸਬੰਧਤ ਸਨ ਅਤੇ ਇਨਾਂ ਕੋਲ ਕਨੱਈਆ ਮਿਸਲ ਦੇ ਮੁਖੀ ਜੈ ਸਿੰਘ ਕਨੱਈਆ ਦੀ ਮੌਤ ਤੱਕ ਦੋ ਲੱਖ ਦੀ ਆਮਦਨ ਵਾਲੇ ਉਸ ਨੇ ਨੌਸ਼ਿਹਰਾ, ਹਿਯਾਤ ਨਗਰ ਅਤੇ ਕਲੇਰ ਪਿੰਡਾਂ ਦੇ ਇਲਾਕੇ ਖੁੰਡੇਵਾਲੇ ਸਰਦਾਰਾਂ ਕੋਲੋਂ ਵਾਪਸ ਲੈ ਲਏ। ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਖੁੰਡੇਵਾਲੇ ਸਰਦਾਰ ਪ੍ਰੇਮ ਸਿੰਘ ਦੀ ਸਾਰੀ ਜਗੀਰ ਵਾਪਸ ਲੈ ਲਈ ਅਤੇ ਉਸ ਕੋਲ ਕੇਵਲ 6000 ਆਮਦਨ ਵਾਲੇ 10 ਪਿੰਡ ਹੀ ਰਹਿਣ ਦਿੱਤੇ।

ਇਸ ਤੋਂ ਬਾਅਦ ਸਰਦਾਰ ਪ੍ਰੇਮ ਸਿੰਘ ਖੁੰਡੇਵਾਲਾ ਸ਼ੇਰ-ਏ-ਪੰਜਾਬ ਰਣਜੀਤ ਸਿੰਘ ਦੀ ਫ਼ੌਜ ਦੇ ਖਾਸ 10 ਸਵਾਰਾਂ ਵਿੱਚ ਸ਼ਾਮਲ ਹੋ ਗਿਆ। ਉਸ ਨੇ ਮਹਾਰਾਜੇ ਨਾਲ ਕਈ ਜੰਗੀ ਮੁਹਿੰਮਾਂ ਵਿੱਚ ਹਿੱਸਾ ਲਿਆ, ਜਿਨਾਂ ਵਿੱਚ ਮੁਲਤਾਨ ਅਤੇ ਪੇਸ਼ਾਵਰ ਦੀਆਂ ਜੰਗਾਂ ਪ੍ਰਮੁੱਖ ਸਨ। 2 ਨਵੰਬਰ 1824 ਨੂੰ ਜਦੋਂ ਖਾਲਸਾ ਫੌਜਾਂ ਸਿੰਧ ਦਰਿਆ ਪਾਰ ਕਰਨ ਲੱਗੀਆਂ ਤਾਂ ਪ੍ਰੇਮ ਸਿੰਘ ਖੁੰਡੇਵਾਲਾ ਨੇ ਆਖਿਆ ਕਿ ਉਹ ਸਭ ਤੋਂ ਪਹਿਲਾਂ ਦਰਿਆ ਵਿੱਚ ਵੜ ਕੇ ਇਸ ਦੇ ਵਹਾਅ ਤੇ ਡੂੰਘਿਆਈ ਦਾ ਪਤਾ ਲਗਾਵੇਗਾ। ਜਦੋਂ ਪ੍ਰੇਮ ਸਿੰਘ ਘੋੜੇ ਸਮੇਤ ਦਰਿਆ ਵਿੱਚ ਵੜਿਆ ਤਾਂ ਉਹ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ ਗਿਆ। ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਪ੍ਰੇਮ ਸਿੰਘ ਖੁੰਡੇਵਾਲਾ ਦੀ ਬਹਾਦਰੀ ਤੇ ਕੁਰਬਾਨੀ ਦਾ ਸਤਿਕਾਰ ਕਰਦਿਆਂ ਉਸ ਦੇ ਚਾਰ ਪੁੱਤਰਾਂ ਜਵਾਹਰ ਸਿੰਘ, ਹੀਰਾ ਸਿੰਘ, ਜੈਮਲ ਸਿੰਘ ਅਤੇ ਜਸਵੰਤ ਸਿੰਘ ਨੂੰ ਇਨਾਮ ਵਜੋਂ ਜਗੀਰ ਦਿੱਤੀ।

ਸੰਨ 1836 ਵਿੱਚ ਪ੍ਰੇਮ ਸਿੰਘ ਦਾ ਪੁੱਤਰ ਜੈਮਲ ਸਿੰਘ ਆਪਣੇ ਭਰਾ ਜਸਵੰਤ ਸਿੰਘ ਦੇ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਸ਼ਾਮਲ ਹੋ ਗਿਆ। ਮਹਾਰਾਜੇ ਨੇ ਜੈਮਲ ਸਿੰਘ ਨੂੰ ਲਹਿਣਾ ਸਿੰਘ ਮਜੀਠੀਆ ਦੇ ਅਧੀਨ ਰਾਮਗੜੀਆ ਬ੍ਰਿਗੇਡ ਦੀ ਕਮਾਂਡ ਦੇ ਦਿੱਤੀ। ਇਨਾਂ ਦੋਵਾਂ ਭਰਾਵਾਂ ਨੇ ਲਹਿਣਾ ਸਿੰਘ ਮਜੀਠੀਆ ਦੀ ਕਮਾਨ ਹੇਠ 1837 ਈਸਵੀ ਵਿੱਚ ਪੇਸ਼ਾਵਰ ਤੇ ਜਮਰੌਦ ਦੀਆਂ ਜੰਗਾਂ ਵਿੱਚ ਬੜੀ ਬਹਾਦਰੀ ਨਾਲ ਹਿੱਸਾ ਲਿਆ। ਜਸਵੰਤ ਸਿੰਘ ਨੇ ਲਹਿਣਾ ਸਿੰਘ ਮਜੀਠੀਆ ਦੇ ਅਧੀਨ ਪਹਾੜੀ ਖੇਤਰ ਮੰਡੀ ਵਿੱਚ ਵੀ ਆਪਣੀਆਂ ਫ਼ੌਜੀ ਸੇਵਾਵਾਂ ਨਿਭਾਈਆਂ। ਜਸਵੰਤ ਸਿੰਘ ਦੀ ਮੌਤ 1844 ਵਿੱਚ ਹੋ ਗਈ।

ਬਾਕੀ ਸਫ਼ਾ 30 'ਤੇ

# ਕਾਰ-ਸੇਵਾ ਦਾ ਇਤਿਹਾਸ, ਫਲਸਫਾ ਅਤੇ ਮਹੱਤਵ

### ਡਾਕਟਰ ਪਰਮਵੀਰ ਸਿੰਘ

ਘਕਾਰ ਅਤੇ ਸੇਵਾ ਦੇ ਦੋ ਸ਼ਬਦਾਂ ਦਾ ਇਹ ਸੁਮੇਲ ਹਰ ਇਕ ਸਿੱਖ ਦੇ ਮਨ ਵਿਚ ਸਰੀਰਕ ਸੇਵਾ ਦੀ ਭਾਵਨਾ ਪੈਦਾ ਕਰਨ ਦੀ ਰੁਚੀ ਪ੍ਰਗਟ ਕਰਦਾ ਹੈ। ਕਾਰ ਇਕ ਅਜਿਹੀ ਕਿਰਿਆ ਹੈ ਜਿਹੜੀ ਕਿ ਮਨੁੱਖ ਨੂੰ ਕਿਸੇ ਵੀ ਕਾਰਜ ਨੂੰ ਕਰਨ ਵੱਲ ਪ੍ਰੇਰਿਤ ਕਰਦੀ ਹੈ ਪਰ ਜਦੋਂ ਇਸ ਨਾਲ ਸੇਵਾ ਸ਼ਬਦ ਜੁੜ ਜਾਂਦਾ ਹੈ ਤਾਂ ਇਹ ਪਰਉਪਕਾਰ ਦੇ ਕਾਰਜਾਂ ਨੂੰ ਜਨਮ ਦਿੰਦੀ ਹੈ। ਸੇਵਾ ਦਾ ਕਾਰਜ ਉਸ ਸਮੇਂ ਪਰਉਪਕਾਰੀ ਹੋ ਜਾਂਦਾ ਹੈ ਜਦੋਂ ਇਹ ਮਨੁੱਖ ਨੂੰ ਉਸ ਦੇ ਅੰਤਿਮ ਉਦੇਸ਼ ਪਰਮਾਤਮਾ ਵੱਲ ਲੈ ਕੇ ਜਾਣ ਵਿਚ ਸਹਾਈ ਹੁੰਦਾ ਹੈ। ਇਸੇ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇਵ ਜੀ ਦਾ ਇਹ ਬਚਨ ਸੇਵਾ ਦੇ ਵਿਸ਼ੇਸ਼ ਅਰਥ ਪ੍ਰਦਾਨ ਕਰਦਾ ਹੈ-ਜੋ ਤੁਧ ਭਾਵੈ ਸਾਈ ਭਲੀ ਕਾਰ

ਗੁਰੂ ਨਾਨਕ ਦੇਵ ਜੀ ਦੀ ਇਕ ਹੋਰ ਪੰਕਤੀ ਦੁਨੀਆ ਵਿਚ ਕੀਤੀ ਗਈ ਨਿਸਵਾਰਥ ਸੇਵਾ ਨੂੰ ਪਰਮਾਤਮਾ ਦੀ ਦਰਗਾਹ ਵਿਚ ਸਚਿਆਰੇ ਹੋ ਕੇ ਜਾਣ ਦੀ ਪ੍ਰੇਰਨਾ ਪੈਦਾ ਕਰਦੀ ਹੈ:

ਵਿਚਿ ਦੁਨੀਆ ਸੇਵ ਕਮਾਈਐ<br>
ਤਾ ਦਰਗਹ ਬੈਸਣੁ ਪਾਈਐ<br>
ਕਹੁ ਨਾਨਕ ਬਾਹ ਲੁਡਾਈਐ (ਅੰਗ : 25)

ਸਰੀਰਕ ਸੇਵਾ ਵਿਚ ਇਹ ਸ਼ਬਦ ਇਮਾਰਤਾਂ ਅਤੇ ਸਰੋਵਰਾਂ ਦੀ ਸੇਵਾ ਨਾਲ ਰੂੜ ਹੋ ਗਿਆ ਹੈ। ਨਵੀਆਂ ਇਮਾਰਤਾਂ ਦੀ ਉਸਾਰੀ ਅਤੇ ਪੁਰਾਣੀਆਂ ਦੀ ਮੁਰੰਮਤ ਕਰਨ ਦੇ ਨਾਲ-ਨਾਲ ਸਰੋਵਰਾਂ ਦੀ ਤਹਿ 'ਤੇ ਜੰਮੀ ਹੋਈ ਗਾਰ ਜਾਂ ਗੰਦਗੀ ਨੂੰ ਕੱਢਣ ਲਈ ਜਿਹੜੀ ਸੇਵਾ ਕੀਤੀ ਜਾਂਦੀ ਹੈ, ਉਸੇ ਨੂੰ ਪ੍ਰਮੁੱਖ ਤੌਰ 'ਤੇ ਕਾਰ-ਸੇਵਾ ਦੇ ਸੰਦਰਭ ਵਿਚ ਰੱਖ ਕੇ ਦੇਖਿਆ ਜਾਂਦਾ ਹੈ।

ਗੁਰੂ ਸਾਹਿਬਾਨ ਨੇ ਗ਼ਰੀਬਾਂ ਅਤੇ ਲੋੜਵੰਦਾਂ ਦੀ ਸੇਵਾ ਲਈ ਸਿੱਖ ਨੂੰ ਜਿਹੜੀ ਗੁੜਤੀ ਪ੍ਰਦਾਨ ਕੀਤੀ ਸੀ ਉਸ ਵਿਚ ਸੰਗਤ ਅਤੇ ਲੰਗਰ ਦੀ ਸੇਵਾ ਦੇ ਨਾਲ-ਨਾਲ ਸ਼ਰਧਾਲੂਆਂ ਅਤੇ ਯਾਤਰੂਆਂ ਦੀ ਸੇਵਾ ਦੀ ਜਿਹੜੀ ਭਾਵਨਾ ਪੈਦਾ ਹੋਈ, ਉਸ ਵਿਚੋਂ ਗੁਰਦੁਆਰਾ ਸਾਹਿਬਾਨ ਦੀਆਂ ਇਮਾਰਤਾਂ, ਸਰੋਵਰਾਂ ਨੂੰ ਸਾਫ਼ ਅਤੇ ਪੱਕੇ ਕਰਨ, ਸਰੋਵਰਾਂ ਲਈ ਜਲ ਦਾ ਪ੍ਰਬੰਧ ਕਰਨ ਅਤੇ ਯਾਤਰੂਆਂ ਲਈ ਰਿਹਾਇਸ਼ ਦਾ ਪ੍ਰਬੰਧ ਕਰਨ ਦੀ ਸੇਵਾ ਨੇ ਜਨਮ ਲਿਆ ਅਤੇ ਸਮੇਂ-ਸਮੇਂ 'ਤੇ ਅਜਿਹੀਆਂ ਸੰਸਥਾਵਾਂ, ਸੰਪਰਦਾਵਾਂ, ਜਥੇਬੰਦੀਆਂ ਅਤੇ ਸਮੂਹ ਹੋਂਦ ਵਿਚ ਆ ਗਏ ਜਿਨਾਂ ਨੇ ਆਪਣਾ ਸਮੁੱਚਾ ਜੀਵਨ ਇਸੇ ਕਾਰਜ ਨੂੰ ਸਮਰਪਿਤ ਕਰ ਦਿੱਤਾ ਹੈ।

ਕਾਰ-ਸੇਵਾ ਦਾ ਮੂਲ ਸੰਦਰਭ ਗੁਰੂ ਸਾਹਿਬਾਨ ਤੋਂ ਦੇਖਿਆ ਜਾਂਦਾ ਹੈ। ਕਰਤਾਰਪੁਰ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲੀ ਧਰਮਸ਼ਾਲਾ ਆਪ ਸਥਾਪਤ ਕੀਤੀ ਸੀ, ਜਿਥੇ ਉਹ ਲਗਭਗ 18 ਸਾਲ ਨਿਵਾਸ ਕਰਦੇ ਰਹੇ। ਇਸ ਅਸਥਾਨ 'ਤੇ ਗੁਰੂ ਜੀ ਨੇ ਜਿਹੜੇ ਆਦਰਸ਼ ਅਤੇ ਮਰਯਾਦਾ ਸਥਾਪਤ ਕੀਤੀ ਸੀ ਉਹੀ ਸਿੱਖ ਧਰਮ ਦਾ ਮੁਢਲਾ ਰੂਪ ਮੰਨੀ ਜਾਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉੱਤਰਾਧਿਕਾਰੀਆਂ ਨੇ ਇਨਾਂ ਦੁਆਰਾ ਸਥਾਪਤ ਕੀਤੀ ਜੀਵਨ-ਜਾਚ ਨੂੰ ਅੱਗੇ ਵਧਾਉਣ ਅਤੇ ਹੋਰ ਸੁਚਾਰੂ ਰੂਪ ਵਿਚ ਚਲਾਉਣ ਦਾ ਕਾਰਜ ਕੀਤਾ ਸੀ। ਕਰਤਾਰਪੁਰ ਵਿਖੇ ਇਕ ਸਾਖੀ ਬਹੁਤ ਪ੍ਰਸਿੱਧ ਹੈ ਕਿ ਗੁਰੂ ਨਾਨਕ ਦੇਵ ਜੀ ਖੇਤਾਂ ਵਿਚ ਹਲ ਚਲਾਉਂਦੇ ਸਨ ਅਤੇ ਇਨਾਂ ਦੇ ਜਿਹੜੇ ਸ਼ਰਧਾਲੂ ਕਰਤਾਰਪੁਰ ਵਿਖੇ ਮੌਜੂਦ ਸਨ, ਸਾਰੇ ਹੀ ਕਿਸੇ ਨਾ ਕਿਸੇ ਰੂਪ ਵਿਚ ਖੇਤਾਂ ਵਿਚ ਕੰਮ ਕਰਦੇ ਸਨ। ਗੁਰੂ ਜੀ ਨੇ ਜਿਹੜੇ ਪਸ਼ੂ ਰੱਖੇ ਹੋਏ ਸਨ, ਉਨਾਂ ਦਾ ਚਾਰਾ ਬੀਜਦੇ ਜਾਂ ਘਾਹ ਵੱਢ ਕੇ ਘਰ ਲੈ ਆਉਂਦੇ ਸਨ। ਇਸ ਦ੍ਰਿਸ਼ਟੀ ਤੋਂ ਇਕ ਦਿਨ ਭਾਈ ਲਹਿਣਾ ਜੀ ਨੇ ਚਾਰੇ ਦੀ ਪੰਡ ਸਿਰ 'ਤੇ ਚੁੱਕੀ ਤਾਂ ਉਸ ਦੇ ਕੱਪੜੇ ਚਿੱਕੜ ਨਾਲ ਖ਼ਰਾਬ ਹੋ ਗਏ ਸਨ। ਜਦੋਂ ਘਰ ਪਹੁੰਚੇ ਤਾਂ ਮਾਤਾ ਸੁਲੱਖਣੀ ਨੇ ਗੁਰੂ ਜੀ ਨੂੰ ਕਿਹਾ ਕਿ ਦੇਖੋ ਲਹਿਣਾ ਜੀ ਦੇ ਨਵੇਂ ਕੱਪੜੇ ਖ਼ਰਾਬ ਹੋ ਗਏ ਹਨ। ਗੁਰੂ ਜੀ ਨੇ ਮੁਸਕਰਾ ਕੇ ਕਿਹਾ ਕਿ ਇਹ ਚਿੱਕੜ ਨਹੀਂ ਕੇਸਰ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰੀਰਕ ਸੇਵਾ ਨੂੰ ਜਿਹੜਾ ਗੌਰਵ ਪ੍ਰਦਾਨ ਕੀਤਾ ਹੈ, ਉਸ ਦੀ ਭਾਵਨਾ ਸਿੱਖਾਂ ਦੇ ਮਨ ਵਿਚ ਦਿਨੋ-ਦਿਨ ਮਜ਼ਬੂਤ ਹੁੰਦੀ ਗਈ ਅਤੇ ਜਦੋਂ ਗੁਰੂ ਰਾਮਦਾਸ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਸੇਵਾ ਕਰਵਾਈ ਤਾਂ ਵੱਡੀ ਗਿਣਤੀ ਵਿਚ ਸਿੱਖ ਉਥੇ ਹੱਥੀਂ ਕੰਮ ਕਰਨ ਲੱਗੇ ਸਨ। ਗੁਰੂ ਅਰਜਨ ਦੇਵ ਜੀ ਨੇ ਇਸ ਅਸਥਾਨ ਨੂੰ ਨਵੇਂ ਨਗਰ ਦੇ ਰੂਪ ਵਿਚ ਵਿਕਸਿਤ ਕਰਨ ਲਈ ਇੱਥੇ ਵੱਖ-ਵੱਖ ਕਿੱਤਿਆਂ ਨਾਲ ਸੰਬੰਧਿਤ ਕਾਰੀਗਰਾਂ ਨੂੰ ਵਸਾਉਣ ਦਾ ਕਾਰਜ ਕੀਤਾ ਸੀ। ਇਸੇ ਤਰਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਰਤਪੁਰ ਸਾਹਿਬ, ਗੁਰੂ ਤੇਗ਼ ਬਹਾਦਰ ਜੀ ਨੇ ਚੱਕ ਨਾਨਕੀ (ਮੌਜੂਦਾ ਅਨੰਦਪੁਰ ਸਾਹਿਬ) ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਆਦਿ ਨਗਰਾਂ ਦੀ ਸਥਾਪਨਾ ਕੀਤੀ ਤਾਂ ਗੁਰੂ ਦੀ ਬਖ਼ਸ਼ਿਸ਼ ਹਾਸਲ ਕਰਨ ਲਈ ਸਿੱਖ ਇਨਾਂ ਨਗਰਾਂ ਵਿਚ ਆ ਕੇ ਨਿਸਵਾਰਥ ਹੱਥੀਂ ਸੇਵਾ ਕਰਦੇ ਸਨ।

ਗੁਰੂ ਸਾਹਿਬਾਨ ਤੋਂ ਬਾਅਦ 18ਵੀਂ ਸਦੀ ਸਿੱਖਾਂ ਲਈ ਸੰਕਟ ਦਾ ਸਮਾਂ ਸੀ ਅਤੇ ਇਹ ਆਪਣੇ ਜਾਨ-ਮਾਲ ਨੂੰ ਲੈ ਕੇ ਸੁਰੱਖਿਅਤ ਥਾਵਾਂ 'ਤੇ ਚਲੇ ਗਏ ਸਨ। ਇਨਾਂ ਨੇ ਆਪਣੇ ਉਦੇਸ਼ ਅਧੀਨ ਹਮਲਾਵਰਾਂ ਦਾ ਬਹੁਤ ਹੀ ਦਲੇਰੀ ਨਾਲ ਟਾਕਰਾ ਕੀਤਾ ਸੀ। ਵੱਡਾ ਘੱਲੂਘਾਰਾ ਅਤੇ ਛੋਟਾ ਘੱਲੂਘਾਰਾ ਦੋ ਅਜਿਹੀਆਂ ਘਟਨਾਵਾਂ ਹਨ ਜਿਹੜੀਆਂ ਸਿੱਖਾਂ 'ਤੇ ਹੋਏ ਜ਼ੁਲਮਾਂ ਦਾ ਆਪਣੇ-ਆਪ ਵਿਖਿਆਨ ਕਰ ਦਿੰਦੀਆਂ ਹਨ। ਇਸ ਤੋਂ ਇਲਾਵਾ ਲਾਹੌਰ ਦੀ ਜੇਲ ਅਤੇ ਚੌਕ ਨਖ਼ਾਸ ਸਿੱਖਾਂ ਦੀ ਕਤਲਗਾਹ ਬਣ ਚੁੱਕੇ ਸਨ। ਏਨੇ ਜ਼ੁਲਮਾਂ ਤੋਂ ਬਾਅਦ ਵੀ ਸਿੱਖਾਂ ਨੇ ਹਾਰ ਨਹੀਂ ਸੀ ਮੰਨੀ ਅਤੇ ਉਹ ਨਿਰੰਤਰ ਆਪਣੇ ਸੰਘਰਸ਼ ਵਿਚ ਜੁਟੇ ਰਹੇ ਸਨ। ਹਮਲਾਵਰਾਂ ਨੂੰ ਇਹ ਪਤਾ ਲੱਗਿਆ ਕਿ ਇਨਾਂ ਦੀ ਸ਼ਕਤੀ ਦਾ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਹੈ ਤਾਂ ਉਨਾਂ ਨੇ ਇਸ ਨੂੰ ਵੀ ਬਾਰੂਦ ਨਾਲ ਉਡਾ ਦਿੱਤਾ ਸੀ।

ਇਸ ਸਮੇਂ ਇਕ ਪਾਸੇ ਤੈਮੂਰ ਸ਼ਾਹ, ਜਹਾਨ ਖ਼ਾਨ, ਯਾਹੀਆ ਖ਼ਾਨ ਅਤੇ ਅਹਿਮਦਸ਼ਾਹ ਅਬਦਾਲੀ ਜਿਹੇ ਜਰਨੈਲ ਸਨ ਜਿਨਾਂ ਦਾ ਪੂਰਾ ਜ਼ੋਰ ਸਿੱਖ ਸ਼ਕਤੀ ਦਾ ਦਮਨ ਕਰਨ ਅਤੇ ਇਨਾਂ ਦੇ ਧਰਮ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਨੂੰ ਤਬਾਹ ਕਰਨ ਵਿਚ ਲੱਗਿਆ ਹੋਇਆ ਸੀ। ਦੂਜੇ ਪਾਸੇ ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜੀਆ ਵਰਗੇ ਸਿੱਖ ਸਰਦਾਰ ਸਨ ਜਿਨਾਂ ਦੀ ਗੁਰੂ-ਘਰ ਪ੍ਰਤੀ ਸ਼ਰਧਾ, ਸੇਵਾ ਅਤੇ ਸਮਰਪਣ ਬਿਆਨ ਤੋਂ ਬਾਹਰ ਹੈ। ਇਨਾਂ ਦੀ ਅਗਵਾਈ ਅਧੀਨ ਸਿੱਖ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਹੋਏ ਆਪਣੇ ਪਵਿੱਤਰ ਅਸਥਾਨਾਂ ਨੂੰ ਬਚਾਉਣ ਲਈ ਸ਼ਹੀਦੀਆਂ ਪ੍ਰਾਪਤ ਕਰ ਰਹੇ ਸਨ। ਇਨਾਂ ਸਰਦਾਰਾਂ ਦੀ ਸਰਪ੍ਰਸਤੀ ਅਧੀਨ ਭਾਈ ਦੇਸ ਰਾਜ ਜਿਹੇ ਸਹਿਜਧਾਰੀ ਸ਼ਰਧਾਲੂ ਸਿੱਖ ਦਾ ਪੂਰਾ ਜ਼ੋਰ ਸ੍ਰੀ ਹਰਿਮੰਦਰ ਸਾਹਿਬ ਦੀ ਪੁਨਰ-ਉਸਾਰੀ ਅਤੇ ਸੇਵਾ-ਸੰਭਾਲ ਵਿਚ ਲੱਗਿਆ ਹੋਇਆ ਸੀ।

ਸਿੱਖਾਂ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰ ਕਰਨਾ ਬਹੁਤ ਮਹੱਤਵ ਰੱਖਦਾ ਹੈ। ਇਸ ਲਈ ਜਦੋਂ ਵੀ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਹੁੰਦਾ ਹੈ ਤਾਂ ਸਿੱਖਾਂ ਨੂੰ ਇਹ ਜਾਪਦਾ ਹੈ ਕਿ ਇਹ ਉਨਾਂ ਦੀ ਆਤਮਾ 'ਤੇ ਹਮਲਾ ਹੈ। ਇਸ ਲਈ ਸਿੱਖਾਂ ਨੇ ਇਕ ਪਾਸੇ ਸ੍ਰੀ ਹਰਿਮੰਦਰ ਸਾਹਿਬ ਦੇ ਹਮਲਾਵਰਾਂ ਨੂੰ ਦੰਡ ਦੇਣ ਅਤੇ ਦੂਜੇ ਪਾਸੇ ਜਿੰਨੀ ਛੇਤੀ ਹੋ ਸਕਿਆ ਇਸ ਦੀ ਕਾਰ-ਸੇਵਾ ਕਰਵਾਉਣ ਨੂੰ ਤਰਜੀਹ ਦਿੱਤੀ ਹੈ।

1776 ਵਿਚ ਭਾਈ ਦੇਸ ਰਾਜ ਦੀ ਅਗਵਾਈ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਕਾਰ-ਸੇਵਾ ਸੰਪੂਰਨ ਹੋਈ ਸੀ ਅਤੇ ਇਨਾਂ ਤੋਂ ਬਾਅਦ 1842 ਵਿਚ ਭਾਈ ਗੁਰਮੁਖ ਸਿੰਘ ਨੇ ਇਸ ਅਸਥਾਨ ਦੀ ਸੇਵਾ ਕਰਵਾਈ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੀ ਸੋਨੇ ਦੀ ਸੇਵਾ ਕਰਾਉਣਾ ਇਤਿਹਾਸ ਦਾ ਹਿੱਸਾ ਹੈ। ਮਹਾਰਾਜੇ ਨੇ ਗਿਆਨੀ ਸੰਤ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਲਈ ਨਿਯੁਕਤ ਕੀਤਾ ਹੋਇਆ ਸੀ। ਇਸੇ ਸਮੇਂ ਦੌਰਾਨ ਮਹੰਤ ਸੰਤੋਖ ਦਾਸ, ਮਹੰਤ ਪ੍ਰੀਤਮ ਦਾਸ ਅਤੇ ਸੰਤ ਗੁਰਮੁਖ ਸਿੰਘ ਹੋਏ ਜਿਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਨੂੰ ਨਹਿਰ ਦੇ ਪਾਣੀ ਨਾਲ ਜੋੜਿਆ ਸੀ 1920 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਤਾਂ 1923 ਵਿਚ ਇਸ ਦੀ ਅਗਵਾਈ ਅਧੀਨ ਸਰੋਵਰ ਦੀ ਕਾਰ-ਸੇਵਾ ਕਰਵਾਈ ਗਈ ਸੀ। 1973 ਵਿਚ ਬਾਬਾ ਜੀਵਨ ਸਿੰਘ ਸਮੇਤ ਪੰਜ ਗੁਰਸਿੱਖਾਂ ਦੀ ਅਗਵਾਈ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਦੀ ਕਾਰ-ਸੇਵਾ ਆਰੰਭ ਹੋਈ ਸੀ। ਕਾਰ-ਸੇਵਾ ਦਾ ਆਰੰਭ ਪੰਜ ਪਿਆਰਿਆਂ ਦੀ ਅਗਵਾਈ ਵਿਚ ਅਰਦਾਸ ਉਪਰੰਤ ਆਰੰਭ ਹੁੰਦਾ ਹੈ ਅਤੇ ਇਸ ਵਿਚ ਕਿਸੇ ਵੀ ਧਰਮ, ਜਾਤ, ਨਸਲ, ਭੂਗੋਲਿਕ ਖਿੱਤੇ ਨਾਲ ਸੰਬੰਧਿਤ ਵਿਅਕਤੀ ਹਿੱਸਾ ਲੈ ਸਕਦਾ ਹੈ। ਭਾਈਚਾਰਕ ਸਾਂਝ ਦੀ ਇਕ ਵੱਡੀ ਮਿਸਾਲ ਕਾਰ-ਸੇਵਾ ਰਾਹੀਂ ਦੇਖੀ ਜਾ ਸਕਦੀ ਹੈ ਜਦੋਂ ਇਸ ਵਿਚ ਹਿੱਸਾ ਲੈਣ ਵਾਲਾ ਆਪਣੀ ਭੁੱਖ, ਪਿਆਸ, ਕੱਪੜਿਆਂ ਅਤੇ ਸਰੀਰ ਦੀ ਸਫ਼ਾਈ ਵੱਲ ਧਿਆਨ ਦਿੱਤੇ ਬਗ਼ੈਰ ਇਸ ਨੂੰ ਗੁਰੂ ਦਾ ਕਾਰਜ ਸਮਝ ਕੇ ਕਰਦਾ ਹੈ। ਇਸ ਕਾਰਜ ਵਿਚ ਸੇਵਾ, ਸ਼ਰਧਾ, ਸਮਰਪਣ, ਨਿਮਰਤਾ, ਪ੍ਰੇਮ, ਇਕਜੁਟਤਾ ਅਤੇ ਸਾਂਝਾ ਕਾਰਜ ਕਰਨ ਦੀ ਭਾਵਨਾ ਦੇ ਦਰਸ਼ਨ ਹੁੰਦੇ ਹਨ। ਸ਼ਰਧਾਲੂ ਦਾ ਉਦੇਸ਼ ਸੇਵਾ ਕਰਦੇ ਹੋਏ ਗੁਰੂ ਦੀ ਖ਼ੁਸ਼ੀ ਪ੍ਰਾਪਤ ਕਰਨਾ ਹੁੰਦਾ ਹੈ।

1984 ਵਿਚ ਭਾਰਤ ਸਰਕਾਰ ਦੁਆਰਾ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਦੀਆਂ ਇਮਾਰਤਾਂ ਨੂੰ ਭਾਰੀ ਨੁਕਸਾਨ ਪੁੱਜਾ ਸੀ। ਸਮੁੱਚੇ ਸਿੱਖ ਪੰਥ ਦੀ ਦ੍ਰਿਸ਼ਟੀ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੋਏ ਨੁਕਸਾਨ 'ਤੇ ਲੱਗੀ ਹੋਈ ਸੀ।ਕੁਝ ਅਜਿਹੀਆਂ ਵਿਚਾਰਾਂ ਸਾਹਮਣੇ ਆਉਣ ਲੱਗੀਆਂ ਸਨ ਕਿ ਭਾਰਤ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜੋ ਕੁਝ ਕੀਤਾ ਹੈ, ਉਸ ਨੂੰ ਉਸੇ ਰੂਪ ਵਿਚ ਸੰਭਾਲ ਲਿਆ ਜਾਵੇ ਤਾਂ ਕਿ ਅਗਲੀ ਪੀੜੀ ਭਾਰਤ ਸਰਕਾਰ ਦੁਆਰਾ ਕੀਤੇ ਕਾਰੇ ਬਾਰੇ ਪ੍ਰਤੱਖ ਜਾਣਕਾਰੀ ਪ੍ਰਾਪਤ ਕਰ ਸਕੇ ।ਸਰਕਾਰ ਨੇ ਛੇਤੀ ਨਾਲ ਬੁੱਢਾ ਦਲ ਦੇ ਨਿਹੰਗ ਸਿੰਘਾਂ ਦੇ ਮੁਖੀ ਨੂੰ ਵਿਚ ਪਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੁਰੰਮਤ ਕਰਵਾ ਦਿੱਤੀ ਸੀ, ਜਿਸ ਨੂੰ ਸਿੱਖ ਸੰਗਤ ਨੇ ਪ੍ਰਵਾਨ ਨਹੀਂ ਸੀ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦੁਬਾਰਾ ਢਾਹ ਕੇ ਇਸ ਦੀ ਕਾਰ-ਸੇਵਾ ਕੀਤੀ ਗਈ । ਇਸੇ ਤਰਾਂ ਦਮਦਮੀ ਟਕਸਾਲ ਨੇ ਕਾਰ-ਸੇਵਾ ਰਾਹੀਂ 1984 ਦੇ ਸ਼ਹੀਦਾਂ ਦੀ ਯਾਦਗਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੇੜੇ ਹੀ ਉਸਾਰ ਦਿੱਤੀ ਹੈ ।

ਕਾਰ-ਸੇਵਾ ਦਾ ਇਹ ਕਾਰਜ ਕੇਵਲ ਕਿਸੇ ਵਿਸ਼ੇਸ਼ ਗੁਰਧਾਮ ਤੱਕ ਹੀ ਸੀਮਤ ਨਹੀਂ ਹੈ, ਬਲਕਿ ਪੁਰਾਤਨ ਇਮਾਰਤਾਂ ਦੀ ਸੰਭਾਲ, ਨਵੀਆਂ ਇਮਾਰਤਾਂ ਦੀ ਉਸਾਰੀ ਅਤੇ ਗੁਰੂ-ਘਰ ਆਉਣ ਵਾਲੀ ਸੰਗਤ ਲਈ ਸਹੂਲਤ ਪੈਦਾ ਕਰਨ ਹਿਤ ਕਾਰ-ਸੇਵਾ ਕੀਤੀ ਜਾਂਦੀ ਹੈ । ਪਿਛਲੇ ਕੁਝ ਸਮੇਂ ਤੋਂ ਕਾਰ-ਸੇਵਾ ਸੰਬੰਧੀ ਗੰਭੀਰ ਪ੍ਰਸ਼ਨ ਉੱਠਣੇ ਆਰੰਭ ਹੋਏ ਹਨ। ਕਾਰ-ਸੇਵਾ ਦੇ ਨਾਂ 'ਤੇ ਸਿੱਖ ਵਿਰਾਸਤ ਦਾ ਜਿਸ ਤਰਾਂ ਘਾਣ ਸਾਹਮਣੇ ਆਇਆ ਹੈ, ਉਹ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ । ਜਿਹੜੀਆਂ ਇਮਾਰਤਾਂ ਦਾ ਜ਼ਿਕਰ ਸਿੱਖ ਧਰਮ ਦੇ ਗ੍ਰੰਥਾਂ ਵਿਚ ਪੜਨ ਨੂੰ ਮਿਲਦਾ ਹੈ, ਸੰਬੰਧਿਤ ਅਸਥਾਨਾਂ 'ਤੇ ਉਨਾਂ ਦੀਆਂ ਪੁਰਾਤਨ ਨਿਸ਼ਾਨੀਆਂ ਦੇ ਦਰਸ਼ਨ ਨਹੀਂ ਹੁੰਦੇ ਜਾਂ ਪੁਰਾਤਨ ਨਿਸ਼ਾਨੀਆਂ ਦੀ ਜਗਾ ਉਸ ਦਾ ਨਵਾਂ ਰੂਪ ਸਾਹਮਣੇ ਆਉਂਦਾ ਹੈ । ਕਾਰ-ਸੇਵਾ ਦੇ ਨਾਂ 'ਤੇ ਖ਼ਤਮ ਹੋ ਰਹੀ ਸਿੱਖ ਵਿਰਾਸਤ ਨੇ ਸਿੱਖਾਂ ਨੂੰ ਇਸ ਦਿਸ਼ਾ ਵੱਲ ਚਿੰਤਨ ਕਰਨ ਲਈ ਮਜਬੂਰ ਕਰ ਦਿੱਤਾ ਹੈ। ਸਿੱਖ ਜਥੇ ਪਾਕਿਸਤਾਨ ਅਤੇ ਭਾਰਤ ਦੇ ਉਨਾਂ ਅਸਥਾਨਾਂ ਦੇ ਦਰਸ਼ਨ ਕਰਦੇ ਹਨ ਜਿਥੇ ਪੁਰਾਤਨ ਦਿੱਖ, ਖੂਹੀਆਂ, ਰੁੱਖ, ਦਰਵਾਜ਼ੇ, ਸ਼ਸਤਰ ਆਦਿ ਸੰਭਾਲ ਕੇ ਰੱਖੇ ਹੋਏ ਹਨ ਪਰ ਪੰਜਾਬ ਦੇ ਇਤਿਹਾਸਕ ਅਸਥਾਨਾਂ 'ਤੇ ਉਨਾਂ ਦੇ ਅਲੋਪ ਹੋ ਜਾਣ ਜਾਂ ਅਲੋਪ ਕਰ ਦਿੱਤੇ ਜਾਣ ਨਾਲ ਸਿੱਖ ਸੰਗਤ ਦੇ ਮਨ ਵਿਚ ਰੋਸ ਪੈਦਾ ਹੋਇਆ ਹੈ ।

ਕਾਰ-ਸੇਵਾ ਸਿੱਖ ਧਰਮ ਦਾ ਇਕ ਅਜਿਹਾ ਅੰਗ ਹੈ ਜਿਸ ਨੂੰ ਮਨਫ਼ੀ ਨਹੀਂ ਕੀਤਾ ਜਾ ਸਕਦਾ ਪਰ ਇਹ ਵੀ ਮਨਜ਼ੂਰ ਨਹੀਂ ਕਿ ਕਾਰ-ਸੇਵਾ ਦੇ ਨਾਂ 'ਤੇ ਵਿਰਾਸਤ ਨੂੰ ਖ਼ਤਮ ਕੀਤਾ ਜਾਵੇ । ਭਾਵੇਂ ਕਿ ਕਾਰ-ਸੇਵਾ ਰਾਹੀਂ ਬਹੁਤੀ ਵਿਰਾਸਤ ਅਲੋਪ ਹੋ ਗਈ ਹੈ ਪਰ ਜੋ ਕੁਝ ਬਚਿਆ ਹੋਇਆ ਹੈ, ਉਸ ਨੂੰ ਸੰਭਾਲਣ ਦੀ ਲੋੜ ਹੈ ।ਪੁਰਾਤਨ ਨਿਸ਼ਾਨੀਆਂ ਨੂੰ ਨੁਕਸਾਨ ਪਹੁੰਚਾਏ ਬਗ਼ੈਰ ਨਵੀਆਂ ਇਮਾਰਤਾਂ ਉਸਾਰੀਆਂ ਜਾ ਸਕਦੀਆਂ ਹਨ ।

ਇਸ ਸੰਬੰਧੀ ਪੁਰਾਤਨ ਖੂਹਾਂ ਦੀ ਇਕ ਮਿਸਾਲ ਲਈ ਜਾ ਸਕਦੀ ਹੈ ।ਖੂਹਾਂ ਨੂੰ ਪੂਰਨ ਦੀ ਬਜਾਏ ਸਰੋਵਰਾਂ ਦਾ ਪਾਣੀ ਇਨਾਂ ਵਿਚ ਪਾਇਆ ਜਾ ਸਕਦਾ ਹੈ । ਅਜਿਹਾ ਕਰਨ ਨਾਲ ਇਕ ਤਾਂ ਪੁਰਤਾਨ ਖੂਹੀਆਂ ਦੀ ਸੰਭਾਲ ਹੋ ਜਾਵੇਗੀ ਅਤੇ ਦੂਜਾ ਧਰਤੀ ਹੇਠਲਾ ਪਾਣੀ ਬਚਾਉਣ ਵਿਚ ਸਹਾਇਤਾ ਮਿਲੇਗੀ ।

ਕਾਰ-ਸੇਵਾ ਦਾ ਧਾਰਮਿਕ ਅਤੇ ਸਮਾਜਿਕ ਮਹੱਤਵ ਹੈ ਜਿਹੜਾ ਕਿ ਨਿਰੰਤਰ ਚਲਦਾ ਰਹਿਣਾ ਚਾਹੀਦਾ ਹੈ ਪਰ ਇਸ ਦੇ ਨਾਲ ਹੀ ਇਹ ਵੀ ਧਿਆਨ ਰੱਖਣ ਵਾਲੀ ਗੱਲ ਹੈ ਕਿ ਕਾਰ-ਸੇਵਾ ਕਰਦੇ ਸਮੇਂ ਸੰਬੰਧਿਤ ਅਸਥਾਨ ਵਿਚੋਂ ਪੈਦਾ ਹੁੰਦੀ ਖ਼ੁਸ਼ਬੋ ਵੀ ਕਾਇਮ ਰਹੇ।



# ਬੰਗਾਲ ਅਤੇ ਪੰਜਾਬ ਦੀ ਵੰਡ ਦੇ ਦੁਖਾਂਤ ਦਾ ਜਿੰਮੇਵਾਰ ਫਿਰਕੂਵਾਦ



**ਡਾਕਟਰ ਗੁਰਦੇਵ ਸਿੰਘ ਸਿੱਧੂ**

1947 ਵਿਚ ਦੇਸ਼ ਨੂੰ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਤੋਂ ਮਿਲੀ ਮੁਕਤੀ ਜਿੱਥੇ ਪਿਛਲੇ ਲੰਮੇ ਸਮੇਂ ਤੋਂ ਇਸ ਮਨੋਰਥ ਦੀ ਪ੍ਰਾਪਤੀ ਲਈ ਜੂਝ ਰਹੇ ਦੇਸ਼ ਭਗਤਾਂ ਅਤੇ ਆਮ ਦੇਸ਼-ਵਾਸੀਆਂ ਲਈ ਖੁਸ਼ੀ ਦਾ ਕਾਰਨ ਬਣੀ, ਉੱਥੇ ਇਸ ਪ੍ਰਾਪਤੀ ਲਈ ਹੋਏ ਸੰਘਰਸ਼ ਵਿਚ ਮੋਢੀ ਰਹੇ ਦੋ ਪ੍ਰਾਂਤਾਂ ਬੰਗਾਲ ਅਤੇ ਪੰਜਾਬ ਲਈ ਇਹ ਘਟਨਾ ਸਦਾ ਵਾਸਤੇ ਨਾਸੂਰ ਬਣੀਆਂ ਦੁਖਦਾਈ ਯਾਦਾਂ ਛੱਡ ਗਈ। ਇਨਾਂ ਦੋਵਾਂ ਪ੍ਰਾਂਤਾਂ ਦੀ ਧਰਤੀ ਹੀ ਦੋ ਵੱਖਰੇ-ਵੱਖਰੇ ਮੁਲਕਾਂ ਦੇ ਦੋ-ਦੋ ਸੂਬਿਆਂ ਵਿਚ ਨਹੀਂ ਵੰਡੀ ਗਈ, ਲੋਕ ਵੀ ਵੰਡੇ ਗਏ ਜਿਸ ਦੇ ਨਤੀਜੇ ਵਜੋਂ ਜਿਸ ਪੱਧਰ ਉੱਤੇ ਲੋਕਾਂ ਦਾ ਉਜਾੜਾ ਹੋਇਆ, ਉਸ ਦੀ ਦੁਨੀਆ ਦੇ ਇਤਿਹਾਸ ਵਿਚ ਪਹਿਲਾਂ ਕੋਈ ਮਿਸਾਲ ਨਹੀਂ ਮਿਲਦੀ। ਪੰਜਾਬ ਦੀ ਗੱਲ ਕਰੀਏ ਤਾਂ ਇਕ ਕਰੋੜ ਦੇ ਲਗਭਗ ਲੋਕਾਂ ਨੂੰ ਘਰੋਂ ਬੇਘਰ ਹੋਣਾ ਪਿਆ, ਅੱਧੇ ਤੋਂ ਕੁਝ ਵੱਧ ਮੁਸਲਮਾਨ ਭਾਰਤੀ ਪੰਜਾਬ ਤੋਂ ਪਾਕਿਸਤਾਨੀ ਪੰਜਾਬ ਵਿਚ ਗਏ ਅਤੇ ਏਦੂੰ ਕੁਝ ਕੁ ਘੱਟ ਓਧਰੋਂ ਏਧਰ ਆਏ। ਪਰ ਇਸ ਸਭ ਕੁਝ ਦੇ ਪਿੱਛੇ ਦਿਲ ਕੰਬਾਊ ਅੰਕੜੇ ਮਜ਼ਬੀ ਜੋਸ਼ ਵਿਚ ਲਗਭਗ ਦਸ ਲੱਖ ਨਿਰਦੋਸ਼ ਵਿਅਕਤੀਆਂ ਨੂੰ ਅਣਆਈ ਮੌਤੇ ਮਾਰ ਦਿੱਤੇ ਜਾਣ ਅਤੇ ਤਿੰਨ ਲੱਖ ਦੇ ਕਰੀਬ ਔਰਤਾਂ ਨੂੰ ਉਧਾਲੇ ਲਈਆਂ ਜਾਣ ।

ਅਜਿਹਾ ਅਚਾਨਕ ਨਹੀਂ ਸੀ ਵਾਪਰਿਆ। ਉੱਨੀਵੀਂ ਸਦੀ ਵਿਚ ਹੀ ਅੰਗਰੇਜ਼ ਸਰਕਾਰ ਦੀਆਂ ਨੀਤੀਆਂ ਨੇ ਭਾਰਤੀਆਂ ਨੂੰ ਧਰਮ ਦੇ ਆਧਾਰ ਉੱਤੇ ਟਕਰਾਅ ਦੇ ਰਾਹ ਪਾ ਦਿੱਤਾ ਸੀ, ਜਿਸ ਕਾਰਨ ਹਰ ਧਰਮ ਆਪਣੇ ਭਾਵ ਮੰਨਣ ਵਾਲਿਆਂ ਦੀ ਗਿਣਤੀ ਵਧਾਉਣ ਲੱਗ ਪਿਆ ਸੀ। ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ ਕੁਝ ਮੁਸਲਮਾਨ ਜਥੇਬੰਦੀਆਂ ਪ੍ਰਸ਼ਾਸਨ ਵਿਚ ਮੁਸਲਮਾਨਾਂ ਦੀ ਭਾਗੀਦਾਰੀ ਵਧਾਉਣ ਵਾਸਤੇ ਬਰਤਾਨਵੀ ਸਰਕਾਰ ਉੱਤੇ ਦਬਾਅ ਪਾ ਰਹੀਆਂ ਸਨ, ਜਿਸ ਦੇ ਸਿੱਟੇ ਵਜੋਂ ਬਰਤਾਨਵੀ ਪਾਰਲੀਮੈਂਟ ਵਲੋਂ ਰਾਜ-ਪ੍ਰਬੰਧ ਵਿਚ ਭਾਰਤੀਆਂ ਦਾ ਹਿੱਸਾ ਵਧਾਉਣ ਦੇ ਮੰਤਵ ਨਾਲ ਬਣਾਏ ਇੰਡੀਅਨ ਕੌਂਸਲਜ਼ ਐਕਟ, 1909 ਵਿਚ ਮੁਸਲਮਾਨਾਂ ਲਈ ਵੱਖਰੇ ਚੋਣ ਖੇਤਰ ਬਣਾਏ ਜਾਣਾ ਨਿਸਚਿਤ ਕੀਤਾ ਗਿਆ। ਫ਼ਿਰਕਾਪ੍ਰਸਤੀ ਦੇ ਬੀਜ ਨੂੰ ਇੰਡੀਅਨ ਕੌਂਸਲਜ਼ ਐਕਟ, 1919, ਜਿਸ ਵਿਚ ਹੋਰ ਧਾਰਮਿਕ ਘੱਟ-ਗਿਣਤੀਆਂ ਲਈ ਵੀ ਅਜਿਹਾ ਉਪਬੰਦ ਕੀਤਾ ਗਿਆ, ਦੇ ਰਾਹੀਂ ਵਧਣ-ਫੁੱਲਣ ਲਈ ਜ਼ਮੀਨ ਤਿਆਰ ਕਰ ਦਿੱਤੀ ਗਈ। ਬਰਤਾਨਵੀ ਹਾਕਮਾਂ ਅਤੇ ਹਿੰਦੁਸਤਾਨੀ ਆਗੂਆਂ ਦਰਮਿਆਨ ਅਸਫਲ ਰਹੀ ਦੂਜੀ ਗੋਲ ਮੇਜ਼ ਕਾਨਫਰੰਸ ਪਿੱਛੋਂ ਬਰਤਾਨਵੀ ਪ੍ਰਧਾਨ ਮੰਤਰੀ ਰਾਮਸੇ ਮੈਕਡੋਨਾਲਡ ਵਲੋਂ 1932 ਵਿਚ ਇਕਤਰਫ਼ਾ ਤੌਰ ਉੱਤੇ ਐਲਾਨੇ ਕਮਿਊਨਲ ਅਵਾਰਡ ਨੇ ਫਿਰਕੂ ਵੰਡ ਨੂੰ ਪੱਕਾ ਕਰ ਦਿੱਤਾ। ਇਸ ਵਿਚ ਮੁਸਲਮਾਨਾਂ ਦੇ ਨਾਲ ਨਾਲ ਸਿੱਖਾਂ, ਭਾਰਤੀ ਈਸਾਈਆਂ, ਪਛੜੀਆਂ ਸ਼੍ਰੇਣੀਆਂ ਆਦਿ ਲਈ ਵੀ ਵੱਖਰੇ ਚੋਣ ਖੇਤਰ ਨਿਰਧਾਰਿਤ ਕਰਨ ਦੀ ਵਿਵਸਥਾ ਕੀਤੀ ਗਈ ਸੀ। ਗਾਂਧੀ ਜੀ ਵਲੋਂ ਇਸ ਅਵਾਰਡ ਨੂੰ ‘ਭਾਰਤ ਦੀ ਏਕਤਾ ਅਤੇ ਕੌਮਵਾਦ ਉੱਤੇ ਹਮਲਾ’ ਕਹਿੰਦਿਆਂ ਨਾਮਨਜ਼ੂਰ ਕੀਤੇ ਜਾਣ ਦੇ ਰੋਸ ਵਜੋਂ ਮੁਹੰਮਦ ਅਲੀ ਜਿਨਾਹ ਕਾਂਗਰਸ ਤੋਂ ਅਸਤੀਫ਼ਾ ਦੇ ਕੇ ਮੁਸਲਮ ਲੀਗ ਵਿਚ ਸ਼ਾਮਿਲ ਹੋ ਗਏ ਸਨ। ਉਸ ਵੇਲੇ ਤੱਕ ਕੇਵਲ ਪੜ੍ਹੇ-ਲਿਖੇ ਅਤੇ ਰੱਜੇ ਪੁੱਜੇ ਮੁਸਲਮਾਨ ਹੀ ਮੁਸਲਿਮ ਲੀਗ ਦੇ ਪ੍ਰਭਾਵ ਹੇਠ ਸਨ ਪਰ ਜਿਨਾਹ ਨੇ ਇਸ ਨੂੰ ਆਮ ਮੁਸਲਮਾਨਾਂ ਤੱਕ ਲੈ ਜਾਣ ਦਾ ਕੰਮ ਕੀਤਾ, ਜਿਸ ਨਾਲ ਨਾ ਕੇਵਲ ਮੁਸਲਿਮ ਲੀਗ ਦੇ ਮੈਂਬਰਾਂ ਦੀ ਗਿਣਤੀ ਲੱਖਾਂ ਤੱਕ ਪੁੱਜ ਗਈ ਸਗੋਂ ਇਸ ਦਾ ਪ੍ਰਭਾਵ ਖੇਤਰ, ਜੋ ਪਹਿਲਾਂ ਮੁੱਖ ਤੌਰ ’ਤੇ ਸੰਯੁਕਤ ਪ੍ਰਾਂਤਾਂ ਤੱਕ ਸੀਮਿਤ ਸੀ, ਹੋਰ ਵੀ ਫੈਲ ਗਿਆ। 1937 ਦੀਆਂ ਚੋਣਾਂ ਪਿਛੋਂ ਕਾਂਗਰਸ 11 ਪ੍ਰਾਂਤਾਂ ਵਿਚੋਂ 7 ਪ੍ਰਾਂਤਾਂ ਵਿਚ ਸਰਕਾਰ ਬਣਾਉਣ ਵਿਚ ਸਫਲ ਹੋਈ। ਕਾਂਗਰਸੀ ਵਜ਼ਾਰਤਾਂ ਵਲੋਂ ਲਏ ਗਏ ਕੁੱਝ ਫ਼ੈਸਲਿਆਂ ਤੋਂ ਮੁਸਲਿਮ ਲੀਗ ਆਗੂਆਂ ਨੇ ਯਕੀਨ ਕਰ ਲਿਆ ਕਿ ਹਿੰਦੂ ਬਹੁ-ਗਿਣਤੀ ਵਾਲੇ ਮੁਲਕ ਵਿਚ ਉਹ ਸੁਰੱਖਿਅਤ ਨਹੀਂ ਰਹਿ ਸਕਦੇ। ਨਤੀਜੇ ਵਜੋਂ ਮੁਸਲਿਮ ਲੀਗ ਨੇ 22 ਦਸੰਬਰ, 1939 ਦਾ ਦਿਨ ਅਨਿਆਏ ਕਾਂਗਰਸ ਰਾਜ ਤੋਂ ‘ਮੁਕਤੀ ਦਿਵਸ’ ਵਜੋਂ ਮਨਾਇਆ। ਕੁਝ ਮਹੀਨਿਆਂ ਪਿੱਛੋਂ ਮਾਰਚ 1940 ਦੌਰਾਨ ਲਾਹੌਰ ਵਿਚ ਹੋਏ 27ਵੇਂ ਸਾਲਾਨਾ ਮੁਸਲਿਮ ਲੀਗ ਸੈਸ਼ਨ ਵਿਚ ਜਿਨਾਹ ਨੇ ਦੋ ਕੌਮਾਂ ਦੇ ਸਿਧਾਂਤ ਦੀ ਜਨਤਕ ਤੌਰ ਉੱਤੇ ਵਿਆਖਿਆ ਕਰਦਿਆਂ ਮੁਸਲਮਾਨਾਂ ਵਾਸਤੇ ਮੁਲਕ ਦੇ ਉੱਤਰ-ਪੂਰਬ ਅਤੇ ਉੱਤਰ-ਪੱਛਮ ਵਿਚ ਵੱਖਰੇ ਮੁਲਕ ਦੀ ਮੰਗ ਕੀਤੀ। ਲਾਰਡ ਵੇਵਲ ਨੇ ਕਾਂਗਰਸ ਅਤੇ ਮੁਸਲਿਮ ਲੀਗ ਦੋਵਾਂ ਨੂੰ ਇਕ ਮੱਤ ਕਰਨ ਲਈ 1945 ਵਿਚ ਸ਼ਿਮਲੇ ਮੀਟਿੰਗ ਕੀਤੀ ਜੋ ਨਿਹਫਲ ਰਹੀ। ਬਰਤਾਨਵੀ ਸਰਕਾਰ ਨੂੰ ਦਿਸਣ ਲੱਗਾ ਕਿ ਮੁਲਕ ਨੂੰ ਵੰਡਣ ਬਿਨਾਂ ਹੋਰ ਕੋਈ ਚਾਰਾ ਨਹੀਂ। ਅਜਿਹੇ ਮਾਹੌਲ ਵਿਚ ਗਾਂਧੀ ਜੀ ਨੇ ਵੰਡ ਸੰਬੰਧੀ ਮੁਸਲਿਮ ਲੀਗ ਨੂੰ ਇਕ ਨਵਾਂ ਪ੍ਰਸਤਾਵ ਦਿੱਤਾ। ਗਾਂਧੀ ਜੀ ਦਾ ਸੁਝਾਅ ਸੀ ਕਿ ਕਾਂਗਰਸ ਅਤੇ ਮੁਸਲਮ ਲੀਗ ਵਲੋਂ ਸਹਿਮਤੀ ਨਾਲ ਗਠਿਤ ਕਮਿਸ਼ਨ ਮੁਸਲਮ ਬਹੁ-ਗਿਣਤੀ ਵਾਲੇ ਇਲਾਕਿਆਂ ਦੀ ਨਿਸ਼ਾਨਦੇਹੀ ਕਰੇ ਅਤੇ ਫਿਰ ਚੋਣ ਪੱਤਰ ਜਾਂ ਕਿਸੇ ਹੋਰ ਵਿਧੀ ਨਾਲ ਇਸ ਖੇਤਰ ਦੀ ਬਾਲਗ ਵਸੋਂ ਦੀ ਇੱਛਾ ਜਾਣੀ ਜਾਵੇ। ਜੇ ਕਰ ਬਹੁ-ਗਿਣਤੀ ਅਲਹਿਦਗੀ ਦੇ ਪੱਖ ਵਿਚ ਹੋਵੇ ਤਾਂ ਹਿੰਦੁਸਤਾਨ ਨੂੰ ਵਿਦੇਸ਼ੀ ਗੁਲਾਮੀ ਤੋਂ ਮੁਕਤੀ ਮਿਲਣ ਪਿੱਛੋਂ ਜਿੰਨੀ ਜਲਦੀ ਸੰਭਵ ਹੋ ਸਕੇ ਇਸ ਖੇਤਰ ਨੂੰ ਵੱਖਰਾ ਮੁਲਕ ਮੰਨ ਲਿਆ ਜਾਵੇ। ਜਿਨਾਹ ਨੇ ਇਹ ਕਹਿੰਦਿਆਂ ਇਹ ਤਜਵੀਜ਼ ਰੱਦ ਕੀਤੀ ਕਿ ਉਸ ਦੀ ਮੰਗ ਮੁਸਲਮਾਨ ਕੌਮ ਲਈ ਖ਼ੁਦਮੁਖਤਿਆਰੀ ਦੀ ਹੈ, ਕਿਸੇ ਇਲਾਕੇ ਦੀ ਖ਼ੁਦਮੁਖਤਿਆਰੀ ਦੀ ਨਹੀਂ। ਆਪਣੀ ਮੰਗ ਮਨਵਾਉਣ ਲਈ ਸਰਕਾਰ ਉੱਤੇ ਦਬਾਅ ਪਾਉਣ ਲਈ ਜਿਨਾਹ ਨੇ ਮੁਸਲਮਾਨਾਂ ਨੂੰ 16 ਅਗਸਤ 1946 ਦਾ ਦਿਨ ‘ਡਾਇਰੈਕਟ ਐਕਸ਼ਨ ਡੇ’ ਵਜੋਂ ਮਨਾਉਣ ਦਾ ਸੱਦਾ ਦਿੱਤਾ। ਇਸ ਦਿਨ ਕਲਕੱਤੇ ਵਿਚ ਵੱਡੀ ਪੱਧਰ ਉੱਤੇ ਕਤਲੋ-ਗਾਰਤ ਹੋਈ।

1941 ਦੀ ਮਰਦਮ-ਸ਼ੁਮਾਰੀ ਦੇ ਅੰਕੜੇ ਸਾਹਮਣੇ ਸਨ, ਇਸ ਲਈ ਮੁਸਲਮ ਲੀਗ ਨੂੰ ਪਾਕਿਸਤਾਨ ਬਣਨ ਵਾਲੇ ਬਹੁਤ ਸਾਰੇ ਇਲਾਕੇ ਬਾਰੇ ਕੋਈ ਭੁਲੇਖਾ ਨਹੀਂ ਸੀ, ਜੇ ਕੋਈ ਘਾਟ ਸੀ ਤਾਂ ਇਹ ਸੀ ਇਸ ਖੇਤਰ ਵਿਚੋਂ ਜ਼ਮੀਨਾਂ ਜਾਇਦਾਦਾਂ ਦੇ ਮਾਲਕ ਅਤੇ ਵਣਜ ਵਿਚ ਮੋਹਰੀ ‘ਕਾਫਰਾਂ’ ਨੂੰ ਕੱਢ ਕੇ ਇਸ ਨੂੰ ਪਾਕ ਬਣਾਉਣ ਦੀ। ਅਜੇ ਗਵਰਨਰ ਜਨਰਲ ਲਾਰਡ ਮਾਊਂਟਬੈਟਨ ਨੇ ਹਿੰਦੁਸਤਾਨ ਵਿਚੋਂ ਬਰਤਾਨਵੀ ਸਲਤਨਤ ਦਾ 15 ਅਗਸਤ, 1947 ਨੂੰ ਅੰਤ ਹੋਣ ਬਾਰੇ 3 ਜੂਨ, 1947 ਵਾਲਾ ਐਲਾਨ ਨਹੀਂ ਸੀ ਕੀਤਾ ਕਿ ਇਸ ਤੋਂ ਪਹਿਲਾਂ ਹੀ ਉਪਰੋਕਤ ਕਾਰਵਾਈ ਸ਼ੁਰੂ ਹੋ ਗਈ। ਇਸ ਦਾ ਆਰੰਭ ਰਾਵਲਪਿੰਡੀ, ਮੁਲਤਾਨ, ਅਟਕ ਆਦਿ ਜ਼ਿਲਿਆਂ ਤੋਂ ਹੋਇਆ। ਇਨਾਂ ਜ਼ਿਲਿਆਂ ਤੋਂ ਉਜਾੜੇ ਲੋਕ ਪੂਰਬੀ ਪੰਜਾਬ ਵੱਲ ਆਏ ਤਾਂ ਪ੍ਰਤੀਕਰਮ ਹੋਣਾ ਸੁਭਾਵਿਕ ਸੀ। ਦੋਵੇਂ ਪਾਸੀਂ ਹੋ ਰਹੀ ਮਾਰ-ਧਾੜ ਨੂੰ ਵਧਾਉਣ ਵਾਸਤੇ ਜਿੱਥੇ ਸਵਾਰਥੀ ਹਿਤ ਰੱਖਦੇ ਰਾਜਸੀ-ਧਾਰਮਿਕ ਆਗੂਆਂ ਨੇ ਵਧੇਰੇ ਹੱਲਾਸ਼ੇਰੀ ਦਿੱਤੀ, ਉੱਥੇ ਗੜਬੜ ਵਾਲੇ ਮਾਹੌਲ ਨੂੰ ਕਾਬੂ ਵਿਚ ਰੱਖਣ ਦੇ ਜ਼ਿੰਮੇਵਾਰ ਪ੍ਰਸ਼ਾਸਨ ਨੇ ਓਨੀ ਹੀ ਘੱਟ ਸਰਗਰਮੀ ਵਿਖਾਈ। ਇਸ ਦਾ ਜੋ ਨਤੀਜਾ ਨਿਕਲਿਆ ਉਸ ਦਾ ਸੰਖੇਪ ਬਿਆਨ ਸ਼ੁਰੂ ਵਿਚ ਕੀਤਾ ਗਿਆ ਹੈ।

ਕੀ ਇਸ ਮੌਕੇ ਹਰ ਪਾਸੇ ਸ਼ੈਤਾਨੀਅਤ ਅਤੇ ਹੈਵਾਨੀਅਤ ਦਾ ਹੀ ਬੋਲਬਾਲਾ ਸੀ ? ਖ਼ੈਰ ਇਹ ਰਹੀ ਕਿ ਪੂਰੀ ਤਰਾਂ ਇੰਜ ਨਹੀਂ ਸੀ ਹੋਇਆ। ਜਿਵੇਂ ਗੁਰਬਾਣੀ ਦਾ ਫ਼ਰਮਾਨ ਹੈ, ‘ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ’, ਇਨੀਂ ਦਿਨੀਂ ਵੀ ਟਾਵੇਂ-ਟਾਵੇਂ ਥਾਂ ਹੈਵਾਨੀਅਤ ਉੱਤੇ ਇਨਸਾਨੀਅਤ ਹਾਵੀ ਰਹੀ। ਸ਼ਹੀਦ ਭਗਤ ਸਿੰਘ ਦਾ ਸਾਥੀ ਕਾਮਰੇਡ ਧੰਨਵੰਤਰੀ, ਜਿਸ ਨੇ ਕਾਲੇਪਾਣੀ ਜੇਲ ਵਿਚ ਵੀ ਕੁਝ ਵਰੇ ਗੁਜ਼ਾਰੇ ਸਨ, ਇਨੀਂ ਦਿਨੀਂ ਅੰਮ੍ਰਿਤਸਰ ਰਹਿ ਰਿਹਾ ਸੀ। ਉਸ ਨੇ ਦੇਸ਼ ਵੰਡ ਸਮੇਂ ਹੋਏ ਘਟਨਾਕ੍ਰਮ ਬਾਰੇ ਇਕ ਕਿਤਾਬਚਾ ਲਿਖਿਆ, ‘ਲਹੂ ਲੁਹਾਨ ਪੰਜਾਬ ਚਿਤਾਵਨੀ ਦਿੰਦਾ ਹੈ’, ਜਿਸ ਵਿਚ ਉਸ ਨੇ ਇਨਸੀਅਤ ਦੇ ਜਿਊਂਦੇ ਹੋਣ ਦੀਆਂ ਕਈ ਉਦਾਹਰਨਾਂ ਦਿੱਤੀਆਂ ਹਨ। ਉਹ ਦੱਸਦਾ ਹੈ ਕਿ ਧਰਮ-ਨਿਰਪੱਖ ਸੋਚ ਦੇ ਧਾਰਨੀ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਬਾਬਾ ਸੋਹਨ ਸਿੰਘ ਭਕਨਾ ਦੇ ਪ੍ਰਭਾਵ ਕਾਰਨ ਪ੍ਰੀਤ ਨਗਰ ਅਤੇ ਪਿੰਡ ਭਕਨਾ ਦੇ ਆਸ-ਪਾਸ ਵੱਡਾ ਪਿੰਡ ਸਮੂਹ ਇਸ ਹੋਣੀ ਤੋਂ ਬਚਿਆ ਰਿਹਾ। ਰੇਲਵੇ ਸਟੇਸ਼ਨ ਖਾਸਾ ਦੇ ਨੇੜੇ ਹੁਸ਼ਿਆਰ ਨਗਰ ਵਿਚ ਸਿੱਖ ਕਿਸਾਨਾਂ ਨੇ 300 ਮੁਸਲਮਾਨਾਂ ਨੂੰ ਆਸਰਾ ਦਿੱਤਾ, ਬਾਹਰਲੇ ਧਾੜਵੀਆਂ ਨੇ ਦੋ ਵਾਰ ਹਮਲਾ ਕੀਤਾ ਪਰ ਉਨਾਂ ਦੀ ਦਾਲ਼ ਨਾ ਗਲ਼ੀ। ਖਾਪਰਖੇੜੀ ਪਿੰਡ ਵਿਚ ਪਿੰਡ ਵਾਲਿਆਂ ਨੇ 900 ਮੁਸਲਮਾਨਾਂ ਨੂੰ ਟਿਕਾਣਾ ਦਿੱਤਾ, ਜਦ ਸਾਂਭਣਾ ਮੁਸ਼ਕਿਲ ਹੋਇਆ ਤਾਂ ਨੰਗੀਆਂ ਕਿਰਪਾਨਾਂ ਲਹਿਰਾਉਂਦੇ ਹੋਏ ਉਨਾਂ ਨੂੰ ਸੁਰੱਖਿਅਤ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਲਾਹੌਰ ਜਾਣ ਵਾਲੀ ਰੇਲ ਚੜਾ ਕੇ ਗਏ। ਇਸ ਜ਼ਿਲੇ ਵਿਚ ਹੀ ਛੱਜਲਵੱਢੀ, ਕਠਾਣੀਆ, ਵੇਰਕਾ, ਬਡਾਲਾ-ਭਿੱਟੇਵਿੰਡ ਦੇ ਵਸਨੀਕਾਂ ਨੇ ਵੀ ਅਜਿਹੀ ਮਿਸਾਲ ਕਾਇਮ ਕੀਤੀ।

ਇਸ ਤਰਾਂ ਦੀ ਮਾਨਵਵਾਦੀ ਘਟਨਾ ਜ਼ਿਲਾ ਲੁਧਿਆਣੇ ਦੇ ਪਿੰਡ ਲਤਾਲਾ ਵਿਚ ਵੀ ਵਾਪਰੀ। ਲਤਾਲੇ ਦੇ ਨਾਲ ਲੱਗਵਾਂ ਨਿਰੋਲ ਮੁਸਲਮਾਨਾਂ ਦਾ ਪਿੰਡ ਸੀ ਜੁੜਾਹਾਂ। ਮਜ਼ਬੀ ਜੋਸ਼ ਵਿਚ ਆਏ ਗੱਭਰੂਆਂ ਦੀ ਇਕ ਟੋਲੀ, ਜਿਸ ਵਿਚ ਲਤਾਲੇ ਦੇ ਗੱਭਰੂ ਵੀ ਸ਼ਾਮਿਲ ਸਨ, ਨੇ ਹਥਿਆਰਬੰਦ ਹੋ ਕੇ ਪਿੰਡ ਜੁੜਾਹਾਂ ਵਿਚ ਵਸਦੇ ਮੁਸਲਮਾਨਾਂ ਉੱਤੇ ਹਮਲਾ ਕਰ ਦਿੱਤਾ। ਲੁੱਟਮਾਰ ਤਾਂ ਜੋ ਹੋਣੀ ਸੀ, ਉਹ ਹੋਈ ਹੀ, ਲਤਾਲਾ ਵਾਲੇ ਗੱਭਰੂ ਆਪਣੇ ਘਰ ਵਸਾਉਣ ਦੀ ਨੀਅਤ ਨਾਲ ਤਿੰਨ ਮੁਸਲਮਾਨ ਮੁਟਿਆਰਾਂ ਧੱਕੇ ਨਾਲ ਪਿੰਡ ਲੈ ਆਏ। ਜਦ ਪਿੰਡ ਵਾਸੀ ਬਜ਼ੁਰਗਾਂ ਨੂੰ ਇਸ ਘਟਨਾ ਬਾਰੇ ਪਤਾ ਲੱਗਾ ਤਾਂ ਉਨਾਂ ਦਾ ਦਿਲ ਇਹ ਅਨਰਥ ਵੇਖ ਕੇ ਤੜਫ਼ ਉੱਠਿਆ। ਉਨਾਂ ਨੌਜਵਾਨਾਂ ਨੂੰ ਸੱਦ ਕੇ ਉਨਾਂ ਨੂੰ ਅਜਿਹੀ ਕਰਤੂਤ ਕਰਨ ਲਈ ਲਾਹਣਤਾਂ ਪਾਈਆਂ ਅਤੇ ਕੁਝ ਪਤਵੰਤੇ ਆਪ ਇਨਾਂ ਦੁਖਿਆਰੀਆਂ ਨੂੰ ਪਾਕਿਸਤਾਨ ਜਾਣ ਦੇ ਇੱਛਕ ਮੁਸਲਮਾਨਾਂ ਵਾਸਤੇ ਲਾਏ ਕੈਂਪ ਵਿਚ ਪੁੱਜਦਾ ਕਰਕੇ ਆਏ। ਮੁਸਲਮਾਨ ਔਰਤਾਂ ਦੇ ਉਧਾਲੇ ਦੀ ਇਸ ਘਟਨਾ ਨੇ ਪਿੰਡ ਵਾਸੀਆਂ ਦੇ ਕੰਨ ਖੜੇ ਕਰ ਦਿੱਤੇ। ਉਨਾਂ ਨੂੰ ਡਰ ਭਾਸਣ ਲੱਗਾ ਕਿ ਪਿੰਡ ਦੇ ਸ਼ਰਾਰਤੀ ਗੱਭਰੂ ਬਾਹਰਲੇ ਧਾੜਵੀਆਂ ਨਾਲ ਰਲ ਕੇ ਕਦੇ ਵੀ ਪਿੰਡ ਵਿਚ ਵਸਦੇ ਮੁਸਲਮਾਨਾਂ ਲਈ ਖ਼ਤਰੇ ਦਾ ਕਾਰਨ ਬਣ ਸਕਦੇ ਹਨ। ਫਲਸਰੂਪ ਪਿੰਡ ਦੇ ਪਤਵੰਤਿਆਂ ਨੇ ਆਪਸੀ ਸਲਾਹ- ਮਸ਼ਵਰੇ ਉਪਰੰਤ ਪਿੰਡ ਦੇ ਮੁਸਲਮਾਨ ਵਸਨੀਕਾਂ ਨੂੰ ਭਾਵੀ ਖ਼ਤਰੇ ਤੋਂ ਜਾਣੂੰ ਕਰਵਾਇਆ ਅਤੇ ਉਨਾਂ ਨੂੰ ਪਿੰਡ ਛੱਡ ਜਾਣ ਦੀ ਸਲਾਹ ਦਿੱਤੀ। ਜਿਹੋ ਜੇਹੇ ਹਾਲਾਤ ਚੱਲ ਰਹੇ ਸਨ, ਉਸ ਵਿਚ ਕਿਸੇ ਇਕੱਲੇ-ਦੁਕੱਲੇ ਮੁਸਲਮਾਨ ਦਾ ਪਿੰਡ ਵਿਚੋਂ ਜਾਣਾ ਸੁਰੱਖਿਅਤ ਨਹੀਂ ਸੀ। ਇਸ ਲਈ ਸਾਰੇ ਮੁਸਲਮਾਨ ਪਰਿਵਾਰਾਂ ਨੂੰ ਜਾਣ ਵਾਸਤੇ ਇਕੱਠਿਆਂ ਤਿਆਰ ਕੀਤਾ ਗਿਆ ਅਤੇ ਉਨਾਂ ਨੂੰ ਵੱਧ ਤੋਂ ਵੱਧ ਧਨ ਮਾਲ, ਜੋ ਉਹ ਨਾਲ ਲੈ ਜਾ ਸਕਦੇ ਸਨ, ਸੰਭਾਲ ਲੈਣ ਲਈ ਆਖਿਆ ਗਿਆ। ਆਖਿਰ ਇਕ ਦਿਨ ਪਿੰਡ ਦੇ ਪਤਵੰਤੇ ਸਾਰੇ ਮੁਸਲਮਾਨ ਪਰਿਵਾਰਾਂ ਨੂੰ ਹਿਫ਼ਾਜ਼ਤ ਨਾਲ ਮੁਸਲਮਾਨ ਰਿਆਸਤ ਮਲੇਰਕੋਟਲਾ ਦੀ ਜੂਹ ਵਿਚ ਪੈਂਦੇ ਪਿੰਡ ਰਸੂਲਪੁਰ ਵਿਚ ਛੱਡ ਕੇ ਆਏ।

ਉਸ ਵੇਲੇ ਦੇ ਜ਼ਹਿਰੀਲੇ ਮਾਹੌਲ ਵਿਚ ਅਜਿਹਾ ਪੈਂਤੜਾ ਲੈਣਾ ਕਿੰਨਾ ਮੁਸ਼ਕਿਲ ਸੀ ਇਸ ਦਾ ਅੰਦਾਜ਼ਾ ਇਸ ਤੋਂ ਲੱਗ ਜਾਂਦਾ ਹੈ ਕਿ ਮਾਨਵਵਾਦੀ ਸੋਚ ਦੇ ਧਾਰਨੀ ਗਹਿਲ ਸਿੰਘ ਛੱਜਲਵੱਢੀ ਅਤੇ ਕੋਟ ਧਰਮ ਚੰਦ ਦੇ ਮੇਘ ਸਿੰਘ ਅਤੇ ਸੂਬਾ ਸਿੰਘ ਨੂੰ ਅਜਿਹਾ ਕਰਨ ਬਦਲੇ ਆਪਣੀ ਜਾਨ ਦੀ ਕੁਰਬਾਨੀ ਦੇਣੀ ਪਈ।

ਵਿਰਾਸਤ ਮਨੁੱਖ ਦੀ ਹੋਣੀ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ, ਇਹ ਵੀ ਇਨਾਂ ਕਾਲੇ ਦਿਨਾਂ ਵਿਚ ਸਪੱਸ਼ਟ ਹੋਇਆ। ਸਰਹਿੰਦ ਦੇ ਮੁਗ਼ਲ ਸੂਬੇਦਾਰ ਵਜ਼ੀਰ ਖਾਂ ਨੇ ਮੁੱਲਾਂ-ਮੌਲਾਣਿਆਂ ਦੇ ਆਖੇ ਲੱਗ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣ ਕੇ ਸ਼ਹੀਦ ਕਰਨ ਦਾ ਹੁਕਮ ਦਿੱਤਾ ਸੀ। ਕਚਹਿਰੀ ਵਿਚ ਹਾਜ਼ਰ ਮਲੇਰਕੋਟਲੇ ਦੇ ਨਵਾਬ ਸ਼ੇਰ ਖਾਂ ਨੇ ਇਸ ਅਨਰਥ ਦੇ ਵਿਰੁੱਧ ਹਾਅ ਦਾ ਨਾਅਰਾ ਮਾਰਿਆ। ਉਦੋਂ ਤਾਂ ਉਸ ਦੀ ਗੱਲ ਗੌਲੀ ਨਾ ਗਈ ਪਰ ਲਗਭਗ ਢਾਈ ਸਦੀਆਂ ਪਿੱਛੋਂ ਦੇਸ਼-ਵੰਡ ਵੇਲੇ ਇਸ ਘਟਨਾ ਦਾ ਅਸਰ ਹੋਇਆ। ਮੂੰਹੋਂ ਮੂੰਹ ਇਹ ਗੱਲ ਫੈਲ ਗਈ ਅਤੇ ਇਕ ਅਣ-ਐਲਾਨਿਆ ਨਿਰਣਾ ਸਭ ਨੇ ਪ੍ਰਵਾਨ ਕਰ ਲਿਆ ਕਿ ਮਲੇਰਕੋਟਲੇ ਦੇ ਕਿਸੇ ਮੁਸਲਮਾਨ ਦਾ ਵਾਲ ਵਿੰਗਾ ਨਹੀਂ ਹੋਣ ਦੇਣਾ। ਫਲਸਰੂਪ ਕੇਵਲ ਮਲੇਰਕੋਟਲੇ ਦੇ ਵਸਨੀਕ ਹੀ ਨਹੀਂ, ਬਾਹਰਲਿਆਂ ਇਲਾਕਿਆਂ ਵਿਚੋਂ ਵੀ ਜਦ ਕਿਸੇ ਮੁਸਲਮਾਨ ਨੇ ਮਲੇਰਕੋਟਲਾ ਰਿਆਸਤ ਦੀ ਹੱਦ ਵਿਚ ਪੈਰ ਧਰ ਲਿਆ ਤਾਂ ਭਾਵੇਂ ਕਿੱਡੀ ਵੱਡੀ ਵਹੀਰ ਉਸ ਦਾ ਪਿੱਛਾ ਕਰ ਰਹੀ ਹੁੰਦੀ, ਵਹੀਰ ਦੇ ਪੈਰ ਉੱਥੇ ਹੀ ਰੁਕ ਜਾਂਦੇ।

ਸ੍ਰੀ ਰਾਜ ਮੋਹਨ ਗਾਂਧੀ ਨੇ ਆਪਣੀ ਪੁਸਤਕ ‘ਪੰਜਾਬ : ਔਰੰਗਜ਼ੇਬ ਤੋਂ ਮਾਊਂਟਬੇਟਨ ਤੱਕ ਦਾ ਇਤਿਹਾਸ’ ਵਿਚ ਠੀਕ ਹੀ ਲਿਖਿਆ ਹੈ ਕਿ ਅੰਨੇ ਮਜ਼ਬੀ ਜੋਸ਼ ਦੀ ਹਨੇਰੀ ਵਗਣ ਦੇ ਬਾਵਜੂਦ ਪੰਜਾਬੀਆਂ ਦੀ ਮਾਨਵਤਾ, ਹਮਦਰਦੀ ਅਤੇ ਸੱਭਿਆਚਾਰਕ ਸਾਂਝ ਨੇ ਮਜ਼ਬੀ ਨਫ਼ਰਤ ਅਤੇ ਝੱਲਪੁਣੇ ਨੂੰ ਮਾਤ ਪਾ ਦਿੱਤੀ। ਲੁਟੇਰੇ ਅਤੇ ਕਾਤਲ ਪੰਜਾਬੀਆਂ ਨਾਲੋਂ ਆਪਣੇ ਸੰਗੀ ਪੰਜਾਬੀਆਂ ਨੂੰ ਬਚਾਉਣ ਵਾਲਿਆਂ ਦੀ ਗਿਣਤੀ ਕਿਤੇ ਵੱਧ ਹੈ। ਸ੍ਰੀ ਗਾਂਧੀ ਅਨੁਸਾਰ ਇਹੋ ਕਾਰਨ ਸੀ ਕਿ ਪੂਰਬੀ ਪੰਜਾਬ ਵਿਚੋਂ 44 ਲੱਖ ਮੁਸਲਮਾਨਾਂ ਅਤੇ ਪੱਛਮੀ ਪੰਜਾਬ ਵਿਚੋਂ 36 ਲੱਖ ਹਿੰਦੂਆਂ ਤੇ ਸਿੱਖਾਂ ਨੇ ਇਸ ਅਸੈਨਿਕ ਬਖੇੜੇ ਦੌਰਾਨ ਸਰਹੱਦ ਸੁਰੱਖਿਅਤ ਪਾਰ ਕੀਤੀ।


ALL STATE INSURANCE

Allstate
You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਭੈਣ ਭਰਾ ਦੇ ਪਿਆਰ ਦਾ ਪ੍ਰਤੀਕ ਤਿਉਹਾਰ ਰੱਖੜੀ

**ਰਾਜਿੰਦਰ ਰਾਣੀ**
**ਪਿੰਡ ਗੰਢੂਆਂ ਜ਼ਿਲਾ ਸੰਗਰੂਰ**

ਭੈਣ ਕੋਲੋਂ ਵੀਰ ਵੇ ਬੰਨਾ ਲੈ ਰੱਖੜੀ, ਸੋਹਣੇ ਜਿਹੇ ਗੁੱਟ ’ਤੇ ਸਜਾ ਲੈ ਰੱਖੜੀ।
ਇਹਦੇ ਵਿੱਚ ਮੇਰੀਆਂ ਮੁਰਾਦਾਂ ਵੀਰ ਵੇ, ਸ਼ਹਿਦ ਨਾਲੋਂ ਮਿੱਠੀਆਂ ਨੇ ਯਾਦਾਂ ਵੀਰ ਵੇ।
ਬੰਨ ਵੀਰਾ ਰੱਖੜੀ ਜਵਾਨੀ ਮਾਣ ਵੇ, ਭੈਣ ਨੂੰ ਹੈ ਤੇਰੇ ਉੱਤੇ ਮਾਣ-ਤਾਣ ਵੇ।

ਤਿਉਹਾਰ ਸਾਡੀ ਜ਼ਿੰਦਗੀ ’ਚ ਅਹਿਮ ਮਾਇਨੇ ਰੱਖਦੇ ਹਨ ਵਿਅਕਤੀ ਨੂੰ ਵਿਅਕਤੀ ਨਾਲ ਜੋੜਨ ਅਤੇ ਸੰਸਕਾਰਾਂ ਨਾਲ ਬੰਨਣ ਦਾ ਇਸ ਤੋਂ ਬਿਹਤਰ ਬਦਲ ਹੋਰ ਕੋਈ ਹੋ ਵੀ ਨਹੀਂ ਸਕਦਾ ਇਸ ਪ੍ਰਥਾ ਨੂੰ ਹੋਰ ਵੀ ਦ੍ਰਿੜ ਕਰਦਾ ਹੈ ਰੱਖੜੀ ਦਾ ਤਿਉਹਾਰ, ਇਹ ਸਾਡੇ ਭਾਰਤੀ ਸਮਾਜ ’ਚ ਪਰਿਵਾਰ ਦੇ ਮਹੱਤਵ ਨੂੰ ਦਰਸਾਉਂਦਾ ਹੈ ਉਂਜ ਤਾਂ ਭਾਰਤ ’ਚ ਹਰ ਦਿਨ ਭਰਾ-ਭੈਣ ਇਕੱਠੇ ਮਿਲਜੁੱਲ ਕੇ ਪ੍ਰੇਮਪੂਰਵਕ ਰਹਿੰਦੇ ਹਨ ਪਰ ਰੱਖੜੀ ਦਾ ਖਾਸ ਦਿਨ ਭਰਾ-ਭੈਣ ਦੇ ਰਿਸ਼ਤੇ ਦੇ ਮਰਮ ਅਤੇ ਫਰਜ਼ ਨੂੰ ਦਰਸਾਉਂਦਾ ਹੈ।

ਰੱਖੜੀ ਭੈਣ-ਭਰਾ ਦੇ ਪ੍ਰੇਮ ਦਾ ਪ੍ਰਤੀਕ ਅਜਿਹਾ ਤਿਉਹਾਰ ਹੈ, ਜੋ ਸਦੀਆਂ ਤੋਂ ਆਪਣੀ ਮਹਾਨਤਾ ਲੈ ਕੇ ਚੱਲਿਆ ਆ ਰਿਹਾ ਹੈ। ਸਮੇਂ-ਸਮੇਂ ’ਤੇ ਹਾਲਾਤ ਦੇ ਅਨੁਸਾਰ ਇਸ ਦੇ ਰੂਪ ਵਿਚ ਤਬਦੀਲੀਆਂ ਚਾਹੇ ਆ ਗਈਆਂ ਹੋਣ, ਪਰ ਇਹ ਇੱਕ ਅਜਿਹਾ ਬੰਧਨ ਹੈ ਜੋ ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਨੂੰ ਬੰਨ ਕੇ ਰੱਖਦਾ ਹੈ।

ਰੱਖੜੀ ਦਾ ਤਿਉਹਾਰ ਭੈਣ -ਭਰਾ ਦੇ ਆਪਸੀ ਪਿਆਰ ਅਤੇ ਮਿਲਵਰਤਨ ਦੇ ਰਿਸ਼ਤੇ ਨੂੰ ਜ਼ਾਹਰ ਕਰਦਾ ਹੈ।ਭੈਣ ਨੂੰ ਵੀਰ ਤੇ ਮਾਣ ਹੁੰਦਾ ਹੈ ਤਾਂ ਵੀਰ ਵੀ ਭੈਣ ਨੂੰ ਤੱਤੀ ਵਾਅ ਨਹੀਂ ਲੱਗਣ ਦਿੰਦਾ। ਵੀਰ ਹਰ ਤਿਉਹਾਰ ਤੇ ਸੋਹਰੇ ਵਸਦੀ ਭੈਣ ਨੂੰ ਸੰਧਾਰਾ ਦੇ ਕੇ ਆਉਂਦਾ ਹੈ।ਭੈਣ ਅਪਣੇ ਵੀਰ ਵੱਲੋਂ ਹਮੇਸ਼ਾ ਠੰਢੜੀ ਹੋਣ ਦੀ ਆਸ ਰੱਖਦੀ ਹੈ। ਉਹ ਵੀਰ ਦੀ ਹਰ ਖੁਸ਼ੀ ਦੇ ਵਾਰੇ ਵਾਰੇ ਜਾਂਦੀ ਹੈ।ਭੈਣ ਭਰਾ ਦਾ ਰਿਸ਼ਤਾ ਵਧੇਰੇ ਪਾਕ ਅਤੇ ਨਜਦੀਕੀ ਵਾਲਾ ਹੁੰਦਾ ਹੈ । ਭੈਣ ਦੀ ਤਹਿ ਦਿਲੋਂ ਆਵਾਜ਼ ਬਣ ਕੇ ਨਿਕਲੇ ਹਨ ਕਿ :-
ਭੈਣ ਵਰਗਾ ਸਾਕ ਨਾ ਕੋਈ ਟੁੱਟ ਕੇ ਨਾ ਬਹਿ ਜੀ ਵੀਰਨਾ ਵੀਰਾ ਵੇ ਤੂੰ ਭੈਣ ਤੋਂ ਬਨਾ ਲੈ ਰੱਖੜੀ, ਸੋਹਣੇ ਜਿਹੇ ਗੁੱਟ ’ਤੇ ਸਜਾ ਲੈ ਰੱਖੜੀ।

ਰੱਖੜੀ ਦੀ ਮਹੱਤਤਾ

ਭੈਣ-ਭਰਾ ਦੇ ਇਸ ਰਿਸ਼ਤੇ ਬਾਰੇ ਭਾਰਤੀ ਸਮਾਜ ’ਚ ਝਾਤੀ ਮਾਰਦੇ ਹਾਂ ਤਾਂ ਇਸਦੀ ਮਹੱਤਤਾ ਨਿਵੇਕਲੀ ਹੀ ਨਜ਼ਰ ਆਉਂਦੀ ਹੈ। ਭੈਣ-ਭਰਾ ਦੇ ਇਸ ਰਿਸ਼ਤੇ ਦੀ ਮਹੱਤਤਾ ਨੂੰ ਦਰਸਾਉਣ ਲਈ ਇਸ ਨੂੰ ਇੱਕ ਤਿਉਹਾਰ ਦਾ ਨਾਂ ਦਿੱਤਾ ਗਿਆ ਹੈ, ਜਿਸ ਨੂੰ ਪੰਜਾਬੀ ਭਾਸ਼ਾ ’ਚ ‘ਰੱਖੜੀ’ ਦਾ ਤਿਉਹਾਰ ਅਤੇ ਹਿੰਦੀ ਭਾਸ਼ਾ ਵਿਚ ‘ਰਕਸ਼ਾ ਬੰਧਨ’ ਕਿਹਾ ਜਾਂਦਾ ਹੈ। ਇਹ ਤਿਉਹਾਰ ਸਾਉਣ ਜਾਂ ਸਾਵਨ ਮਹੀਨੇ ਦੇ ਆਖ਼ਰੀ ਦਿਨ ਪੁੰਨਿਆਂ ਜਾਂ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਅੰਗਰੇਜ਼ੀ ਕੈਲੰਡਰ ਦੇ ਅਗਸਤ ਮਹੀਨੇ ’ਚ ਆਉਂਦਾ ਹੈ।

ਕਿਵੇਂ ਮਨਾਇਆ ਜਾਂਦਾ ਹੈ ਇਹ ਤਿਉਹਾਰ ?

ਰੱਖੜੀ ਦਾ ਤਿਉਹਾਰ ਭੈਣ-ਭਰਾ ਦੇ ਅਨਮੋਲ ਤੇ ਪਵਿੱਤਰ ਰਿਸ਼ਤੇ ਦਾ ਪ੍ਰਤੀਕ ਹੈ। ਰੱਖੜੀ ਦਾ ਪਵਿੱਤਰ ਦਿਨ ਸਾਉਣ ਮਹੀਨੇ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਭੈਣਾਂ ਕੱਚੇ ਧਾਗੇ ਦੀ ਪੱਕੀ ਡੋਰ ਆਪਣੇ ਭਰਾਵਾਂ ਦੇ ਗੁੱਟ ’ਤੇ ਬੰਨਦੀਆਂ ਹਨ ਤੇ ਆਪਣੇ ਭਰਾਵਾਂ ਦੀ ਲੰਮੀ ਉਮਰ ਅਤੇ ਖ਼ੁਸ਼ਹਾਲੀ ਦੀ ਕਾਮਨਾ ਕਰਦੀਆਂ ਹਨ। ਭਰਾ ਵੀ ਸਾਰੀ ਉਮਰ ਆਪਣੀ ਭੈਣ ਦੀ ਰੱਖਿਆ ਕਰਨ ਦਾ ਵਚਨ ਦਿੰਦੇ ਹਨ। ਰੱਖੜੀ ਬੰਨਣ ਤੋਂ ਬਾਅਦ ਭੈਣ ਆਪਣੇ ਭਰਾ ਦਾ ਮੂੰਹ ਮਿੱਠਾ ਕਰਵਾਉਂਦੀ ਹੈ ਤੇ ਭਰਾ ਉਸ ਨੂੰ ਨਕਦੀ ਜਾਂ ਤੋਹਫ਼ੇ ਆਦਿ ਦਿੰਦਾ ਹੈ। ਬਦਲਦੇ ਜ਼ਮਾਨੇ ਤੇ ਵੱਧਦੇ ਫੈਸ਼ਨ ਨੇ ਹੁਣ ਰੇਸ਼ਮੀ ਧਾਗੇ ਦੀ ਥਾਂ ਫੈਂਸੀ ਰੱਖੜੀਆਂ ਨੇ ਲੈ ਲਈ ਹੈ। ਅੱਜ ਭੈਣਾਂ ਆਪਣੇ ਭਰਾਵਾਂ ਲਈ ਸੋਨੇ, ਚਾਂਦੀ ਦੀਆਂ ਰੱਖੜੀਆਂ ਖ਼ਰੀਦਦੀਆਂ ਹਨ। ਭੈਣਾਂ ਦੇ ਜੀਵਨ ਵਿਚ ਇਸ ਦਿਨ ਦੀ ਬਹੁਤ ਮਹੱਤਤਾ ਹੈ। ਪੂਰੇ ਭਾਰਤ ’ਚ ਇਸ ਦਿਨ ਨੂੰ ਖ਼ੁਸ਼ੀਆਂ ਨਾਲ ਮਨਾਇਆ ਜਾਂਦਾ ਹੈ।

ਰੱਖੜੀ ਜਾਂ ਰਾਖੀ ਦਾ ਅਸਲ ਭਾਵ ਹੀ ਕਿ ਵੀਰ ਭੈਣਾਂ ਦੀ ਰੱਖਿਆ ਕਰਨ ਜਾਂ ਕਿਸੇ ਔਕੜ ਸਮੇਂ ਰੱਖਿਆ ਕਰਨ ਲਈ ਵਚਨਬੱਧ ਹੋਣ। ਇਹ ਤਿਉਹਾਰ ਭੈਣ-ਭਰਾਵਾਂ ਦੇ ਮਿਲਣ ਦਾ ਵੀ ਸਬੱਬ ਬਣਦਾ। ਕਿਉਂਕਿ ਇਸ ਮਸ਼ੀਨੀ ਯੁੱਗ ਵਿਚ ਇੱਕ-ਦੂਜੇ ਨੂੰ ਮਿਲਣ ਦਾ ਜਿਵੇਂ ਕਾਲ ਹੀ ਪੈ ਗਿਆ ਲੱਗਦਾ। ਹਰ ਤਿਉਹਾਰ ਨੂੰ ਮਨਾਉਣ ਪਿੱਛੇ ਕੋਈ ਮਨੋਰਥ ਛੁਪਿਆ ਹੁੰਦਾ, ਇਸ ਲਈ ਰੱਖੜੀ ਬੰਨਣ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ, ਜੇ ਦੋਵੇਂ ਧਿਰਾਂ ਇੱਕ-ਦੂਜੇ ਨੂੰ ਦਿਲੋਂ ਇਮਾਨਦਾਰੀ ਨਾਲ ਪਿਆਰ ਤੇ ਸਤਿਕਾਰ ਦੇਣ, ਨਹੀਂ ਤਾਂ ਮਹਿੰਗੀਆਂ ਤੇ ਖ਼ੂਬਸੂਰਤ ਰੱਖੜੀਆਂ ਬੰਨਣ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ।

ਇਸ ਬੰਧਨ ਦਾ ਆਪਸੀ ਪਿਆਰ ਵੱਡੇ ਹੋਣ ਤੱਕ ਦਿਖਾਈ ਦਿੰਦਾ ਹੈ, ਪਰ ਫਿਰ ਇੱਕ ਵਾਰ ਦੁਨੀਆਦਾਰੀ ’ਚ ਉਲਝੋ, ਤਾਂ ਕਿਸ ਨੂੰ ਭਰਾ ਜਾਂ ਭੈਣ ਯਾਦ ਰਹਿੰਦੇ ਹਨ ਇਸੇ ਰੌਸ਼ਨੀ ‘ਚ ਤਿਉਹਾਰਾਂ ਦਾ ਮਹੱਤਵ ਸਮਝ ਵਿਚ ਆਉਂਦਾ ਹੈ, ਜਦੋਂ ਇੱਕ-ਦੂਜੇ ਲਈ ਸਮਾਂ ਕੱਢਣਾ ਜ਼ਰੂਰੀ ਹੋ ਜਾਂਦਾ ਹੈ।

ਸਾਰੇ ਤਿਉਹਾਰ ਆਉਂਦੇ-ਜਾਂਦੇ ਹਨ, ਪਰ ਰੱਖੜੀ ਮੰਨੋ ਉਮਰ ਦੇ ਹਰ ਪੜਾਅ ’ਤੇ ਭਰਾ-ਭੈਣ ਨੂੰ ਜੋੜ ਕੇ ਰੱਖਦੀ ਹੈ ਜਿਵੇਂ ਹੀ ਭੈਣ ਰੱਖੜੀ ਨਾਲ ਭਰਾ ਦੇ ਗੁੱਟ ਨੂੰ ਸਜਾਉਂਦੀ ਹੈ, ਅਜਿਹਾ ਲੱਗਦਾ ਹੈ ਜਿਵੇਂ ਭਰਾ ਵੀ ਬਹਾਦਰ ਹੋ ਗਿਆ, ਨਿਵੇਕਲਾ ਜਿਹਾ ਹੋ ਗਿਆ ਦੂਜੇ ਪਾਸੇ ਉਸ ਦੀ ਭੈਣ ਉਸ ਵੱਲ ਪਾਕ, ਕੋਮਲ ਅਤੇ ਸੂਖਮ ਹੋ ਗਈ ਤਿਉਹਾਰ ਧੁਰੀ ਵਾਂਗ ਹੁੰਦੇ ਹਨ, ਜਿਨਾਂ ਦੇ ਇਰਦ-ਗਿਰਦ ਪੀੜੀਆਂ ਘੁੰਮਦੀਆਂ ਰਹਿੰਦੀਆਂ ਹਨ ਪਰ ਇਸ ਰਸਮ ਵਿਚ ਪਿਆਰ ਦਾ ਹੋਣਾ, ਮਿੱਠੇ ਦੀ ਮਿਠਾਸ ਵਾਂਗ ਜ਼ਰੂਰੀ ਹੈ, ਜੋ ਸਮੇਂ ਦੇ ਨਾਲ ਤੁਰਨ ਦੇ ਹੀ ਮੁਮਕਿਨ ਹੋਵੇਗਾ।

ਰੱਖੜੀ ਦੇ ਸੂਤ ਦੇ ਧਾਗੇ ਨਾਲ ਹਰੇਕ ਭਰਾ ਸ਼ਕਤੀਸ਼ਾਲੀ ਹੋ ਜਾਂਦਾ ਹੈ ਉਹ ਕਿਸੇ ਵੀ ਆਫ਼ਤ ਤੋਂ ਆਪਣੀ ਭੈਣ ਦੀ ਰੱਖਿਆ ਲਈ ਤਿਆਰ ਦਿਸਦਾ ਹੈ ਰੱਖੜੀ ਨੂੰ ਬੰਨਦੇ-



ਬੰਨਦੇ ਭੈਣ ਵੀ ਖੁਦ ਨੂੰ ਦੁੱਗਣਾ ਸਮਝਣ ਲੱਗਦੀ ਹੈ ਸੰਵੇਦਨਾਵਾਂ ਇੱਕ ਨਵੀਂ ਪਰੰਪਰਾ ਵਿਚ ਬੰਨਦੀਆਂ ਨਜ਼ਰ ਆਉਦੀਆਂ ਹਨ ਮਾਪਿਆਂ ਦਾ ਸਹਿਯੋਗ ਵੀ ਸਮੇਂ ਦੇ ਨਾਲ ਭਰਾ-ਭੈਣ ’ਚ ਆਪਣੀ ਜਗਾ ਬਣਾ ਲੈਂਦਾ ਹੈ ਇਹ ਧਾਗਾ ਭਰਾ-ਭਰਾ ਅਤੇ ਭੈਣਾਂ ’ਚ ਵੀ ਉਹੀ ਭੂਮਿਕਾ ਨਿਭਾਉਂਦਾ ਹੈ, ਜੋ ਭੈਣ-ਭਰਾ ਵਿਚ ਨਿਭਾਉਂਦਾ ਹੈ

ਭਾਰਤੀ ਪਰਿਵਾਰਾਂ ‘ਚ ਭੈਣਾਂ ਜਦੋਂ ਸਹੁਰੇ ਪਰਿਵਾਰ ਚਲੀਆਂ ਜਾਂਦੀਆਂ ਹਨ, ਤਾਂ ਉਨਾਂ ਨਾਲ ਬਹੁਤ ਕੁਝ ਚਲਿਆ ਜਾਂਦਾ ਹੈ ਭੈਣ ਦੇ ਜਾਣ ਨਾਲ ਘਰ ਖਾਲੀ ਅਤੇ ਉੱਥੇ ਭੈਣ ਦੇ ਦਿਲ ’ਚ ਭਰਾ-ਪਰਿਵਾਰ ਦੀਆਂ ਯਾਦਾਂ ਦਾ ਬੱਦਲ ਅਜਿਹੇ ਵਿਚ ਰੱਖੜੀ ਦਾ ਤਿਉਹਾਰ ਫਿਰ ਤੋਂ ਸਾਰੇ ਛੱਡੇ ਧਾਗਿਆਂ ਨੂੰ ਪਿਰੋ ਦਿੰਦੀ ਹੈ ਦੂਰ ਰਹਿੰਦੀ ਭੈਣ ਚਿੱਠੀ ਵਿਚ ਵੀ ਜਦੋਂ ਰੱਖੜੀ ਰੱਖਦੀ ਹੈ, ਤਾਂ ਜਿਵੇਂ ਉੱਡ ਕੇ ਪੇਕੇ ਪਰਿਵਾਰ ਵਿਚ ਪਹੁੰਚ ਜਾਂਦੀ ਹੈ ਅਤੇ ਇੱਥੇ ਭਰਾ ਜਦੋਂ ਉਸ ਰੱਖੜੀ ਨੂੰ ਹੱਥ ਵਿਚ ਲੈਂਦਾ ਹੈ ਤਾਂ ਭੈਣ ਦੇ ਪਿਆਰ ’ਚ ਅੱਖਾਂ ਭਰ ਲੈਂਦਾ ਹੈ।

ਰੱਖਿਆ-ਸੂਤਰ ਰਿਸ਼ਤਿਆਂ ਨੂੰ ਸੂਤਰਬੱਧ ਕਰਦਾ ਹੈ ਨਾਲ ਪਲੇ, ਵੱਡੇ ਹੋਏ ਬੱਚਿਆਂ ਲਈ ਬਚਪਨ ਦੀ ਹਰ ਯਾਦ ਖਾਸ ਹੁੰਦੀ ਹੈ ਕਿਹੜੇ ਦੋਸਤ ਹੁੰਦੇ ਹਨ, ਜੋ ਜਨਮ ਦੇ ਨਾਲ ਹੁੰਦੇ ਹਨ-ਭਰਾ ਭੈਣ ਹੀ ਨਾ ? ਇਸ ਲਈ ਬਚਪਨ ਦੇ ਹਰ ਕਿੱਸੇ ਵਿਚ, ਜ਼ਿੰਦਗੀ ਦੇ ਸ਼ੁਰੂਆਤੀ ਹਰ ਹਿੱਸੇ ’ਚ ਭਰਾ-ਭੈਣਾਂ ਦਾ ਜ਼ਿਕਰ ਹੋਣਾ ਲਾਜ਼ਮੀ ਹੈ ਰੱਖੜੀ ਉਹ ਤਿਉਹਾਰ ਹੈ ਜੋ ਇਨਸਾਨ ਦੇ ਅੰਦਰ ਬਚਪਨ ਨੂੰ, ਪਰਿਵਾਰ ਦੀਆਂ ਜੜਾਂ ਨੂੰ ਅਤੇ ਪੈਦਾਇਸ਼ੀ ਰਿਸ਼ਤਿਆਂ ਨੂੰ ਨਵੀਂ ਊਰਜਾ ਦਿੰਦਾ ਰਹਿੰਦਾ ਹੈ ਰੱਖੜੀ ਆਉਣ ਵਾਲੀ ਹੈ, ਮਾਪਿਆਂ ਦੇ ਸਾਹਮਣੇ ਮਨਾਏ ਤਿਉਹਾਰ ਤੋਂ ਲੈ ਕੇ ਅੱਜ ਤੱਕ ਦੇ ਹਰ ਤਿਉਹਾਰ ਨੂੰ ਯਾਦ ਕਰਕੇ ਦੇਖੋ-ਕੁਝ ਸ਼ਰਾਰਤਾਂ ਯਾਦ ਆਉਣਗੀਆਂ ਕੁਝ ਰੱਖੜੀਆਂ, ਕੁਝ ਮਹਿੰਦੀਆਂ, ਕੁਝ ਮੌਸਮ, ਬਾਰਸ਼ਾਂ, ਮਿਠਾਈਆਂ, ਪਰਿਵਾਰਾਂ ਦੀ ਇੱਕਜੁਟਤਾ, ਮਾਮੇ-ਚਾਚਿਆਂ ਦੇ ਬੱਚਿਆਂ ਨਾਲ ਮਨਾਏ ਤਿਉਹਾਰ ਰੱਖੜੀ ਬੰਨਦੇ ਸਮੇਂ ਹੋਏ।

ਅਹਿਸਾਸਾਂ ਨੂੰ ਪ੍ਰਗਟਾਅ ਕਰਨਾ

ਭਰਾ-ਭੈਣਾਂ ਦਾ ਜੁੜਾਅ ਅਟੁੱਟ ਹੁੰਦਾ ਹੈ, ਪਰ ਹਰ ਕੋਈ ਇਸ ਨੂੰ ਜ਼ਾਹਿਰ ਨਹੀਂ ਕਰ ਸਕਦਾ ਇੱਕ-ਦੂਜੇ ਨਾਲ ਕਿੰਨਾ ਵੀ ਪਿਆਰ ਹੋਵੇ, ਆਮ ਤੌਰ ’ਤੇ ਭਰਾ-ਭੈਣ ਇੱਕ-ਦੂਜੇ ਨੂੰ ਇਹ ਗੱਲ ਕਹਿ ਨਹੀਂ ਸਕਦੇ ਰੱਖੜੀ ਦਾ ਦਿਨ ਇੱਕ ਪ੍ਰਗਟਾਅ ਬਣ ਕੇ ਆਉਂਦਾ ਹੈ ਭਰਾ ਦੀ ਲੜਾਈ ਵੀ ਉਸ ਦਿਨ ਇੱਕ ਵੱਖਰੇ ਪਿਆਰ ’ਚ ਭਿੱਜੀ ਹੁੰਦੀ ਹੈ ਸਾਲ ਭਰ ਹਰ ਚੀਜ਼ ਖੋਹਣ ਵਾਲਾ ਭਰਾ ਜਦੋਂ ਪਿਆਰਾ ਜਿਹਾ ਤੋਹਫਾ ਦਿੰਦਾ ਹੈ, ਉਸ ਅਹਿਸਾਸ ਨੂੰ ਭੈਣ ਖ਼ੂਬ ਮਹਿਸੂਸ ਕਰਦੀ ਹੈ ਦੂਰ ਰਹਿਣ ਵਾਲੇ ਭਰਾ-ਭੈਣ ਦੀ ਰੱਖੜੀ ਦੇ ਦਿਨ ਇੱਕ-ਦੂਜੇ ਕੋਲ ਪਹੁੰਚਣ ਦੀਆਂ ਕੋਸ਼ਿਸ਼ਾਂ ਵੀ ਕਈ ਵਾਰ ਬਿਨਾਂ ਕਹੇ ਬਹੁਤ ਕੁਝ ਕਹਿ ਜਾਂਦੀਆਂ ਹਨ।

ਭਾਵੇਂ ਮਸ਼ੀਨੀ ਯੁੱਗ ਆਉਣ ਕਰਕੇ ਅਤੇ ਤਕਨਾਲੋਜੀ ਦੇ ਵਿਕਾਸ ਨੇ ਭਾਰਤੀ ਰਹਿਣ ਸਹਿਣ ਅਤੇ ਲੋਕਾਂ ਦੀ ਸੋਚ ਵਿੱਚ ਬਹੁਤ ਬਦਲਾਅ ਲਿਆਉਂਦਾ ਹੈ। ਸਮੇਂ ਦੇ ਨਾਲ ਰੱਖੜੀ ਦੇ ਤਿਉਹਾਰ ਦੇ ਅਰਥ ਵੀ ਕੁਝ ਹੱਦ ਤੱਕ ਬਦਲ ਗਏ ਹਨ। ਪਹਿਲਾਂ ਰੱਖੜੀ ਬੰਨਣ ਸਮੇਂ ਭਰਾ ਭੈਣਾਂ ਨੂੰ ਉਹਨਾਂ ਦੀ ਰੱਖਿਆ ਕਰਨ ਦਾ ਵਚਨ ਦਿੰਦੇ ਸੀ। ਅੱਜ ਜਦੋਂ ਕੁੜੀਆਂ ਆਰਥਿਕ ਰੂਪ ਵਿੱਚ ਮੁੰਡਿਆਂ ਨੂੰ ਟੱਕਰ ਦੇ ਰਹੀਆਂ ਹਨ ਅਤੇ ਘਰਾਂ ਦੀ ਜ਼ਿੰਮੇਦਾਰੀ ਨੂੰ ਪੂਰੀ ਤਰਾਂ ਨਾਲ ਸੰਭਾਲ ਰਹੀਆਂ ਹਨ ਉਹ ਵੀ ਭਰਾਵਾਂ ਦੀ ਰੱਖਿਆ ਕਰਨ ਦੇ ਕਾਬਿਲ ਹੋ ਗਈਆਂ ਹਨ।

ਪਦਾਰਥ ਵਾਦੀ ਯੁਗ ਹੋਣ ਕਰਕੇ ਅੱਜ ਭੈਣ ਭਰਾ ਦੇ ਰਿਸ਼ਤੇ ਵਿੱਚ ਪਹਿਲਾਂ ਵਾਂਗ ਮਿਠਾਸ ਨਹੀਂ ਰਹੀ। ਹੁਣ ਇਹ ਜ਼ਿਆਦਾਤਰ ਇੱਕ ਲੈਣ ਦੇਣ ਦਾ ਸੰਬੰਧ ਜਾਂ ਇੱਕ ਰਸਮ ਬਣਕੇ ਰਹਿ ਗਿਆ ਹੈ। ਇਸ ਤਰਾਂ ਦੇ ਬਹੁਤ ਉਦਾਹਰਣ ਸਮਾਜ ਵਿੱਚ ਮਿਲਦੇ ਹਨ, ਮਾਂ-ਬਾਪ ਦੀ ਮੌਤ ਤੋਂ ਬਾਅਦ ਭੈਣਾਂ ਭਰਾਵਾਂ ਦੇ ਰਿਸ਼ਤਿਆਂ ਵਿੱਚ ਫ਼ਿੱਕ ਪੈ ਜਾਂਦੀ ਹੈ।

ਅੱਜ ਸਮੇਂ ਦੀ ਲੋੜ ਹੈ ਕਿ ਅਸੀਂ ਪਰਿਵਾਰ ਦੇ ਮਹੱਤਵ ਨੂੰ ਸਮਝੀਏ। ਭੈਣ ਭਰਾ ਦੇ ਰਿਸ਼ਤੇ ਦੀ ਗਰਿਮਾ ਦਾ ਮਾਣ ਰੱਖੀਏ। ਭੈਣਾਂ-ਭਰਾਵਾਂ ਲਈ ਰਖੜੀ ਦਾ ਤਿਉਹਾਰ ਮੁੜ ਉਹੀ ਭਾਵਨਾਤਮਕ ਸਾਂਝ ਲੈ ਕੇ ਆਵੇ ਅਤੇ ਉਨਾਂ ਦੇ ਆਪਸੀ ਪਿਆਰ ਅਤੇ ਸਨਮਾਨ ਵਿੱਚ ਹਰ ਪਲ ਵਾਧਾ ਹੋਵੇ। ਇਸ ਕਾਮਨਾ ਨਾਲ ਮੈਂ ਰੱਖੜੀ ਦੇ ਪਵਿੱਤਰ ਤਿਉਹਾਰ ਤੇ ਸਾਰਿਆਂ ਨੂੰ ਬਹੁਤ-ਬਹੁਤ ਵਧਾਈ ਦਿੰਦੀ ਹਾਂ।



# ਮਾਨਵਤਾ ਦੇ ਸੇਵਾਦਾਰ ਭਗਤ ਪੂਰਨ ਸਿੰਘ

**ਡਾ. ਗੁਰਵਿੰਦਰ ਸਿੰਘ**

ਪਿੰਗਲਵਾੜਾ ਸੰਸਥਾ ਦੇ ਬਾਨੀ ਅਤੇ ਮਾਨਵਤਾ ਦੀ ਸੇਵਾ ਦੀ ਮੂਰਤ ਭਗਤ ਪੂਰਨ ਸਿੰਘ ਜੀ ਦਾ ਜਨਮ 4 ਜੂਨ 1904 ਨੂੰ ਪਿੰਡ ਰੋਹਣੋਂ ਰਾਜੇਵਾਲ, ਖੰਨਾ ਵਿਖੇ ਮਾਤਾ ਮਹਿਤਾਬ ਕੌਰ ਦੀ ਕੁੱਖੋਂ ਹੋਇਆ ਸੀ ਅਤੇ ਆਪ ਜੀ ਦਾ ਚਲਾਣਾ 5 ਅਗਸਤ 1992 ਨੂੰ ਅੰਮ੍ਰਿਤਸਰ ਸਥਿਤ ਪਿੰਗਲਵਾੜਾ ਆਸ਼ਰਮ 'ਤੇ ਹੋਇਆ। ਭਗਤ ਜੀ ਨੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਹਨ, ਜਿਨਾਂ ਵਿੱਚੋਂ ਇੱਕ ਹੈ : 'ਮੇਰੇ ਜੀਵਨ ਦੀਆਂ ਬੇ-ਆਸਰੇ, ਅਪਾਹਜਾਂ, ਰੋਗੀਆਂ ਦੀ ਸੇਵਾ ਸੰਭਾਲ ਦੀਆਂ ਤੇ ਕੁਝ ਹੋਰ ਕਹਾਣੀਆਂ'। ਇਸ ਕਿਤਾਬ ਦੇ ਅਨੇਕਾਂ ਅਡੀਸ਼ਨ ਛਪ ਚੁੱਕੇ ਹਨ, ਪਰ ਇਸ ਵਿੱਚ ਇੱਕ ਅਜਿਹਾ ਇਤਿਹਾਸਕ ਬਿਰਤਾਂਤ ਅੰਕਿਤ ਹੈ, ਜੋ ਪੰਜਾਬੀ ਸਾਹਿਤ ਦੇ ਵਾਰਤਕ ਨੂੰ ਨਵਾਂ ਰੂਪ ਦੇਣ ਦੇ ਸਮਰੱਥ ਹੋਣ ਤੋਂ ਇਲਾਵਾ, ਇਤਿਹਾਸਿਕ ਭੁਲੇਖਿਆਂ ਅਤੇ ਗ਼ਲਤ ਪ੍ਰਸੰਗਾਂ ਨੂੰ ਰੱਦ ਕਰਦਾ ਹੋਇਆ, ਅੱਖਾਂ ਖੋਲਦਾ ਹੈ। ਭਗਤ ਪੂਰਨ ਸਿੰਘ ਜੀ ਨੂੰ ਯਾਦ ਕਰਦਿਆਂ ਉਨਾਂ ਦੀ ਇਹ ਮਹਾਨ ਲਿਖਤ ਬਾਰੇ ਵਿਚਾਰ- ਵਟਾਂਦਰਾ ਕਰਨਾ ਲਾਹੇਵੰਦ ਰਹੇਗਾ। ਆਓ ਆਰੰਭ ਵਿੱਚ, ਕਿਤਾਬ ਦੇ ਪੰਨਾ 59 'ਤੇ ਅੰਕਿਤ ਇਹ ਲੇਖ ਸਾਂਝਾ ਕਰਦੇ ਹਾਂ :

ਲਾਲਾ ਲਾਜਪਤ ਰਾਏ ਦੀ ਚਿਤਾ ਦੀ ਰਾਖੀ

ਲਾਲਾ ਲਾਜਪਤ ਰਾਏ ਭਾਰਤ ਦੇ ਸੁਤੰਤਰਤਾ ਅੰਦੋਲਨ ਦੇ ਇਕ ਸਿਰ ਕੱਢ ਆਗੂ ਹੋਏ ਸਨ। ਉਨਾਂ ਦੀ ਮੌਤ 17 ਨਵੰਬਰ ਵਾਲੇ ਦਿਨ ਹੋਈ ਸੀ। ਸਾਲ ਪਤਾ ਨਹੀਂ 1928 ਸੀ ਜਾਂ 1929 ਸੀ। ਮੈਨੂੰ ਲਾਲਾ ਜੀ ਦੀ ਮੌਤ ਦਾ ਪਤਾ ਸਵੇਰ ਦੇ ਅੱਠ ਕੁ ਵਜੇ ਲੱਗਿਆ ਸੀ। ਬੁੱਚੜ ਖ਼ਾਨਿਆਂ ਵਿੱਚ ਪਸ਼ੂਆਂ 'ਤੇ ਹੋਣ ਵਾਲੇ ਕਹਿਰਾਂ ਦੇ ਕਾਰਣ ਉਨਾਂ ਦਿਨਾਂ ਵਿੱਚ ਮੈਂ ਚਮੜੇ ਦੀ ਜੁੱਤੀ ਪਹਿਨਣੀ ਛੱਡੀ ਹੋਈ ਸੀ, ਜਿਹੜੀ ਮੈਂ ਪੰਜਾਹ ਸਾਲ ਛੱਡੀ ਰੱਖੀ ਤੇ ਲੱਕੜ ਦੀਆਂ ਖੜਾਵਾਂ ਹੀ ਪਹਿਨਦਾ ਰਿਹਾ। ਮੈਂ ਕੁੜਤਾ ਪਜਾਮਾ ਪਹਿਨਣਾ ਛੱਡਿਆ ਹੋਇਆ ਸੀ। ਲੱਕ ਤੇ ਕਛਹਿਰਾ ਅਤੇ ਸਿਰ ਤੇ ਮੈਂ ਪਰਨਾ ਬੰਨਦਾ ਹੁੰਦਾ ਸੀ। ਇਕ ਖੇਸੀ ਸਰਦੀਆਂ ਦੀ ਰੁੱਤ ਵਿੱਚ ਮੇਰੇ ਉਤੇ ਹੁੰਦੀ ਸੀ। ਲਾਲਾ ਜੀ ਦੀ ਮੌਤ ਦਾ ਪਤਾ ਲੱਗਦੇ ਸਾਰ ਹੀ ਮੈਂ ਉਨਾਂ ਦੀ ਕੋਠੀ ਵੱਲ ਨੂੰ ਤੁਰ ਪਿਆ ਸਾਂ। ਮੈਂ ਇਹ ਨਾ ਸੋਚਿਆ ਕਿ ਲਾਸ਼ ਤਾਂ ਤਿੰਨ ਚਾਰ ਵਜੇ ਤੋਂ ਪਹਿਲਾਂ ਸਾੜਨ ਵਾਸਤੇ ਨਹੀਂ ਲਿਜਾਈ ਜਾਵੇਗੀ। ਕਿਉਂਕਿ ਬਹੁਤ ਲੋਕਾਂ ਨੇ ਨੜੋਏ ਦੇ ਨਾਲ ਤੁਰਨਾ ਹੋਵੇਗਾ। ਜਿਹੜੇ ਹੋਰਨਾਂ ਸ਼ਹਿਰਾਂ ਤੋਂ ਵੀ ਆਉਣੇ ਸਨ।

ਅਰਥੀ ਦਾ ਜਲੂਸ ਦਿਨ ਦੇ ਚਾਰ ਕੁ ਵਜੇ ਲਾਲਾ ਜੀ ਦੀ ਕੋਠੀ ਲੋਕ ਸੇਵਕ ਮੰਡਲ ਤੋਂ ਚੱਲਿਆ ਅਤੇ ਯੂਨੀਵਰਸਿਟੀ ਦੇ ਸਾਹਮਣੇ ਦੀ ਸੜਕ ਤੋਂ ਲੰਘਦਾ ਹੋਇਆ ਅਨਾਰਕਲੀ ਬਾਜ਼ਾਰ ਵਿੱਚ ਵੜਿਆ। ਉਥੋਂ ਰਾਵੀ ਰੋਡ ਤੇ ਰਾਤ ਦਾ ਹਨੇਰਾ ਪੈਣ ਦੇ ਵੇਲੇ ਰਾਵੀ ਦਰਿਆ ਤੇ ਪੁੱਜਿਆ। ਮੇਰੇ ਪਾਸ ਪੈਸੇ ਤਾਂ ਉਨਾਂ ਦਿਨਾਂ ਵਿੱਚ ਨਹੀਂ ਹੁੰਦੇ ਹਨ, ਕਿਉਂਕਿ ਮੈਂ ਬਿਨਾਂ ਤਨਖ਼ਾਹ ਤੋਂ ਸੇਵਾ ਕਰਦਾ ਹੁੰਦਾ ਸਾਂ। ਇਸ ਲਈ ਉਸ ਦਿਨ ਮੈਂ ਰਾਤ ਤੱਕ ਸਾਰਾ ਦਿਨ ਭੁੱਖਾ ਰਿਹਾ।

ਰਸਤੇ ਵਿੱਚ ਇਕ ਗੋਰੇ ਜਿਹੇ ਮੁਸਲਮਾਨ ਨੂੰ ਲੋਕਾਂ ਨੇ ਕੁੱਟਿਆ। ਉਸ ਨੂੰ ਲੋਕੀ ਅੰਗਰੇਜ਼ ਕਰਨਲ ਲਾਰੈਂਸ ਸਮਝਦੇ ਸਨ ਕਿ ਉਸ ਨੇ ਅੰਗਰੇਜ਼ ਹੁੰਦਿਆਂ ਹੋਇਆ ਮੁਸਲਮਾਨਾਂ ਵਾਲੇ ਕੱਪੜੇ ਪਾ ਕੇ ਭਾਰਤ ਵਿੱਚ ਸਥਾਨਕ ਮੁਸਲਮਾਨ ਬਣ ਕੇ ਰਹਿਣ ਦਾ ਪਾਖੰਡ ਰਚਿਆ ਹੋਇਆ ਹੈ। ਬਹੁਤ ਵੱਡੀ ਗਿਣਤੀ ਵਿੱਚ ਲੋਕੀ ਨੜੋਏ ਦੇ ਨਾਲ ਗਏ ਸਨ।

ਜਦ ਲਾਲਾ ਜੀ ਦੀ ਚਿਤਾ ਨੂੰ ਅੱਗ ਲਾ ਦਿੱਤੀ ਗਈ ਤਾਂ ਡਾਕਟਰ ਗੋਪੀ ਚੰਦ ਭਾਰਗਵ, ਖੱਦਰ ਭੰਡਾਰ ਪਰੀ ਮਹਿਲ ਦਾ ਮੈਨੇਜਰ ਪੰਡਿਤ ਰਾਮ ਲਾਲ , ਛੋਟਾ ਮੈਨੇਜਰ ਸਰਦਾਰ ਜਸਵੰਤ ਸਿੰਘ ਤੇ ਡਾਕਟਰ ਸਾਹਿਬ ਦੇ ਚਾਚੇ ਦਾ ਪੁੱਤਰ ਮਨੋਹਰ ਲਾਲ ਚਾਰ ਜਣੇ ਖੜੇ ਗੱਲਾਂ ਕਰ ਰਹੇ ਸਨ। ਮੈਂ ਉਨਾਂ ਪਾਸ ਚਲਿਆ ਗਿਆ। ਉਹ ਸਾਰੇ ਜਣੇ ਮੈਨੂੰ ਜਾਣਦੇ ਸਨ ਕਿਉਂਕਿ ਮੈਂ ਖੱਦਰ ਭੰਡਾਰ ਤੋਂ ਖੱਦਰ ਖ਼ਰੀਦਦਾ ਹੁੰਦਾ ਸਾਂ ਤੇ ਖੱਦਰ ਦਾ ਪ੍ਰਚਾਰ ਕਰਨ ਵਾਲਾ ਵੀ ਸਾਂ। ਡਾਕਟਰ ਸਾਹਿਬ ਨਾਲ ਵੀ ਮੇਰੀ ਚੰਗੀ ਸਤਿਕਾਰ ਭਰੀ ਜਾਣ ਪਛਾਣ ਸੀ।

ਉਹ ਆਪਸ ਵਿੱਚ ਇਹ ਗੱਲ ਕਰ ਰਹੇ ਸਨ ਕਿ ਰਾਤ ਨੂੰ ਚਿਤਾ ਦੀ ਰਾਖੀ ਲਈ ਕਿਸ ਨੂੰ ਛੱਡਿਆ ਜਾਵੇ। ਇਹ ਫ਼ਿਕਰ ਉਨਾਂ ਨੂੰ ਇਸ ਲਈ ਪੈਦਾ ਹੋਇਆ ਕਿਉਂਕਿ ਸੰਨ 1927 ਵਿੱਚ ਸਖ਼ਤ ਹਿੰਦੂ ਮੁਸਲਿਮ ਫਸਾਦ ਹੋ ਚੁੱਕੇ ਸਨ। ਉਨਾਂ ਦੀ ਇਹ ਗੱਲ ਸੁਣ ਕੇ ਮੈਂ ਕਿਹਾ, ਡਾਕਟਰ ਸਾਹਿਬ ਰਾਤ ਨੂੰ ਮੈਂ ਚਿਤਾ ਦੇ ਲਾਗੇ ਸੌਂ ਜਾਵਾਂਗਾ। ਡਾਕਟਰ ਸਾਹਿਬ ਨੇ ਦਰਿਆ ਦੇ ਲਾਗੇ ਦੇ ਕਿਸੇ ਮਕਾਨ ਵਿਚੋਂ ਮੇਰੇ ਲਈ ਇਕ ਛੋਟੀ ਜਿਹੀ ਮੰਜੀ ਮੰਗਵਾ ਲਈ ਜਿਸ ਉਤੇ ਮਸਾਂ ਦਸਾਂ ਸਾਲਾਂ ਦਾ ਮੁੰਡਾ ਸੌਂ ਸਕਦਾ ਸੀ। ਮੰਜੀ ਦੇ ਵਾਣ ਦੀ ਬੁਣਤਰ ਵਿਚੋਂ ਝੂਘ ਸੀ। ਮੈਂ ਮੰਜੀ ਤੇ ਲੇਟ ਗਿਆ। ਮੈਂ ਸਾਰੇ ਦਿਨ ਦਾ ਭੁੱਖਾ ਸਾਂ। ਜੇ ਮੇਰੇ ਪਾਸ ਪੈਸੇ ਹੁੰਦੇ ਤਾਂ ਮੈਂ ਰਾਵੀ ਦਰਿਆ 'ਤੇ ਹਨੇਰਾ ਹੋਏ 'ਤੇ ਪੁੱਜਣ ਦੇ ਸਮੇਂ ਤੋਂ ਬਹੁਤ ਸਮਾਂ ਪਹਿਲਾਂ ਰੋਟੀ ਕਿਸੇ ਤੰਦੂਰ ਤੋਂ ਮੁੱਲ ਲੈ ਕੇ ਖਾ ਸਕਦਾ ਸਾਂ ਜਾਂ ਕੋਈ ਹੋਰ ਵਸਤੂ ਮੂੰਗਫਲੀ ਜਾਂ ਛੋਲੇ ਚਬਾ ਕੇ ਆਪਣੀ ਭੁੱਖ ਮਿਟਾ ਲੈਂਦਾ।

ਰਾਤ ਦੇ ਦਸ ਕੁ ਵਜੇ ਡਾਕਟਰ ਸਾਹਿਬ ਦਾ ਭਰਾ ਮਨੋਹਰ ਲਾਲ ਤੇ ਉਨਾਂ ਦਾ ਸੈਕਟਰੀ ਯਸ਼ਪਾਲ ਦੋਵੇਂ ਜਣੇ ਆਏ। ਮੈਂ ਆਪਣੇ ਲਈ ਪ੍ਰਸ਼ਾਦਾ ਤੇ ਪਾਲੇ ਤੋਂ ਬਚਣ ਲਈ ਕੰਬਲ ਜਾਂ ਰਜਾਈ ਦੀ ਉਡੀਕ ਕਰਨੀ ਸੀ ਪਰ ਰਾਤ ਨੂੰ ਜਿਹੜੇ ਦੋ ਬੰਦੇ ਮੇਰੇ ਪਾਸ ਆਏ ਉਹ ਰਜਾਈ ਤਲਾਈ ਕੰਬਲ ਜਾਂ ਖੇਸੀ ਕੋਈ ਕੱਪੜਾ ਵੀ ਨਾ ਲੈ ਕੇ ਆਏ। ਰੋਟੀ ਵੱਲੋਂ ਵੀ ਡਾਕਟਰ ਸਾਹਿਬ ਨੂੰ ਕੀ ਪਤਾ ਸੀ ਕਿ ਮੇਰੇ ਵਰਗੇ ਸੇਵਾ ਲਈ ਜੀਵਨ ਅਰਪਣ ਕਰਕੇ ਪੈਸਾ ਨਾ ਕਮਾਉਣ ਵਾਲੇ ਬੰਦੇ ਨੂੰ ਸਾਰਾ ਦਿਨ ਵੀ ਭੁੱਖਾ ਰਹਿਣਾ ਪਿਆ ਕਰਦਾ ਹੈ। ਉਹ ਦੋਵੇਂ ਜਣੇ ਮੈਨੂੰ ਗਲੋਂ ਲਾਹੁਣ ਲਈ ਕਿਸੇ ਹਲਵਾਈ ਦੀ ਹੱਟੀ ਤੋਂ ਦੋ ਕੁ ਪੂੜੀਆਂ ਲੈ ਕੇ ਆਏ ਜਿਹੜੀਆਂ ਤੋਲਾ ਤੋਲਾ ਭਰ ਦੀਆਂ ਹੋਣਗੀਆਂ। ਸਾਰਾ ਦਿਨ ਦੇ ਭੁੱਖੇ ਨੇ ਮੈਂ ਉਹ ਦੋ ਪੂੜੀਆਂ ਖਾਧੀਆਂ ਪਰ ਮੈਂ ਡਰਦਿਆਂ ਦਰਿਆ ਦਾ ਪਾਣੀ ਇਸ ਖ਼ਿਆਲ ਨਾਲ ਪੀਤਾ ਕਿ ਦਰਿਆ ਦਾ ਪਾਣੀ ਸ਼ਾਇਦ ਖ਼ਰਾਬ ਹੁੰਦਾ ਹੋਵੇ।

ਰਾਤ ਦੇ ਤਿੰਨ ਕੁ ਵਜੇ ਮੈਨੂੰ ਦਰਿਆ ਦੀ ਬਰੇਤੀ ਵਿੱਚ ਪਏ ਨੂੰ ਇਤਨੀ ਸਰਦੀ ਚੜ ਗਈ ਕਿ ਮੈਂ ਹੱਥ ਹਿਲਾਉਣ ਜੋਗਾ ਨਾ ਰਿਹਾ। ਮੈਂ ਮਨੋਹਰ ਲਾਲ ਤੇ ਯਸ਼ਪਾਲ ਦੋਹਾਂ ਨੂੰ ਆਵਾਜ਼ ਮਾਰ ਕੇ ਜਗਾਇਆ ਤੇ ਕਿਹਾ ਕਿ ਮੈਨੂੰ ਤਾਂ ਸਰਦੀ ਚੜ ਗਈ ਹੈ। ਯਸ਼ਪਾਲ ਨੇ ਕਿਹਾ ਕਿ ਲਾਲਾ ਜੀ ਨੂੰ ਕਹਿ ਦੇ ਕਿ ਲਾਲਾ ਜੀ ਮੈਂ ਵੀ ਤੁਹਾਡੇ ਨਾਲ ਹੀ ਆ ਰਿਹਾ ਹਾਂ। ਲਾਲਾ ਜੀ ਦੀ ਚਿਤਾ ਵਿਚੋਂ ਪੇਸ਼ਾਬ ਦੀ ਪੂਰੀ ਧਾਰ ਨਿਕਲੀ ਸੀ। ਯਸ਼ਪਾਲ ਨੇ ਮੈਨੂੰ ਆਪਣੇ ਉਤੋਂ ਗਰਮ ਕੱਪੜੇ ਦਾ ਓਵਰ ਕੋਟ ਲਾਹ ਕੇ ਦਿੱਤਾ ਪਰ ਉਸ ਕੋਟ ਨਾਲ ਮੇਰਾ ਕੀ ਸੰਵਰਨਾ ਸੀ? ਤਿੰਨ ਕੁ ਵਜੇ ਚਿਤਾ ਦਾ ਸਵਾ ਗਜ ਦੇ ਕਰੀਬ ਹਿੱਸਾ ਸੁਆਹ ਬਣ ਚੁੱਕਿਆ ਸੀ। ਗਰਮ ਸੁਆਹ ਦੇ ਉਸ ਹਿੱਸੇ 'ਤੇ ਮੈਂ ਆਪਣੀ ਮੰਜੀ ਡਾਹ ਲਈ ਤੇ ਇਸ ਤਰਾਂ ਮੇਰੀ ਜਾਨ ਬਚੀ ਤੇ ਮੈਂ ਸੌਂ ਵੀ ਗਿਆ।

ਅਗਲੀ ਸਵੇਰ ਦਿਨ ਦੇ ਸਾਢੇ ਨੌਂ ਵਜੇ ਲਾਲਾ ਲਾਜਪਤ ਰਾਏ ਦਾ ਭਰਾ ਲਾਲਾ ਗਣਪਤ ਰਾਏ ਤੇ ਉਸ ਦਾ ਪੁੱਤਰ ਦੋਵੇਂ ਜਣੇ ਆਏ ਤਾਂ ਮੈਂ ਉਸ ਥਾਂ ਤੋਂ ਤੁਰਿਆ। ਉਸ ਵੇਲੇ ਤੱਕ ਮੈਨੂੰ ਰੋਟੀ ਖਾਧੀ ਨੂੰ 36 ਘੰਟੇ ਤੋਂ ਵੱਧ ਸਮਾਂ ਹੋ ਚੁੱਕਿਆ ਸੀ। ਅਗਲੀ ਸਵੇਰ ਮੈਨੂੰ ਲਾਲਾ ਜੀ ਦੇ ਭਰਾਵਾਂ ਨੂੰ ਉਡੀਕਣ ਦੀ ਕੋਈ ਲੋੜ ਨਹੀਂ ਸੀ। ਮੈਂ ਉਜਾਲਾ ਹੋਣ ਦੇ ਵੇਲੇ ਲਾਲਾ ਜੀ ਦੀ ਚਿਤਾ ਨੂੰ ਛੱਡ ਕੇ ਜਾ ਸਕਦਾ ਸਾਂ ਪਰ ਭੁੱਖਾ ਪਿਆਸਾ ਹੁੰਦਾ ਹੋਇਆ ਵੀ ਮੈਂ ਲਾਲਾ ਜੀ ਦੇ ਪਰਿਵਾਰ ਦੇ ਬੰਦਿਆਂ ਦੇ ਆਉਣ ਤੋਂ ਪਹਿਲਾਂ ਦਰਿਆ ਤੋਂ ਨਾ ਤੁਰਿਆ।'

ਸਾਧਾਰਨ ਪੱਧਰ 'ਤੇ ਵੇਖਣ ਨੂੰ ਇਹ ਵਾਰਤਕ ਦਾ ਇਕ ਛੋਟਾ ਜਿਹਾ ਨਮੂਨਾ ਲੱਗਦਾ ਹੈ, ਪਰ ਜਿੰਨੇ ਵਿਸ਼ੇ ਅਤੇ ਸਵਾਲ ਇਸ ਵਿੱਚ ਸਮੋਏ ਹੋਏ ਹਨ, ਉਹ ਵੱਡੀਆਂ ਕਿਤਾਬਾਂ ਨੂੰ ਵੀ ਮਾਤ ਪਾਉਂਦੇ ਹਨ। ਚਾਹੀਦਾ ਤਾਂ ਇਹ ਹੈ ਕਿ ਪੰਜਾਬੀ ਵਾਰਤਕ ਦੇ ਨਮੂਨੇ ਵਜੋਂ, ਇਸ ਨੂੰ ਕਾਲਜਾਂ- ਯੂਨੀਵਰਸਿਟੀਆਂ ਵਿੱਚ ਪੜ੍ਹਾਇਆ ਜਾਵੇ, ਪਰ ਕਿਉਂਕਿ ਇਹ ਬਹੁਤ ਸਾਰੇ ਝੂਠੇ ਪ੍ਰਸੰਗਾਂ ਨੂੰ ਰੱਦ ਕਰਦਾ ਹੈ, ਸ਼ਾਇਦ ਇਸੇ ਕਾਰਨ ਇਸਦਾ ਜ਼ਿਕਰ ਹੁਣ ਤੱਕ ਨਹੀਂ ਹੋਇਆ। 17 ਨਵੰਬਰ 1928 ਦੇ ਇਤਿਹਾਸਕ ਦਿਨ ਮੌਕੇ ਲਾਲਾ ਲਾਜਪਤ ਰਾਏ ਦੇ ਸਸਕਾਰ ਅਤੇ ਹੋਰ ਘਟਨਾਵਾਂ ਨੂੰ ਅੱਖੀਂ ਡਿੱਠੇ ਹਾਲ ਵਜੋਂ ਬਿਆਨ ਕਰਨ ਵਾਲਾ ਇਹ ਲੇਖ ਡੂੰਘੇ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ, ਜਿਸ ਨੂੰ ਆਧਾਰ ਬਣਾ ਕੇ ਕੁਝ ਨੁਕਤੇ ਅਤੇ ਵੱਖ-ਵੱਖ ਪਹਿਲੂ ਸਾਂਝੇ ਕਰ ਰਹੇ ਹਾਂ।

1) ਲਾਲਾ ਲਾਜਪਤ ਰਾਏ ਦੀ ਮੌਤ ਉਸ ਦੇ ਲਾਹੌਰ ਸਥਿਤ ਘਰ ਵਿਚ ਹੋਈ, ਨਾ ਕਿ ਕਿਸੇ ਹਸਪਤਾਲ ਵਿੱਚ। ਭਗਤ ਪੂਰਨ ਸਿੰਘ ਜੀ ਮੌਤ ਦੀ ਖ਼ਬਰ ਮਿਲਦਿਆਂ ਲਾਲਾ ਜੀ ਦੇ ਘਰ ਵੱਲ ਨੂੰ ਸਵੇਰੇ ਚੱਲ ਪਏ ਇਹ ਵੀ ਇਤਿਹਾਸਕ ਤੱਥ ਹੈ ਕਿ ਸਾਈਮਨ ਕਮਿਸ਼ਨ ਦਾ 30 ਅਕਤੂਬਰ 1928 ਨੂੰ ਵਿਰੋਧ ਹੋਇਆ ਤੇ ਲਾਜਪਤ ਰਾਏ ਦੀ ਮੌਤ 17 ਨਵੰਬਰ1928 ਨੂੰ ਹੋਈ।

2) ਲਾਲਾ ਲਾਜਪਤ ਰਾਏ ਦੀ ਅਰਥੀ ਸਸਕਾਰ ਲਈ ਲਿਜਾਂਦੇ ਹੋਏ 'ਰਸਤੇ ਵਿਚ ਇਕ ਗੋਰੇ ਜਿਹੇ ਮੁਸਲਮਾਨ ਨੂੰ ਲੋਕਾਂ ਨੇ ਕੁੱਟਿਆ।' ਇਹ ਇਤਿਹਾਸਕ ਤੱਥ ਬਿਆਨ ਕਰਦਾ ਵਾਕ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਲਾਲਾ ਜੀ ਹਿੰਦੂ ਮਹਾਂ ਸਭਾ ਦੇ ਆਗੂ ਸਨ ਅਤੇ ਉਨਾਂ ਦੀ ਅਰਥੀ ਨਾਲ ਹਿੰਦੂ ਲੋਕ ਹੀ ਜਾ ਰਹੇ ਸਨ। 'ਅਰਥੀ ਲਿਜਾਂਦੇ ਸਮੇਂ' ਹਜੂਮ ਵੱਲੋਂ ਮੁਸਲਿਮ ਨੌਜਵਾਨ ਨੂੰ ਅੰਗਰੇਜ਼ ਸਮਝ ਕੇ ਕੁੱਟਣਾ ਮਜ਼ਬੀ ਨਫ਼ਰਤ ਦਾ ਇਕ ਘਿਨਾਉਣਾ ਵਰਤਾਰਾ ਹੈ।

3) ਲਾਲਾ ਜੀ ਦੀ ਚਿਤਾ ਨੂੰ ਅੱਗ ਲਾਉਣ ਤੋਂ ਮਗਰੋਂ ਉੱਥੇ ਮੌਜੂਦ ਆਗੂ 'ਆਪਸ ਵਿੱਚ ਵਿਚਾਰ ਇਹ ਗੱਲ ਕਰ ਰਹੇ ਸਨ ਕਿ ਰਾਤ ਨੂੰ ਚਿਤਾ ਦੀ ਰਾਖੀ ਲਈ ਕਿਸ ਨੂੰ ਛੱਡਿਆ ਜਾਵੇ। ਇਹ ਫ਼ਿਕਰ ਉਨਾਂ ਨੂੰ ਇਸ ਲਈ ਪੈਦਾ ਹੋਇਆ ਕਿਉਂਕਿ ਸੰਨ 1927 ਵਿੱਚ ਸਖ਼ਤ ਹਿੰਦੂ ਮੁਸਲਿਮ ਫਸਾਦ ਹੋ ਚੁੱਕੇ ਸਨ।' ਇਸ ਬਿਰਤਾਂਤ ਤੋਂ ਸਪੱਸ਼ਟ ਹੈ ਕਿ ਲਾਲਾ ਜੀ ਕੱਟੜ ਹਿੰਦੂ ਆਗੂ ਹੋਣ ਨਾਤੇ ਮੁਸਲਿਮ ਵਿਰੋਧੀ ਸੋਚ ਲਈ, ਫਿਰਕੂ ਹਾਲਾਤ ਪੈਦਾ ਕਰਨ ਲਈ ਜੰਮੇਵਾਰ ਸਨ। ਇਸੇ ਕਾਰਨ ਹੀ ਮੌਜੂਦ ਆਗੂਆਂ ਨੂੰ ਖਤਰਾ ਸੀ ਕਿ ਲਾਲਾ ਲਾਜਪਤ ਰਾਏ ਦੀ ਚਿਤਾ ਨੂੰ ਕਿਧਰੇ ਮੁਸਲਿਮ ਨੁਕਸਾਨ ਨਾ ਪਹੁੰਚਾਉਣ।

4) 'ਰਾਤ ਨੂੰ ਚਿਤਾ ਦੀ ਰਾਖੀ ਲਈ ਕਿਸ ਨੂੰ ਛੱਡਿਆ ਜਾਵੇ'। ਛੋਟਾ ਜਿਹਾ ਵਾਕ ਵੱਡੇ ਸਵਾਲ ਖੜੇ ਕਰਦਾ ਹੈ ਕਿ ਜੇ ਲਾਲਾ ਜੀ ਪੰਜਾਬ ਦੇ ਜਾਂ ਦੇਸ਼ ਦੇ ਵੱਡੇ ਆਗੂ ਸਨ, ਜਿਵੇਂ ਕਿ ਉਨਾਂ ਨੂੰ 'ਪੰਜਾਬ ਕੇਸਰੀ' ਕਿਹਾ ਜਾਂਦਾ ਹੈ, ਤਾਂ ਫਿਰ ਚਿਤਾ ਦੀ ਰਾਖੀ ਲਈ ਕੋਈ ਬੰਦਾ ਲੱਭਣ ਲਈ ਸਮੱਸਿਆ ਕਿਉਂ ਆ ਰਹੀ ਸੀ? ਜ਼ਾਹਰ ਹੈ ਕਿ ਲਾਲਾ ਜੀ ਦੇ ਨੜੋਏ ਨਾਲ ਜਾਣ ਵਾਲੇ ਬਹੁਤੇ ਡਰਾਕਲ ਕਿਸਮ ਦੇ ਜਾਂ ਭਾਂਜਵਾਦੀ ਸਨ, ਨਾ ਕਿ ਡਟ ਕੇ ਖੜਨ ਵਾਲੇ। ਲਾਲਾ ਜੀ ਦੇ ਨਾਂ 'ਤੇ ਵੱਡੀਆਂ- ਵੱਡੀਆਂ ਡੀਂਗਾਂ ਮਾਰਨ ਵਾਲੇ ਇਸ ਸਚਾਈ ਨੂੰ ਜਾਣਨ ਤੋਂ ਬਾਅਦ ਕੀ ਕਹਿਣਗੇ ਕਿ ਉਨਾਂ ਦੇ ਆਗੂ ਦੇ ਸਿਵੇ ਦੀ ਰਾਖੀ ਕਰਨ ਲਈ ਕੋਈ ਇੱਕ ਵੀ ਬੰਦਾ ਨਹੀਂ ਸੀ ਥਿਆਉਂਦਾ। ਜੇਕਰ ਇਹ ਹੱਡਬੀਤੀ ਭਗਤ ਪੂਰਨ ਸਿੰਘ ਬਿਆਨ ਨਾ ਕਰਦੇ, ਤਾਂ ਇਸ ਸੱਚਾਈ ਕਦੇ ਜੱਗ ਜ਼ਾਹਰ ਨਹੀਂ ਸੀ ਹੋਣੀ।

5) 'ਚਿਤਾ ਦੀ ਰਾਖੀ ਦਾ ਫਿਕਰ' ਜਤਾਉਣ ਵਾਲਿਆਂ ਵਿੱਚ ਮੋਹਰੀ ਆਗੂ ਸੀ ਡਾ. ਗੋਪੀਚੰਦ ਭਾਰਗਵ। ਇਹ ਉਹੀ ਸ਼ਖ਼ਸ ਸੀ, ਜੋ ਬਾਅਦ ਵਿੱਚ ਪੰਜਾਬ ਦਾ ਮੁੱਖ ਮੰਤਰੀ ਬਣਿਆ ਅਤੇ ਜਿਸਨੇ ਮਰਦਮ-ਸ਼ੁਮਾਰੀ ਮੌਕੇ ਪੰਜਾਬੀ ਵਿਰੋਧੀ ਭੂਮਿਕਾ ਅਦਾ ਕੀਤੀ। ਇਸ ਦੀ ਸੋਚ ਕਿਸ ਤਰੀਕੇ ਨਾਲ ਪੰਜਾਬੀ ਵਿਰੋਧੀ ਰਹੀ, ਇਸ ਦੀਆਂ ਅਨੇਕਾਂ ਮਿਸਾਲਾਂ ਹਨ ਪਰ ਲਾਲਾ ਲਾਜਪਤ ਰਾਏ ਦੀ ਦੀ ਰਾਖੀ ਲਈ ਕੋਈ ਮਹਾਸ਼ਾ- ਸੰਘੀ ਨਾ ਬਹੁੜਿਆ, ਬਲਕਿ ਅਜਿਹੀ ਮੌਕੇ ਵੀ ਹੌਂਸਲਾ ਇਕ ਸਿੱਖ ਨੇ ਦਿਖਾਇਆ ਤੇ ਉਹ ਸੀ ਭਗਤ ਪੂਰਨ ਸਿੰਘ।

6) ਲਾਲਾ ਜੀ ਦੇ 'ਸਿਵੇ ਦੀ ਰਾਖੀ' ਲਈ ਖ਼ੁਦ ਨੂੰ ਪੇਸ਼ ਕਰਦੇ ਹੋਏ ਭਗਤ ਜੀ ਲਿਖਦੇ ਹਨ, 'ਮੈਂ ਕਿਹਾ, ਡਾਕਟਰ ਸਾਹਿਬ ਰਾਤ ਨੂੰ ਮੈਂ ਚਿਤਾ ਦੇ ਲਾਗੇ ਸੌਂ ਜਾਵਾਂਗਾ।' ਦਿਲਚਸਪ ਗੱਲ ਇਹ ਹੈ ਕਿ ਜਿਸ ਲਾਲਾ ਜੀ ਨੇ ਕੈਨੇਡਾ ਦੇ ਗ਼ਦਰੀ ਯੋਧੇ ਸ਼ਹੀਦ ਬਲਵੰਤ ਸਿੰਘ ਖ਼ੁਰਦਪੁਰ ਦਾ ਇਸ ਕਰਕੇ ਵਿਰੋਧ ਕੀਤਾ ਕਿ ਉਹ ਸਿੱਖ ਆਗੂ ਹਨ ਨਾ ਕਿ ਸਾਰਿਆਂ ਦੇ ਸਾਂਝੇ ਅਤੇ ਲਾਲਾ ਜੀ ਨੇ ਗ਼ਦਰੀਆਂ ਦੇ ਫੰਡਾਂ ਦੀ ਦੁਰਵਰਤੋਂ ਵੀ ਕੀਤੀ, ਜਿਸ ਬਾਰੇ ਗ਼ਦਰੀ ਬਾਬੇ ਸੋਹਣ ਸਿੰਘ ਭਕਨਾ ਜੀ ਅਤੇ ਕਈ ਹੋਰ ਅਨੇਕਾਂ ਮਿਸਾਲਾਂ ਦੇ ਕੇ ਲਿਖਦੇ ਹਨ, ਉਸੇ ਲਾਲਾ ਜੀ ਦੀ ਚਿਤਾ ਦੀ ਰਾਖੀ ਇਕ ਸਿੱਖ ਨੇ ਕੀਤੀ। ਹੈਰਾਨੀ ਇਸ ਗੱਲ ਦੀ ਵੀ ਹੈ ਕਿ ਖ਼ੁਦ ਡਾਕਟਰ ਗੋਪੀ ਚੰਦ ਭਾਰਗਵ ਜਾਂ ਲਾਲਾ ਜੀ ਦੇ ਪਰਿਵਾਰ ਦੇ ਮੈਂਬਰਾਂ ਨੂੰ ਤਾਂ ਚਿਤਾ ਕੋਲ ਸੌਣ ਦਾ ਭੈਅ ਖਾਂਦਾ ਸੀ, ਪਰ ਸਿੱਖ ਨਿਡਰ ਹੋ ਕੇ ਸੌਣ ਲਈ ਤਿਆਰ ਹੋ ਗਿਆ। ਇੱਥੋਂ ਹੀ ਗੁਰੂ ਸਿਧਾਂਤ 'ਨਾ ਭੈ ਦੇਣਾ ਅਤੇ ਨਾ ਭੈ ਸਹਿਣਾ' ਰੂਪਮਾਨ ਹੁੰਦਾ ਹੈ।

7) ਸਿਵੇ ਦੀ ਰਾਖੀ ਲਈ ਨਿਸ਼ਕਾਮ ਸੇਵਾ ਦੇਣ ਵਾਲੇ ਨੌਜਵਾਨ ਭਗਤ ਪੂਰਨ ਸਿੰਘ ਦੇ ਇਹ ਸ਼ਬਦ ਹਿਰਦਾ ਵਲੂੰਧਰਨ ਵਾਲੇ ਹਨ, 'ਡਾਕਟਰ ਸਾਹਿਬ (ਮਹਾਸ਼ਾ ਆਗੂ ਡਾ ਗੋਪੀਚੰਦ ਭਾਰਗਵ ਸਾਬਕਾ ਮੁੱਖ ਮੰਤਰੀ ਪੰਜਾਬ) ਨੇ ਦਰਿਆ ਦੇ ਲਾਗੇ ਦੇ ਕਿਸੇ ਮਕਾਨ ਵਿੱਚੋਂ ਮੇਰੇ ਲਈ ਇਕ 'ਛੋਟੀ ਜਿਹੀ ਮੰਜੀ' ਮੰਗਵਾ ਲਈ, ਜਿਸ ਉੱਤੇ ਮਸਾਂ ਦਸਾਂ ਸਾਲਾਂ ਦਾ ਮੁੰਡਾ ਸੌਂ ਸਕਦਾ ਸੀ। ਮੰਜੀ ਦੇ ਵਾਣ ਦੀ ਬੁਣਤਰ ਵਿੱਚੋਂ ਝੂਘ ਸੀ।' ਇਸ ਗੱਲ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਦੇਸ਼ ਦੇ ਵੱਡੇ ਨੇਤਾ ਅਖਵਾਉਣ ਵਾਲੇ ਲੋਕ ਕਿੰਨੀ ਨੀਵੀਂ ਸੋਚ ਦੇ ਮਾਲਕ ਹੋ ਸਕਦੇ ਹਨ। ਸਿਵੇ ਦੀ ਰਾਖੀ ਕਰਨ ਵਾਲੇ ਵਿਅਕਤੀ ਪ੍ਰਤੀ ਅਜਿਹੀ ਨਕਾਰਾਤਮਕ ਭਾਵਨਾ ਸ਼ਰਮਨਾਕ ਹੈ।

ਕਹਾਣੀ ਇੱਥੇ ਹੀ ਖਤਮ ਨਹੀਂ ਹੁੰਦੀ, ਗਿਰੀ ਹੋਈ ਸੋਚ ਦਾ ਇੱਕ ਹੋਰ ਪੱਖ ਇਹ ਵੀ ਹੈ ਜਿਸ ਨੂੰ ਭਗਤ ਪੂਰਨ ਸਿੰਘ ਬਿਆਨ ਕਰਦੇ ਹਨ, 'ਮੈਂ ਆਪਣੇ ਲਈ ਪ੍ਰਸ਼ਾਦਾ ਤੇ ਪਾਲੇ ਤੋਂ ਬਚਣ ਲਈ ਕੰਬਲ ਜਾਂ ਰਜਾਈ ਦੀ ਉਡੀਕ ਕਰਨੀ ਸੀ, ਪਰ ਰਾਤ ਨੂੰ ਜਿਹੜੇ ਦੋ ਬੰਦੇ ਮੇਰੇ ਪਾਸ ਆਏ, ਉਹ ਰਜਾਈ ਤਲਾਈ ਕੰਬਲ ਜਾਂ ਖੇਸੀ, ਕੋਈ ਕੱਪੜਾ ਵੀ ਨਾ ਲੈ ਕੇ ਆਏ।' ਇਸ ਤੋਂ ਵੱਡੀ ਕੋਝੀ ਸੋਚ ਕੀ ਹੋ ਸਕਦੀ ਹੈ ਕਿ ਜਿਨਾਂ ਦੇ ਪਿਓ ਦੇ ਸਿਵੇ ਦੀ ਰਾਖੀ, ਕੋਈ ਨਿਸ਼ਕਾਮ ਸੇਵਾਦਾਰ ਕਰ ਰਿਹਾ ਹੋਵੇ, ਉਸਦੇ ਲਈ ਸਿਆਲ ਦੀ ਰਾਤ ਨੂੰ ਦੋ ਲੀੜੇ ਤਕ ਵੀ ਨਾ ਲਿਆਉਣੇ। ਇਹ ਅਸਲੀਅਤ ਜੱਗ ਜ਼ਾਹਰ ਭਗਤ ਪੂਰਨ ਸਿੰਘ ਜੀ ਦੇ ਕਾਰਨ ਹੀ ਹੋ ਸਕੀ ਹੈ, ਨਹੀਂ ਤਾਂ ਕਦੇ ਵੀ ਨਾ ਹੁੰਦੀ।

9) ਪੰਜਾਬੀ ਵਿਰੋਧੀ ਮੁੱਖ ਮੰਤਰੀ ਡਾ ਗੋਪੀਚੰਦ ਭਾਰਗਵ ਦੀ ਇਕ ਹੋਰ ਅਸਲੀਅਤ ਨੂੰ ਬਿਆਨ ਕਰਦੇ ਭਗਤ ਜੀ ਲਿਖਦੇ ਹਨ, 'ਰੋਟੀ ਵੱਲੋਂ 'ਡਾਕਟਰ ਸਾਹਿਬ ਨੂੰ ਕੀ ਪਤਾ ਸੀ' ਕਿ ਮੇਰੇ ਜੈਸੇ ਸੇਵਾ ਲਈ ਜੀਵਨ ਅਰਪਣ ਕਰਕੇ ਪੈਸਾ ਨਾ ਕਮਾਉਣ ਵਾਲੇ ਬੰਦੇ ਨੂੰ, ਸਾਰਾ ਦਿਨ ਵੀ ਭੁੱਖਾ ਰਹਿਣਾ ਪਿਆ ਕਰਦਾ ਹੈ।' ਦੁਖਾਂਤ ਇਸ ਗੱਲ ਦਾ ਹੈ ਕਿ ਗੋਪੀਚੰਦ ਭਾਰਗਵ ਨੇ ਪੰਜਾਬ ਨੂੰ ਹਰ ਪੱਧਰ ਤਕ ਲੁੱਟਿਆ ਅਤੇ ਪੰਜਾਬੀ ਬੋਲੀ ਨਾਲ ਧ੍ਰੋਹ ਕਮਾਇਆ, ਪਰ ਜਿਸ ਸੇਵਾਦਾਰ, ਭਗਤ ਪੂਰਨ ਸਿੰਘ ਨੇ ਸੇਵਾ ਲਈ ਜੀਵਨ ਅਰਪਣ ਕੀਤਾ ਤੇ ਕੋਈ ਧਨ ਨਾ ਕਮਾਇਆ, ਇਹ ਖ਼ੁਦਗਰਜ਼ ਅਤੇ ਮੌਕਾਪ੍ਰਸਤ ਲੋਕ ਉਸ ਨੂੰ ਭੋਜਨ ਵੀ ਨਾ ਦੇ ਸਕੇ।

10) ਨਵੰਬਰ ਮਹੀਨੇ ਲਾਲਾ ਲਾਜਪਤ ਰਾਏ ਦੇ ਸਿਵੇ ਦੀ ਰਾਖੀ ਕਰਦਿਆਂ ਜੋ ਦੁੱਖ ਤੇ ਕਸ਼ਟ ਭਗਤ ਪੂਰਨ ਸਿੰਘ ਨੇ ਸਹਾਰਿਆ, ਉਸ ਨੂੰ ਬਿਆਨ ਕਰਦਿਆਂ ਉਹ ਲਿਖਦੇ ਹਨ, 'ਰਾਤ ਦੀ ਤਿੰਨ ਕੁ ਵਜੇ ਮੈਨੂੰ ਦਰਿਆ ਦੀ ਬਰੇਤੀ ਵਿੱਚ ਪਏ ਨੂੰ, ਇਤਨੀ ਸਰਦੀ ਚੜ ਗਈ ਕਿ ਮੈਂ ਹੱਥ ਹਿਲਾਉਣ ਜੋਗਾ ਨਾ ਰਿਹਾ। ਮੈਂ ਮਨੋਹਰ ਲਾਲ ਤੇ ਯਸ਼ਪਾਲ ਦੋਹਾਂ ਨੂੰ ਆਵਾਜ਼ ਮਾਰ ਕੇ ਜਗਾਇਆ ਤੇ ਕਿਹਾ ਕਿ ਮੈਨੂੰ ਤਾਂ ਸਰਦੀ ਚੜਦੀ ਹੈ। ਯਸ਼ਪਾਲ ਨੇ ਕਿਹਾ ਕਿ 'ਲਾਲਾ ਜੀ ਨੂੰ ਕਹਿ ਦੇ ਕਿ ਲਾਲਾ ਜੀ ਮੈਂ ਵੀ ਤੁਹਾਡੇ ਨਾਲ ਹੀ ਆ ਰਿਹਾ ਹਾਂ।' ਇਨਸਾਨੀਅਤ ਦੇ ਪੱਧਰ ਤੋਂ ਡਿੱਗੇ ਹੋਏ ਇਹ ਸ਼ਬਦ ਲਾਲਾ ਲਾਜਪਤ ਰਾਏ ਦੇ ਨਜ਼ਦੀਕੀ, ਉਸ ਸੇਵਾਦਾਰ ਨੂੰ ਕਹਿ ਰਹੇ ਹਨ, ਜੋ ਚਿਤਾ ਦੀ ਰਾਖੀ ਕਰ ਰਿਹਾ ਹੈ ਕਿ ਲਾਲੇ ਦੇ ਬਲਦੇ ਸਿਵੇ ਵਿੱਚ ਹੀ ਸੜ-ਮਰ ਜਾ। ਇਹ ਸ਼ਬਦ ਕਿਸੇ ਹੋਰ ਨੂੰ ਨਹੀਂ, ਭਗਤ ਪੂਰਨ ਸਿੰਘ ਨੂੰ ਆਖੇ ਗਏ ਅਤੇ ਕਿਸੇ ਹੋਰ ਨੇ ਨਹੀਂ, ਲਾਲੇ ਦੇ ਨਜ਼ਦੀਕੀਆਂ ਨੇ ਕਹੇ। ਨਿਸ਼ਕਾਮ ਸੇਵਾ ਦਾ ਇਹ ਸਿਲਾ ਦੇਣ ਦੀ, ਅਕ੍ਰਿਤਘਣਤਾ ਦੀ ਮਿਸਾਲ ਕਿੱਥੋਂ ਲੱਭਣੀ ਸੀ, ਜੇਕਰ ਭਗਤ ਪੂਰਨ ਸਿੰਘ ਦੀ ਇਹ ਇਤਿਹਾਸਕ ਬਿਰਤਾਂਤ ਅਤੇ ਹੱਡਬੀਤੀ ਨਾ ਬਿਆਨਦੇ।

11) ਆਮ ਲੋਕਾਂ ਦੀ ਧਾਰਨਾ ਹੁੰਦੀ ਹੈ ਕਿ ਸਿਵਿਆਂ ਤੋਂ ਡਰ ਲੱਗਦਾ ਹੈ, ਪਰ ਭਗਤ ਪੂਰਨ ਸਿੰਘ ਜੀ ਦੀ ਬਹਾਦਰੀ ਅਤੇ ਦਲੇਰੀ ਭਰੀ ਸੋਚ 'ਚੋਂ ਇਹ ਸ਼ਬਦ ਝਲਕਦੇ ਹਨ, 'ਤਿੰਨ ਕੁ ਵਜੇ ਚਿਤਾ ਦਾ ਸਵਾ ਗਜ਼ ਦੇ ਕਰੀਬ ਹਿੱਸਾ ਸੁਆਹ ਬਣ ਚੁੱਕਿਆ ਸੀ। ਗਰਮ ਸੁਆਹ ਦੇ ਉਸ ਹਿੱਸੇ 'ਤੇ ਮੈਂ ਆਪਣੀ ਮੰਜੀ ਡਾਹ ਲਈ ਤੇ ਇਸ ਤਰਾਂ ਮੇਰੀ ਜਾਨ ਬਚ ਗਈ ਅਤੇ ਮੈਂ ਸੌਂ ਵੀ ਗਿਆ।' ਇਹ ਨਿਡਰਤਾ ਭਗਤ ਪੂਰਨ ਸਿੰਘ ਜੀ ਦੇ ਆਤਮਕ ਬਲ ਅਤੇ ਮਾਨਵੀ ਉੱਚਤਾ ਨੂੰ ਬਿਆਨ ਕਰਦੀ ਹੈ। ਲਾਲੇ ਦੇ ਸਿਵੇ ਦੇ ਇਕ ਹਿੱਸੇ 'ਤੇ ਮੰਜੀ ਡਾਹ ਕੇ ਬੇਖੌਫ ਸੌਂ ਜਾਣ ਵਾਲੇ, ਭਗਤ ਪੂਰਨ ਸਿੰਘ ਹੀ ਹੋ ਸਕਦੇ ਹਨ, ਨਾ ਕਿ ਲਾਲੇ ਦੇ ਡਰੂ ਸੇਵਕ।

12) ਇਸ ਵਾਰਤਕ ਦੀ ਇਕ ਹੋਰ ਸਤਰ ਕਈ ਭੇਤ ਖੋਲਦੀ ਹੈ, 'ਲਾਲਾ ਜੀ ਦੀ ਚਿਤਾ ਵਿੱਚੋਂ ਪਿਸ਼ਾਬ ਦੀ ਪੂਰੀ ਧਾਰ ਨਿਕਲੀ ਸੀ'। ਇਸ ਗੱਲ ਨੂੰ ਸਮਝਣ ਲਈ ਇਹ ਜਾਣਨਾ ਹੋਵੇਗਾ ਕਿ ਲਾਲਾ ਲਾਜਪਤ ਰਾਏ ਗੁਰਦੇ ਦਾ ਮਰੀਜ਼ ਸੀ ਅਤੇ ਉਸ ਦਾ ਸਰੀਰ ਪਾਣੀ ਨਾਲ ਫੁੱਲਿਆ ਹੋਇਆ ਸੀ। ਲਾਲਾ ਲਾਜਪਤ ਰਾਏ ਦੀ ਮੌਤ ਦੇ ਕਾਰਨਾਂ ਵਿੱਚੋਂ ਇੱਕ ਇਹ ਬਿਮਾਰੀ ਵੀ ਪ੍ਰਮੁੱਖ ਰਹੀ ਅਤੇ ਕਿਡਨੀ ਦੇ ਫ਼ੇਲ ਹੋਣ ਕਾਰਨ ਲਾਲੇ ਦੀ ਮੌਤ ਹੋਈ। ਸਿਵਿਆਂ ਵਿੱਚ ਸਰੀਰ ਨੂੰ ਸੇਕ ਲੱਗਣ ਮਗਰੋਂ, ਲਾਸ਼ ਦੀ ਪੇਟ ਅੰਦਰੋਂ ਜਮਾਂ ਹੋਇਆ ਪਾਣੀ ਇੱਕੋ ਦਮ ਬਾਹਰ ਨਿਕਲਿਆ, ਜਿਸ ਬਾਰੇ ਭਗਤ ਪੂਰਨ ਸਿੰਘ ਜੀ ਲਿਖਦੇ ਹਨ ਕਿ ਪਿਸ਼ਾਬ ਦੀ ਧਾਰ ਨਿਕਲੀ ਸੀ। ਇਹ ਸੁਣੀ ਸੁਣਾਈ ਗੱਲ ਨਹੀਂ, ਸਗੋਂ ਅੱਖੀਂ ਦੇਖੀ ਹੈ ਅਤੇ ਸਿਵੇ ਦੀ ਰਾਖੀ ਕਰਨ ਵਾਲੇ ਦੇ ਬਿਆਨ ਹਨ।

10) 'ਪੰਜਾਬ ਕੇਸਰੀ' ਕਹੇ ਜਾਂਦੇ ਲਾਲਾ ਲਾਜਪਤ ਰਾਏ ਦੇ ਵਾਰਸਾਂ ਦੀ ਅਸਲੀਅਤ ਬਿਆਨ ਕਰਦਿਆਂ ਭਗਤ ਜੀ ਲਿਖਦੇ ਹਨ, 'ਅਗਲੀ ਸਵੇਰ ਦਿਨ ਦੇ ਸਾਢੇ ਨੌਂ ਵਜੇ ਲਾਲਾ ਲਾਜਪਤ ਰਾਏ ਦਾ ਭਰਾ ਲਾਲਾ ਗਣਪਤ ਰਾਏ ਤੇ ਉਸ ਦਾ ਪੁੱਤਰ ਦੋਵੇਂ ਜਣੇ ਆਏ, **ਬਾਕੀ ਸਫ਼ਾ 31 'ਤੇ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਅਜਨਬੀ...

## ਭਾਗ-2



ਲੇਖਕ : ਆਲਬੇਅਰ ਕਾਮੂ



ਅਨੁਵਾਦ : ਮਹਿੰਦਰ ਬੇਦੀ, ਜੈਤੋ

ਗ੍ਰਿਫ਼ਤਾਰੀ ਦੇ ਯਕਦਮ ਬਾਅਦ ਮੈਨੂੰ ਅਨੇਕਾਂ ਵਾਰੀ ਸਵਾਲਾਤ ਕੀਤੇ ਗਏ। ਪਰ ਇਹ ਸਾਰੀ ਪੁੱਛਗਿੱਛ ਨਾਂ ਤੇ ਵਲਦੀਅਤ ਦੀ ਖਾਨਾਪੂਰੀ ਵਾਲੀ ਪੁੱਛਗਿੱਛ ਸੀ। ਪਹਿਲੋਂ-ਪਹਿਲ ਇਹ ਸਵਾਲ-ਜਵਾਬ ਥਾਣੇ ਵਿਚ ਹੋਏ-ਪਰ ਮੁਕੱਦਮੇ ਵਿਚ ਇੱਥੇ ਕਿਸੇ ਨੂੰ ਖਾਸ ਦਿਲਚਸਪੀ ਨਹੀਂ ਸੀ ਜਾਪਦੀ। ਹਫ਼ਤੇ ਭਰ ਬਾਅਦ ਜਦੋਂ ਜਾਂਚ, ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ੀ ਹੋਈ ਤਾਂ ਲੱਗਿਆ ਕਿ ਉਸਨੇ ਪੂਰੀ ਉਤਸੁਕਤਾ ਨਾਲ ਮੇਰਾ ਮੁਆਇਨਾ ਕੀਤਾ ਏ। ਹੋਰਾਂ ਵਾਂਗ ਉਹਨਾਂ ਨੇ ਵੀ ਪਹਿਲਾਂ ਨਾਂ, ਵਲਦੀਅਤ, ਜਰੀਆ-ਮਾਸ਼ (ਪੇਸ਼ਾ), ਜਨਮ-ਤਾਰੀਖ਼ ਤੇ ਸਥਾਨ ਬਾਰੇ ਪੁੱਛਗਿੱਛ ਸ਼ੁਰੂ ਕੀਤੀ। ਇਸ ਸਾਰੀ ਜਾਣਕਾਰੀ ਪਿੱਛੋਂ ਸਵਾਲ ਕੀਤਾ, 'ਤੁਸੀਂ ਆਪਣੀ ਪੈਰਵੀ ਲਈ ਵਕੀਲ ਕਰ ਲਿਆ?' ਮੈਂ ਦੱਸਿਆ, 'ਜੀ, ਨਈਂ।' ਮੇਰਾ ਕਦੀ ਇਸ ਪਾਸੇ ਖ਼ਿਆਲ ਈ ਨਹੀਂ ਸੀ ਗਿਆ, ਇਸ ਲਈ ਪੁੱਛਿਆ ਕਿ ਕੀ ਮੈਨੂੰ ਵਾਕੱਈ ਵਕੀਲ ਕਰ ਲੈਣਾ ਚਾਹੀਦਾ ਏ? ਤਾਂ ਉਹ ਬੋਲੇ, 'ਇਹ ਵੀ ਕੋਈ ਪੁੱਛਣ ਵਾਲੀ ਗੱਲ ਏ?' ਮੈਂ ਕਿਹਾ, 'ਮੈਨੂੰ ਤਾਂ ਆਪਣਾ ਮੁਕੱਦਮਾ ਬੜਾ ਸਿੱਧਾ-ਸਾਦਾ ਲੱਗਦਾ ਏ।' ਮੁਸਕਰਾ ਕੇ ਮੈਜਿਸਟ੍ਰੇਟ ਸਾਹਬ ਨੇ ਜਵਾਬ ਦਿੱਤਾ, 'ਖ਼ੈਰ, ਤੁਹਾਨੂੰ ਲੱਗ ਸਕਦਾ ਏ। ਪਰ ਸਾਨੂੰ ਲੋਕਾਂ ਨੂੰ ਤਾਂ ਕਾਨੂੰਨ ਦੇ ਮੁਤਾਬਿਕ ਈ ਚੱਲਣਾ ਪੈਂਦਾ ਏ। ਤੁਸੀਂ ਵਕੀਲ ਨਈਂ ਕਰੋਗੇ ਤਾਂ ਅਦਾਲਤ ਤੁਹਾਡੇ ਲਈ ਵਕੀਲ ਦਾ ਇੰਤਜ਼ਾਮ ਕਰ ਦਵੇਗੀ।'

ਵਾਹ! ਇਹ ਇੰਤਜ਼ਾਮ ਤਾਂ ਖ਼ੂਬ ਏ। ਇਨਾਂ ਛੋਟੀਆਂ-ਛੋਟੀਆਂ ਗੱਲਾਂ ਦਾ ਵੀ ਅਦਾਲਤ ਨੂੰ ਏਨਾ ਖ਼ਿਆਲ ਏ। ਮੈਂ ਇਹ ਗੱਲ ਮਜਿਸਟਰੇਟ ਸਾਹਬ ਨੂੰ ਦੱਸੀ ਤਾਂ ਉਹਨਾਂ ਨੇ ਵੀ ਸਵੀਕਾਰ ਕੀਤਾ ਕਿ ਕਾਨੂੰਨ ਸਰਬ-ਵਿਆਪੀ, ਸਰਬ-ਸ਼ਕਤੀਮਾਨ ਏਂ ਤੇ ਉਸ ਤੋਂ ਜੋ ਚਾਹੋ ਹੋ ਸਕਦਾ ਏ।

ਪਹਿਲੋਂ-ਪਹਿਲ ਤਾਂ ਮੈਂ ਵੀ ਉਹਨਾਂ ਦੀਆਂ ਗੱਲਾਂ ਵੱਲ ਖਾਸ ਧਿਆਨ ਨਹੀਂ ਸੀ ਦਿੱਤਾ। ਜਿਸ ਕਮਰੇ ਵਿਚ ਉਹਨਾਂ ਮੈਨੂੰ ਸਵਾਲ-ਜਵਾਬ ਕੀਤੇ ਸਨ, ਉਹ ਦੇਖਣ ਵਿਚ ਆਮ ਬੈਠਕ ਵਰਗਾ ਲੱਗਦਾ ਸੀ-ਖਿੜਕੀਆਂ 'ਤੇ ਪਰਦੇ ਸਨ ਤੇ ਡੈਸਕ ਉੱਤੇ ਇਕ ਲੈਂਪ ਰੱਖਿਆ ਹੋਇਆ ਸੀ। ਮੈਜਿਸਟ੍ਰੇਟ ਸਾਹਬ ਨੇ ਮੈਨੂੰ ਬੈਠਣ ਲਈ ਜਿਹੜੀ ਕੁਰਸੀ ਦਿੱਤੀ, ਉਸ ਉੱਤੇ ਇਸ ਲੈਂਪ ਦੀ ਰੋਸ਼ਨੀ ਪੈਂਦੀ ਸੀ-ਪਰ ਖ਼ੁਦ ਉਨਾਂ ਦਾ ਚਿਹਰਾ ਹਨੇਰੇ ਵਿਚ ਰਹਿੰਦਾ ਸੀ।

ਮੈਂ ਇਸ ਤਰਾਂ ਦੇ ਦ੍ਰਿਸ਼-ਵੇਰਵੇ ਅਨੇਕਾਂ ਪੁਸਤਕਾਂ ਵਿਚ ਪੜੇ ਸਨ। ਸ਼ੁਰੂ-ਸ਼ੁਰੂ ਵਿਚ ਤਾਂ ਇਹ ਸਭ ਖਿਲਵਾੜ-ਜਿਹਾ ਲੱਗਿਆ। ਹਾਂ, ਇਸ ਗੱਲਬਾਤ ਪਿੱਛੋਂ ਮੈਂ ਮੈਜਿਸਟ੍ਰੇਟ ਨੂੰ ਰਤਾ ਗਹੁ ਨਾਲ ਦੇਖਿਆ। ਤਿੱਖੇ ਨਕਸ਼ਾਂ ਵਾਲਾ ਇਕ ਲੰਮਾ ਸਾਰਾ ਆਦਮੀ, ਗੂੜੀਆਂ ਨੀਲੀਆਂ ਅੱਖਾਂ, ਵੱਡੀਆਂ-ਵੱਡੀਆ ਖਿਚੜੀ ਮੁੱਛਾਂ ਤੇ ਸਿਰ ਉੱਤੇ ਚਿੱਟੇ ਕੋਹਰੇ ਵਰਗੇ ਸੰਘਣੇ ਕੇਸ। ਲੱਗਿਆ, ਆਦਮੀ ਸ਼ਕਲ ਤੋਂ ਬੜਾ ਈ ਸਮਝਦਾਰ, ਵਿਦਵਾਨ ਤੇ ਕੁਲ ਮਿਲਾ ਕੇ ਪਸੰਦ ਆਉਣ ਲਾਇਕ ਏ। ਬਸ, ਇਕੋ ਚੀਜ਼ ਅਜੀਬ ਸੀ ਜਿਸਨੇ ਮੇਰਾ ਮਨ ਖ਼ਰਾਬ ਕਰ ਦਿੱਤਾ—ਥੋੜੀ-ਥੋੜੀ ਦੇਰ ਬਾਅਦ ਉਸਦੇ ਚਿਹਰੇ ਉੱਤੇ ਇਕ ਵੀਭਤਸ-ਜਿਹੀ ਰੌਅ ਦੌੜ ਜਾਂਦੀ ਸੀ। ਪਰ ਇਹ ਵੀ ਇਕ ਅਜਿਹੀ ਮੁਦਰਾ ਲੱਗਦੀ ਸੀ ਜਿਹੜੀ 'ਚੱਚ' ਕਹਿਣ ਸਮੇਂ ਲੋਕਾਂ ਦੇ ਮੂੰਹ 'ਤੇ ਆਪਣੇ-ਆਪ ਆ ਜਾਂਦੀ ਏ। ਬਾਹਰ ਨਿਕਲਣ ਸਮੇਂ ਮੈਂ ਉਨਾਂ ਵੱਲ ਮਿਲਾਉਣ ਲਈ ਹੱਥ ਵਧਾਏ ਤੇ 'ਨਮਸਕਾਰ' ਕਰਦਾ-ਕਰਦਾ ਰੁਕ ਗਿਆ। ਐਨ ਮੌਕੇ 'ਤੇ ਚੇਤਾ ਆ ਗਿਆ ਕਿ ਮੈਂ ਤਾਂ ਇਕ ਆਦਮੀ ਦੀ ਹੱਤਿਆ ਦੇ ਅਪਰਾਧ ਵਿਚ ਇੱਥੇ ਲਿਆਂਦਾ ਗਿਆ ਹਾਂ।

ਅਗਲੇ ਦਿਨ ਮੇਰੀ ਕੋਠੜੀ ਵਿਚ ਈ ਇਕ ਵਕੀਲ ਸਾਹਬ ਤਸ਼ਰੀਫ਼ ਲੈ ਆਏ-ਮਧਰੇ, ਗੋਲ-ਮਟੋਲ, ਛੋਹਰ-ਛੰਡ ਜਿਹੇ ਆਦਮੀ-ਸਿਰ ਦੇ ਕਾਲੇ ਵਾਲ ਤੇਲ ਨਾਲ ਚੋਪੜੇ ਹੋਏ ਸਨ। ਮੈਂ ਪੂਰੀਆਂ ਬਾਹਾਂ ਦੀ ਕਮੀਜ਼ ਪਾਈ ਹੋਈ ਸੀ, ਪਰ ਉਨਾਂ ਸਖ਼ਤ ਗਰਮੀ ਦੇ ਬਾਵਜੂਦ ਕਾਲਾ ਸੂਟ, ਸਖ਼ਤ ਕਾਲਰ ਤੇ ਚੌੜੀਆਂ-ਚੌੜੀਆਂ ਕਾਲੀਆਂ ਸਫੇਦ ਧਾਰੀਆਂ ਵਾਲੀ ਭੜਕੀਲੀ ਟਾਈ ਕਸੀ ਹੋਈ ਸੀ। ਮੇਰੀ ਮੰਜੀ ਉੱਤੇ ਆਪਣਾ ਥੈਲਾ ਰੱਖ ਕੇ ਉਹਨਾਂ ਨੇ ਆਪਣੀ ਜਾਣ-ਪਛਾਣ ਕਰਵਾਈ। ਦੱਸਿਆ ਕਿ ਮੇਰੇ ਮੁਕੱਦਮੇ ਦੇ ਕਾਗ਼ਜ਼ਾਤ ਉਨਾਂ ਨੇ ਗਹੁ ਨਾਲ ਪੜੇ ਨੇ। ਉਨਾਂ ਦੀ ਰਾਏ 'ਚ ਮੁਕੱਦਮੇ ਵਿਚ ਕਾਫ਼ੀ ਹੁਸ਼ਿਆਰੀ ਵਰਤਨ ਦੀ ਲੋੜ ਏ ਤੇ ਹਾਂ ਮੈਂ ਜੇ ਉਨਾਂ ਦੀ ਸਲਾਹ ਮੰਨ ਕੇ ਚੱਲਾਂ ਤਾਂ ਛੁੱਟ ਜਾਣ ਦੀ ਪੂਰੀ-ਪੂਰੀ ਗੁੰਜਾਇਸ਼ ਏ। ਮੈਂ ਧੰਨਵਾਦ ਕੀਤਾ ਤੇ ਬੋਲੇ, 'ਅੱਛਾ, ਤਾਂ ਆਓ ਹੁਣ ਕੰਮ ਸ਼ੁਰੂ ਕਰ ਦਿੱਤਾ ਜਾਵੇ।'

ਮੇਰੀ ਮੰਜੀ ਉੱਤੇ ਬੈਠ ਕੇ ਉਨਾਂ ਨੇ ਦੱਸਿਆ ਕਿ ਅਦਾਲਤ ਵੱਲੋਂ ਮੇਰੇ ਨਿੱਜੀ ਜੀਵਨ ਬਾਰੇ ਤਹਿਕੀਕਾਤ (ਪੁੱਛ-ਪੜਤਾਲ) ਕੀਤੀ ਜਾ ਰਹੀ ਏ। ਇਸ ਗੱਲ ਦੀ ਸੂਚਨਾ ਮਿਲ ਗਈ ਏ ਕਿ ਹੁਣੇ ਜਿਹੇ ਇਕ ਆਸ਼ਰਮ ਵਿਚ ਮੇਰੀ ਮਾਂ ਦੀ ਮੌਤ ਹੋਈ ਏ। 'ਮੋਰੇਂਗੋ' ਵਿਚ ਹੋਈ ਤਫ਼ਤੀਸ਼ ਵਿਚ ਪੁਲਿਸ ਨੇ ਦੱਸਿਆ ਕਿ ਮਾਂ ਦੀ ਅੰਤੇਸ਼ਟੀ ਸਮੇਂ ਮੈਂ ਬੜੀ 'ਹਿਰਦੇ ਹੀਣਤਾ' ਦਿਖਾਈ ਏ।

'ਇਕ ਗੱਲ ਸਮਝ ਲਓ,' ਵਕੀਲ ਸਾਹਬ ਬੋਲੇ, 'ਇਸ ਤਰਾਂ ਦੀਆਂ ਗੱਲਾਂ ਬਾਰੇ ਤੁਹਾਥੋਂ ਪੁੱਛਗਿੱਛ ਕਰਨਾ ਮੈਨੂੰ ਕਤਈ ਚੰਗਾ ਨਈਂ ਲੱਗ ਰਿਹਾ, ਪਰ ਇਹ ਚੀਜ਼ ਬੜੀ ਮਹੱਤਵਪੂਰਨ ਹੋ ਗਈ ਏ। ਤੁਹਾਡੇ ਉੱਤੇ ਇਲਜ਼ਾਮ ਏਂ 'ਹਿਰਦੇ ਹੀਣਤਾ ਤੇ ਬੇਹਯਾਈ' ਦਾ। ਹੁਣ ਜਦੋਂ ਤਕ ਮੈਂ ਇਸ ਇਲਜ਼ਾਮ ਦਾ ਜਵਾਬ ਦੇਣ ਦਾ ਕੋਈ ਰਾਹ ਨਾ ਲੱਭ ਲਵਾਂ, ਬਚਾਅ ਕਰਨ ਵਿਚ ਬੜੀ ਦਿੱਕਤ ਹੋ ਜਾਵੇਗੀ। ਤੇ ਇਸ ਮਾਮਲੇ 'ਚ ਕੋਈ ਦੂਜਾ ਨਈਂ, ਤੁਸੀਂ ਤੇ ਸਿਰਫ਼ ਤੁਸੀਂ ਈ ਮੇਰੀ ਮਦਦ ਕਰ ਸਕੇ ਓਂ।'

ਇਸ ਭੂਮਿਕਾ ਪਿੱਛੋਂ ਉਹਨਾਂ ਨੇ ਸਵਾਲ ਕਰ ਦਿੱਤਾ ਕਿ ਉਸ 'ਦੁੱਖ-ਭਰੇ ਮੌਕੇ 'ਤੇ' ਮੇਰੇ ਮਨ ਨੂੰ ਦੁੱਖ ਹੋਇਆ ਜਾਂ ਨਹੀਂ? ਬੜਾ ਅਜੀਬ ਸਵਾਲ ਲੱਗਿਆ। ਮੈਂ ਤਾਂ ਕਿਸੇ ਤੋਂ ਅਜਿਹਾ ਸਵਾਲ ਪੁੱਛਣ ਵੇਲੇ ਖ਼ੁਦ ਧਰਮ-ਸੰਕਟ ਵਿਚ ਪੈ ਜਾਂਦਾ।

ਜਵਾਬ ਵਿਚ ਮੈਂ ਕਿਹਾ ਕਿ ਇੱਧਰ ਕੁਝ ਸਾਲਾਂ ਤੋਂ ਆਪਣੇ ਮਨ ਦੀਆਂ ਭਾਵਨਾਵਾਂ ਵੱਲ ਧਿਆਨ ਦੇਣ ਦੀ ਆਦਤ ਈ ਛੁੱਟ ਗਈ ਏ, ਇਸ ਲਈ ਇਸਦਾ ਜਵਾਬ ਦੇ ਸਕਣਾ ਬੜਾ ਮੁਸ਼ਕਿਲ ਏ। ਹਾਂ, ਇਹ ਧਰਮ ਤੇ ਈਮਾਨ ਨਾਲ ਕਹਿ ਸਕਦਾ ਹਾਂ ਕਿ ਮੈਂ ਮਾਂ ਨੂੰ ਚਾਹੁੰਦਾ ਬਹੁਤ ਸੀ। ਪਰ ਇਸ ਨਾਲ ਕੀ? ਏਨਾਂ ਕਹਿ ਦੇਣ ਪਿੱਛੋਂ ਖ਼ਿਆਲ ਆਇਆ ਤਾਂ ਬੋਲਿਆ, 'ਸੱਚੀ ਗੱਲ ਤਾਂ ਇਹ ਐ ਕਿ ਆਮ ਲੋਕ ਜਿਨਾਂ ਨੂੰ ਪਿਆਰ ਕਰਦੇ ਨੇ ਅੱਜ ਜਾਂ ਕਲ ਉਨਾਂ ਦੇ ਮਰਨ ਦੀ ਵੀ, ਥੋੜੀ ਬਹੁਤ, ਕਾਮਨਾ ਜ਼ਰੂਰ ਕਰਦੇ ਨੇ।'

ਇਸ 'ਤੇ ਵਕੀਲ ਸਾਹਬ ਯਕਦਮ ਘਬਰਾ ਗਏ। ਝੱਟ ਮੈਨੂੰ ਟੋਕਿਆ, ਬੋਲੇ, 'ਸਹੁੰ ਖਾਓ, ਮੁਕੱਦਮੇ ਵਿਚ ਜਾਂ ਜਾਂਚ ਮੈਜਿਸਟ੍ਰੇਟ ਦੇ ਸਾਹਮਣੇ ਇਸ ਕਿਸਮ ਦੀ ਕੋਈ ਗੱਲ ਮੂੰਹੋਂ ਨਈਂ ਕੱਢੋਗੇ।'

ਉਨਾਂ ਦੀ ਤਸੱਲੀ ਲਈ ਮੈਂ ਸਹੁੰ ਖਾ ਲਈ। ਪਰ ਉਨਾਂ ਦੇ ਸਾਹਮਣੇ ਇਹ ਵੀ ਖੁਲਾਸਾ ਕਰ ਦਿੱਤਾ ਕਿ ਕਦੀ-ਕਦੀ ਕੁਝ ਖਾਸ ਮੌਕਿਆਂ 'ਤੇ ਮੇਰੀਆਂ ਭਾਵਨਾਵਾਂ ਮੇਰੀ ਸਰੀਰ-ਸਥਿਤੀ ਤੋਂ ਪ੍ਰਭਾਵਿਤ ਹੋਣ ਲੱਗਦੀਆਂ ਨੇ। ਮਸਲਨ ਜਿਸ ਦਿਨ ਮਾਂ ਦੇ ਅੰਤਮ-ਸੰਸਕਾਰ ਵਿਚ ਗਿਆ ਸੀ ਉਸ ਦਿਨ ਉਂਜ ਈ ਅੱਧੀ ਨੀਂਦ ਵਿਚ ਸੀ, ਇਸ ਲਈ ਮੈਨੂੰ ਕਤਈ ਹੋਸ਼ ਨਹੀਂ ਸੀ ਕਿ ਕਿੱਥੇ ਕੀ ਹੋ ਰਿਹਾ ਏ। ਖ਼ੈਰ ਜੀ, ਇਕ ਗੱਲ ਦਾ ਵਿਸ਼ਵਾਸ ਮੈਂ ਆਪਣੇ ਵਕੀਲ ਨੂੰ ਕਰਾ ਦਿੱਤਾ ਕਿ ਮੇਰੀ ਤਾਂ ਇਹੋ ਇੱਛਾ ਸੀ ਕਿ ਮਾਂ ਅਜੇ ਨਾ ਮਰੇ।

ਹਾਂ, ਵਕੀਲ ਸਾਹਬ ਫੇਰ ਵੀ ਨਾਰਾਜ਼ ਈ ਲੱਗੇ। ਘੁਰਕ ਕੇ ਬੋਲੇ, 'ਸਿਰਫ਼ ਏਨਾ ਈ ਤਾਂ ਕਾਫ਼ੀ ਨਈਂ ਏ।'

ਕੁਝ ਸੋਚ-ਸੋਚ ਕੇ ਉਹਨਾਂ ਨੇ ਸਵਾਲ ਕੀਤਾ ਕਿ ਕੀ ਇਸ ਗੱਲ ਨੂੰ ਇੰਜ ਕਿਹਾ ਜਾ ਸਕਦਾ ਏ ਕਿ ਉਸ ਦਿਨ ਮੈਂ ਆਪਣੀਆਂ ਭਾਵਨਾਵਾਂ 'ਤੇ ਕਾਬੂ ਤੇ ਸੰਜਮ ਤੋਂ ਕੰਮ ਲਿਆ?

'ਜੀ ਨਈਂ,' ਮੈਂ ਕਿਹਾ, 'ਇਹ ਕਹਿਣਾ ਸਹੀ ਨਈਂ ਐ।'

ਵਕੀਲ ਸਾਹਬ ਨੇ ਮੈਨੂੰ ਬੜੀਆਂ ਅਜੀਬ ਨਜ਼ਰਾਂ ਨਾਲ ਦੇਖਿਆ...ਜਿਵੇਂ ਮੇਰੇ ਪ੍ਰਤੀ ਅਚਾਨਕ ਉਨਾਂ ਨੂੰ ਗੁੱਸੇ, ਚਿੜ ਤੇ ਨਫ਼ਰਤ ਦਾ ਝੱਟਾ ਲੱਗਿਆ ਹੋਵੇ। ਫੇਰ ਬੜੀ ਰੁੱਖੀ ਆਵਾਜ਼ ਵਿਚ ਬੋਲੇ ਕਿ ਚਲੋ ਖ਼ੈਰ, ਆਸ਼ਰਮ ਦੇ ਇਲਾਵਾ ਹੋਰ ਕੁਝ ਕਰਮਚਾਰੀਆਂ ਦੀ ਗਵਾਹੀ ਤਾਂ ਹਰ ਹਾਲਤ 'ਚ ਹੋਵੇਗੀ।

'ਤੇ ਹੋ ਸਕਦਾ ਏ, ਇਹੀ ਤੁਹਾਡਾ ਬੇੜਾ ਲੈ ਡੁੱਬੇ।' ਅੰਤ ਵਿਚ ਬੋਲੇ।

ਮੈਂ ਦੱਸਿਆ ਕਿ ਮੇਰੇ ਉੱਤੇ ਲਾਏ ਗਏ ਇਲਜ਼ਾਮ ਤੇ ਮਾਂ ਦੀ ਮੌਤ ਦਾ ਤਾਂ ਆਪਸ ਵਿਚ ਸੰਬੰਧ ਈ ਨਹੀਂ ਏ। ਤਾਂ ਜਵਾਬ ਵਿਚ ਉਨਾਂ ਨੇ ਸਿਰਫ਼ ਏਨਾ ਈ ਕਿਹਾ ਕਿ ਮੇਰੀ ਗੱਲ ਤੋਂ ਲੱਗਦਾ ਏ, ਕਦੀ ਕਾਨੂੰਨ ਨਾਲ ਮੇਰਾ ਵਾਹ ਨਹੀਂ ਪਿਆ।

ਤੇ ਏਨਾਂ ਕਹਿੰਦੇ ਹੋਏ ਉਹ ਪ੍ਰੇਸ਼ਾਨ-ਜਿਹੇ ਹੋ ਕੇ ਚਲੇ ਗਏ। ਉਦੋਂ ਮੇਰੀ ਇੱਛਾ ਹੋਈ ਕਿ ਉਹ ਕੁਝ ਹੋਰ ਰੁਕਦੇ ਤਾਂ ਮੈਂ ਸਾਫ਼-ਸਾਫ਼ ਸ਼ਬਦਾਂ ਵਿਚ ਕਹਿੰਦਾ ਕਿ 'ਮੈਨੂੰ ਤੁਹਾਡੀ ਹਮਦਰਦੀ ਚਾਹੀਦੀ ਏ...



ਇਸ ਲਈ ਨਹੀਂ ਕਿ ਤੁਸੀਂ ਮੇਰਾ ਕੰਮ ਚੰਗੀ ਤਰਾਂ ਕਰੋਂ, ਬਲਕਿ ਕਹਾਂ ਕਿ ਉਂਜ ਈ ਮਨ ਕਰਦਾ ਏ ਕਿ ਤੁਹਾਡੀ ਹਮਦਰਦੀ ਮਿਲੇ।' ਪਰ ਮੈਂ ਦੇਖਿਆ ਕਿ ਮੇਰੀ ਗੱਲਬਾਤ, ਮੇਰਾ ਵਤੀਰਾ ਤੇ ਕੁੱਲ ਮਿਲਾ ਕੇ ਮੈਂ, ਉਨਾਂ ਲਈ ਅਸਹਿ ਹੋ ਗਿਆ ਸੀ। ਉਨਾਂ ਦੀ ਸਮਝ ਵਿਚ ਈ ਨਹੀਂ ਸੀ ਆਉਂਦਾ ਪਿਆ ਕਿ ਆਖ਼ਰ ਮੈਂ ਕਿਸ ਕਿਸਮ ਦਾ ਆਦਮੀ ਹਾਂ, ਸੋ ਉਨਾਂ ਦੀ ਖਿਝ ਵੀ ਸੁਭਾਵਿਕ ਈ ਸੀ। ਇਕ ਅੱਧੀ ਵਾਰੀ ਮਨ ਵਿਚ ਆਇਆ ਵੀ ਕਿ ਉਨਾਂ ਨੂੰ ਵਿਸ਼ਵਾਸ ਦੁਆਵਾਂ ਕਿ ਮੈਂ ਵੀ ਬੜਾ ਸਾਧਾਰਣ ਕਿਸਮ ਦਾ ਆਮ-ਜਿਹਾ ਆਦਮੀ ਹਾਂ। ਪਰ ਮੁੱਕਦੀ ਗੱਲ ਇਹ ਕਿ ਇਸ ਨਾਲ ਬਹੁਤਾ ਕੁਝ ਹੱਥ ਆਉਂਦਾ ਨਹੀਂ ਸੀ ਜਾਪਦਾ, ਸੋ ਟਾਲ ਗਿਆ। ਟਾਲਣ ਪਿੱਛੇ ਵੀ ਕੋਈ ਹੋਰ ਕਾਰਨ ਨਹੀਂ ਸੀ, ਬਸ, ਆਲਸ ਈ ਸੀ।

ਉਸੇ ਦਿਨ ਇਸ ਪਿੱਛੋਂ ਫੇਰ ਮੈਨੂੰ ਜਾਂਚ-ਮਜਿਸਟਰੇਟ ਦੇ ਦਫ਼ਤਰ ਵਿਚ ਲਿਆਇਆ ਗਿਆ। ਦੁਪਹਿਰ ਦੇ ਦੋ ਵਜੇ ਦਾ ਸਮਾਂ ਸੀ। ਇਸ ਸਮੇਂ ਕਮਰੇ ਵਿਚ ਭਰਪੂਰ ਰੋਸ਼ਨੀ ਸੀ ਤੇ ਬੇਹੱਦ ਗਰਮੀ ਸੀ। ਖਿੜਕੀਆਂ 'ਤੇ ਮਹੀਨ-ਜਿਹੇ ਪਰਦੇ ਸਨ।

ਕੁਰਸੀ ਲੈ ਲੈਣ ਨੂੰ ਕਹਿ ਕੇ ਮੈਜਿਸਟ੍ਰੇਟ ਸਾਹਬ ਨੇ ਬੜੇ ਈ ਮੁਲਾਇਮ ਲਹਿਜੇ ਵਿਚ ਦੱਸਿਆ ਕਿ ਕਿਸੇ ਖਾਸ ਉਲਝੇਵੇਂ ਕਰਕੇ ਮੇਰਾ ਵਕੀਲ ਤਾਂ ਆ ਨਹੀਂ ਸਕੇਗਾ। ਉਨਾਂ ਇਹ ਵੀ ਕਹਿ ਦਿੱਤਾ ਕਿ ਮੈਂ ਚਾਹਾਂ ਤਾਂ ਉਨਾਂ ਦੇ ਸਵਾਲਾਂ ਦੇ ਜਵਾਬ ਆਪਣੇ ਵਕੀਲ ਦੇ ਆ ਜਾਣ ਪਿੱਛੋਂ ਦੇ ਦਿਆਂ।

ਇਸ ਗੱਲ ਦੇ ਜਵਾਬ ਵਿਚ ਮੈਂ ਬੋਲਿਆ, 'ਮੈਂ ਆਪਣੀ ਸਫ਼ਾਈ ਖ਼ੁਦ ਦੇ ਲਵਾਂਗਾ।" ਉਨਾਂ ਨੇ ਸਾਹਮਣੇ ਡੈਸਕ 'ਤੇ ਰੱਖੀ ਘੰਟੀ ਦਾ ਬਟਨ ਨੱਪਿਆ ਤਾਂ ਇਕ ਨੌਜਵਾਨ ਕਰਲਕ ਆ ਕੇ ਠੀਕ ਮੇਰੇ ਪਿੱਛੇ ਬੈਠ ਗਿਆ। ਮੈਂ ਤੇ ਮੈਜਿਸਟ੍ਰੇਟ ਸਾਹਬ ਵੀ ਆਪਣੀਆਂ-ਆਪਣੀਆਂ ਕੁਰਸੀਆਂ ਉੱਤੇ ਬੈਠ ਗਏ। ਜਾਂਚ ਦੀ ਕਾਰਵਾਈ ਸ਼ੁਰੂ ਹੋਈ। ਉਹਨਾਂ ਨੇ ਗੱਲ ਈ ਇੱਥੋਂ ਸ਼ੁਰੂ ਕੀਤੀ ਕਿ ਲੋਕ ਮੈਨੂੰ 'ਘੁੰਨਾ ਤੇ ਚੁੱਪੂ' ਆਦਮੀ ਸਮਝਦੇ ਨੇ। ਇਸ ਬਾਰੇ 'ਚ ਮੇਰੀ ਆਪਣੀ ਰਾਏ ਕੀ ਏ?

ਮੈਂ ਜਵਾਬ ਦਿੱਤਾ, 'ਜੀ, ਮੇਰੇ ਕੋਲ ਬੋਲਣ ਲਈ ਹੁੰਦਾ ਈ ਬੜਾ ਘੱਟ ਏ। ਇਸ ਲਈ ਅਕਸਰ ਮੂੰਹ ਬੰਦ ਈ ਰੱਖਦਾਂ।'

ਇਸ ਵਾਰੀ ਵੀ ਮੈਜਿਸਟ੍ਰੇਟ ਸਾਹਬ ਪਹਿਲਾਂ ਵਾਂਗ ਈ ਮੁਸਕਰਾਏ, 'ਹਾਂ, ਇਹੀ ਸਭ ਤੋਂ ਵੱਡਾ ਕਾਰਨ ਹੋ ਸਕਦਾ ਏ। ਪਰ ਖ਼ੈਰ, ਇਹ ਗੱਲ ਕੋਈ ਏਡੀ ਮਹੱਤਵਪੂਰਨ ਹੈ ਵੀ ਨਹੀਂ।'

ਕੁਝ ਚਿਰ ਚੁੱਪ ਰਹਿਣ ਪਿੱਛੋਂ ਉਹ ਅਚਾਨਕ ਅੱਗੇ ਵੱਲ ਝੁਕ ਆਏ ਤੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਜ਼ਰਾ ਉੱਚੀ ਆਵਾਜ਼ ਵਿਚ ਬੋਲੇ, 'ਮੈਨੂੰ ਤਾਂ ਜੇ ਕਿਸੇ ਵਿਚ ਦਿਲਚਸਪੀ ਏ ਤਾਂ ਉਹ ਸਿਰਫ਼ ਤੁਹਾਡੇ 'ਚ ਏ।'

ਉਨਾਂ ਦਾ ਮੰਸ਼ਾ ਮੇਰੀ ਸਮਝ ਵਿਚ ਨਹੀਂ ਆਇਆ, ਇਸ ਲਈ ਕੁਝ ਨਹੀਂ ਬੋਲਿਆ।

ਉਹ ਕਹਿੰਦੇ ਰਹੇ, 'ਤੁਹਾਡੇ ਮੁਕੱਦਮੇ ਦੀਆਂ ਗੱਲਾਂ ਨੇ ਮੈਨੂੰ ਪ੍ਰੇਸ਼ਾਨੀ ਵਿਚ ਪਾਇਆ ਹੋਇਆ ਏ। ਵਿਸਵਾਸ ਕਰਾਂ ਕਿ ਤੁਸੀਂ ਉਨਾਂ ਨੂੰ ਸਮਝਣ ਵਿਚ ਮੇਰੀ ਮਦਦ ਕਰੋਂਗੇ?'

ਮੈਂ ਜਵਾਬ ਦਿੱਤਾ ਕਿ ਦਰਅਸਲ ਗੱਲ ਤਾਂ ਬੜੀ ਈ ਸਿੱਧੀ ਤੇ ਸਾਫ਼ ਏ। ਇਸ 'ਤੇ ਉਨਾਂ ਨੇ ਸਾਰਾ ਬਿਓਰਾ ਮੰਗਿਆ ਕਿ ਮੈਂ ਉਸ ਦਿਨ ਕੀ-ਕੀ ਕੀਤਾ ਸੀ? ਹਾਲਾਂਕਿ ਸਾਰ ਰੂਪ ਵਿਚ ਈ ਸਹੀ, ਮੈਂ ਸਾਰੀ ਕਥਾ ਪਹਿਲੀ ਮੁਲਾਕਾਤ ਵਿਚ ਈ ਦੱਸ ਚੁੱਕਿਆ ਸੀ, ਕਿ ਕਿਵੇਂ ਮੈਂ ਰੇਮੰਡ ਨੂੰ ਮਿਲਿਆ, ਸਮੁੰਦਰ ਤਟ 'ਤੇ ਗਿਆ, ਕਿਵੇਂ ਅਸੀਂ ਲੋਕ ਤੈਰਦੇ ਰਹੇ, ਕਿਵੇਂ ਮੈਂ ਦੁਬਾਰਾ ਸਮੁੰਦਰ ਤਟ 'ਤੇ ਗਿਆ ਤੇ ਕਿਵੇਂ ਮੈਂ ਪੰਜ ਗੋਲੀਆਂ ਚਲਾਈਆਂ। ਪਰ ਇੱਥੇ ਫੇਰ ਉਹ ਸਭ ਦੁਬਾਰਾ ਸੁਣਾਉਣਾ ਪਿਆ। ਹਰ ਵਾਕ ਪਿੱਛੋਂ ਉਹ ਸਿਰ ਹਿਲਾ-ਹਿਲਾ ਕੇ 'ਠੀਕ। ਠੀਕ ਏ।' ਕਹਿੰਦੇ ਰਹੇ। ਜਦੋਂ ਮੈਂ ਰੇਤ 'ਤੇ ਪਏ ਉਸ ਅਰਬ ਦੇ ਸਰੀਰ ਦਾ ਵਰਨਣ ਕੀਤਾ ਤਾਂ ਉਹ ਜ਼ਰਾ ਖਾਸ ਤੌਰ 'ਤੇ ਗਰਦਨ ਹਿਲਾ ਕੇ ਬੋਲੇ, 'ਬਹੁਤ ਠੀਕ।' ਉਸੇ ਕਹਾਣੀ ਨੂੰ ਵਾਰ-ਵਾਰ ਸੁਣਾਉਂਦਾ ਹੋਇਆ ਮੈਂ ਤਾਂ ਬੜਾ ਈ ਅੱਕ ਗਿਆ ਸੀ-ਤੇ ਇਸ ਸਮੇਂ ਤਾਂ ਇੰਜ ਲੱਗ ਰਿਹਾ ਸੀ ਜਿਵੇਂ ਜ਼ਿੰਦਗੀ ਵਿਚ ਏਨਾਂ ਕਦੀ ਨਹੀਂ ਸੀ ਬੋਲਿਆ।

ਫੇਰ ਕੁਝ ਚਿਰ ਚੁੱਪ ਰਹਿਣ ਪਿੱਛੋਂ ਮਜਿਸਟਰੇਟ ਸਾਹਬ ਇਹ ਕਹਿੰਦੇ ਹੋਏ ਉੱਠ ਖੜੇ ਹੋਏ ਕਿ ਮੇਰੇ ਲਈ ਉਨਾਂ ਤੋਂ ਜੋ ਵੀ ਹੋ ਸਕੇਗਾ, ਉਹ ਜ਼ਰੂਰ ਕਰਨਗੇ...ਕਿ ਉਨਾਂ ਨੂੰ ਮੇਰੇ ਵਿਚ ਕਾਫ਼ੀ ਦਿਲਚਸਪੀ ਹੋ ਗਈ ਏ ਤੇ ਭਗਵਾਨ ਨੇ ਚਾਹਿਆ ਤਾਂ ਇਸ ਸੰਕਟ ਦੇ ਸਮੇਂ ਵਿਚ ਜ਼ਰੂਰ ਕਿਸੇ ਕੰਮ ਆਉਣਗੇ। ਪਰ ਸਭ ਤੋਂ ਪਹਿਲਾਂ ਤਾਂ ਅਜੇ ਕੁਝ ਹੋਰ ਸਵਾਲ ਪੁੱਛਣੇ ਜ਼ਰੂਰੀ ਨੇ।

ਸਭ ਤੋਂ ਪਹਿਲਾਂ ਤਾਂ ਉਨਾਂ ਨੇ ਇਕ ਸਿੱਧਾ ਸਵਾਲ ਕੀਤਾ ਕਿ ਕੀ ਮੈਂ ਆਪਣੀ ਮਾਂ ਨੂੰ ਪਿਆਰ ਕਰਦਾ ਸੀ?

'ਹਾਂ ਜੀ,' ਮੈਂ ਜਵਾਬ ਦਿੱਤਾ, 'ਜਿਵੇਂ ਹੋਰ ਲੋਕ ਆਪਣੀ ਮਾਂ ਨੂੰ ਪਿਆਰ ਕਰਦੇ ਨੇ, ਮੈਂ ਵੀ ਕਰਦਾ ਸੀ।' ਮੇਰੇ ਪਿੱਛੇ ਬੈਠਾ ਕਲਰਕ ਖਟਾਖਟ ਇਕੋ ਗਤੀ ਨਾਲ ਟਾਈਪ ਕਰੀ ਜਾ ਰਿਹਾ ਸੀ, ਪਰ ਸ਼ਾਇਦ ਉਸੇ ਛਿਣ ਉਸਦੀ ਉਂਗਲ ਕਿਸੇ ਗ਼ਲਤ ਅੱਖਰ ਉੱਤੇ ਪਈ ਕਿਉਂਕਿ ਉਦੋਂ ਈ, ਆਵਾਜ਼ ਤੋਂ ਲੱਗਿਆ ਕਿ ਉਸਨੇ ਕਾਗਜ਼ ਪਿੱਛੇ ਹਟਾ ਕੇ ਪਹਿਲਾਂ ਦਾ ਲਿਖਿਆ ਕੱਟ ਦਿੱਤਾ ਏ।

ਇਸ ਪਿੱਛੋਂ ਮਜਿਸਟ੍ਰੇਟ ਨੇ ਯਕਦਕ ਦੂਜਾ ਸਵਾਲ ਪੁੱਛਿਆ ਕਿ ਮੈਂ ਇਕ ਪਿੱਛੋਂ ਇਕ ਲਗਾਤਾਰ ਪੰਜ ਗੋਲੀਆਂ ਕਿਉਂ ਚਲਾਈਆਂ? ਮੈਨੂੰ ਇਸ ਸਵਾਲ ਤੇ ਪਹਿਲਾਂ ਵਾਲੇ ਸਵਾਲ ਵਿਚ ਕੋਈ ਆਪਸੀ ਸੰਬੰਧ ਨਹੀਂ ਸੀ ਦਿਖਾਈ ਦਿੱਤਾ।

ਮੈਂ ਕੁਝ ਚਿਰ ਸੋਚਿਆ, ਫੇਰ ਦੱਸਿਆ ਕਿ ਗੋਲੀਆਂ ਲਗਾਤਾਰ ਚਲਾਈਆਂ ਗਈਆਂ ਹੋਣ, ਇੰਜ ਨਹੀਂ ਏ। ਸਭ ਤੋਂ ਪਹਿਲਾਂ ਇਕ ਚਲਾਈ, ਫੇਰ ਕੁਝ ਚਿਰ ਰੁਕ ਕੇ ਬਾਕੀ ਚਾਰੇ ਚਲਾਈਆਂ।

'ਪਹਿਲੀ ਤੇ ਦੂਜੀਆਂ ਗੋਲੀਆਂ ਚਲਾਉਣ ਵਿਚਕਾਰ ਤੁਸੀਂ ਕਿਉਂ ਰੁਕੇ?'

ਮੈਨੂੰ ਲੱਗਿਆ ਜਿਵੇਂ ਮੇਰੀਆਂ ਅੱਖਾਂ ਸਾਹਵੇਂ ਉਹ ਸਾਰੇ ਦਾ ਸਾਰਾ ਦ੍ਰਿਸ਼ ਨੱਚ ਗਿਆ ਏ...ਸਮੁੰਦਰ ਤਟ ਦੀ ਉਹ ਸੰਧੂਰੀ ਤਪਸ਼, ਗੱਲਾਂ 'ਤੇ ਭਭਕਦੇ ਸਾਹ ਦਾ ਸਪਰਸ਼। ਇਸ ਵਾਰੀ ਮੈਥੋਂ ਕੋਈ ਜਵਾਬ ਨਾ ਦਿੱਤਾ ਗਿਆ।

ਮੇਰੀ ਇਸ ਚੁੱਪ ਦੌਰਾਨ ਮੈਜਿਸਟ੍ਰੇਟ ਸਾਹਬ ਕਦੀ ਆਸਨ ਬਦਲਦੇ, ਕਦੀ ਵਾਲਾਂ ਵਿਚ ਉਂਗਲਾਂ ਫੇਰਦੇ, ਕਦੀ ਜ਼ਰਾ ਕੁ ਉੱਠ ਕੇ ਫੇਰ ਬੈਠ ਜਾਂਦੇ। ਆਖ਼ਰ ਡੈਸਕ 'ਤੇ ਕੁਹਣੀਆਂ ਟੇਕ ਕੇ ਅਜੀਬ ਮੁੱਦਰਾ ਵਿਚ ਮੇਰੇ ਵੱਲ ਝੁਕ ਆਏ।

'ਪਰ ਕਿਉਂ? ਕਿਸ ਲਈ ਤੁਸੀਂ ਇਕ ਮੂਧੇ ਪਏ ਆਦਮੀ ਦੇ ਗੋਲੀਆਂ ਮਾਰਦੇ ਰਹੇ, ਦੱਸੋ' ਉਨਾਂ ਨੇ ਆਪਣੀ 'ਕਿਉ' ਤੇ 'ਕਿਸ ਲਈ' ਉੱਤੇ ਜ਼ੋਰ ਦੇ ਕੇ ਪੁੱਛਿਆ।

ਇਸ ਵਾਰੀ ਵੀ ਮੈਨੂੰ ਕੋਈ ਜਵਾਬ ਨਹੀਂ ਸੀ ਸੁੱਝਿਆ। ਮੈਜਿਸਟ੍ਰੇਟ ਨੇ ਮੱਥੇ ਉੱਤੇ ਹੱਥ ਫੇਰਿਆ ਤੇ ਜ਼ਰਾ ਕੁ ਬਦਲੇ ਲਹਿਜੇ ਵਿਚ ਆਪਣਾ ਸਵਾਲ ਦੁਹਰਾਇਆ, 'ਮੈਂ ਪੁੱਛ ਰਿਹਾਂ, 'ਕਿਉਂ ਕੀਤਾ ਤੁਸੀਂ ਇੰਜ?' ਮੈਂ ਫੇਰ ਪੁੱਛ ਰਿਹਾਂ, 'ਮੈਨੂੰ ਇਸਦਾ ਕਾਰਨ ਦੱਸੋ।'

ਮੈਂ ਫੇਰ ਵੀ ਕੁਝ ਨਹੀਂ ਬੋਲਿਆ।

ਅਚਾਨਕ ਉਹ ਉੱਠੇ-ਤੇ ਸਾਹਮਣੀ ਕੰਧ ਦੇ ਸਹਾਰੇ ਫਾਇਲਾਂ ਰੱਖ ਵਾਲੀ ਅਲਮਾਰੀ ਕੋਲ ਜਾ ਕੇ ਉਸਦੀ ਦਰਾਜ਼, ਖਿੱਚ ਕੇ, ਖੋਲੀ ਤੇ ਉਸ ਵਿਚੋਂ ਸੂਲੀ ਚੜੇ ਈਸਾ ਦੀ ਚਾਂਦੀ ਦੀ ਮੂਰਤੀ ਕੱਢ ਕੇ ਹੱਥ ਵਿਚ ਝੁਲਾਉਂਦੇ ਹੋਏ ਫੇਰ ਵਾਪਸ ਉੱਥੇ ਆ ਬੈਠੇ।

'ਜਾਣਦੇ ਓ, ਇਹ ਕੌਣ ਏਂ?' ਉਨਾਂ ਦੀ ਆਵਾਜ਼ ਯਕਦਕ ਬਦਲ ਗਈ ਸੀ। ਭਾਵਨਾ-ਵੱਸ ਕੰਬ ਰਹੀ ਸੀ।

'ਹਾਂ ਜੀ, ਜਾਣਦਾ ਆਂ,' ਮੈਂ ਜਵਾਬ ਦਿੱਤਾ।

ਹੁਣ ਤਾਂ ਜਿਵੇਂ ਉਨਾਂ ਦਾ ਬੰਨ ਈ ਟੁੱਟ ਗਿਆ ਸੀ, ਉਹ ਬਿਨਾਂ ਸਾਹ ਲਏ ਅੰਨਵਾਹ ਬੋਲਦੇ ਈ ਰਹੇ। ਦੱਸਣ ਲੱਗੇ ਕਿ ਭਗਵਾਨ ਵਿਚ ਉਨਾਂ ਨੂੰ ਕਿੰਨੀ ਆਸਥਾ ਏ...ਕਿ ਵੱਡੇ ਤੋਂ ਵੱਡਾ ਪਾਪੀ ਵੀ ਕਿਸ ਤਰਾਂ ਭਗਵਾਨ ਦੀ ਖ਼ਿਮਾਂ ਦਾ ਅਧਿਕਾਰੀ ਹੋ ਸਕਦਾ ਏ। ਪਰ ਇਸ ਲਈ ਸਭ ਤੋਂ ਪਹਿਲੀ ਸ਼ਰਤ ਇਹੀ ਏ ਕਿ ਉਸਨੂੰ ਸੱਚੇ ਦਿਲ ਨਾਲ ਪ੍ਰਾਸ਼ਚਿਤ ਕਰਨਾ ਪਵੇਗਾ। ਉਸਨੂੰ ਮਾਸੂਮ ਬੱਚੇ ਵਾਂਗ ਸਾਫ਼ ਦਿਲ ਤੇ ਨੇਹਚਾਵਾਨ ਹੋਣਾ ਪਵੇਗਾ। ਕਪਟ-ਰਹਿਤ ਭਾਵ ਨਾਲ ਭਗਵਾਨ ਉੱਤੇ, ਉਸਦੇ ਨਿਆਂ ਉੱਤੇ ਵਿਸ਼ਵਾਸ ਕਰਨਾ ਪਵੇਗਾ। ਉਹ ਮੇਜ਼ ਉੱਤੇ ਉਸ ਪਾਰ ਤੋਂ ਇਸ ਪਾਰ ਤੀਕ ਝੁਕੇ ਹੋਏ ਸਨ ਤੇ ਮੂਰਤੀ ਨੂੰ ਲਗਾਤਾਰ ਮੇਰੀਆਂ ਅੱਖਾਂ ਸਾਹਵੇਂ ਘੁਮਾਈ ਜਾ ਰਹੇ ਸਨ।

ਮੁੱਖ ਤੌਰ 'ਤੇ ਦੋ ਕਾਰਨਾ ਕਰਕੇ ਉਨਾਂ ਦੀਆਂ ਗੱਲਾਂ ਸਮਝਣ ਵਿਚ ਮੈਨੂੰ ਦਿੱਕਤ ਹੋ ਰਹੀ ਸੀ...ਇਕ ਤਾਂ ਦਫ਼ਤਰ ਵਿਚ ਬੇਹੱਦ ਹੁੰਮਸ ਸੀ ਤੇ ਵੱਡੀਆਂ-ਵੱਡੀਆਂ ਮੱਖੀਆਂ ਮੇਰੀਆਂ ਪੁੜਪੁੜੀਆਂ ਦੇ ਆਸੇ-ਪਾਸੇ ਜਾਂ ਉੱਤੇ ਬੈਠ ਕੇ ਭੀਂ-ਭੀਂ ਕਰੀ ਜਾ ਰਹੀਆਂ ਸਨ। ਦੂਜਾ, ਉਹਨਾਂ ਦੀਆਂ ਗੱਲਾਂ ਨੇ ਮੈਨੂੰ ਡਰ ਤੇ ਪ੍ਰੇਸ਼ਾਨੀ ਵਿਚ ਪਾ ਦਿੱਤਾ ਸੀ। ਹਾਂ, ਮੈਨੂੰ ਇਹ ਜ਼ਰੂਰ ਲੱਗਿਆ ਕਿ ਇਸ ਤਰਾਂ ਡਰਨਾ ਜਾਂ ਪ੍ਰੇਸ਼ਾਨ ਹੋਣਾ ਬੜਾ ਬੇਤੁਕਾ ਏ-ਇਨਾਂ ਵਰਤਮਾਨ ਪ੍ਰਸਥਿਤੀਆਂ ਵਿਚ ਹੋਰ ਵੀ ਬੇਤੁਕਾ ਇਸ ਲਈ ਏ ਕਿ ਲੱਖ ਹੋਵੇ ਮੁਜਰਿਮ ਬਣ ਕੇ ਤਾਂ ਆਇਆ ਈ ਸੀ ਮੈਂ। ਖ਼ੈਰ, ਉਹ ਬੋਲਦੇ ਰਹੇ ਤੇ ਮੈਂ ਮਨੋਂ ਉਹਨਾਂ ਦੀ ਗੱਲ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ। ਏਨੀ ਗੱਲ ਮੇਰੀ ਸਮਝ ਵਿਚ ਆ ਗਈ ਸੀ ਕਿ ਇਸ ਸਾਰੇ ਇਕਬਾਲੀਆ ਬਿਆਨ ਵਿਚ ਸਭ ਤੋਂ ਵੱਧ ਲੋੜ ਸਿਰਫ਼ ਇਕ ਗੱਲ ਦੀ ਸਫ਼ਾਈ ਦੇਣ ਦੀ ਏ ਤੇ ਉਹ ਇਹ ਕਿ ਦੁਬਾਰਾ ਗੋਲੀਆਂ ਚਲਾਉਣ ਤੋਂ ਪਹਿਲਾਂ ਮੈਂ ਰੁਕਿਆ ਕਿਓਂ ਸੀ? ਬਾਕੀ ਸਾਰੀਆਂ ਗੱਲਾਂ ਤਾਂ ਖ਼ੈਰ, ਇਕ ਤਰਾਂ ਨਾਲ ਠੀਕ-ਠਾਕ ਈ ਸਨ। ਮਜਿਸਟਰੇਟ ਸਾਹਬ ਨੂੰ ਇਸੇ ਗੱਲ ਨੇ ਚੱਕਰ ਵਿਚ ਪਾਇਆ ਹੋਇਆ ਸੀ।

ਮੈਂ ਕਹਿਣ ਲੱਗਾ ਕਿ ਇਸ ਗੱਲ ਉੱਤੇ ਏਨਾਂ ਜ਼ੋਰ ਦੇਣਾ ਗ਼ਲਤ ਏ, ਇਹ ਕੋਈ ਏਡੀ ਮਹੱਤਵਪੂਰਨ ਚੀਜ਼ ਵੀ ਨਹੀਂ। ਪਰ ਸ਼ਬਦਾਂ ਦਾ ਮੇਰੇ ਮੂੰਹ ਵਿਚੋਂ ਨਿਕਲਣਾ ਸੀ ਕਿ ਉਹ ਯਕਦਮ ਸਿੱਧੇ ਤਣ ਕੇ ਖੜੇ ਹੋ ਗਏ ਤੇ ਬੜੇ ਸੱਚੇ ਦਿਲ ਨਾਲ ਪੁੱਛਣ ਲੱਗੇ ਕਿ 'ਤੂੰ ਈਸ਼ਵਰ ਨੂੰ ਤਾਂ ਮੰਨਦਾ ਏਂ ਨਾ?' ਤੇ ਜਦੋਂ ਮੈਂ ਕਿਹਾ, 'ਜੀ ਨਈਂ,' ਤਾਂ ਗੁੱਸੇ ਨਾਲ ਭਰੇ ਘੜੰਮ ਕਰਕੇ ਕੁਰਸੀ ਉੱਤੇ ਬੈਠ ਗਏ।

ਕਹਿਣ ਲੱਗੇ ਕਿ ਇਸ ਗੱਲ ਦੀ ਤਾਂ ਉਹ ਸੱਤ ਜਨਮਾਂ ਵਿਚ ਵੀ ਕਲਪਨਾ ਨਹੀਂ ਕਰ ਸਕਦੇ ਕਿ ਈਸ਼ਵਰ ਨੂੰ ਨਾ ਮੰਨੋ। ਸਾਰੇ ਮਨੁੱਖ ਭਗਵਾਨ ਵਿਚ ਆਸਥਾ ਰੱਖਦੇ ਨੇ...ਜਿਹੜੇ ਉਸਨੂੰ ਨਿੰਦਦੇ ਤੇ ਗਾਲਾਂ ਕੱਢਦੇ ਨੇ, ਉਹ ਵੀ ਉਸਨੂੰ ਮੰਨਦੇ ਨੇ-ਇਹ ਉਨਾਂ ਦਾ ਅਡਿੰਗ ਵਿਸ਼ਵਾਸ ਸੀ। 'ਭਗਵਾਨ ਦੀ ਆਸਥਾ ਨੂੰ ਲੈ ਕੇ ਜੇ ਕਦੀ ਰੱਤੀ ਭਰ ਵੀ ਸ਼ੰਕਾ ਮੇਰੇ ਮਨ ਵਿਚ ਆਈ ਤਾਂ ਸਮਝ ਲੈਣਾ ਕਿ ਮੇਰੇ ਜੀਵਨ ਦਾ ਕੋਈ ਅਰਥ, ਕੋਈ ਨਿਸ਼ਾਨਾ ਨਈਂ ਰਹਿ ਜਾਵੇਗਾ।' ਉਨਾਂ ਨੇ ਤੈਸ਼ ਵਿਚ ਆ ਕੇ ਪੁੱਛਿਆ, 'ਤੈਨੂੰ ਚੰਗਾ ਲੱਗੇਗਾ ਕਿ ਮੇਰੇ ਜੀਵਨ ਦਾ ਕੋਈ ਨਿਸ਼ਾਨਾ, ਕੋਈ ਅਰਥ ਨਾ ਰਹੇ?' ਮੇਰੀ ਅਕਲ ਵਿਚ ਸੱਚਮੁੱਚ ਨਹੀਂ ਸੀ ਆਇਆ ਕਿ 'ਮੈਨੂੰ ਚੰਗਾ ਲੱਗਣਾ ਜਾਂ ਨਾ ਲੱਗਣਾ-ਇਹ ਗੱਲ ਏਥੇ ਕਿੱਥੋਂ ਆ ਟਪਕੀ...?' ਇਹ ਗੱਲ ਮੈਂ ਉਨਾਂ ਨੂੰ ਕਹਿ ਵੀ ਦਿੱਤੀ।

ਮੈਂ ਅਜੇ ਬੋਲਣਾ ਬੰਦ ਵੀ ਨਹੀਂ ਸੀ ਕੀਤਾ ਕਿ ਉਹਨਾਂ ਨੇ ਫੇਰ ਮੂਰਤੀ ਨੂੰ ਝਟਕੇ ਨਾਲ ਮੇਰੇ ਨੱਕ ਦੇ ਸਾਹਮਣੇ ਕਰ ਦਿੱਤਾ ਤੇ ਬੋਲੇ, "ਖ਼ੈਰ, ਮੈਂ ਤਾਂ ਈਸਾਈ ਆਂ ਤੇ ਈਸ਼ਵਰ ਨੂੰ ਸੱਚੇ ਦਿਲੋਂ ਪ੍ਰਾਰਥਨਾ ਕਰਦਾ ਆਂ ਕਿ ਤੇਰੇ ਪਾਪ **ਬਾਕੀ ਸਫ਼ਾ 28 'ਤੇ**

# ਸਭੁ ਦੇਸ ਬੇਗਾਨਾ



ਸਰਘੀ

ਅੱਜ ਬਖਤਾਵਰ ਸਿੰਘ ਬਾਜਵਾ ਬਹੁਤ ਉਦਾਸ ਸੀ। ਬਖਤਾਵਰ ਸਿੰਘ ਬਾਜਵਾ ਜਿਹਨੇ ਹਮੇਸ਼ਾ ਆਪਣੇ ਹੱਥਾਂ ਨਾਲ ਦੇਣਾ ਹੀ ਸਿੱਖਿਆ ਸੀ, ਲੈਣਾ ਕੁਝ ਨਹੀਂ। ਜਿਸ ਮੋਹ ਵੰਡਦਿਆਂ ਕਦੇ ਕੋਈ ਆਪਣਾ ਬੇਗਾਨਾ ਨਹੀਂ ਸੀ ਵੇਖਿਆ... ਤੇ ਅੱਜ ਉਸਨੂੰ ਸਭ ਕੁਝ ਹੀ ਬੇਗਾਨਾ ਲੱਗ ਰਿਹਾ ਸੀ। ਆਪਣਾ ਹੀ ਘਰ ਸੀ... ਆਪਣਾ ਹੀ ਪਿੰਡ ਸੀ, ਆਪਣਾ ਹੀ ਦੇਸ਼ ਸੀ। ਪਰ ਫੇਰ ਵੀ ਲੱਗਦਾ ਸੀ... ਜਿਵੇਂ ਕੁਝ ਵੀ ਆਪਣਾ ਨਾ ਹੋਵੇ। ਥੋੜਾ ਦਿਲ ਤਕੜਾ ਕਰਕੇ ਆਪਣੇ ਮੋਬਾਇਲ ਦੀ ਉਸਨੇ ਫੋਨ ਬੁੱਕ ਖੋਲੀ... ਨਾਂਵਾਂ ਦੀ ਲਿਸਟ ਬੜੀ ਲੰਮੀ ਚੌੜੀ ਸੀ। ਕਾਫਲੇ ਹੀ ਕਾਫਲੇ ਸਨ... ਭੀੜਾਂ ਹੀ ਭੀੜਾਂ ਸਨ... ਪਰ ਉਹ ਤਾਂ ਫਿਰ ਇਕੱਲਾ ਸੀ...। ਧੁਰ ਅੰਦਰ ਪਸਰੀ ਖਿਝ ਜਿਹੀ 'ਚ ਉਸਨੇ ਸਾਰੇ ਨੰਬਰਾਂ ਨੂੰ ਡਿਲੀਟ ਕਰਨਾ ਚਾਹਿਆ। ਪਰ ਇਕ ਨੰਬਰ ਸਕਰੀਨ 'ਤੇ ਆਉਂਦਿਆਂ ਹੀ ਉਸਨੂੰ ਤਸੱਲੀ ਜਿਹੀ ਹੋਈ। ਇਹ ਉਹਦੇ ਯਾਰ ਪਰਮ ਦਾ ਨੰਬਰ ਸੀ। ਪਰਮ ਨੂੰ ਫੋਨ ਕਰਨ ਲਈ ਉਹ ਜੱਕੋ-ਤੱਕੀ ਵਿਚ ਹੀ ਸੀ ਕਿ ਪਰਮ ਦਾ ਫੋਨ ਆ ਗਿਆ। ਇਹ ਪਹਿਲੀ ਵਾਰ ਨਹੀਂ ਸੀ, ਅੱਗੇ ਵੀ ਕਈ ਵਾਰ ਇੰਜ ਹੀ ਹੁੰਦਾ ਆਇਆ ਸੀ। ਬਖਤਾਵਰ ਜਦੋਂ ਵੀ ਕਦੇ ਉਦਾਸ ਹੁੰਦਾ, ਪਰਮ ਸਾਲਮ ਸਬੂਤਾ ਉਹਦੇ ਸਾਹਵੇਂ ਆ ਖਲੋਂਦਾ।

'ਹਾਂ ਪਰਮ' ਬਖਤਾਵਰ ਨੇ ਕਾਲ ਰਿਸੀਵ ਕਰਦਿਆਂ ਕਿਹਾ। 'ਯਾਰ, ਮੈਂ ਤੈਨੂੰ ਮਿਲਣ ਆਇਆਂ, ਤੂੰ ਕਿਥੇ...।'

'ਪਰਮ, ਇਹ ਤਾਂ ਮੈਨੂੰ ਵੀ ਨਹੀਂ ਪਤਾ ਮੈਂ ਕਿਥੇ ਆਂ...' ਏਨਾ ਕਹਿ ਕੇ ਬਖਤਾਵਰ ਨੇ ਫੋਨ ਕੱਟ ਦਿੱਤਾ ਸੀ।

...ਤੇ ਕੁਝ ਪਲਾਂ ਵਿਚ ਹੀ ਪਰਮ ਬਖਤਾਵਰ ਕੋਲ ਪਹੁੰਚ ਗਿਆ ਸੀ। ਬਖਤਾਵਰ ਦੀਆਂ ਸਵਾਲ ਕਰਦੀਆਂ ਅੱਖਾਂ ਨੂੰ ਤੱਕ ਪਰਮ ਨੇ ਜਵਾਬ ਦਿੱਤਾ, 'ਬਖਤਾਵਰ, ਮੈਨੂੰ ਪਤਾ ਤੂੰ ਆਪਣੀ ਇਕੱਲ ਤੋੜਨ ਹਮੇਸ਼ਾ ਆਪਣੀ ਜ਼ਮੀਨ ਵਿਚ ਆਉਂਦੈਂ।'

ਆਪਣੇ ਮਨ 'ਚ ਥੋੜੀ ਜਿਹੀ ਤਸੱਲੀ ਮਹਿਸੂਸ ਕਰਦਿਆਂ ਬਖਤਾਵਰ ਬੋਲਿਆ, 'ਹਾਂ ਯਾਰ... ਪੁਰਖਿਆਂ ਦੀ ਇਹ ਜ਼ਮੀਨ ਇਕੱਲ ਤੋਂ ਮੁਕਤ ਕਰ ਦੇਂਦੀ ਹੈ... ਧਰਤ 'ਚੋਂ ਪੁੰਗਰਦੇ ਬੀਅ ਤੇ ਫਿਰ ਹੌਲੀ-ਹੌਲੀ ਜਦ ਫਸਲ ਆਪਣੇ ਪੂਰੇ ਜੋਬਨ 'ਤੇ ਆਉਂਦੀ ਹੈ ਤਾਂ ਕਿੰਨਾ ਸਕੂਨ ਮਿਲਦਾ...।'

'ਬਖਤਾਵਰ ਜਿੰਨਾ ਮਨੁੱਖ ਕੁਦਰਤ ਦੇ ਨੇੜੇ ਹੋਵੇਗਾ, ਓਨਾ ਹੀ ਸੁਖੀ ਹੋਵੇਗਾ।' ਪਰਮ ਦੇ ਜਵਾਬ ਨੇ ਬਖਤਾਵਰ ਦੀ ਦੁਖਦੀ ਰਗ ਨੱਪ ਦਿੱਤੀ ਸੀ।

ਬਖਤਾਵਰ ਦੇ ਮੱਥੇ ਦੀ ਨਾੜ ਉਭਰੀ ਤੇ ਥੋੜਾ ਤਲਖ ਹੁੰਦਿਆਂ ਕਹਿਣ ਲੱਗਾ, 'ਪਰ ਯਾਰ ਆਹ ਸਾਲੀ ਔਲਾਦ ਬਾਹਰ ਜਾ ਕੇ ਮਸ਼ੀਨਾਂ ਵੱਸ ਪੈ... ਮਸ਼ੀਨ ਹੋ ਗਈ।' ਬਖਤਾਵਰ ਦੇ ਕੌੜੇ ਬੋਲ ਤਸਦੀਕ ਕਰ ਗਏ ਸਨ ਕਿ ਉਹਦੀ ਸਾਰੀ ਖਿਝ ਆਪਣੇ ਬਾਹਰੋਂ ਆਏ ਨੂੰਹ-ਪੁੱਤ ਲਈ ਰਾਖਵੀਂ ਸੀ। 'ਪਰਮ, ਮੈਂ ਉਸ ਸਮੇਂ ਕੱਖੋਂ ਹੌਲਾ ਹੋ ਗਿਆ ਸੀ ਜਦ ਮੇਰਾ ਵੱਡਾ ਪੁੱਤ ਰੱਬ ਨੇ ਖੋਹ ਲਿਆ ਸੀ... ਬੰਦਾ ਰੱਬ ਦੇ ਭਾਣੇ ਨੂੰ ਜਰ ਲੈਂਦਾ... ਪਰ ਜਿਹੜਾ ਘਾਟਾ ਮੈਨੂੰ ਜੀਂਦਾ ਪੁੱਤ ਪਾ ਰਿਹਾ, ਉਹ ਨਹੀਂ ਜਰ ਹੁੰਦਾ...।'

'ਐਵੇਂ ਛੋਟੀਆਂ-ਛੋਟੀਆਂ ਗੱਲਾਂ ਦਿਲ 'ਤੇ ਨਹੀਂ ਲਾਈਦੀਆਂ।' ਪਰਮ ਨੇ ਸਿਆਣਾ ਜਿਹਾ ਬਣਦਿਆਂ ਕਿਹਾ। ਆਪਣੀ ਗੱਲ ਮੁਕਾਉਣ ਤੋਂ ਬਾਅਦ ਪਰਮ ਉਸ ਦਿਨ ਵਲ ਪਰਤ ਗਿਆ ਸੀ... ਜਦ ਉਹਦੇ ਛੋਟੇ ਪੁੱਤ ਨੇ ਆਪਣੇ ਹਾਣ ਦੇ ਅੰਬਰ ਦੀ ਪਰਵਾਜ਼ ਭਰ ਲਈ ਸੀ... 'ਸਾਨੂੰ ਕੀਹਦੇ ਆਸਰੇ ਛੱਡ ਕੇ ਚੱਲਿਆਂ ਪੁੱਤਰਾ' ਮਾਂ ਸਵਾਲ ਕਰਨਾ ਚਾਹੁੰਦੀ ਸੀ... ਪਰ ਉਸਨੂੰ ਪਤਾ ਸੀ... ਇਹੋ ਜਿਹੇ ਸਵਾਲ ਜਾਣ ਵਾਲੇ ਲਈ ਕੋਈ ਮਾਇਨੇ ਨਹੀਂ ਰੱਖਦੇ...। ਏਅਰ ਪੋਰਟ 'ਤੇ ਬਖਤਾਵਰ ਸਿੰਘ ਬਾਜਵਾ ਨੇ ਅਣਮੰਨੇ ਮਨ ਨਾਲ ਪੁੱਤ ਦੀ ਪਿੱਠ ਥਾਪੜੀ ਸੀ... ਤੇ ਘਰ ਆ ਕੇ ਆਪਣੇ ਮਰੇ ਪੁੱਤ ਦੀ ਫੋਟੋ ਸਾਹਮਣੇ ਕਈ ਸਵਾਲ ਜਵਾਬ ਕੀਤੇ ਸਨ... ਤੇ ਭੁੱਬ ਮਾਰਦਿਆਂ ਉਸ ਕਿਹਾ ਸੀ, 'ਭਲਾਂ ਮੋਏ ਤੇ ਵਿਛੜੇ ਕੌਣ ਮੇਲੇ...' ਤੇ ਉਸ ਤੋਂ ਬਾਅਦ ਪਰਮ ਦੇ ਗਲ ਲੱਗ ਰੋ ਪਿਆ ਸੀ।

ਬਖਤਾਵਰ ਦੀ ਆਵਾਜ਼ ਨਾਲ ਪਰਮ ਉਹਦੀ ਗੱਲ ਵਲ ਬਹੁੜਿਆ- 'ਵੇਖ ਬਖਤਾਵਰ, ਇਹ ਜ਼ਿੰਦਗੀ ਹੈ, ਇਹਦੇ ਵਿਚ ਉਹੀ ਕੁਝ ਤਾਂ ਨਹੀਂ ਹੁੰਦਾ, ਜੋ ਆਪਾਂ ਸੋਚੀਏ।'

'ਹਾਂ, ਇਹ ਤਾਂ ਮੈਂ ਵੀ ਸਮਝਦਾਂ... ਪਰ ਫੇਰ ਵੀ ਔਲਾਦ ਦੀ ਬੇਰੁਖੀ ਝੱਲ ਨਹੀਂ ਹੁੰਦੀ।'

'ਬਖਤੌਰੇ, ਰਿਸ਼ਤੇ ਖੂਹ ਦੀ ਨਹੀਂ, ਮਨ ਦੀ ਆਵਾਜ਼ ਹੁੰਦੇ ਹਨ... ਜਦ ਰਿਸ਼ਤਿਆਂ ਕੋਲ ਅਸੀਂ ਸ਼ੰਕਿਆਂ ਦੀ ਚੁੱਪ ਲਈ ਜਾਂਦੇ ਹਾਂ ਤਾਂ ਬਹੁਤ ਕੁਝ ਗਲਤ ਮਲਤ ਹੋ ਜਾਂਦੈ।'

'ਹਾਂ ਪਰਮ... ਸ਼ਾਇਦ ਤੂੰ ਠੀਕ ਕਹਿ ਰਿਹਾ ਹੋਵੇਂ।' ਮਨ ਵਿਚ ਕਈ ਸ਼ੰਕੇ ਲਈ ਬੈਠੇ ਬਖਤਾਵਰ ਨੇ ਹੁੰਗਾਰਾ ਦਿੱਤਾ।

...ਤੇ ਇਸ ਤੋਂ ਬਾਅਦ ਪਰਮ ਆਪਣੇ ਘਰ ਵਲ ਨੂੰ ਹੋ ਤੁਰਿਆ ਸੀ... ਬਖਤਾਵਰ ਆਪਣੇ ਘਰ ਦੇ ਪੈਂਡੇ ਪੈ ਕਈ ਕੁਝ ਸੋਚ ਰਿਹਾ ਸੀ, 'ਹੋ ਸਕਦਾ ਮੈਂ ਹੀ ਗ਼ਲਤ ਹੋਵਾਂ। ਹਮੇਸ਼ਾ ਆਪਣੀ ਹੀ ਨਜ਼ਰ ਤੋਂ ਸਭ ਕਾਸੇ ਨੂੰ ਵੇਖਣਾ... ਇਹ ਵੀ ਤਾਂ ਠੀਕ ਨਹੀਂ।' ਅਜਿਹੇ ਵੇਲੇ ਉਹਨੂੰ ਆਪਣੇ ਪੁੱਤਰ ਨਾਲ ਪਿਆਰ ਆ ਜਾਂਦਾ... ਪਰ ਜਦੋਂ 'ਮਿਗਲਾਨੀ ਵਿਲਾ' ਵਾਲੀ ਨੇਮ ਪਲੇਟ ਉਹਦੀਆਂ ਅੱਖਾਂ ਅੱਗੇ ਆਉਂਦੀ... ਤਾਂ ਉਸ ਨੂੰ ਆਪਣਾ ਪੁੱਤ ਸਾਰੀ ਬਰਾਦਰੀ ਦਾ ਗੁਨਾਹਗਾਹ ਲੱਗਣ ਲੱਗ ਪੈਂਦਾ। ਮਨ 'ਚ ਕਈ ਸਵਾਲ ਜਵਾਬ ਕਰਦਿਆਂ ਹੀ ਉਹ ਆਪਣੇ ਘਰ ਪਹੁੰਚ ਗਿਆ। ਉਹ ਆਪਣੇ ਮਨ 'ਚ ਪਏ ਸ਼ੰਕਿਆਂ ਨੂੰ ਹੂੰਝ ਦੇਣਾ ਚਾਹੁੰਦਾ ਸੀ... ਪਰ ਘਰ ਵੜਦਿਆਂ ਹੀ ਨੂੰਹ ਦੇ ਸਰੀਰ 'ਤੇ ਪਏ ਗਿੱਠ ਕੁ ਕੱਪੜਿਆਂ ਨੇ ਉਹਨੂੰ ਸ਼ਰਮਸ਼ਾਰ ਕਰ ਦਿੱਤਾ। ਫਿਰ ਵੀ ਵਿਹੜੇ ਵਿਚ ਖੇਡਦੇ ਪੋਤੇ ਵਲ ਵੇਖ ਉਹਨੂੰ ਤਸੱਲੀ ਜਿਹੀ ਹੋਈ।

ਆਪਣੇ ਘਰ ਦੇ ਧੁਰ ਕੋਠੇ ਜਾ ਉਸਨੇ ਪਿੰਡ ਵਲ ਵੇਖਿਆ...ਬੜੀ ਤਰੱਕੀ ਹੋ ਗਈ ਸੀ... ਵੱਡੇ ਵੱਡੇ ਘਰ ਪੈ ਗਏ ਸਨ... ਕਦੇ ਵੇਲਾ ਸੀ... ਘਰ ਛੋਟੇ ਸੀ...ਤੇ ਰਹਿਣ ਵਾਲੇ ਜ਼ਿਆਦਾ...ਪਰ ਹੁਣ ਘਰਾਂ ਦੇ ਜੰਗਲ ਉਗ ਖਲੋਤੇ ਸਨ। ਇਨਾਂ ਘਰਾਂ 'ਚ ਰਹਿਣ ਵਾਲੇ ਡਾਲਰਾਂ ਪੌਂਡਾਂ ਦੇ ਵੱਸ ਪੈ ਗਏ ਸੀ... ਤੇ ਪਿੱਛੇ ਰਹਿ ਗਏ ਹਰ ਮਾਂ-ਪਿਉ ਦੀ ਕਹਾਣੀ ਬਖਤਾਵਰ ਸਿੰਘ ਬਾਜਵਾ ਵਰਗੀ ਸੀ। ਉਸਨੇ ਮਨ ਹੀ ਮਨ ਸੋਚਿਆ। ਇਹ ਕਿਹੋ ਜਿਹੀ ਤਰੱਕੀ ਸੀ। ਜੀਹਨੇ ਦਿੱਤਾ ਤਾਂ ਬਹੁਤ ਕੁਝ ਸੀ ਪਰ ਫੇਰ ਵੀ ਇੰਜ ਲੱਗਦਾ ਸੀ ਜਿਵੇਂ ਕੁਝ ਵੀ ਕੋਲ ਨਾ ਹੋਵੇ... ਅਸਮਾਨੀਂ ਉਡਦੇ ਹਵਾਈ ਜਹਾਜ਼ ਦੀ ਆਵਾਜ਼ ਨਾਲ ਉਹਦੇ ਖ਼ਿਆਲਾਂ ਦੀ ਤੰਦ ਟੁੱਟੀ ਤੇ ਉਹ ਹੇਠਾਂ ਉਤਰ ਆਇਆ। ਥੱਲੇ ਆਉਂਦਿਆਂ ਹੀ ਉਸਨੂੰ ਆਪਣੇ ਨੂੰਹ-ਪੁੱਤ ਅੰਗਰੇਜ਼ੀ ਅੰਦਾਜ਼ ਵਿਚ ਗੁੱਥਮ-ਗੁੱਥਾ ਹੋਏ ਨਜ਼ਰ ਆਏ। ਉਹ ਖੰਘੂਰਾ ਮਾਰਨਾ ਚਾਹੁੰਦਾ ਸੀ ਪਰ ਅਗਲੇ ਹੀ ਪਲ ਉਸ ਸੋਚਿਆ ਕਿ ਜਦ ਸਾਲਮ ਸਬੂਤਾ ਬਖਤਾਵਰ ਸਿੰਘ ਬਾਜਵਾ ਉਨਾਂ ਲਈ ਕੋਈ ਮਾਅਨੇ ਨਹੀਂ ਰੱਖਦਾ ਤਾਂ ਫਿਰ ਇਸ ਖੰਘੂਰੇ ਦੇ ਕੀ ਅਰਥ ? ਉਹ ਸਿੱਧਾ ਆਪਣੇ ਕਮਰੇ ਵਿਚ ਚਲਾ ਗਿਆ। ਬਾਹਰ ਵੱਜ ਰਿਹਾ ਵਲੈਤੀ ਮਿਊਜ਼ਕ ਉਹਦਾ ਮੂੰਹ ਚਿੜਾਉਣ ਲੱਗਾ। ਥੋੜਾ ਤਲਖ ਹੋ ਉਸ ਆਪਣੀ ਤ੍ਰੀਮਤ ਨੂੰ ਕਿਹਾ, 'ਆਪਣੇ ਪੁੱਤ ਨੂੰ ਕਹਿ ਇਹ ਕੰਜਰਖਾਨਾ ਮੇਰੇ ਘਰ ਨਾ ਲਾਇਆ ਕਰੇ।'

ਅੱਗੋਂ ਉਸ ਕੋਈ ਜਵਾਬ ਨਾ ਦਿੱਤਾ। ਬਖਤਾਵਰ ਸਿੰਘ ਬਾਜਵਾ ਦੀ ਬੀਵੀ ਪਤਾ ਨਹੀਂ ਕਿਸ ਮਿੱਟੀ ਦੀ ਬਣੀ ਸੀ...ਉਸਨੂੰ ਕਿਸੇ 'ਤੇ ਵੀ ਕੋਈ ਗਿਲਾ ਸ਼ਿਕਵਾ ਨਹੀਂ ਸੀ... ਉਹਨੇ ਨੂੰਹ ਪੁੱਤਰ ਦੀ ਬੇਰੁਖੀ ਵੀ ਸਿਰ ਮੱਥੇ ਜਰ ਲਈ ਸੀ ਤੇ ਆਪਣੇ ਖਾਵੰਦ ਦੇ ਨਿਹੋਰੇ ਵੀ ਜਰ ਲਏ ਸਨ। ਪੋਤੇ ਦੀ ਕਿਲਕਾਰੀ 'ਚ ਉਹ ਹੱਸ ਛੱਡਦੀ ਤੇ ਨੂੰਹ ਵਲੋਂ ਦਿੱਤੀਆਂ ਨਸੀਹਤਾਂ ਮੁਤਾਬਕ ਆਪਣੇ ਪੋਤੇ ਦੇ ਨਿੱਕੇ-ਨਿੱਕੇ ਕੰਮ ਕਰਦੀ ਰਹਿੰਦੀ।

ਇਕ ਚੁੱਪ ਸੀ ਜੋ ਇਸ ਘਰ 'ਚ ਰਹਿਣ ਵਾਲਿਆਂ ਦੇ ਦਿਲਾਂ ਵਿਚ ਪਸਰ ਗਈ ਸੀ। ਹਰ ਰਿਸ਼ਤਾ ਬਾਹਰੋਂ ਵੇਖਣ ਨੂੰ ਸਹਿਜ ਤੇ



ਅੰਦਰੋਂ ਵਿੱਥ 'ਤੇ ਖਲੋਤਾ ਹੋਇਆ ਸੀ ਤੇ ਇਕ ਦਿਨ ਇਸ ਚੁੱਪ ਨੂੰ ਬਖਤਾਵਰ ਸਿੰਘ ਬਾਜਵਾ ਨੇ ਆਵਾਜ਼ ਦੇ ਦਿੱਤੀ ਸੀ...ਜਿਸਨੇ ਬਖਤਾਵਰ ਸਿੰਘ ਬਾਜਵਾ ਦੇ ਰਹਿੰਦੇ ਖੂੰਹਦੇ ਭਰਮ ਵੀ ਤੋੜ ਦਿੱਤੇ ਸਨ।

ਡਾਢੇ ਦੁੱਖ ਨਾਲ ਉਸ ਆਪਣੇ ਪੁੱਤ ਨੂੰ ਕਿਹਾ, 'ਅੰਮ੍ਰਿਤ, ਤੂੰ ਆਪਣਾ ਰਾਹ ਖੁਦ ਚੁਣਿਆ... ਠੀਕ ਹੈ... ਪਰ ਮੈਨੂੰ ਲੱਗਦਾ ਇਸ ਰਾਹ ਨੇ ਜਿਵੇਂ ਰਾਹੀ ਨੂੰ ਹੀ ਨਿਗਲ ਲਿਆ ਹੋਵੇ।'

'ਡੋਂਟ ਬੀ ਸੋ ਇਮੋਸ਼ਨਲ ਡੈਡ।' ਉਹ ਥੋੜੀ ਟਿੱਚਰ ਜਿਹੀ 'ਚ ਬੋਲਿਆ, 'ਜੇ ਰਾਹ ਨੇ ਰਾਹੀ ਨਿਗਲ ਲਿਆ ਹੁੰਦਾ ਤਾਂ ਮੈਂ ਤੁਹਾਡੇ ਸਾਹਮਣੇ ਨਾ ਹੁੰਦਾ।'

'ਤੂੰ ਮੇਰੀ ਗੱਲ ਨਹੀਂ ਸਮਝਿਆ।' ਰੋਣਹਾਕੇ ਹੋਏ ਬਾਜਵਾ ਨੇ ਕਿਹਾ।

'ਦੇਖੋ, ਮੈਂ ਇਹ ਫਲਸਫਾ ਸਮਝਣਾ ਵੀ ਨਹੀਂ ਚਾਹੁੰਦਾ, ਇਟਜ਼ ਮਾਈ ਲਾਈਫ਼ ਐਂਡ ਆਈ ਹੈਂਡਲ ਮਾਈ ਲਾਈਫ ਵਿਦ ਮਾਈ ਆਨ ਸਟਾਈਲ।'

ਉਹਦੀ ਗੱਲ ਬੋਚਦਿਆਂ ਬਖਤਾਵਰ ਨੇ ਕਿਹਾ, 'ਗੱਲ ਸੁਣ, ਪੰਝੀ ਸਾਲ ਤੈਨੂੰ ਪਾਲਿਆ, ਪੜਾਇਆ, ਲਿਖਾਇਆ...ਅੱਜ ਤੇਰੇ ਕੋਲ ਚਾਰ ਪੈਸੇ ਕੀ ਆ ਗਏ...ਹਰ ਗੱਲ 'ਤੇ ਮੋਢੇ ਚੜਾ ਕੇ ਦੱਸਣ ਬਹਿ ਜਾਂਦਾ... ਇਟਜ਼ ਮਾਈ ਲਾਈਫ।'

'ਯੈਸ ਮਿਸਟਰ ਸਿੰਘ...ਇਟਜ਼ ਮਾਈ ਲਾਈਫ਼..ਤੇ ਮੈਂ ਇਹ ਮੰਨਦਾ ਹਾਂ ਕਿ ਜ਼ਿੰਦਗੀ ਜੀਣ ਲਈ ਸੁਰੱਖਿਆ ਚਾਹੀਦੀ ਹੈ ਤੇ ਪੈਸਾ ਸਾਨੂੰ ਸੁਰੱਖਿਆ ਦੇਂਦਾ ਹੈ।'

'ਪਰ ਪੁੱਤਰਾ, ਜ਼ਿੰਦਗੀ ਜਮਾਂ ਜ਼ਰਬ ਦੇ ਫਾਰਮੂਲੇ ਨਾਲ ਨਹੀਂ ਸਮਝੀ ਜਾ ਸਕਦੀ... ਇਹਦੇ 'ਚ ਬਹੁਤ ਬੇਤਰਤੀਬੀ ਹੈ...ਬੰਦਾ ਜ਼ਿੰਦਗੀ ਕੋਲੋਂ ਜਿੰਨੀ ਸੁਰੱਖਿਆ ਚਾਹੁੰਦਾ ਹੈ, ਇਹ ਓਨੀ ਹੀ ਡਰਾਉਣੀ ਲੱਗਦੀ ਹੈ।'

'ਸਿੰਘ ਸਾਹਿਬ, ਇਹ ਤੁਹਾਡਾ ਫਲਸਫਾ ਹੋ ਸਕਦਾ, ਮੇਰਾ ਨਹੀਂ... ਜੇ ਮੈਂ ਇਹੋ ਜਿਹੇ ਫਲਸਫੇ ਨਾਲ ਜੁੜਿਆ ਰਹਿੰਦਾ ਤਾਂ ਤਰੱਕੀ ਨਾ ਕਰ ਪਾਉਂਦਾ...ਇਹ ਮੇਰੀ ਹੁਸ਼ਿਆਰੀ ਹੈ ਕਿ ਦੋ ਸਾਲਾਂ 'ਚ ਵਧੀਆ ਘਰ ਤੇ ਸਟੋਰ ਦਾ ਮਾਲਿਕ ਹਾਂ...।'

'ਏਥੇ ਤੂੰ ਗਲਤ ਹੈਂ, ਤੂੰ ਆਪਣੀ ਚਲਾਕੀ ਨੂੰ ਆਪਣੀ ਹੁਸ਼ਿਆਰੀ ਸਮਝ ਰਿਹਾ ਹੈਂ ਤੇ ਨਾਲੇ ਦੱਸ ਉਹ ਘਰ...ਤੇਰਾ ਕਿਵੇਂ ਹੋਇਆ ਜਿਸ ਘਰ ਦੀ ਨੇਮ ਪਲੇਟ 'ਤੇ 'ਬਾਜਵਾ ਵਿਲਾ' ਨਹੀਂ 'ਮਿਗਲਾਨੀ ਵਿਲਾ' ਲਿਖਿਆ ਹੋਇਐ।'

ਅੰਮ੍ਰਿਤ ਨੂੰ ਲੱਗਾ ਜਿਵੇਂ ਦਿਨ ਦਿਹਾੜੇ ਉਹਦੇ ਪਿਉ ਨੇ ਉਹਦੀ ਚੋਰੀ ਫੜ ਲਈ ਹੋਵੇ ਪਰ ਫੇਰ ਵੀ ਥੋੜਾ ਜਿਹਾ ਛਿੱਥਾ ਪੈ ਕੇ ਕਹਿਣ ਲੱਗਾ, 'ਪੂਰੇ ਚਾਰ ਲੱਖ ਪੌਂਡ ਦਿੱਤੇ ਮੇਰੇ ਸਹੁਰਿਆਂ...ਤੇ ਜੇ 'ਮਿਗਲਾਨੀ ਵਿਲਾ' ਲਿਖ ਦਿੱਤਾ ਤਾਂ ਕੀ ਆਖਰ ਆ ਗਈ।'

'ਉਇ ਤਾਂ ਫਿਰ ਇੰਜ ਕਹਿ ਨਾ ਚਾਰ ਲੱਖ ਪੌਂਡ ਦਾ ਪਟਾ ਪਾਇਆ... ਤੇਰੇ ਗਲ ਸਹੁਰਿਆਂ...ਤੇ ਤੂੰ ਉਨਾਂ ਦਾ ਪਾਲਤੂ ਜਵਾਈ ਬਣ ਗਿਆਂ।' ਥੋੜਾ ਤਲਖ਼ ਹੁੰਦਿਆਂ ਬਖਤਾਵਰ ਨੇ ਕਿਹਾ।

'ਤੁਸੀਂ ਜੋ ਸਮਝਣਾ ਸਮਝੋ...ਆਈ ਐਮ ਹੈਪੀ ਵਿਦ ਮਾਈ ਫੈਮਿਲੀ।' ਪੁੱਤ ਨੇ ਵਲੈਤੋਂ ਸਿੱਖੇ ਅੰਗਰੇਜ਼ੀ ਦੇ ਸ਼ਬਦ ਪਿਉ ਸਾਹਮਣੇ ਗਲੱਛ ਦਿੱਤੇ।

'ਮੈਨੂੰ ਦੱਸ ਦੇ ਪੁੱਤਰ, ਤੇਰੀ ਫੈਮਿਲੀ 'ਚ ਅਸੀਂ ਵੀ ਹੈਗੇ ਆਂ ਜਾਂ ਨਹੀਂ।' ਥੋੜੀ ਸ਼ੰਕਾ ਜਿਹੀ 'ਚ ਬਾਜਵਾ ਬੋਲਿਆ। ਪੁੱਤ ਨੇ ਕੋਈ ਜਵਾਬ ਨਹੀਂ ਸੀ ਦਿੱਤਾ ਪਰ ਉਹਦੀਆਂ ਝੁਕੀਆਂ ਅੱਖਾਂ ਸਭ ਕੁਝ ਕਹਿ ਗਈਆਂ।

'ਨਿਰਮੋਹੀ ਧਰਤ ਦੇ ਵੱਸ ਪੈ, ਤੂੰ ਨਿਰਮੋਹਾ ਹੋ ਗਿਆਂ ਪੁੱਤਰਾ...।' ਪਿਓ ਨੇ ਵਲੈਤੀ ਪੁੱਤ ਨੂੰ ਨਿਹੋਰਾ ਮਾਰਿਆ। 'ਤੇ ਤੁਹਾਡੀ ਇਹ ਧਰਤੀ ਬੜੀ ਮੋਹਵੰਤੀ ਹੈ...ਇਥੇ ਲੋਕ ਗਰਜਾਂ ਕਰਕੇ ਇਕ ਦੂਸਰੇ ਦਾ ਆਸਰਾ ਬਣਦੇ ਹਨ ਤੇ ਤੁਸੀਂ ਇਸ ਨੂੰ ਮੋਹ ਸਮਝਣ ਲੱਗ ਪੈਂਦੇ ਹੋ।' ਵਲੈਤੀ ਕਲਚਰ ਪੁੱਤ ਦੇ ਸਿਰ ਚੜ ਬੋਲਿਆ।

'ਪਰ ਅੰਮ੍ਰਿਤ ਕੱਲਾ ਤਾਂ ਕੋਈ ਵੀ ਵੱਡਾ ਨਹੀਂ ਹੁੰਦਾ...ਬੰਦੇ ਨੂੰ ਕੋਈ ਤਾਂ ਅਜਿਹਾ ਮੋਢਾ ਚਾਹੀਦਾ ਜਿਹਦੇ 'ਤੇ ਸਿਰ ਰੱਖ ਉਹ ਰੋ ਸਕੇ... ਹੱਸ ਸਕੇ।'

'ਮਿਸਟਰ ਸਿੰਘ, ਜੀਹਦੇ ਕੋਲ ਪੈਸਾ ਹੋਵੇ, ਉਹਨੂੰ ਝੂਠੇ ਮੋਢਿਆਂ ਦੀ ਲੋੜ ਨਹੀਂ ਹੁੰਦੀ।' ਲੈਪਟਾਪ 'ਤੇ ਸੈਲਰੀ ਸਟੇਟਮੈਂਟ ਚੈਕ ਕਰਦਿਆਂ ਪੁੱਤ ਬੋਲਿਆ।

'ਫਿਰ ਤਾਂ ਪੁੱਤਰਾ ਤੈਨੂੰ ਸਾਡੀ ਵੀ ਲੋੜ ਨਹੀਂ ਹੋਣੀ...ਕਦੇ ਮਾਂ ਬਾਪ ਬਾਰੇ ਸੋਚਿਆ...ਉਹ ਕੱਲੇ ਏਡੇ ਵੱਡੇ ਘਰ ਵਿਚ ਕਿਵੇਂ ਦਿਨ ਕਟੀ ਕਰਦੇ ਆ...।' ਨਿਆਸਰਾ ਜਿਹਾ ਬਣ ਬਾਜਵੇ ਨੇ ਸਵਾਲ ਕੀਤਾ।

'ਤੁਸੀਂ ਅਜੇ ਚੰਗੇ ਭਲੇ ਹੋ...ਜਦ ਲੋੜ ਹੋਈ... ਤੁਹਾਨੂੰ ਏਥੇ ਸਰਵੈਂਟ ਅਰੇਂਜ ਕਰਕੇ ਦੇਣਾ... ਵਧੇਰੇ ਇਕਨਾਮਕ ਹੈ।' ਇਕਨਾਮਿਕਸ ਪੜਿਆ ਪੁੱਤ, ਹਰ ਰਿਸ਼ਤੇ ਵਿਚੋਂ ਆਪਣੇ ਮਤਲਬ ਦੀ ਇਕਾਨਮੀ ਲੱਭਣ ਲੱਗ ਪਿਆ ਸੀ।

ਬਖਤਾਵਰ ਸਿੰਘ ਬਾਜਵਾ ਦੇ ਅੰਦਰੋਂ ਕੁਝ ਕੜੱਕ ਕਰਕੇ ਟੁੱਟਾ ਪਰ ਫਿਰ ਵੀ ਉਹ ਹਿਸਾਬੀ-ਕਿਤਾਬੀ ਹੋਏ ਪੁੱਤ ਦੀ ਹੱਦ ਵੇਖਣੀ ਚਾਹੁੰਦਾ ਸੀ...ਢੀਠ ਜਿਹਾ ਬਣਦਿਆਂ ਉਸ ਕਿਹਾ, 'ਨਾ ਮੈਨੂੰ ਦੱਸ, ਤੇਰਾ 'ਮਿਗਲਾਨੀ ਵਿਲਾ' ਸਾਨੂੰ ਬੁੱਢੇ-ਬੁੱਢੀ ਨੂੰ ਇਕ ਕਮਰਾ ਨਹੀਂ ਦੇ ਸਕਦਾ।'

'ਇਟਜ਼ ਇੰਪੋਸੀਬਲ਼..ਤੁਹਾਡੀ ਵਲੈਤਣ ਨੂੰਹ ਨੂੰ ਇਹ ਗੱਲ ਪਸੰਦ ਨਹੀਂ ਕਿ ਕੋਈ ਤੀਜਾ ਬੰਦਾ ਉਨਾਂ ਦੀ ਫੈਮਿਲੀ ਲਾਈਫ 'ਚ ਦਖਲ-ਅੰਦਾਜ਼ੀ ਕਰੇ।' ਗੱਲ ਕਹਿਣ ਤੋਂ ਬਾਅਦ ਅੰਮ੍ਰਿਤ ਚੁੱਪ ਹੋ ਗਿਆ ਸੀ।

ਤੇ ਸ਼ਾਇਦ ਬਖਤਾਵਰ ਲਈ ਕਹਿਣ-ਸੁਣਨ ਨੂੰ ਹੁਣ ਕੁਝ ਨਹੀਂ ਰਹਿ ਗਿਆ ਸੀ। ਪੁੱਤ ਦੀਆਂ ਕਹੀਆਂ ਸੁਣੀਆਂ ਨੇ ਉਹਨੂੰ ਹਰ ਭਰਮ ਤੋਂ ਮੁਕਤ ਕਰ ਦਿੱਤਾ ਸੀ। ਉਹ ਸਿੱਧਾ ਆਪਣੇ ਕਮਰੇ ਵਿਚ ਗਿਆ, ਆਪਣੀ ਤ੍ਰੀਮਤ ਲਾਗੇ ਬੈਠ ਉਹ ਆਪਣਾ ਮਨ ਹੌਲਾ ਕਰਨਾ ਚਾਹੁੰਦਾ ਸੀ। ਡੂੰਘਾ ਸਾਹ ਲੈ ਕੇ ਉਸ ਕਿਹਾ, 'ਭਾਗਵਾਨੇ, ਮੇਰੀ ਬੇਬੇ ਇਕ ਗੀਤ ਗਾਉਂਦੀ ਹੁੰਦੀ ਸੀ...ਅੱਜ ਤੂੰ ਮੈਨੂੰ ਉਹ ਗੀਤ ਗਾ ਕੇ ਸੁਣਾ...। ਉਸਦੀ ਬੀਵੀ ਨੂੰ ਪਤਾ ਸੀ ਹੁਣ ਇਹ ਗੀਤ ਬੇਮਾਇਨੇ ਸੀ...ਪਰ ਫੇਰ ਵੀ ਮਨ ਦੀ ਤਸੱਲੀ ਲਈ ਉਸ ਗੀਤ ਛੋਹ ਲਿਆ ਸੀ।

'ਵੇ ਵਧਾਇਆ ਸੱਜਣਾ, ਵੇ ਸੁਹਾਇਆ ਸੱਜਣਾ,
ਇਹ ਘਰ ਕਿੰਨੀ ਗੁਣੀ ਬਣਦੇ, ਜੰਮਣ ਪੁੱਤ ਸਪੁੱਤਰੇ,
ਆਵਣ ਨੂੰਹਾਂ ਸੁਲੱਖਣੀਆਂ,
ਇਹ ਘ...ਰ ਏ...ਨੀ ਗੁ...ਣੀ ਬ...ਣ...ਦੇ।'

ਆਖ਼ਰੀ ਸਤਰ ਬੋਲਦਿਆਂ ਉਹਦਾ ਗਚ ਭਰ ਆਇਆ ਸੀ। ਰੋਣਹਾਕੀ ਹੋਈ ਕਹਿਣ ਲੱਗੀ, 'ਇਸ ਗੀਤ ਨੂੰ ਤਾਂ ਕਦੋਂ ਦੀ ਕਾਂਗਿਆਰੀ ਪੈ ਗਈ ਸਰਦਾਰਾ...। ਤੂੰ ਜੀਅ ਛੋਟਾ ਨਾ ਕਰ...ਆਪਣੇ ਕੋਲ ਪੋਤਾ ਹੈਗਾ... ਬਾਜਵਾ ਖਾਨਦਾਨ ਦਾ ਅਗਲਾ ਵਾਰਸ।' ਪਰ ਇਹ ਧਰਵਾਸਾ ਵੀ ਥੋੜ ਚਿਰਾ ਸੀ...ਪਲੰਘ 'ਤੇ ਪਿਆ ਪਾਸਪੋਰਟ ਇਕ ਦਿਨ ਇਹ ਚੁਗਲੀ ਕਰ ਗਿਆ ਸੀ ਕਿ ਪੋਤਰੇ ਦੇ ਨਾਂ ਪਿਛੇ ਵੀ 'ਬਾਜਵਾ' ਨਹੀਂ 'ਮਿਗਲਾਨੀ' ਲੱਗਦਾ ਸੀ।

ਇਸ ਤੋਂ ਬਾਅਦ ਉਹ ਗੁੰਮ-ਸੁੰਮ ਰਹਿਣ ਲੱਗ ਪਿਆ ਸੀ। ਉਹਨੂੰ ਲੱਗਾ ਜਿਵੇਂ ਉਹਦਾ ਆਪਣੇ ਭੋਇੰ ਭਾਂਡੇ ਤੋਂ ਵੀ ਨਾਂ ਖਤਮ ਹੋਣ ਲੱਗਾ ਹੋਵੇ। ਬੇਬਸੀ ਦੇ ਇਸ ਆਲਮ ਵਿਚ ਉਹ ਪਰਮ ਕੋਲ ਜਾਣਾ ਚਾਹੁੰਦਾ ਸੀ। ਫਿਰ ਸੋਚਦਾ ਉਹਨੂੰ ਜਾ ਕੇ ਕੀ ਦੱਸਾਂ। ਆਪਣੇ ਚਿੱਤ ਨੂੰ ਰਾਜੀ ਕਰਨ ਲਈ ਉਹ 'ਵਿਹੜੇ' ਚਲਾ ਜਾਂਦਾ...। ਜਦ ਕੋਈ ਵਿਹੜੇ ਵਾਲਿਆਂ ਦੀ ਨੂੰਹ ਧੀ ਉਸਦੇ ਪੈਰੀਂ ਹੱਥ ਲਾਉਂਦੀ ਤਾਂ ਉਹ ਗਦਗਦ ਹੋ ਉਠਦਾ... ਤੇ ਇਕ ਦਿਨ ਉਹ ਸੁਰਖ਼ਰੂ ਹੋਣ ਲਈ 'ਕੇਹਰੂ ਸਾਂਸੀ' ਕੋਲ ਬੰਸਾਵਲੀ ਸੁਣਨ ਬਹਿ ਗਿਆ ਸੀ।

ਅਰਮਾਨ ਬਾਜਵਾ ਪੁੱਤਰ ਅੰਮ੍ਰਿਤ ਸਿੰਘ ਬਾਜਵਾ
ਸਿੰਘਾਣੀਆਂ
ਅੰਮ੍ਰਿਤ ਬਾਜਵਾ ਪੁੱਤਰ ਬਖਤਾਵਰ ਸਿੰਘ ਬਾਜਵਾ
ਸਿੰਘਾਣੀਆਂ
ਬਖਤਾਵਰ ਬਾਜਵਾ, ਪੁੱਤਰ ਗੁਰਦਿੱਤ ਸਿੰਘ ਬਾਜਵਾ
ਸਿੰਘਾਣੀਆਂ

ਆਪਣੇ ਪੁੱਤ ਤੇ ਪੋਤਰੇ ਦੇ ਪਿੱਛੇ ਬਾਜਵਾ ਲੱਗਾ ਵੇਖ ਉਹਨੂੰ ਤਸੱਲੀ ਹੁੰਦੀ ਤੇ ਫਿਰ ਕੇਹਰੂ ਕੋਲ ਜਾਣਾ ਉਹਦਾ ਨਿਤਨੇਮ ਬਣ ਗਿਆ ਸੀ। ਵਾਰ-ਵਾਰ ਬੰਸਾਵਲੀ ਸੁਣ ਉਹਨੂੰ ਸੁਆਦ ਆਉਂਦਾ। ਉਹਨੂੰ ਲਗਦਾ ਪਿੰਡ ਦੇ ਵਹੀ-ਖਾਤੇ 'ਚ ਉਹਦਾ ਅਜੇ ਵੀ ਅੱਗਾ-ਪਿੱਛਾ ਕਾਇਮ ਸੀ। ਅਜਿਹੇ ਵੇਲੇ ਉਹ ਆਪਣੀ ਮੁੱਛ ਨੂੰ ਮਰੋੜਾ ਦੇ ਕੇ ਕਹਿੰਦਾ, 'ਨਹੀਂ ਪ੍ਰਵਾਹ ਕਿਸੇ ਦੀ ਜੱਟ ਨੂੰ।' ਪਰ ਕੁਝ ਦਿਨਾਂ ਬਾਅਦ ਹੀ ਉਹ ਇਸ ਸਭ ਕਾਸੇ ਤੋਂ ਉਕਤਾ ਗਿਆ। ਜਦ ਉਸ ਦੀਆਂ ਅੱਖਾਂ ਸਾਹਮਣੇ 'ਮਿਗਲਾਨੀ ਵਿਲਾ' ਵਾਲੀ ਨੇਮ ਪਲੇਟ ਤੇ ਪੋਤੇ ਦਾ ਪਾਸਪੋਰਟ ਘੁੰਮਣ ਲੱਗਦਾ ਤਾਂ ਉਹ ਬੌਂਦਲ ਜਾਂਦਾ। ਅਜਿਹੇ ਵੇਲੇ ਉਸਦੀ ਉਦਾਸੀ ਝੱਲੀ ਨਾ ਜਾਂਦੀ। ਫਿਰ ਉਹਨੂੰ ਕੇਹਰੂ ਦੀ ਰਲਦਗਲਦ ਹੋਈ 'ਬੰਸਾਵਲੀ' 'ਵਲੈਤੀ ਪਾਸਪੋਰਟ' ਦੇ ਮੁਕਾਬਲੇ ਹੀਣੀ ਜਾਪਦੀ।

ਉਹ ਕਈ ਦਿਨ ਆਪਣੇ ਆਪ ਨਾਲ ਘੁਲਦਾ ਰਿਹਾ ਸੀ। ਉਹ ਆਪੇ ਤੋਂ ਹੀ ਹਾਰ ਗਿਆ ਸੀ।...ਤੇ ਫਿਰ ਇਕ ਦਿਨ ਆਪਣੇ ਮਨ ਦੀ ਟੁੱਟ-ਭੱਜ ਸਮੇਤ ਪਰਮ ਕੋਲ ਜਾ ਪਹੁੰਚਿਆ। ਘਰ ਦੇ ਬਰਾਂਡੇ 'ਚ ਬੈਠੇ ਪਰਮ ਨੇ ਸਰਸਰੀ ਜਿਹਾ ਪੁੱਛਿਆ, 'ਕੀ ਹਾਲ ਆ ਮਿੱਤਰਾ।'

'ਬਸ ਦਿਲ ਹੀ ਉਦਾਸ ਆ...।' ਹਿਰਖੇ ਜਿਹੇ ਮਨ ਨਾਲ ਬਖਤਾਵਰ ਨੇ ਜਵਾਬ ਦਿੱਤਾ।

ਪਰਮ ਨੇ ਆਪਣੇ ਯਾਰ ਦੇ ਚਿਹਰੇ 'ਤੇ ਪਏ ਉਦਾਸੀ ਦੇ ਨਕਸ਼ ਪਹਿਚਾਣ ਲਏ ਸਨ। 'ਦਿਲ ਉਦਾਸ ਹੈ ਤਾਂ ਖੁਸ਼ ਕਰ ਦਿੰਦੇ ਆਂ।' ਥੋੜਾ ਛੇੜਨ ਦੇ ਲਹਿਜੇ 'ਚ ਪਰਮ ਬੋਲਿਆ। ਉਹ ਬਖਤਾਵਰ ਨੂੰ ਪਿਛਲੇ ਕਮਰੇ ਵਿਚ ਲੈ ਗਿਆ। ਪੈਗ ਬਣਾਉਂਦਿਆਂ ਪਰਮ ਨੇ ਕਿਹਾ, 'ਖੱਬੀ ਖਾਨ ਜੱਟ ਬਖਤਾਵਰ ਸਿੰਘ ਬਾਜਵਾ ਤਾਂ ਕਿਸੇ ਦੀ ਪਰਵਾਹ ਨਹੀਂ ਸੀ ਕਰਦਾ, **ਬਾਕੀ ਸਫ਼ਾ 30 'ਤੇ**

# ਬਲੈਕਮੇਲਿੰਗ ਦੇ ਜਾਲ ਤੋਂ ਬਚਣ ਲਈ ਆਪਣੇ ਡਰ ਦਾ ਸਾਹਮਣਾ ਕਰੋ



**ਗੋਬਿੰਦਰ ਸਿੰਘ ਢੀਂਡਸਾ**

ਮੋ. : 92560-66000

ਮਨੁੱਖ ਗਲਤੀਆਂ ਦਾ ਪੁਤਲਾ ਹੈ ਅਤੇ ਜਾਣੇ-ਅਣਜਾਣੇ, ਸਿੱਧੇ-ਅਸਿੱਧੇ ਰੂਪ ਵਿੱਚ ਗਲਤੀਆਂ ਹੋ ਜਾਂਦੀਆਂ ਹਨ ਪ੍ਰੰਤੂ ਉਨਾਂ ਗਲਤੀਆਂ ਦੀ ਆੜ ਵਿੱਚ ਦੂਜੇ ਵਿਅਕਤੀ ਦੁਆਰਾ ਤੁਹਾਨੂੰ ਆਪਣੇ ਹਿੱਤ ਪੂਰਨ ਲਈ ਜ਼ਬਰਦਸਤੀ ਮਜ਼ਬੂਰ ਕਰਨਾ ਬਲੈਕਮੇਲਿੰਗ ਦੇ ਸਿਰਲੇਖ ਅਧੀਨ ਆਉਂਦਾ ਹੈ। ਸਮਾਜ ਦੇ ਵੱਖੋ ਵੱਖਰੇ ਕੋਨਿਆਂ ਵਿੱਚ ਆਨਲਾਇਨ ਅਤੇ ਆਫਲਾਇਨ, ਸਿੱਧੇ ਅਸਿੱਧੇ ਢੰਗਾਂ ਨਾਲ ਬਲੈਕਮੇਲਿੰਗ ਦਾ ਧੰਦਾ ਵੱਧ-ਫੁੱਲ ਰਿਹਾ ਹੈ ਅਤੇ ਨਾ ਜਾਣੇ ਕਿੰਨੇ ਹੀ ਇਸ ਗੋਰਖਧੰਦੇ ਦਾ ਸ਼ਿਕਾਰ ਹੋਏ ਪੀੜਤ ਲੋਕ ਘੁੱਟਣ ਭਰੀ, ਡਰਾਉਣੀ, ਬੇਬਸ ਤੇ ਅੰਦਰੋਂ ਅੰਦਰੀ ਘਿਨੌਣੀ ਜ਼ਿੰਦਗੀ ਜੀਅ ਰਹੇ ਹਨ।

ਬਲੈਕਮੇਲਿੰਗ ਜ਼ਬਰਦਸਤੀ ਦਾ ਇੱਕ ਢੰਗ ਹੈ ਜਿਸ ਵਿੱਚ ਕਿਸੇ ਵਿਅਕਤੀ ਜਾਂ ਲੋਕਾਂ ਦੇ ਵਰਗ ਨੂੰ ਉਨਾਂ ਬਾਰੇ ਪੂਰੀ ਤਰਾਂ ਨਾਲ ਸੱਚੀ ਜਾਂ ਗਲਤ ਜਾਣਕਾਰੀ ਨੂੰ ਜਾਰੀ ਕਰਨ, ਜਨਤਕ ਕਰਨ ਦੀ ਧਮਕੀ ਦਿੱਤੀ ਜਾਂਦੀ ਹੈ ਜਦੋਂ ਤੱਕ ਕਿ ਬਲੈਕਮੇਲਰ ਦੀ ਮੰਗ ਪੂਰੀ ਨਹੀਂ ਕੀਤੀ ਜਾਂਦੀ। ਇਹ ਆਮ ਤੌਰ ’ਤੇ ਹਾਨੀਕਾਰਕ ਜਾਣਕਾਰੀ ਹੁੰਦੀ ਹੈ ਜਿਸ ਦਾ ਪੀੜਤ ਦੇ ਮਾਨਸਿਕ, ਵਿਅਕਤੀਗਤ, ਸਮਾਜਿਕ ਜੀਵਨ, ਆਰਥਿਕਤਾ, ਰੁਜ਼ਗਾਰ ਆਦਿ ਤੇ ਮਾੜਾ ਪ੍ਰਭਾਵ ਪੈਣ ਦਾ ਖਦਸ਼ਾ ਹੁੰਦਾ ਹੈ, ਉਸਨੂੰ ਨੁਕਸਾਨਿਆ ਜਾ ਸਕਦਾ ਹੈ ਅਤੇ ਕਈ ਹਾਲਤਾਂ ਵਿੱਚ ਉਸ ਉੱਪਰ ਅਪਰਾਧਿਕ ਮਾਮਲਾ ਬਣਨ ਅਤੇ ਸਜ਼ਾ ਦਾ ਮੁੱਢ ਬਣ ਸਕਦੀ ਹੈ।

ਬਲੈਕਮੇਲਿੰਗ ਕਰਨ ਵਾਲੇ ਬਲੈਕਮੇਲਰ ਲੋਕਾਂ ਨੂੰ ਮਜ਼ੂਬਰ ਕਰਕੇ ਉਨਾਂ ਤੋਂ ਪੈਸੇ, ਸੰਸਾਧਨ ਅਤੇ ਰੁਤਵੇ ਹੰਢਾ ਰਹੇ ਹਨ ਅਤੇ ਔਰਤਾਂ ਦੇ ਮਾਮਲੇ ਵਿੱਚ ਤਾਂ ਬਲੈਕਮੇਲਰਾਂ ਦੁਆਰਾ ਹੋਰ ਨਿੱਜੀ ਮੁਫ਼ਾਦਾ ਨਾਲ ਨਾਲ ਸਰੀਰਕ ਸ਼ੋਸਣ ਆਮ ਵਰਤਾਰਾ ਹੈ। ਬਲੈਕਮੇਲਰਾਂ ਦੁਆਰਾ ਹੱਦੋਂ ਵੱਧ ਪ੍ਰਤਾੜਿਤ ਕਰਨ ਤੇ ਕਈ ਵਾਰ ਮਜ਼ਬੂਰ ਵਿਅਕਤੀ ਦੀ ਮਾਨਸਿਕ ਮਨੋਦਸ਼ਾ ਅਜਿਹੀ ਸਥਿਤੀ ਵਿੱਚ ਜਾ ਰਹਿੰਦੀ ਹੈ ਕਿ ਉਹ ਆਪਣੇ ਡਰ ਦਾ ਮੁਕਾਬਲਾ ਨਹੀਂ ਕਰ ਪਾਉਂਦਾ ਤੇ ਆਤਮਹੱਤਿਆ ਕਰ ਲੈਂਦਾ ਹੈ।

ਜੇਕਰ ਤੁਹਾਨੂੰ ਕੋਈ ਬਲੈਕਮੇਲ ਕਰ ਰਿਹਾ ਹੈ ਤਾਂ ਸਭ ਤੋਂ ਪਹਿਲਾਂ ਆਪਣੇ ਡਰ ਦਾ ਸਾਹਮਣਾ ਕਰਨਾ ਚਾਹੀਦਾ ਹੈ ਕਿਉਂਕਿ ਕਈ ਵਾਰ ਸਾਡਾ ਡਰ ਅਸਲ ਵਿੱਚ ਉਸ ਬਲੈਕਮੇਲਿੰਗ ਤੋਂ ਵੱਡਾ ਹੋ ਨਿਬੜਦਾ ਹੈ ਅਤੇ ਦਿਨ-ਬ-ਦਿਨ ਤੁਹਾਨੂੰ ਮਾਨਸਿਕ ਤਣਾਅ ਦੀ ਅਜਿਹੀ ਉਲਝਣ ਵਿੱਚ ਫਸਾ ਛੱਡਦਾ ਹੈ ਕਿ ਉਸਤੋਂ ਬਾਹਰ ਆਉਣਾ ਤੁਹਾਡੇ ਲਈ ਹੋਰ ਔਖਾ ਹੁੰਦਾ ਜਾਂਦਾ ਹੈ। ਇਸ ਦੀ ਕੀ ਗਾਰੰਟੀ ਹੈ ਕਿ ਜਦੋਂ ਤੱਕ ਬਲੈਕਮੇਲਰ ਦੀ ਮੰਗ ਪੂਰੀ ਕਰਦੇ ਰਹੋਗੇ ਤਾਂ ਉਦੋਂ ਤੱਕ ਉਹ ਚੁੱਪ ਰਹੇਗਾ ਅਤੇ ਉਸ ਤੋਂ ਬਾਅਦ ਫੇਰ ? ਸਮੱਸਿਆ ਦਾ ਪਰਨਾਲਾ ਤਾਂ ਉੱਥੇ ਦਾ ਉੱਥੇ ਹੀ ਹੈ। ਸਮੇਂ ਨਾਲ ਬਲੈਕਮੇਲਰ ਦੀ ਲਾਲਸਾ ਵੱਧਣ ਦੀ ਸੰਭਾਵਨਾ ਜ਼ਿਆਦਾ ਹੈ ਅਤੇ ਤੁਸੀਂ ਸਹਿਮ ਦੇ ਅਜਿਹੇ ਤਣਾਅਪੂਰਨ ਮਾਹੌਲ ਵਿੱਚ ਮਾਨਸਿਕ ਰੋਗੀ ਦੀ ਸਥਿਤੀ ਵਿੱਚ ਵੀ ਜਾ ਸਕਦੇ ਹੋ।

ਭਾਰਤੀ ਦੰਡ ਸੰਹਿਤਾ, 1860 ਦੀ ਧਾਰਾ 384 ਤਹਿਤ ਬਲੈਕਮੇਲਿੰਗ ਇੱਕ ਗੰਭੀਰ ਅਪਰਾਧ ਹੈ। ਜੇਕਰ ਕੋਈ ਬਲੈਕਮੇਲ ਕਰਦਾ ਹੈ ਤਾਂ ਜ਼ਰੂਰੀ ਹੋਣ ਤੇ ਉਸ ਸੰਬੰਧੀ ਪੁਲਿਸ ਨੂੰ ਦਰਖਾਸਤ ਦਿੱਤੀ ਜਾ ਸਕਦੀ ਹੈ। ਬਲੈਕਮੇਲਰ ਦੀਆਂ ਨਜ਼ਾਇਜ਼ ਮੰਗਾਂ ਮੰਨਕੇ, ਚੁੱਪ ਰਹਿ ਕੇ, ਸ਼ੋਸ਼ਣ ਸਹਿ ਕੇ ਉਸਦੇ ਨਾਪਾਕ ਇਰਾਦਿਆਂ ਨੂੰ ਮਜ਼ਬੂਤੀ ਨਹੀਂ ਦੇਣੀ ਚਾਹੀਦੀ।

ਉਤਾਰ ਚੜਾਅ ਜ਼ਿੰਦਗੀ ਦਾ ਹਿੱਸਾ ਹਨ, ਚੰਗੀਆਂ ਮਾੜੀਆਂ ਇਨਸਾਨਾਂ ਨਾਲ ਹੀ ਹੁੰਦੀਆਂ ਹਨ। ਬਲੈਕਮੇਲਿੰਗ ਦਾ ਸ਼ਿਕਾਰ ਹੋਣ ਤੋਂ ਬਿਹਤਰ ਹੈ ਕਿ ਆਪਣੇ ਵਿੱਚ ਹਿੰਮਤ ਜੁਟਾਉ ਅਤੇ ਆਪਣੇ ਡਰ ਅਤੇ ਆਪਣੇ ਵਿਰੋਧੀ ਸਥਿਤੀ ਦਾ ਸਾਹਮਣਾ ਕਰੋ। ਬਲੈਕਮੇਲਿੰਗ ਦਾ ਆਧਾਰ ਤੁਹਾਡੇ ਸੰਬੰਧੀ ਜਾਣਕਾਰੀ ਜਨਤਕ ਹੋਣ ਤੇ ਕਾਨੂੰਨ, ਪਰਿਵਾਰ ਜਾਂ ਸਮਾਜ ਦੀ ਨਜ਼ਰ ਵਿੱਚ ਸ਼ਰਮਿੰਦਾ ਜਾਂ ਦੋਸ਼ੀ ਸਾਬਿਤ ਹੋ ਸਕਦੇ ਹੋ, ਸੱਚੀ ਜਾਂ ਝੂਠੀ ਸਜ਼ਾ ਮਿਲ ਸਕਦੀ ਹੈ ਪਰੰਤੂ ਤੁਸੀਂ ਆਤਮਿਕ ਤੌਰ ’ਤੇ ਜ਼ਰੂਰ ਦ੍ਰਿੜ ਹੋਵੋਗੇ ਅਤੇ ਬਲੈਕਮੇਲਿੰਗ ਦੀ ਗਮਗੀਨ ਕੋਠੜੀ, ਅਪਰਾਧਬੋਧ ਵਿੱਚੋਂ ਜ਼ਰੂਰ ਬਾਹਰ ਨਿਕਲੋਗੇ।

ਆਪਣੀ ਜ਼ਿੰਦਗੀ ਨੂੰ ਆਪਣੀਆਂ ਸ਼ਰਤਾਂ ਦੇ ਜਿਊਣ ਦਾ ਮਾਦਾ ਰੱਖੋ ਤੇ ਜ਼ਿੰਦਗੀ ਨੂੰ ਕਿਸੇ ਵੀ ਮੋੜ ਤੇ ਨਵੇਂ ਸਿਰੇ ਤੋਂ ਸ਼ੁਰੂ ਕਰ ਸਕਦੇ ਹੋ ਕਿਉਂਕਿ ਰੋਜ਼ਾਨਾ ਚੜਦਾ ਸੂਰਜ ਸਾਨੂੰ ਇਹੋ ਸਿੱਖਿਆ ਦਿੰਦਾ ਹੈ ਕਿ ਰੋਜ਼ ਨਵਾਂ ਦਿਨ, ਜ਼ਿੰਦਗੀ ਨੂੰ ਨਵੀਂ ਸ਼ੁਰੂਆਤ ਦੇਣ ਦਾ ਸਮਾਂ ਹੈ।

# ਖੁਸ਼ੀ ਅਮੀਰੀ ਵਿਚ ਨਹੀਂ, ਸੰਤੁਸ਼ਟੀ ’ਚ ਹੈ



**ਚਾਨਣ ਦੀਪ ਸਿੰਘ ਔਲਖ**

ਸੰਪਰਕ 9876888177

ਜ਼ਿੰਦਗੀ ਵਿੱਚ ਅਸੀਂ ਜੋ ਕੁਝ ਕਰਦੇ ਹਾਂ, ਉਸ ਦਾ ਇੱਕੋ-ਇੱਕ ਮਨੋਰਥ ਖੁਸ਼ੀ ਨੂੰ ਹਾਸਲ ਕਰਨਾ ਹੀ ਹੁੰਦਾ ਹੈ। ਜ਼ਿੰਦਗੀ ਵਿੱਚ ਪਿਆਰ, ਦੋਸਤੀ, ਰਿਸ਼ਤੇ, ਸਫਲਤਾ, ਪੈਸਾ ਆਦਿ ਜੋ ਕੁਝ ਵੀ ਮਹੱਤਵਪੂਰਨ ਹੈ, ਸਭ ਖੁਸ਼ੀਆਂ ਨੂੰ ਇਕੱਤਰ ਕਰਨ ਦੇ ਸਾਧਨ ਹਨ। ਮਨੁੱਖ ਦੀ ਫਿਤਰਤ ਹੈ ਕਿ ਉਸ ਕੋਲ ਜੋ ਹੁੰਦਾ ਹੈ, ਉਹ ਉਸ ਨਾਲ ਸੰਤੁਸ਼ਟ ਨਹੀਂ ਹੁੰਦਾ ਸਗੋਂ ਜੋ ਉਸਦੇ ਕੋਲ ਨਹੀਂ ਹੁੰਦਾ, ਉਸਦੀ ਲਾਲਸਾ ਉਸ ਨੂੰ ਹਰ ਪਲ ਰਹਿੰਦੀ ਹੈ। ਇਸੇ ਲਾਲਸਾ ਨੂੰ ਪੂਰਿਆਂ ਕਰਨ ਦੀ ਕੋਸ਼ਿਸ਼ ਵਿੱਚ ਉਸ ਦੀ ਸਾਰੀ ਉਮਰ ਬੀਤ ਜਾਂਦੀ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਜ਼ਿੰਦਗੀ ਇੱਕੋ ਵਾਰ ਮਿਲੀ ਹੈ ਅਤੇ ਇਸਦੀ ਮਿਆਦ ਬਹੁਤ ਹੀ ਸੀਮਤ ਹੈ। ਇਸ ਦੁਨੀਆਂ ਵਿੱਚ ਕਈਆਂ ਨੂੰ ਤਾਂ ਸੰਸਾਰਕ ਸੁੱਖ ਜੰਮਦਿਆਂ ਹੀ ਮਿਲ ਜਾਂਦੇ ਹਨ ਅਤੇ ਕਈਆਂ ਨੂੰ ਦੋ ਵੱਕਤ ਦੀ ਰੋਟੀ ਦਾ ਵੀ ਫਿਕਰ ਹੁੰਦਾ ਹੈ। ਹਰ ਕਿਸੇ ਦੀ ਪੈਸਾ ਕਮਾਉਣ ਦੀ ਵੱਖਰੀ ਵੱਖਰੀ ਸੀਮਾ ਹੁੰਦੀ ਹੈ। ਮਨੁੱਖ ਆਪਣੀ ਆਮਦਨ ਦੇ ਵਸੀਲਿਆਂ ਮੁਤਾਬਕ ਆਪਣਾ ਘਰ-ਬਾਰ, ਵਹੀਕਲ ਅਤੇ ਹੋਰ ਸੁੱਖ ਸਹੂਲਤਾਂ ਜੁਟਾਉਂਦਾ ਹੈ। ਪਰ ਦੇਖਣ ਵਿੱਚ ਆਉਂਦਾ ਹੈ ਕਿ ਜ਼ਿਆਦਾਤਰ ਲੋਕ ਖੁਦ ਨੂੰ ਮਿਲੀਆਂ ਸੁੱਖ ਸਹੂਲਤਾਂ ਦਾ ਲੁਤਫ਼ ਲੈਣ ਦੀ ਬਜਾਏ ਦੂਸਰੇ ਲੋਕਾਂ ਦੀ ਐਸ਼ੋ ਅਰਾਮ ਵਾਲੀ ਜਿੰਦਗੀ ਨੂੰ ਵੇਖਕੇ ਨਿਰਾਸ਼ ਹੁੰਦੇ ਰਹਿੰਦੇ ਹਨ। ਅਸੀਂ ਹਮੇਸ਼ਾ ਆਪਣੇ ਤੋਂ ਅਮੀਰ ਵੱਲ ਵੇਖਦੇ ਹਾਂ ਪਰ ਜੇਕਰ ਵੇਖੀਏ ਤਾਂ ਸਾਡੇ ਤੋਂ ਘੱਟ ਪੈਸਾ ਜਾਂ ਥੋੜੀਆਂ ਸੁੱਖ ਸਹੂਲਤਾਂ ਵਾਲੇ ਲੋਕ ਵੀ ਆਪਣਾ ਜੀਵਨ ਨਿਰਬਾਹ ਕਰਦੇ ਹੀ ਹਨ।

ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਇਨਸਾਨ ਦੀ ਹੋਰ ਹੋਰ ਪਾਉਣ ਦੀ ਲਾਲਸਾ ਐਨੀ ਜ਼ਿਆਦਾ ਵਧ ਗਈ ਹੈ ਕਿ ਉਹ ਜੋ ਕੁਝ ਉਸ ਕੋਲ ਹੈ ਉਸ ਦੀ ਖੁਸ਼ੀ ਮਨਾਉਣਾ ਵੀ ਭੁੱਲ ਜਾਂਦਾ ਹੈ। ਪ੍ਰਮਾਤਮਾ ਨੇ ਸਾਨੂੰ ਐਨਾ ਸੋਹਣਾ ਜੀਵਨ ਬਖਸ਼ਿਆ ਹੈ। ਜੇਕਰ ਸਾਡੇ ਅੰਗ ਪੈਰ ਸਹੀ ਸਲਾਮਤ ਹਨ ਅਤੇ ਅਸੀਂ ਕੰਮ ਕਰਨ ਦੇ ਯੋਗ ਹਾਂ ਤਾਂ ਸਾਨੂੰ ਪਰਮਾਤਮਾ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਕਿਉਂਕਿ ਦੁਨੀਆਂ ਵਿੱਚ ਬਹੁਤ ਸਾਰੇ ਲੋਕਾਂ ਨੂੰ ਇਹ ਵੀ ਨਸੀਬ ਨਹੀਂ ਹੁੰਦਾ। ਪਰ ਅਸੀਂ ਵੇਖਦੇ ਹਾਂ ਕਿ ਸਾਈਕਲ ਵਾਲਾ ਮੋਟਰਸਾਈਕਲ ਵਾਲੇ ਵੱਲ ਵੇਖਕੇ ਦੁਖੀ ਹੈ, ਮੋਟਰਸਾਈਕਲ ਵਾਲਾ ਇਹ ਸੋਚ ਕੇ ਦੁਖੀ ਹੈ ਕਿ ਉਸ ਕੋਲ ਕਾਰ ਹੋਣੀ ਚਾਹੀਦੀ ਹੈ ਅਤੇ ਕਾਰ ਵਾਲਾ ਹੋਰ ਮਹਿਗੀਆਂ ਕਾਰਾਂ ਦੀ ਲਾਲਸਾ ਵਿੱਚ ਦੁਖੀ ਹੈ। ਇਨਾਂ ਵਿਚੋਂ ਕੋਈ ਵੀ ਸੁਖੀ ਇਸ ਕਰਕੇ ਨਹੀਂ ਹੈ ਕਿਉਂਕਿ ਇਹ ਕਿਸੇ ਵੀ ਸਟੇਜ ’ਤੇ ਸੰਤੁਸ਼ਟ ਨਹੀਂ ਹੁੰਦੇ।

ਕੁਝ ਲੋਕਾਂ ਦਾ ਮਨੋਰਥ ਜ਼ਿੰਦਗੀ ਵਿੱਚ ਅਮੀਰ ਬਣਨਾ ਅਤੇ ਧਨ-ਦੌਲਤ ਇਕੱਠੀ ਕਰਨੀ ਹੀ ਹੁੰਦਾ ਹੈ। ਪਰ ਵੇਖਿਆ ਗਿਆ ਹੈ ਕਿ ਉਹ ਕਦੇ ਵੀ ਖੁਸ਼ ਨਹੀਂ ਰਹਿ ਸਕਦੇ। ਉਨਾਂ ਅਮੀਰ ਆਦਮੀਆਂ ਦੇ ਮੁਕਾਬਲੇ ਤਾਂ ਗ਼ਰੀਬ ਆਦਮੀ ਆਨੰਦਮਈ ਜੀਵਨ ਬਤੀਤ ਕਰਦਾ ਹੈ। ਉਹ ਮਿਹਨਤ ਮਜ਼ਦੂਰੀ ਕਰਕੇ ਸਬਰ ਤੇ ਸੰਤੋਖ ਵਾਲਾ ਜੀਵਨ ਜਿਊਂਦਾ ਹੈ ਤੇ ਬੇਫਿਕਰੀ ਦੀ ਨੀਂਦ ਸੌਂਦਾ ਹੈ। ਸਾਡੇ ਕੋਲ ਬਹੁੱਤ ਕੁੱਝ ਹੋਣ ਦੇ ਬਾਵਜੂਦ ਵੀ ਹੋਰ ਜ਼ਿਆਦਾ ਪਾਉਣ ਦੀ ਹੋੜ ਨੇ ਸਾਨੂੰ ਕਮਲਾ ਕਰ ਰੱਖਿਆ ਹੈ, ਸੱਭ ਕੁੱਝ ਹੁੰਦਿਆਂ ਹੋਇਆ ਵੀ ਸਾਡੇ ਅੰਦਰ ਬੇਚੈਨੀ ਹੈ। ਜੋ ਸਾਨੂੰ ਰੱਬ ਨੇ ਦਿੱਤਾ ਹੈ ਉਸ ਦੇ ਉੱਤੇ ਤਾਂ ਸਾਡਾ ਧਿਆਨ ਹੀ ਨਹੀਂ ਜਾਂਦਾ। ਅਸੀਂ ਉਸ ਚੀਜ ਦੇ ਪਿੱਛੇ ਪਏ ਰਹਿੰਦੇ ਹਾਂ ਜੋ ਸਾਡੀ ਹੈ ਹੀ ਨਹੀਂ ਜਾ ਸਾਡੀ ਕਦੀ ਹੋ ਹੀ ਨਹੀਂ ਸਕਦੀ। ਜੀਵਨ ਵਿੱਚ ਅੱਗੇ ਵਧਣਾ ਜਾਂ ਤਰੱਕੀ ਕਰਨੀ ਚੰਗੀ ਗੱਲ ਹੈ ਪਰ ਜਿਸ ਮੁਕਾਮ ਤੇ ਅਸੀਂ ਹਾਂ ਉਸ ਤੇ ਸੰਤੁਸ਼ਟੀ ਮਹਿਸੂਸ ਨਾ ਕਰਨਾ ਜਾਂ ਉਸ ਦੀ ਤੁਲਨਾ ਹੋਰਾਂ ਨਾਲ ਕਰਕੇ ਦੁੱਖੀ ਹੋਣਾ ਸਹੀ ਨਹੀਂ ਹੈ। ਜ਼ਿੰਦਗੀ ਦਾ ਕੋਈ ਭਰੋਸਾ ਨਹੀਂ ਕਦੋਂ ਮੌਤ ਆਪਣੇ ਕਲਾਵੇ ਵਿੱਚ ਲੈ ਲਵੇ। ਇਸ ਲਈ ਹਮੇਸ਼ਾ ਖੁਸ਼ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪੈਸਾ ਜੀਵਨ ਦੀਆਂ ਲੋੜਾਂ ਜ਼ਰੂਰ ਪੂਰੀਆਂ ਕਰ ਸਕਦਾ ਹੈ, ਪਰ ਦਿਲ ਦੀ ਖੁਸ਼ੀ ਨਹੀਂ ਦੇ ਸਕਦਾ। ਇਸ ਲਈ ਹਰ ਹਾਲ ਜ਼ਿੰਦਗੀ ਦਾ ਅਨੰਦ ਮਾਣਨ ਲਈ ਤੱਤਪਰ ਰਹਿਣਾ ਚਾਹੀਦਾ ਹੈ। ਅਸੀਂ ਜ਼ਿਆਦਾਤਰ ਸੋਚਦੇ ਹਾਂ ਕਿ ਖੁਸ਼ੀ ਪੈਸੇ ਜਾਂ ਅਮੀਰੀ ਵਿੱਚ ਹੈ, ਪਰ ਅਸਲ ਵਿੱਚ ਖੁਸ਼ੀ ਅਮੀਰੀ ਵਿੱਚ ਨਹੀਂ, ਖੁਸ਼ੀ ਸੰਤੁਸ਼ਟੀ ਵਿੱਚ ਹੈ।



## 1. ਡਾਚੀ ਸਹਿਕਦੀ

ਜੇ ਡਾਚੀ ਸਹਿਕਦੀ ਸੱਸੀ ਨੂੰ
ਪੁਨੂੰ ਥੀਂ ਮਿਲਾ ਦੇਂਦੀ।
ਤਾਂ ਤੱਤੀ ਮਾਣ ਸੱਸੀ ਦਾ
ਉਹ ਮਿੱਟੀ ਵਿਚ ਰੁਲਾ ਦੇਂਦੀ।
ਭਲੀ ਹੋਈ ਕਿ ਸਾਰਾ ਸਾਉਣ ਹੀ
ਬਰਸਾਤ ਨਾ ਹੋਈ,
ਪਤਾ ਕੀ ਆਲਣੇ ਦੇ ਟੋਟਰੂ
ਬਿਜਲੀ ਜਲਾ ਦੇਂਦੀ।
ਮੈਂ ਅਕਸਰ ਵੇਖਿਐ-
ਕਿ ਤੇਲ ਹੁੰਦਿਆਂ ਸੁੰਦਿਆਂ ਦੀਵੇ,
ਹਵਾ ਕਈ ਵਾਰ ਦਿਲ ਦੀ
ਮੌਜ ਖ਼ਾਤਰ ਹੈ ਬੁਝਾ ਦੇਂਦੀ।
ਭੁਲੇਖਾ ਹੈ ਕਿ ਜ਼ਿੰਦਗੀ
ਪਲ ਦੋ ਪਲ ਲਈ ਘੂਕ ਸੌਂ ਜਾਂਦੀ,
ਜੇ ਪੰਛੀ ਗ਼ਮ ਦਾ ਦਿਲ ਦੀ
ਸੰਘਣੀ ਜੂਹ 'ਚੋਂ ਉਡਾ ਦੇਂਦੀ।
ਹਕਕੀਤ ਇਸ਼ਕ ਦੀ
ਜੇ ਮਹਿਜ ਹੁੰਦੀ ਖੇਡ ਜਿਸਮਾਂ ਦੀ,
ਤਾਂ ਦੁਨੀਆਂ ਅੱਜ ਤੀਕਣ
ਨਾਂ ਤੇਰਾ ਮੇਰਾ ਭੁਲਾ ਦੇਂਦੀ।
ਮੈਂ ਬਿਨ ਸੂਲਾਂ ਦੇ ਰਾਹ 'ਤੇ
ਕੀ ਟੁਰਾਂ ਮੈਨੂੰ ਸ਼ਰਮ ਆਉਂਦੀ ਹੈ,
ਮੈਂ ਅੱਖੀਂ ਵੇਖਿਐ
ਕਿ ਹਰ ਕਲੀ ਓੜਕ ਦਗ਼ਾ ਦੇਂਦੀ।
ਵਸਲ ਦਾ ਸਵਾਦ ਤਾਂ
ਇਕ ਪਲ ਦੋ ਪਲ ਦੀ ਮੌਜ ਤੋਂ ਵੱਧ ਨਹੀਂ,
ਜੁਦਾਈ ਹਸ਼ਰ ਤੀਕਣ
ਆਦਮੀ ਨੂੰ ਹੈ ਨਸ਼ਾ ਦੇਂਦੀ।

**ਸ਼ਿਵ ਕੁਮਾਰ ਬਟਾਲਵੀ**

## 2. ਖ਼ੈਰ-ਸੁਖ

ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ,
ਖ਼ੈਰ-ਸੁਖ ਦਾ ਸੁਨੇਹੜਾ ਲਿਆ।
ਉਸ ਮਾਂ ਦਾ ਬਣਿਆ ਕੀ,
'ਆਂਦਰਾਂ ਦੀ ਅੱਗ' ਜੀਹਦੀ ਗਈ ਕਸਤੂਰੀਆਂ ਖਿੰਡਾ ?
ਭਾਰ ਉਹਦੇ ਬਾਪੂ ਦਾ ਨੀ ਕੁੱਬੀ ਹੋਈ ਕੰਡ ਉਤੋਂ
ਕਿਸੇ ਨੇ ਵੰਡਾਇਆ ਸੀ ਕਿ ਨਾ ?
ਸੁਣੀਂਦਾ ਸੀ ਭੈਣ ਉਹਦੀ ਸਾਂਭ ਕੇ ਸੁਗੰਧੀਆਂ ਨੂੰ
ਜਾਣਾ ਹੈ ਸੀ ਓਪਰੇ ਗਰਾਂ
ਜੀਹਦਾ ਵੀਰ ਅੱਜ ਖੱਟੀ ਚੁੰਨੀ ਨਾ ਲਿਆਇਆ
ਉਹਨੂੰ ਕਿੰਨਾ ਕੁ ਏ ਤੀਆਂ ਦਾ ਨੀ ਚਾਅ।
ਮਾਰੇ ਗਏ ਮਿੱਤਰਾਂ ਦੇ...।
ਰਾਠਾਂ ਦੀ ਹਵੇਲੀ ਮੂਹਰੋਂ ਲੰਘਣਾ ਖੰਘੂਰ ਮਾਰ,
(ਕਿਤੇ) ਭੁੱਲੇ ਤਾਂ ਨੀਂ ਓਸ ਦੇ ਭਰਾ।
ਗੀਤਾਂ ਦੇ ਕਸਾਈ ਕਿਤੇ ਉਸ ਦੀ ਮਾਸ਼ੂਕ ਕੋਲੋਂ
ਗਾਣੇ ਤਾਂ ਨੀਂ ਰਹੇ ਸੀ ਗਵਾ ।
ਉਸ ਦੇ ਮੁਹਾਂਦਰੇ ਦਾ ਪਿੰਡ ਦੀ ਜਵਾਨੀ ਉਤੇ
ਚੜ੍ਹਿਐ ਜਾਂ ਨਹੀਂ ਕੋਈ ਪਾਹ।
ਮਾਰੇ ਗਏ ਮਿੱਤਰਾਂ ਦੇ...।
ਪਿੰਡ ਦੇ ਕਸਾਈਖ਼ਾਨੇ ਕੋਲੋਂ ਜਦੋਂ ਲੰਘੀ ਸੀ ਤੂੰ,
ਕਿੰਨਾ ਕੁ ਸੀ ਜ਼ੁਲਮਾਂ ਦਾ ਤਾਅ।
ਦੱਸ ਮੇਰੇ ਵੀਰਨੇ ਤੋਂ ਕਿਹੜੀ ਗੱਲ ਪੁੱਛਦੇ ਸੀ,
ਸੱਥ ਵਿਚ ਪੁੱਠਾ ਲਟਕਾ।
ਜ਼ੁਲਮਾਂ ਦੇ ਹੌਸਲੇ 'ਚ ਪਿੰਡ ਦਿਆਂ ਚੌਧਰੀਆਂ,
ਖਾਧਾ ਹੋਣੈ ਰੱਜ ਕੇ ਕੜਾਹ।
ਮਾਰੇ ਗਏ ਮਿੱਤਰਾਂ ਦੇ...।
ਸੁਣੀਂਦਾ ਏ 'ਕਾਗ਼ਜ਼ਾਂ ਦੇ ਸ਼ੇਰ' ਉਹਨੂੰ ਕਹਿੰਦੇ ਸਾਨੂੰ,
'ਕਿਰਨਾਂ ਦਾ ਕਾਫ਼ਲਾ' ਫੜਾ।
ਉਹਦੇ ਬੋਲਾਂ ਵਿਚੋਂ ਜੋ ਸੁਗੰਧੀਆਂ ਤੂੰ ਚੂਸੀਆਂ ਨੇ,
ਹਾੜੇ ਮੇਰੇ ਬੋਲਾਂ ਨੂੰ ਛੁਹਾ।
ਨੂੜੇ ਹੋਏ ਅੰਗਾਂ ਨੇ ਨੀ, ਤਿੱਖੀਆਂ ਸੰਗੀਨਾਂ ਮੂਹਰੇ,
ਕੀਤਾ ਸੀ ਮੁਕਾਬਲਾ ਕਿ ਨਾ।
ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ,
ਖ਼ੈਰ-ਸੁਖ ਦਾ ਸੁਨੇਹੜਾ ਲਿਆ।

**ਸੰਤ ਰਾਮ ਉਦਾਸੀ**

## 3. ਪ੍ਰਨਾਮ ਸ਼ਹੀਦਾਂ ਨੂੰ

ਗਰਜਾ ਤੇ ਬੋਤਾ ਸਿੰਘ ਦੇ, ਕਿੱਸੇ ਐਵੇਂ ਮਸ਼ਹੂਰ ਨਹੀਂ
ਜ਼ਿਹਨਾਂ 'ਚੋਂ ਦਹਿਸ਼ਤ ਹਾਕਮੀ, ਸੌਖੀ ਨਹੀਂ ਮਿਟਦੀ ਦੋਸਤਾ।
ਹਰ ਸ਼ਖ਼ਸ ਜੇਕਰ ਉਠ ਖੜੇ, ਜਾਲਮ ਦੇ ਸਾਹਵੇਂ ਇਸ ਤਰਾਂ
ਨੇਰੇ ਦੀ ਚਾਨਣ ਸਾਹਮਣੇ, ਹਸਤੀ ਨਹੀਂ ਟਿਕਦੀ ਦੋਸਤਾ।
ਤਖ਼ਤਾਂ ਤੋਂ ਪਹਿਲਾਂ ਤਖਤਿਆਂ ਦਾ, ਇੱਕ ਦੁਰੇਡਾ ਪੰਧ ਹੈ
ਇਹ ਸਦ-ਬਹਾਰੀ ਵਸਤ ਹੈ, ਸਸਤੀ ਨਹੀਂ ਵਿਕਦੀ ਦੋਸਤਾ।
ਕੁਝ ਯਾਰ ਪਤਝੜ ਦੀ ਰੁਤੇ, ਛਾਵਾਂ ਮੱਲਣ ਲਈ ਲੜ ਰਹੇ
ਪੋਹ-ਮਾਘ ਕਾਲੀ ਕੀਤਿਆਂ, ਹਾੜੀ ਨਹੀਂ ਪੱਕਦੀ ਦੋਸਤਾ।

**ਹਰਦੇਵ ਸਿੰਘ**

## 4. ਇਹ ਮੇਲਾ ਸੱਜਣਾ

ਦੁਨੀਆਂ ਦਾ ਦਸਤੂਰ ਇਹ ਸਜਣਾ ਕੋਈ ਉੱਤੇ ਕੋਈ ਥੱਲੇ
ਅਜ ਤੂੰ ਹੈਗਾ ਕਲ ਨੂੰ ਹੈ ਨਹੀਂ ਸਭ ਇਥੋਂ ਉਠ ਚੱਲੇ।
ਇਹ ਜਗ ਹਰ ਚੜਦੇ ਸੂਰਜ ਨੂੰ ਝੁਕ ਝੁਕ ਕਰੇ ਸਲਾਮਾਂ
ਮੁੜ ਕੇ ਫਿਰ ਨਾ ਪੁੱਛੇ ਕੋਈ ਢਲ ਜਾਵਣ ਜਦ ਸ਼ਾਮਾਂ।
ਕਰ ਲੈ ਸੋਚ ਵਿਚਾਰ ਇਹ ਸਜਣਾ ਅੰਤ ਨੂੰ ਰਹਿਣਾ ਕੱਲੇ।
ਕੀ ਕੀ ਖੋਟ ਕਮਾਏ ਬੰਦਿਆ ਉੱਚੇ ਮਹਿਲ ਉਸਾਰੇ
ਅਜੇ ਵੀ ਤੈਨੂੰ ਰੱਜ ਨਾ ਆਇਆ ਚਹੁੰ ਪਾਸੇ ਪੈਰ ਪਸਾਰੇ
ਅਜ ਬੈਠਾ ਜੋਂ ਸਿਖਰਾਂ ਉਤੇ ਕਲ ਡਿਗਣਾ ਹੈ ਥੱਲੇ।
ਦੋ ਦਿਨ ਦਾ ਇਹ ਮੇਲਾ ਸਜਣਾ ਤੇਰਾ ਆਉਣਾ ਜਾਣਾ
ਖੁਲੀ ਅੱਖ ਦਾ ਸੁਫਨਾ ਇਹ ਜਗ ਸਭ ਇਥੇ ਰਿਹ ਜਾਣਾ।
ਜਿਸ ਦਿਨ ਜਾਣਾ ਖਾਲੀ ਜਾਣਾ ਕੁਛ ਨਾ ਤੇਰੇ ਪੱਲੇ।
ਰੰਗ ਬਿਰੰਗੇ ਲੋਕਾਂ ਦੀ ਇਹ ਰੰਗ ਬਿਰੰਗੀ ਦੁਨੀਆਂ
ਕੋਈ ਲਭਦਾ ਫਿਰੇ ਬਹਾਰਾਂ ਨੂੰ ਕਿਤੇ ਆਪ ਬਹਾਰਾਂ ਰੁਲੀਆਂ
ਤੂੰ ਵੀ ਸਜਣਾ ਖੁਸ਼ੀ ਮਨਾ ਲੈ ਦੋ ਦਿਨ ਬੱਲੇ ਬੱਲੇ।
ਅਜ ਤੂੰ ਹੈਗਾ ਕਲ ਨੂੰ ਹੈ ਨਹੀਂ ਸਭ ਇੱਥੋਂ ਉਠ ਚੱਲੇ।

**ਰਜਨੀਸ਼ ਕੌਰ ਕੈਲੀ**

## 5. ਝੂਠਾ

ਨਾ ਅੱਜ ਤੇ ਨਾ ਹੀ ਕੱਲ ਸੱਜਣਾਂ
ਤੂੰ ਕਿਉਂ ਨਾ ਮਸਲੇ ਕਰਦਾ ਹੱਲ ਸੱਜਣਾਂ,
ਮੈਨੂੰ ਤਾਂ ਹੁਣ ਤੂੰ ਝੂਠਾ ਲੱਗਦੇਂ
ਜੋ ਨਾ ਕੋਲ ਬਹਿ ਕਰਦਾ ਗੱਲ ਸੱਜਣਾਂ।
ਮੈਨੂੰ ਝੂਠ ਤੇ ਖੁਦ ਨੂੰ ਸੱਚਾ ਕਹਿ
ਇੰਨੀ ਨਾਇਨਸਾਫੀ ਕਿਉਂ ਕਰਦਾ ਏ,
ਕਿਹੜੇ ਪਾਕ ਸਰੋਵਰ ਦਾ ਦੱਸ ਤੂੰ
ਕਿੱਥੋਂ ਪੀਕੇ ਆਇਆ ਏ ਜੱਲ ਸੱਜਣਾਂ।
ਮਾਸੂਮ ਰੂਹਾਂ ਨਾਲ ਖੇਡਣ ਦਾ
ਤੂੰ ਇਹ ਖੇਡ ਛੱਡ ਦੇ ਹੁਣ ਜ਼ਾਲਮਾਂ ਵੇ,
ਸੈਂਕੜਿਆਂ 'ਚੋਂ, ਕਿਸੇ ਇੱਕ ਦੀ
ਪਾਕ ਰੂਹ ਉਮਰਾਂ ਲਈ ਮੱਲ ਸੱਜਣਾਂ।
ਦਿਲ ਤੇ ਤਾਬੂਤ 'ਚ ਯਾਦਾਂ ਤੇਰੀਆਂ
ਵੇਖ ਕਿਵੇਂ, ਘੁੱਟ ਘੁੱਟ ਨੇ ਮਰ ਰਹੀਆਂ,
ਤੇਰੇ ਹਿਜ਼ਰ ਵਿਚ ਸੜਦਾ ਰਹਿੰਦਾ
ਨਿੱਤ ਜਿਸਮ ਮੇਰੇ ਦਾ ਏ ਥੱਲ ਸੱਜਣਾਂ।
ਇੱਕ ਸਮੇਂ ਇੰਨੀ ਬੇੜੀਆਂ ਵਿੱਚ
ਤੂੰ 'ਹਨੀ' ਕਿਵੇਂ ਹੋ ਕੇ ਸਵਾਰ ਰਹਿਨੈਂ,
ਦੱਸ ਕਿੱਥੋਂ ਲਈ ਤਾਲੀਮੀ ਇਹ
ਜੋ ਖਿਲਾਰ ਰਿਹਾ ਇੰਨੇ ਝੱਲ ਸੱਜਣਾਂ।

**ਹਨੀ ਬਡਾਲੀ**

## 6. ਸੁਰਗ ਨਰਕ

ਜੱਫੀ ਤੇ ਜੱਫਾ ਦੋਵੇਂ
ਕਿਸੇ ਨੂੰ ਬਾਹਵਾਂ ਵਿਚ ਲਪੇਟਣ ਦੀ ਕਿਰਿਆ
ਜੱਫੀ ਜੱਫਾ ਭੈਣ ਭਰਾ
ਕਹਿਣ ਸੁਣਨ ਨੂੰ ਮਿਲਦੇ ਜੁਲਦੇ
ਬਿਲਕੁਲ ਉਲਟ ਸੁਭਾਅ ...
ਜੱਫੀ ਕਦਰ, ਜੱਫਾ ਜਬਰ
ਜੱਫੀ ਸਰੂਰ, ਜੱਫਾ ਗਰੂਰ
ਜੱਫੀ ਮੇਲ ਜੋੜ, ਜੱਫਾ ਨੂੜ ਤੋੜ-ਮਰੋੜ ...
ਜੱਫੀ ਨਿੱਘ,
ਜੱਫੀ ਦੇਣਾ ਤੇ ਇਕ ਹੋਣਾ
ਜੱਫਾ ਹਿੰਸਾ,
ਕਬਜ਼ਾ, ਜਬਰੀ ਖੋਹਣਾ ...
ਜੱਫੀ ਵਾਅਦਾ ਤੇ ਇਕਰਾਰ,
ਜੱਫਾ ਦਾਅਵੇ ਦਾ ਇਜ਼ਹਾਰ
ਜੱਫੀ ਕੋਮਲਤਾ, ਦੋ ਤਰਫਾ ਮੇਲ
ਅਦਾਨ ਪ੍ਰਦਾਨ ਪਾ ਦਿੰਦਾ ਜਾਨ
ਜੱਫਾ ਦੂਜੇ ਦਾ ਘੁੱਟ ਦਿੰਦਾ ਸਾਹ
ਤੇ ਲੈਂਦਾ ਸੂਤ ਪਰਾਣ....
ਜੱਫੀ ਸਬਰ, ਸੰਤੋਖ, ਪਿਆਰ
ਜੱਫਾ ਲੋਭ, ਮੋਹ, ਹੰਕਾਰ
ਜੱਫੀ ਉਡਣੇ ਦਾ ਉਤਸ਼ਾਹ
ਜੱਫਾ ਰੋਕ ਖੜੋਵੇ ਰਾਹ
ਜੱਫੀ ਹਲੀਮੀ ਤੇ ਨਰਮਾਈ
ਜੱਫਾ ਹੈਂਕੜ ਤੇ ਕਰੜਾਈ...
ਜੱਫੀ ਧਰਵਾਸ ਤੇ ਵਿਸ਼ਵਾਸ
ਜੱਫੀ ਸੁਲਾਹ, ਸਿਆਣਪ, ਸਹਿਮਤੀ
ਜੱਫੀ ਮਮਤਾ, ਸਮਰਪਣ, ਦੋਸਤੀ
ਜੱਫੇ ਬਾਰੇ ਕੁਛ ਹੋਰ ਨਹੀਂ ਕਹਿਣਾ...
ਜੱਫੀ ਜੱਫਾ ਮਿਲਦੇ ਜੁਲਦੇ ਨਾਂ
ਲਗਦੇ ਭੈਣ ਭਰਾ
ਪਰ ਦੋਹਾਂ ਵਿਚ ਫਰਕ ਬਹੁਤ ਹੈ
ਬਿਲਕੁਲ ਉਲਟ ਸੁਭਾਅ

**ਜਸਵੰਤ ਸਿੰਘ ਜਾਫਰ**

## 7. ਮੌਸਮਾਂ ਦੇ ਹਾਣੀ

ਜੋ ਲੋਕ
ਹਾਲਾਤਾਂ ਨੂੰ
ਸਵੀਕਾਰ ਨਹੀਂ ਕਰਦੇ
ਜੋ ਲੋਕ
ਇਨਕਾਰੀ ਨੇ
ਸਥਾਪਤੀ ਤੋਂ,
ਉਹੀ ਯੁੱਗ ਬਦਲਣਗੇ,
ਨਹੀਂ ਤਾਂ
ਜੀ ਹਜ਼ੂਰੀ
ਕਦੋਂ ਕੋਹੜ ਬਣ ਜਾਵੇਗੀ
ਪਤਾ ਹੀ ਨਹੀਂ ਲਗਣਾ,
ਕਾਲੀਆਂ ਐਨਕਾਂ ਲਾ ਕੇ
ਧੁੱਪ 'ਚ ਤੁਰਨਾ,
ਛੱਤਰੀ ਲੈ ਕੇ
ਮੀਂਹ 'ਚ ਨਿਕਲਣਾ,
ਮੌਸਮ ਨਾਲ
ਆੜੀ ਨਹੀਂ ਪਵਾਉਂਦਾ,
ਮੌਸਮਾਂ ਨੂੰ ਜਾਨਣ ਲਈ
ਉਨਾਂ ਦੇ ਹਾਣੀ ਹੋਣਾ ਪੈਂਦਾ ਹੈ,

ਅਮਰਦੀਪ ਸਿੰਘ ਗਿੱਲ

## 8. ਧੁੱਪ ਸੂਰਜ ਦੀ ਦਿਖਾਵੇ ਹੋਰ ਰਾਹ

ਧੁੱਪ ਸੂਰਜ ਦੀ ਦਿਖਾਵੇ ਹੋਰ ਰਾਹ
ਚਾਨਣੀ ਵਿਚ ਹੋਰ ਰਸਤੇ ਚਮਕਦੇ
ਹੋਰ ਮੰਜ਼ਿਲ ਦੱਸਦਾ ਘਰ ਦਾ ਚਿਰਾਗ
ਸਿਵਿਆਂ ਲੋਏ ਹੋਰ ਪਗ-ਚਿੰਨ ਸੁਲਗਦੇ
ਇਹ ਸਿਵਾ, ਇਹ ਚੰਨ, ਸੂਰਜ, ਇਹ ਚਿਰਾਗ
ਵੱਖੋ ਵੱਖਰੇ ਰਸਤਿਆਂ ਵੱਲ ਖਿੱਚਦੇ
ਮੈਂ ਚੁਰਾਹੇ 'ਤੇ ਖੜਾ ਹਾਂ ਸੋਚਦਾ
ਕਿੰਨੇ ਟੋਟੇ ਕਰ ਦਿਆਂ ਇਕ ਹੋਂਦ ਦੇ
ਐ ਮਨਾ ਤੂੰ ਬੇਸੁਰਾ ਏਂ ਸਾਜ਼ ਕਿਉਂ
ਏਨੀ ਗੰਧਲੀ ਹੈ ਤੇਰੀ ਆਵਾਜ਼ ਕਿਉਂ
ਸੁਰ ਨਹੀਂ ਹੁੰਦਾ ਤੂੰ ਕਿਉਂ ਕੀ ਗੱਲ ਹੈ
ਇਲਮ ਦੇ ਮਸਲੇ ਨੇ ਜਾਂ ਇਖਲਾਕ ਦੇ
ਮਨ ਹੈ ਇਕ ਪੁਸਤਕ ਜਿਵੇਂ ਲਿਖ ਹੋ ਰਹੀ
ਜਿਸ ਦਾ ਕੋਈ ਆਦ ਹੈ ਨਾ ਅੰਤ ਹੈ
ਇਕ ਇਬਾਰਤ ਹੈ ਜੋ ਅੰਦਰ ਤੜਪਦੀ
ਵਾਕ ਨੇ ਇਕ ਦੂਸਰੇ ਨੂੰ ਕੱਟਦੇ

**ਸੁਰਜੀਤ ਪਾਤਰ**

## 9. ਇਹ ਨਹੀਂ ਵੇਸਵਾ ਚੁਬਾਰੇ ਦੀ

ਇਹ ਨਹੀਂ ਵੇਸਵਾ ਚੁਬਾਰੇ ਦੀ।
ਜ਼ਿੰਦਗੀ ਚੋਟ ਹੈ ਨਗਾਰੇ ਦੀ।
ਹੈ ਮੁਲਾਕਾਤ ਅੱਜ ਤੂਫ਼ਾਨਾਂ ਨਾਲ,
ਕੋਈ ਜਲਦੀ ਨਹੀਂ ਕਿਨਾਰੇ ਦੀ।
ਮੈਂ ਨਜਿੱਠਾਂਗਾ ਹਰ ਚੁਣੌਤੀ ਨਾਲ,
ਮਿਹਰਬਾਨੀ ਤਿਰੇ ਹੁੰਗਾਰੇ ਦੀ।
ਉਸਨੇ ਸੂਰਜ ਨੂੰ ਕੀਤਾ ਜਦ ਸਿਜਦਾ,
ਨਬਜ਼ ਡੁੱਬੀ ਹਨੇਰ ਸਾਰੇ ਦੀ।
ਪਾਣੀ ਲੱਭਣਾ ਨਹੀਂ ਜ਼ਿਮੀਂ ਤੋਂ ਬਿਨਾਂ,
ਖ਼ਾਕ ਫ਼ੋਲੇਗਾ ਹਰ ਸਿਤਾਰੇ ਦੀ।
ਪੇਸ਼ ਆਈ ਸੱਚਾਈ ਦੀ ਸੂਰਤ,
ਫੂਕ ਨਿਕਲੀ ਜਦੋਂ ਗੁਬਾਰੇ ਦੀ।
ਯਾਦ ਸਤਰੰਗੀਆਂ ਨੂੰ ਔਂਦੀ ਹੈ,
ਤੇਰੀ ਬਾਹਾਂ ਦੇ ਉਸ ਹੁਲਾਰੇ ਦੀ।

ਅਜਮੇਰ ਗਿੱਲ

10. ਬਾਬਾ ਨਜਮੀ

ਅੱਖਰਾਂ ਵਿਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ।
ਅੱਖਰਾਂ ਵਿਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ।
ਝੱਖੜਾਂ ਦੇ ਵਿਚ ਰੱਖ ਦਿੱਤਾ ਏ, ਦੀਵਾ ਬਾਲ ਪੰਜਾਬੀ ਦਾ।
ਲੋਕੀ ਮੰਗ ਮੰਗਾ ਕੇ ਆਪਣਾ, ਬੋਹਲ ਬਣਾ ਕੇ ਬਹਿ ਗਏ ਨੇ,
ਅਸਾਂ ਤਾਂ ਮਿੱਟੀ ਕਰ ਦਿੱਤਾ ਏ, ਸੋਨਾ ਗਾਲ ਪੰਜਾਬੀ ਦਾ।
ਜਿਹੜੇ ਆਖਣ ਵਿਚ ਪੰਜਾਬੀ, ਵੁਸਅਤ ਨਹੀਂ ਤਹਿਜ਼ੀਬ ਨਹੀਂ,
ਪੜ ਕੇ ਵੇਖਣ ਵਾਰਸ, ਬੁੱਲਾ, ਬਾਹੂ, ਲਾਲ ਪੰਜਾਬੀ ਦਾ।
ਮਨ ਦਾ ਮਾਸ ਖਵਾ ਦੇਂਦਾ ਏ, ਜਿਹੜਾ ਏਹਨੂੰ ਪਿਆਰ ਕਰੇ,
ਕੋਈ ਵੀ ਜਬਰਨ ਕਰ ਨਹੀਂ ਸਕਦਾ, ਵਿੰਗਾ ਵਾਲ ਪੰਜਾਬੀ ਦਾ।

## 11. ਸੱਚ ਦੀ ਸੌਗਾਤ

ਨੀਰ ਕਮਲ ਜੇ, ਅੱਖੀਆਂ 'ਚੋਂ ਡਿੱਗਣ,
ਰਾਹ ਦਸੇਰੇ ਬਣ ਗਏ ਹਨੇਰੇ।
ਵਿੱਚ ਰਾਹਾਂ ਕੋਈ ਆਣ ਨੇ ਘੇਰੇ,
ਫਿਰ ਵੀ ਕੁਦਰਤ ਹੁਕਮ ਸੁਣਾਇਆ।
ਵਿੱਚ ਰਾਹਾਂ ਕੋਈ ਆਣ ਮਿਲਾਇਆ,
ਸੱਚ ਦੀ ਸੌਗਾਤ ਕੁਝ ਝੋਲੀ ਪਾਇਆ,
ਅੱਖੀਆਂ ਨੂੰ ਕੁਝ ਨਜ਼ਰ ਨਾ ਆਇਆ,
ਰੂਹਾਂ ਨੇ ਸੀ ਦਰਦ ਵੰਡਾਇਆ।
ਇਸ਼ਕ ਹਕੀਕੀ ਰਾਹ ਦਿਖਾਇਆ,
ਸੱਚ ਦੀ ਸੌਗਾਤ ਕੁਝ ਝੋਲੀ ਪਾਇਆ,
ਬਣ ਦੀਵੇ ਰਾਹ ਰੁਸ਼ਨਾਇਆ,
ਜ਼ਿੰਦਗੀ ਨੂੰ ਇਕ ਪਾਸੇ ਲਾਇਆ।
ਦੁੱਖ ਦਰਦ ਸਭ ਕੁਝ ਵੰਡਾਇਆ,
ਸੱਚ ਦੀ ਸੌਗਾਤ ਕੁਝ ਝੋਲੀ ਪਾਇਆ।
ਖਿਦਮਤ ਰੂਹਾਨੀ ਨੂਰ ਵਹਾਇਆ,
ਜ਼ਿੰਦਗੀ ਦਾ ਇੱਕ ਸੱਚ ਦਿਖਾਇਆ।
ਸਰਬ ਹਕੀਕਤ ਨਾਲ ਮਿਲਾਇਆ,
ਸੱਚ ਦੀ ਸੌਗਾਤ ਕੁਝ ਝੋਲੀ ਪਾਇਆ।

**ਸਰਬਜੀਤ ਕੌਰ ਸਰਬ**



# ਕਾਵਿ ਸੰਸਾਰ

# ਹੈਵੀਵੇਟ ਕੁਸ਼ਤੀ ਵਿਚ ਪੰਜਾਬੀਆਂ ਦਾ ਬੋਲਬਾਲਾ

## ਵੱਖਰੇ ਵੱਖਰੇ ਦੇਸ਼ਾਂ ਵਿਚ ਰਹਿੰਦੇ ਪੰਜਾਬੀ ਮੂਲ ਦੇ ਖਿਡਾਰੀਆਂ ਨੇ ਚਾਰ ਮੈਡਲ ਜਿੱਤੇ

**ਜਲੰਧਰ/ਏ.ਟੀ.ਨਿਊਜ਼ :-** ਬਰਮਿੰਘਮ ਕਾਮਨਵੈਲਥ ਗੇਮਜ਼-2022 'ਚ ਚੋਟੀ ਦੇ ਹੈਵੀਵੇਟ 125 ਕਿਲੋ ਭਾਰ ਵਰਗ (ਪੁਰਸ਼) ਮੁਕਾਬਲਿਆਂ ਵਿਚ ਪੰਜਾਬੀਆਂ ਦੀ ਹੀ ਖ਼ੂਬ ਬੱਲੇ-ਬੱਲੇ ਹੋ ਰਹੀ ਹੈ। ਜਦੋਂ ਜੇਤੂਆਂ ਨੂੰ ਤਮਗ਼ੇ ਦੇਣ ਦਾ ਸਮਾਂ ਆਇਆ ਤਾਂ ਪੋਡੀਅਮ 'ਤੇ ਇਕ ਸ਼ਾਨਦਾਰ ਨਜ਼ਾਰਾ ਸੀ। ਗੋਲਡ, ਸਿਲਵਰ ਤੇ ਦੋ ਬ੍ਰੌਨਜ਼ ਮੈਡਲ ਜੇਤੂ ਮੰਚ 'ਤੇ ਖੜ੍ਹੇ ਸਨ। ਚਾਰਾਂ ਦੇ ਦੇਸ਼ ਵੱਖ-ਵੱਖ ਸਨ ਪਰ ਇਕ ਗੱਲ ਸਾਂਝੀ ਸੀ, ਯਾਨੀ ਸਾਰੇ ਜੇਤੂ ਪੰਜਾਬੀ ਮੂਲ ਦੇ ਸਨ। ਮਿੱਟੀ ਨਾਲ ਸਬੰਧਤ ਚਾਰੇ ਪਹਿਲਵਾਨਾਂ ਦੇ ਰਿਸ਼ਤੇਦਾਰ 1947 ਵਿਚ ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਵਿੱਚ ਰਹਿੰਦੇ ਸਨ।




ਕੈਨੇਡਾ ਦੇ ਅਮਰਵੀਰ ਢੇਸੀ ਨੇ ਫਾਈਨਲ ਵਿਚ ਪਾਕਿਸਤਾਨ ਦੇ ਜਮਾਂ ਅਨਵਰ ਨੂੰ ਹਰਾ ਕੇ ਗੋਲਡ ਮੈਡਲ ਜਿੱਤਿਆ। ਅਨਵਰ ਨੂੰ ਚਾਂਦੀ ਦੇ ਮੈਡਲ ਨਾਲ ਹੀ ਸਬਰ ਕਰਨਾ ਪਿਆ। ਬ੍ਰੌਨਜ਼ ਮੈਡਲ ਲਈ ਭਾਰਤ ਦੇ ਮੋਹਿਤ ਗਰੇਵਾਲ ਨੇ ਜਮੈਕਾ ਦੇ ਐਰੋਨ ਜੌਨਸਨ ਨੂੰ ਹਰਾਇਆ ਜਦਕਿ ਇੰਗਲੈਂਡ ਦੇ ਮਨਧੀਰ ਕੂਨਰ ਨੇ ਮਾਰੀਸ਼ਸ ਦੇ ਕੇਨਸਲੇ ਮੈਰੀ ਨੂੰ ਹਰਾ ਕੇ ਬ੍ਰੌਨਜ਼ ਮੈਡਲ ਜਿੱਤਿਆ। ਮੈਡਲ ਸਮਾਗਮ ਦੌਰਾਨ ਜੇਤੂ ਮੰਚ 'ਤੇ ਖੜ੍ਹੇ ਚਾਰ ਪਹਿਲਵਾਨ ਅਮਰਵੀਰ ਢੇਸੀ, ਜਮਾਂ ਅਨਵਰ, ਮੋਹਿਤ ਗਰੇਵਾਲ ਤੇ ਮਨਧੀਰ ਕੂਨਰ ਪੰਜਾਬੀ ਮੂਲ ਦੇ ਸਨ।

ਅਮਰਵੀਰ ਢੇਸੀ ਦਾ ਜੱਦੀ ਪਿੰਡ ਚੱਢੇ ਭਾਰਤੀ ਪੰਜਾਬ ਦੇ ਜਲੰਧਰ ਜ਼ਿਲੇ ਦੇ ਸੰਘਵਾਲ ਵਿਚ ਹੈ। ਉਸਦੇ ਪਿਤਾ ਬਲਬੀਰ ਢੇਸੀ ਭਾਰਤ ਵਿਚ ਰਹਿੰਦਿਆਂ ਗ੍ਰੀਕੋ-ਰੋਮਨ ਅਤੇ ਰੁਸਤਮ-ਏ-ਹਿੰਦ ਵਿੱਚ ਰਾਸ਼ਟਰੀ ਚੈਂਪੀਅਨ ਰਹਿ ਚੁੱਕੇ ਹਨ। ਢੇਸੀ ਪਰਿਵਾਰ 80 ਦੇ ਦਹਾਕੇ ਦੇ ਸ਼ੁਰੂ ਵਿਚ ਕੈਨੇਡਾ ਸ਼ਿਫਟ ਹੋ ਗਿਆ ਸੀ। ਅਮਰਵੀਰ 2014 ਵਿਚ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਅਤੇ ਇਸ ਸਾਲ ਪੈਨ ਅਮਰੀਕਨ ਰੈਸਲਿੰਗ ਚੈਂਪੀਅਨਸ਼ਿਪ ਵਿਚ ਗੋਲਡ ਮੈਡਲਿਸਟ ਰਿਹਾ ਹੈ।

ਜਮਾਂ ਅਨਵਰ ਪਾਕਿਸਤਾਨੀ ਪੰਜਾਬ ਦੇ ਗੁਜਰਾਂਵਾਲਾ ਦਾ ਰਹਿਣ ਵਾਲਾ ਹੈ। 31 ਸਾਲਾ ਦੇ ਇਸ ਪਹਿਲਵਾਨ ਨੇ 2016 ਵਿਚ ਸੈਫ ਗੇਮਜ਼ ਵਿਚ ਗੋਲਡ ਜਿੱਤਿਆ ਸੀ। ਪਾਕਿਸਤਾਨ 'ਚ ਗੁਜਰਾਂਵਾਲਾ ਨੂੰ ਕੁਸ਼ਤੀ ਦਾ ਮੱਕਾ ਕਹਿੰਦੇ ਹੈ ਅਤੇ ਉੱਥੋਂ ਵੱਡੇ-ਵੱਡੇ ਪਹਿਲਵਾਨ ਨਿਕਲੇ ਹਨ।

ਭਾਰਤ ਦੇ ਬ੍ਰੌਨਜ਼ ਮੈਡਲ ਜੇਤੂ ਮੋਹਿਤ ਗਰੇਵਾਲ ਦਾ ਪਿੰਡ ਬਮਲਾ ਹਰਿਆਣਾ ਦੇ ਭਿਆਨੀ ਨੇੜੇ ਹੈ। 1966 ਤੋਂ ਪਹਿਲਾਂ ਇਹ ਇਲਾਕਾ ਵੀ ਪੰਜਾਬ ਦਾ ਹਿੱਸਾ ਸੀ। ਦੇਸ਼ ਦੀ ਵੰਡ ਸਮੇਂ ਪੰਜਾਬ ਭਾਰਤ ਅਤੇ ਪਾਕਿਸਤਾਨ ਵਿਚ ਵੰਡਿਆ ਗਿਆ ਸੀ। ਹਾਲਾਂਕਿ, ਬਾਅਦ ਵਿਚ 1956 'ਚ ਭਾਰਤੀ ਪੰਜਾਬ ਤੋਂ ਹਿਮਾਚਲ ਪ੍ਰਦੇਸ਼ ਅਤੇ 1966 'ਚ ਹਰਿਆਣਾ ਸੂਬੇ ਨੂੰ ਵੱਖ ਕਰ ਦਿੱਤਾ ਗਿਆ ਸੀ। ਇੰਗਲੈਂਡ ਲਈ ਖੇਡਣ ਵਾਲੇ ਮਨਧੀਰ ਕੂਨਰ ਦਾ ਪਰਿਵਾਰ ਵੀ ਮੂਲ ਰੂਪ ਵਿਚ ਜਲੰਧਰ ਜ਼ਿਲੇ ਦਾ ਰਹਿਣ ਵਾਲਾ ਹੈ। 26 ਸਾਲਾ ਮਨਧੀਰ ਦਾ ਇਹ ਪਹਿਲਾ ਵੱਡਾ ਅੰਤਰਰਾਸ਼ਟਰੀ ਮੈਡਲ ਹੈ।

# ਕੈਨੇਡਾ ਦੀ ਫੀਲਡ ਹਾਕੀ ਅੰਡਰ-18 ਦਾ ਨੈਸ਼ਨਲ ਟੂਰਨਾਮੈਂਟ

## ਨੈਸ਼ਨਲ ਫੀਲਡ ਹਾਕੀ ਦਾ ਫਾਈਨਲ ਬ੍ਰਿਟਿਸ਼ ਕੋਲੰਬੀਆ ਦੀ ਟੀਮ ਨੇ ਜਿੱਤਿਆ



**ਸਰੀ/ਏ.ਟੀ.ਨਿਊਜ਼:** ਕੈਨੇਡਾ ਦੀ ਫੀਲਡ ਹਾਕੀ ਅੰਡਰ-18 ਦਾ ਨੈਸ਼ਨਲ ਟੂਰਨਾਮੈਂਟ ਟਮੈਨਵਿਸ ਹਾਕੀ ਗਰਾਊਂਡ ਸਰੀ ਬੀਸੀ ਟੀਮ ਅਤੇ ਓਨਟੈਰੀਓ ਦੀ ਟੀਮ ਵਿੱਚ ਹੋਇਆ, ਜਿਸ ਵਿਚ ਬੀ ਸੀ ਦੀ ਟੀਮ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ। ਬੇਹੱਦ ਦਿਲਚਸਪ ਅਤੇ ਫਸਵੇਂ ਮੈਚ ਵਿੱਚ ਸ਼ੂਟ ਆਊਟ ਰਾਹੀਂ ਇਹ ਜਿੱਤ ਬੀਸੀ ਨੇ ਦਰਜ ਕਰਵਾਈ, ਜਿਸ ਦੇ ਖਿਡਾਰੀਆਂ ਪਰਮਵੀਰ ਸਿੰਘ ਬਸਰਾ, ਗੁਰਬੀਰ ਸਿੰਘ ਮਘੇੜਾ, ਮਹਿਤਾਬ ਸਿੰਘ ਗਿੱਲ, ਅਕਾਲਜੋਤ ਸਿੰਘ ਤੇ ਸਤਪ੍ਰੀਤ ਸਿੰਘ ਢੱਡਾ, ਜੈਦੀਪ ਸਪਾਲ, ਚੇਤਨ ਸਿੰਘ ਮਾਨ ਮਨਰਾਜ ਸਿੰਘ ਧਾਲੀਵਾਲ, ਡੰਕਨ ਰੌਸ, ਨੋਆ ਲੂਈ ਅਲੈਗਜ਼ੈਂਡਰ ਮੂਰ, ਕੇਰਨ ਰੌਬਿਨ ਔਸਟਰਿਜ਼ ਸਿੰਕਲੇਅਰ, ਵਿਜੈ ਅੰਬਾਨੀ ਤੇ ਬਰੁੱਕਲਿਨ ਅਰਨਹਾ ਸਮੇਤ ਦੋਵੇਂ ਟੀਮਾਂ ਬਹੁਤ ਵਧੀਆ ਖੇਡੀਆਂ। ਬ੍ਰਿਟਿਸ਼ ਕੋਲੰਬੀਆ ਫੀਲਡ ਹਾਕੀ ਟੀਮ ਦੇ ਗੋਲੀ ਰਹਿਮਤ ਸਿੰਘ ਧਾਲੀਵਾਲ ਨੇ ਗੋਲੀ ਵਜੋਂ ਬਣਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ ਜਿਸ ਦੀ ਦਰਸ਼ਕਾਂ ਅਤੇ ਕੋਚਾਂ ਨੇ ਭਰਪੂਰ ਪ੍ਰਸੰਸਾ ਕੀਤੀ। ਬੀਸੀ ਟੀਮ ਦੇ ਕੋਚਾਂ ਜੌਹਨ ਸੀਕਰੇ, ਅੰਮ੍ਰਿਤ ਸਿੰਘ ਸਿੱਧੂ ਅਤੇ ਕੈਂਟ ਮਕੈਨਨ ਸਮੇਤ ਦੋਵੇਂ ਟੀਮਾਂ ਪ੍ਰਬੰਧਕਾਂ ਅਤੇ ਮਾਪਿਆਂ ਨੂੰ ਬਹੁਤ ਬਹੁਤ ਵਧਾਈਆਂ। ਮੈਚ ਸਮਾਪਤੀ 'ਤੇ ਬੀ ਸੀ ਦੀ ਫੀਲਡ ਹਾਕੀ ਟੀਮ ਦੇ ਖਿਡਾਰੀਆਂ ਨੂੰ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ, ਜਦਕਿ ਓਂਟੈਰੀਓ ਨੂੰ ਚਾਂਦੀ ਦੇ ਤਮਗ਼ੇ ਦਿੱਤੇ ਗਏ।

# ਨੌਕਰੀ ਨਾ ਮਿਲਣ ਕਾਰਨ ਦੁਖੀ ਹੈ ਤਮਗਾ ਜੇਤੂ ਹਰਜਿੰਦਰ ਕੌਰ

**ਪ੍ਰਗਟ ਸਿੰਘ ਜੰਡਿਆਲਾ ਗੁਰੂ**

ਬ੍ਰਿਟੇਨ ਦੇ ਸ਼ਹਿਰ ਬਰਮਿੰਘਮ ਵਿੱਚ ਜਾਰੀ ਰਾਸ਼ਟਰਮੰਡਲ ਖੇਡਾਂ ਦੇ ਵੈਟ ਲਿਫ਼ਟਿੰਗ ਵਰਗ ਵਿੱਚ ਕਾਂਸੇ ਦਾ ਤਮਗ਼ਾ ਜੇਤੂ ਹਰਜਿੰਦਰ ਕੌਰ ਦਾ ਕਹਿਣਾ ਹੈ ਕਿ ਉਸਦੀ ਆਰਥਿਕ ਹਾਲਤ ਇੰਨੀ ਕਮਜ਼ੋਰ ਸੀ ਕਿ ਉਸ ਕੋਲ ਹੋਸਟਲ ਦੇ ਮੈੱਸ ਦਾ ਬਿੱਲ ਦੇਣ ਦੇ ਪੈਸੇ ਵੀ ਨਹੀਂ ਸੀ ਹੁੰਦੇ, ਦਿਨ ਭਰ ਮਿਹਨਤ ਕਰਨੀ ਅਤੇ ਫਿਰ ਮੈਸ ਦੀਆਂ ਰੋਟੀਆਂ ਖਾ ਕੇ ਅਭਿਆਸ ਕਰਨਾ, ਇਸ ਤਰੀਕੇ ਨਾਲ ਮੈਂ ਮੈਡਲ ਜਿੱਤਿਆ ਹੈ।

ਹਰਜਿੰਦਰ ਕੌਰ ਪੰਜਾਬ ਦੇ ਨਾਭਾ ਸ਼ਹਿਰ ਦੀ ਰਹਿਣ ਵਾਲੀ ਹੈ। ਉਸ ਨੇ ਪਹਿਲੀ ਵਾਰ ਰਾਸ਼ਟਰਮੰਡਲ ਖੇਡਾਂ ਵਿੱਚ ਹਿੱਸਾ ਲਿਆ ਸੀ ਅਤੇ ਪਹਿਲੀ ਵਾਰ ਹੀ ਮੈਡਲ ਜਿੱਤ ਲਿਆ ਹੈ। ਹਰਜਿੰਦਰ ਕੌਰ ਨੇ ਦੱਸਿਆ ਕਿ ਕੌਮਾਂਤਰੀ ਪੱਧਰ ਉੱਤੇ ਮੈਡਲ ਜਿੱਤਣ ਪਿੱਛੇ ਉਸ ਦੇ ਪਰਿਵਾਰ ਦਾ ਲੰਮਾ ਸੰਘਰਸ਼ ਹੈ। ਹਰਜਿੰਦਰ ਨੇ ਦੱਸਿਆ ਕਿ ਪਰਿਵਾਰ ਕੋਲ ਜ਼ਮੀਨ ਨਹੀਂ ਹੈ ਅਤੇ ਉਨਾਂ ਦੇ ਪਿਤਾ ਪਸ਼ੂਆਂ ਦਾ ਦੁੱਧ ਵੇਚ ਕੇ ਘਰ ਦਾ ਗੁਜ਼ਾਰਾ ਤੋਰਦੇ ਹਨ। ਗ਼ਰੀਬੀ ਇੰਨੀ ਕਿ ਕਾਲਜ ਦੀ ਫ਼ੀਸ ਭਰਨ ਲਈ ਪਰਿਵਾਰ ਕੋਲ ਪੈਸੇ ਨਹੀਂ ਸਨ ਹੁੰਦੇ।




ਉਹ ਦਸਦੀ ਹੈ ਕਿ 2016 ਵਿੱਚ ਉਸ ਨੇ ਵੇਟ ਲਿਫ਼ਟਿੰਗ ਸ਼ੁਰੂ ਕੀਤੀ ਇਸ ਤੋਂ ਪਹਿਲਾਂ ਉਹ ਕਬੱਡੀ ਖੇਡਦੀ ਰਹੀ ਹੈ। ਹਰਜਿੰਦਰ ਕੌਰ ਦੇ ਦੱਸਣ ਮੁਤਾਬਕ 'ਪੈਸੇ ਦੀ ਕਮੀ ਕਾਰਨ ਕਈ ਵਾਰ ਉਹ ਨਿਰਾਸ਼ ਵੀ ਹੋ ਜਾਂਦੇ ਪਰ ਕੋਚ ਦੀ ਹੱਲਾਸ਼ੇਰੀ ਕਾਰਨ ਉਸ ਨੇ ਖੇਡ ਜਾਰੀ ਰੱਖੀ।'

'ਹਰਜਿੰਦਰ ਦੇ ਮਾਤਾ-ਪਿਤਾ ਤੋਂ ਇਲਾਵਾ ਉਸ ਦੇ ਪਰਿਵਾਰ ਵਿੱਚ ਇੱਕ ਭਰਾ ਅਤੇ ਭੈਣ ਹੈ। ਹਰਜਿੰਦਰ ਨੇ ਦੱਸਿਆ ਕਿ ਉਹ ਆਪਣੇ ਮੌਜੂਦਾ ਪ੍ਰਦਰਸ਼ਨ ਤੋਂ ਖ਼ੁਸ਼ ਨਹੀਂ ਹੈ ਪਰ ਮੈਡਲ ਮਿਲਣ ਦੀ ਖ਼ੁਸ਼ੀ ਹੈ।' ਹਰਜਿੰਦਰ ਪਿਛਲੇ ਇੱਕ ਸਾਲ ਤੋਂ ਘਰ ਨਹੀਂ ਗਈ

ਕੈਂਪ ਵਿੱਚ ਰਹਿਣ ਕਾਰਨ ਪਿਛਲੇ ਕਈ ਸਾਲਾਂ ਤੋਂ ਦੀਵਾਲੀ ਅਤੇ ਹੋਰ ਕੋਈ ਵੀ ਤਿਉਹਾਰ ਉਸ ਨੇ ਘਰੇ ਨਹੀਂ




ਮਨਾਇਆ।ਹਰਜਿੰਦਰ ਮੁਤਾਬਕ, 'ਰੱਖੜੀ ਮੌਕੇ ਵੀ ਭਰਾ ਘਰ ਨਹੀਂ ਸੀ ਆਉਣ ਦਿੰਦਾ ਤਾਂ ਜੋ ਮੇਰੀ ਪ੍ਰੈਕਟਿਸ ਤੋਂ ਛੁੱਟੀ ਨਾ ਹੋ ਜਾਵੇ।' ਹਰਜਿੰਦਰ ਮੁਤਾਬਕ ਉਨਾਂ ਨੇ ਪੈਸੇ ਦੀ ਬਹੁਤ ਤੰਗੀ ਦੇਖੀ ਹੈ ਅਤੇ 'ਲੱਗਦਾ ਸੀ ਖੇਡ ਹੀ ਘਰ ਦੀ ਗ਼ਰੀਬੀ ਦੂਰ ਕਰੇਗੀ ਇਸ ਕਰ ਕੇ ਮਿਹਨਤ ਕੀਤੀ ਅਤੇ ਆਖ਼ਰਕਾਰ ਮੈਨੂੰ ਕਾਮਯਾਬੀ ਮਿਲ ਗਈ।'

ਐਮਪੀਐਡ ਦੀ ਡਿਗਰੀ ਕਰ ਰਹੀ ਹਰਜਿੰਦਰ ਕੌਰ ਨੇ ਦੱਸਿਆ ਕਿ ਉਸ ਨੇ ਯੂਨੀਵਰਸਿਟੀ ਅਤੇ ਹੋਰ ਕੌਮਾਂਤਰੀ ਮੁਕਾਬਲਿਆਂ ਵਿੱਚ ਮੈਡਲ ਜਿੱਤੇ ਹਨ ਪਰ ਕਿਸੇ ਵੀ ਸਰਕਾਰ ਨੇ ਉਨਾਂ ਨੂੰ ਨੌਕਰੀ ਨਹੀਂ ਦਿੱਤੀ।

ਉਹ ਗਿਲਾ ਪ੍ਰਗਟਾਉਂਦੀ ਹੈ ਕਿ ਉਸਨੇ 'ਕਈ ਮੈਡਲ ਜਿੱਤੇ ਹਨ ਪਰ ਨੌਕਰੀ ਨਾ ਮਿਲਣ ਕਾਰਨ ਮੈਂ ਮਾਯੂਸ ਹਾਂ'। ਉਹ ਕਹਿੰਦੀ ਹੈ, 'ਇੰਗਲੈਂਡ ਆਉਣ ਤੋਂ ਪਹਿਲਾਂ ਵੀ ਪੰਜਾਬ ਸਰਕਾਰ ਨੇ ਨੌਕਰੀ ਤਾਂ ਕੀ ਵਧਾਈ ਵੀ ਨਹੀਂ ਦਿੱਤੀ। ਮੈਨੂੰ ਪਰਿਵਾਰ ਲਈ ਨੌਕਰੀ ਚਾਹੀਦੀ ਹੈ ਤਾਂ ਜੋ ਮੈਂ ਉਨਾਂ ਦੀ ਵਿੱਤੀ ਮਦਦ ਕਰ ਸਕਾਂ'। ਉਸ ਨੇ ਮੌਜੂਦਾ ਸਰਕਾਰ ਨੂੰ ਨੌਕਰੀ ਦੀ ਅਪੀਲ ਵੀ ਕੀਤੀ। ਉਨਾਂ ਦੱਸਿਆ ਕਿ ਮੈਡਲ ਜਿੱਤਣ ਤੋਂ ਬਾਅਦ ਪੰਜਾਬ ਦੇ ਖੇਡ ਮੰਤਰੀ ਮੀਤ ਹੇਅਰ ਵੱਲੋਂ ਉਨਾਂ ਨੂੰ ਫ਼ੋਨ ਰਾਹੀਂ ਵਧਾਈ ਦਿੱਤੀ ਗਈ ਹੈ ਅਤੇ ਵਾਅਦਾ ਕੀਤਾ ਹੈ ਕਿ ਉਨਾਂ ਦੀ ਪੂਰੀ ਹੌਸਲਾ ਅਫਜ਼ਾਈ ਕੀਤੀ ਜਾਵੇਗੀ।

ਹਰਜਿੰਦਰ ਦੱਸਦੀ ਹੈ ਕਿ ਜਦੋਂ ਖੇਡ ਸ਼ੁਰੂ ਕੀਤੀ ਤਾਂ ਉਸ ਦਾ ਸ਼ੁਰਆਤੀ ਸਫ਼ਰ ਸੌਖਾ ਨਹੀਂ ਸੀ।ਉਸ ਨੇ ਕਿਹਾ, 'ਮੇਰੇ ਪਿਤਾ ਚਾਹੁੰਦੇ ਸਨ ਮੈਂ ਖੇਡਾਂ ਵਿੱਚ ਹਿੱਸਾ ਲਵਾਂ ਪਰ ਘਰ ਦੇ ਹਾਲਤ ਕਾਰਨ ਇਹ ਸਫ਼ਰ ਕਾਫ਼ੀ ਔਖਾ ਸੀ। ਪਹਿਲਾਂ ਸਾਈਕਲ ਉੱਤੇ ਸਕੂਲ ਜਾਣਾ ਅਤੇ ਫਿਰ ਵਾਪਸ ਆ ਕੇ ਪਸ਼ੂਆਂ ਦੀ ਦੇਖਭਾਲ ਕਰਨੀ। ਘਰ ਵਿੱਚ ਪਸ਼ੂਆਂ ਦੇ ਚਾਰੇ ਵਾਲੀ ਮਸ਼ੀਨ ਉੱਤੇ ਬਹੁਤ ਕੰਮ ਕੀਤਾ।'

ਹਰਜਿੰਦਰ ਨੂੰ ਮੈਦਾਨ ਵਿੱਚ ਲੈ ਕੇ ਜਾਣ ਵਾਲਾ ਕੋਈ ਨਹੀਂ ਸੀ ਹੁੰਦਾ ਅਤੇ ਲੋਕਾਂ ਤੋਂ ਲਿਫ਼ਟ ਲੈ ਕੇ ਦੂਜੇ ਪਿੰਡ ਪ੍ਰੈਕਟਿਸ ਲਈ ਜਾਂਦੀ ਸੀ। ਕੋਚ ਦੇ ਕਹਿਣ ਉੱਤੇ ਹਰਜਿੰਦਰ ਨੇ ਕਬੱਡੀ ਦੀ ਥਾਂ ਵੇਟ ਲਿਫ਼ਟਿੰਗ ਸ਼ੁਰੂ ਕੀਤੀ ਸੀ। ਖੇਡ ਦਾ ਮੈਦਾਨ ਦੇਖ ਕੇ ਹਰਜਿੰਦਰ ਦੇ ਸਰੀਰ ਵਿੱਚ ਐਨਰਜੀ ਆ ਜਾਂਦੀ ਹੈ।

ਹਰਜਿੰਦਰ ਨੇ ਕਿਹਾ, 'ਜਦੋਂ ਮੈਂ ਰਾਸ਼ਟਰ ਮੰਡਲ ਖੇਡਾਂ ਵਿੱਚ ਹਿੱਸਾ ਲੈਣ ਲਈ ਤੁਰੀ ਸੀ ਤਾਂ ਮੈਨੂੰ ਕੋਈ ਨਹੀਂ ਸੀ ਜਾਣਦਾ। ਪਰ ਮੈਡਲ ਜਿੱਤਣ ਤੋਂ ਬਾਅਦ ਜ਼ਿੰਦਗੀ ਪੂਰੀ ਤਰਾਂ ਬਦਲ ਗਈ ਹੈ। ਵਧਾਈਆਂ ਦੇ ਸੁਨੇਹੇ ਆਉਣ ਕਰ ਕੇ ਮੇਰੀ ਨੀਂਦ ਵੀ ਪੂਰੀ ਨਹੀਂ ਹੋ ਰਹੀ।'

ਹਰਜਿੰਦਰ ਆਖਦੀ ਹੈ ਕਿ ਮਾਪਿਆਂ ਨੂੰ ਕੁੜੀਆਂ ਉੱਤੇ ਭਰੋਸਾ ਕਰਨਾ ਚਾਹੀਦਾ ਹੈ ਅਤੇ ਸਰਕਾਰੀ ਖੇਡ ਢਾਂਚੇ ਨੂੰ ਵਿਕਸਤ ਕੀਤਾ ਜਾਵੇ ਖ਼ਾਸ ਤੌਰ ਉੱਤੇ ਪਿੰਡਾਂ ਵਿੱਚ।

ਉਸ ਨੇ ਕਿਹਾ, 'ਜੇਕਰ ਕੁੜੀਆਂ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਦੇਸ਼ ਕੌਮਾਂਤਰੀ ਪੱਧਰ ਉੱਤੇ ਹੋਰ ਮੈਡਲ ਜਿੱਤ ਸਕਦਾ ਹੈ।'

### ਕੁਸ਼ਤੀ : ਬਜਰੰਗ, ਦੀਪਕ ਤੇ ਸਾਕਸ਼ੀ ਨੇ ਜਿੱਤਿਆ ਸੋਨ ਤਮ਼ਗਾ ਤੇ ਅੰਸ਼ੂ ਮਲਿਕ ਨੂੰ ਮਿਲਿਆ ਚਾਂਦੀ ਦਾ

**ਬਰਮਿੰਘਮ :** ਭਾਰਤੀ ਪਹਿਲਵਾਨ ਬਜਰੰਗ ਪੂਨੀਆ, ਦੀਪਕ ਪੂਨੀਆ ਅਤੇ ਸਾਕਸ਼ੀ ਮਲਿਕ ਨੇ ਰਾਸ਼ਟਰਮੰਡਲ ਖੇਡਾਂ ਦੇ ਕੁਸ਼ਤੀ ਮੁਕਾਬਲਿਆਂ ਵਿਚ ਭਾਰਤ ਨੂੰ ਤਿੰਨ ਸੋਨ ਤਮ਼ਗੇ ਦਿਵਾਏ। ਉਸ ਤੋਂ ਪਹਿਲਾਂ ਅੰਸ਼ੂ ਮਲਿਕ ਨੇ ਚਾਂਦੀ ਦਾ ਤਮ਼ਗਾ ਜਿੱਤਿਆ।

# ਪੰਜਾਬੀ ਸੱਭਿਆਚਾਰ ਦੇ ਕਈ ਰੰਗ ਹੋ ਰਹੇ ਹਨ ਅਲੋਪ

**ਸੁਖਪਾਲ ਸਿੰਘ ਢਿੱਲੋਂ**
ਮੋ. 9815288208

ਸੋਨੇ ਚਾਂਦੀ ਦੇ ਗਹਿਣੇ ਜੋ ਪੁਰਾਤਨ ਸਮੇਂ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ ਦੀ ਥਾਂ ਹੁਣ ਲੈ ਰਹੇ ਹਨ ਬਨਾਵਟੀ ਗਹਿਣੇ।

ਗਹਿਣਾ ਮਨੁੱਖੀ ਸ਼ਿੰਗਾਰ ਦਾ ਹਮੇਸ਼ਾ ਤੋਂ ਕੇਂਦਰ ਬਿੰਦੂ ਰਿਹਾ ਹੈ। ਪੰਜਾਬ ਵਿੱਚ ਹਰ ਧਰਮ, ਜਾਤ ਅਤੇ ਹਰ ਉਮਰ ਦੀਆਂ ਔਰਤਾਂ ਅਤੇ ਮਰਦ ਆਪਣੀ ਸਮਰੱਥਾ ਅਨੁਸਾਰ ਸੋਨੇ, ਚਾਂਦੀ ਅਤੇ ਪਿੱਤਲ ਦੇ ਗਹਿਣੇ ਪਹਿਨਦੇ ਰਹੇ ਹਨ। ਪੁਰਾਤਨ ਪੰਜਾਬ 'ਚ ਔਰਤਾਂ ਸਿਰ ਤੋਂ ਪੈਰਾਂ ਤਕ ਲਗਭਗ ਹਰੇਕ ਅੰਗ 'ਤੇ ਗਹਿਣੇ ਪਹਿਨਦੀਆਂ ਸਨ। ਕਿਹਾ ਜਾਂਦਾ ਹੈ ਕਿ ਪੁਰਾਤਨ ਪੰਜਾਬ ਵਿੱਚ ਔਰਤਾਂ ਸੌ ਤੋਂ ਵੀ ਵੱਧ ਗਹਿਣੇ ਪਹਿਨ ਕੇ ਆਪਣੇ ਹੁਸਨ ਨੂੰ ਸ਼ਿੰਗਾਰਦੀਆਂ ਸਨ। ਗਹਿਣਾ ਅਸਲ ਵਿੱਚ ਕਿਸੇ ਵਿਅਕਤੀ ਵਿਸ਼ੇਸ਼ ਦੀ ਆਰਥਿਕ ਖ਼ੁਸ਼ਹਾਲੀ, ਪਿਆਰ-ਮੁਹੱਬਤ ਅਤੇ ਸੁਹਜ-ਤ੍ਰਿਪਤੀ ਆਦਿ ਦੇ ਪ੍ਰਗਟਾਅ ਦਾ ਪ੍ਰਤੀਕ ਹੈ। ਜਿਹੜੇ ਵੰਨ-ਸੁਵੰਨੇ ਸੋਨੇ-ਚਾਂਦੀ ਦੇ ਗਹਿਣੇ ਪੁਰਾਤਨ ਸਮੇਂ 'ਚ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੁੰਦੇ ਸਨ, ਉਨਾਂ ਦੀ ਥਾਂ ਹੁਣ ਬਨਾਵਟੀ ਗਹਿਣਿਆਂ ਨੇ ਲੈ ਲਈ ਹੈ। ਇਹ ਲੋਕ ਗਹਿਣੇ ਸਾਡੇ ਸੱਭਿਆਚਾਰ ਅਤੇ ਆਧੁਨਿਕ ਸਾਹਿਤਕ ਪਿੜ 'ਚੋਂ ਲਗਭਗ ਮਨਫ਼ੀ ਹੀ ਹੋ ਗਏ ਹਨ। ਨਵੀਂ ਪੀੜ੍ਹੀ ਤਾਂ ਇਨਾਂ ਗਹਿਣਿਆਂ ਤੋਂ ਅਨਜਾਣ ਹੀ ਹੈ। ਪੁਰਾਣੇ ਪੰਜਾਬ 'ਚ ਇਸਤਰੀਆਂ ਵੱਲੋਂ ਪਹਿਨੇ ਜਾਂਦੇ ਗਹਿਣਿਆਂ ਵਿੱਚ ਕਈ ਤਰਾਂ ਦੇ ਗਹਿਣੇ ਸ਼ਾਮਲ ਸਨ।

### ਨੱਕ ਵਿੰਨ ਕੇ ਪਹਿਨੇ ਜਾਣ ਵਾਲੇ ਗਹਿਣੇ

**ਤੀਲੀ-** ਮੁਟਿਆਰਾਂ ਨੱਕ ਵਿੱਚ ਤੀਲੀ ਬਹੁਤ ਹੀ ਚਾਅ ਨਾਲ ਪਹਿਨਦੀਆਂ ਸਨ। ਤੀਲੀ ਅਸਲ ਵਿੱਚ ਇੱਕ ਬਾਰੀਕ ਮੇਖ-ਨੁਮਾ ਗਹਿਣਾ ਹੁੰਦਾ ਸੀ, ਜਿਸ ਉੱਪਰ ਇੱਕ ਛੋਟਾ ਜਿਹਾ ਨਗ ਲੱਗਾ ਹੁੰਦਾ ਸੀ।

**ਲੌਂਗ-** ਇਹ ਇੱਕ ਹੋਰ ਸੁੰਦਰ ਗਹਿਣਾ ਸੀ, ਜਿਸ ਦੇ ਗੁਆਚਣ ਦੇ ਡਰ ਨੂੰ ਪੰਜਾਬੀ ਲੋਕ ਗੀਤਾਂ ਵਿੱਚ ਕਲਮਬੰਦ ਕੀਤਾ ਗਿਆ ਹੈ। ਚੀਰੇ ਵਾਲਿਆ ਵੇਖਦਾ ਆਈਂ ਵੇ, ਮੇਰਾ ਲੌਂਗ ਗੁਆਚਾ।

**ਮੱਛਲੀ-** ਮੱਛਲੀ ਨੱਕ ਦੀਆਂ ਦੋਵਾਂ ਨਾਸਾਂ ਦੇ ਵਿਚਕਾਰਲੀ ਹੱਡੀ ਵਿੱਚ ਪਹਿਨੀ ਜਾਂਦੀ ਸੀ।

**ਨੱਥ-** ਇਹ ਵਿੰਨੇ ਨੱਕ ਦੀ ਗਲੀ ਤੋਂ ਸ਼ੁਰੂ ਹੋ ਕੇ ਇੱਕ ਗੁਲਾਈ ਦੀ ਤਰਾਂ ਖੱਬੇ ਪਾਸੇ ਵਾਲਾਂ ਨਾਲ ਜੁੜ ਜਾਂਦੀ ਸੀ। ਉਪਰੋਕਤ ਗਹਿਣਿਆਂ ਤੋਂ ਇਲਾਵਾ ਨੱਕ ਵਿੱਚ ਕੋਕਾ, ਬੁਲਾਕ, ਮੇਖ, ਬੇਸਰਾ ਅਤੇ ਨੁਕਰਾ ਆਦਿ ਗਹਿਣੇ ਪਹਿਨਣ ਦਾ ਰਿਵਾਜ ਸੀ।

### ਕੰਨ ਵਿੰਨ ਕੇ ਪਹਿਨੇ ਜਾਣ ਵਾਲੇ ਗਹਿਣੇ

**ਪਿੱਪਲ ਪੱਤੀਆਂ-** ਇਹ ਔਰਤਾਂ ਵਿੱਚ ਬਹੁਤ ਪ੍ਰਚੱਲਿਤ ਗਹਿਣਾ ਸੀ। ਇਸ ਨੂੰ ਪਹਿਨਣ 'ਚ ਉਹ ਬੜੀ ਸ਼ਾਨ ਸਮਝਦੀਆਂ ਸਨ। ਇਸ ਗਹਿਣੇ ਨਾਲ ਪਿੱਪਲ ਦੇ ਪੱਤਿਆਂ ਵਾਂਗ ਦੋ-ਤਿੰਨ ਪੱਤੇ ਜਿਹੇ ਲੱਗੇ ਹੁੰਦੇ ਸਨ। ਇਸ ਗਹਿਣੇ ਦੀ ਸੁੰਦਰਤਾ ਬਾਰੇ ਪੰਜਾਬੀ ਲੋਕ ਗੀਤਾਂ ਵਿੱਚ ਕਿਹਾ ਗਿਆ ਹੈ ਆਹ ਲੈ ਨੱਤੀਆਂ, ਕਰਾ ਲੈ ਪਿੱਪਲ ਪੱਤੀਆਂ ਤੇ ਕਿਸੇ ਨਾਲ ਗੱਲ ਨਾ ਕਰੀਂ।

**ਡੁੰਗਲ-** ਡੁੰਗਲ ਗੋਲ ਚੂੜੀਆਂ ਵਾਂਗ ਪਲੇਨ ਡੰਡੀਆਂ ਨੂੰ ਕਹਿੰਦੇ ਸਨ।

**ਕੋਕਰੂ-** ਕੋਕਰੂ ਕੰਨ ਦੀ ਗਲੀ ਦੇ ਬਾਹਰਲੇ ਵਧਵੇਂ ਭਾਗ ਵਿੱਚ ਪਹਿਨੇ ਜਾਂਦੇ ਸਨ। ਬੜਾ ਪ੍ਰਚੱਲਤ ਗੀਤ ਹੈ ਕਿ ਘੱਗਰੇ ਵੀ ਗਏ ਫੁਲਕਾਰੀਆਂ ਵੀ ਗਈਆਂ ਕੰਨਾਂ 'ਚ ਕੋਕਰੂ ਤੇ ਵਾਲੀਆਂ ਵੀ ਗਈਆਂ।
ਰੇਸ਼ਮੀ ਦੁਪੱਟੇ, ਡੋਰੇ ਜਾਲੀਆਂ ਵੀ ਗਈਆਂ,
ਘੁੰਡ ਵੀ ਗਏ ਤੇ ਘੁੰਡ ਵਾਲੀਆਂ ਵੀ ਗਈਆਂ।
ਚੱਲ ਪਏ ਵਿਦੇਸ਼ੀ ਬਾਣੇ ਓ ਕੀ ਬਣੂ ਦੁਨੀਆਂ ਦਾ

**ਬੁਜਲੀਆਂ-** ਇਹ ਸਿਲਾਈ ਮਸ਼ੀਨ ਦੀ ਫਿਰਕੀ ਵਾਂਗ ਇੱਕ ਗਹਿਣਾ ਸੀ ਜੋ ਕੰਨਾਂ 'ਚ ਵੱਡੀਆਂ ਗਲੀਆਂ ਕਢਵਾ ਕੇ ਪਹਿਨੀਆਂ ਜਾਂਦੀਆਂ ਸਨ।

ਉਪਰੋਕਤ ਗਹਿਣਿਆਂ ਤੋਂ ਇਲਾਵਾ ਕੰਨਾਂ ਵਿੱਚ ਕਾਂਟੇ, ਢੇਡੂ, ਝੁਮਕੇ, ਡੰਡੀਆਂ, ਲੋਟਣ, ਬੁੰਦੇ, ਸੋਨ ਚਿੜੀਆਂ, ਟੌਪਸ, ਕੰਢੀ, ਝੁਮਕੇ, ਰੇਲਾਂ, ਮਾਮੇ ਮੁਰਕੀਆਂ ਅਤੇ ਬਹਾਦਰਨੀਆਂ ਆਦਿ ਗਹਿਣੇ ਪਹਿਨੇ ਜਾਂਦੇ ਸਨ।

ਗਲ਼ੇ ਦੁਆਲੇ ਪਹਿਨੇ ਜਾਣ ਵਾਲੇ ਗਹਿਣੇ

ਤੱਗਾ, ਹਮੇਲ, ਇਨਾਮ ਅਤੇ ਬੁਘਤੀਆਂ ਗਲੇ ਵਿੱਚ ਧਾਗੇ ਨੂੰ ਮੇਲ ਕੇ ਇਸ 'ਚ ਜੇਕਰ ਪੈਂਡ ਪਾਏ ਜਾਣ ਤਾਂ ਇਹ ਤੱਗਾ ਕਹਾਉਂਦਾ ਸੀ। ਜੇਕਰ ਰੁਪਏ ਪਾਏ ਜਾਣ ਤਾਂ ਹਮੇਲ ਕਹਾਉਂਦਾ ਸੀ।

**ਜੁਗਨੀ-** ਜੁਗਨੀ ਵੀ ਗਲੇ ਦਾ ਇੱਕ ਮਹੱਤਵਪੂਰਨ ਗਹਿਣਾ ਸੀ। ਜੁਗਨੀ ਹਾਰ ਦੇ ਮੱਧ ਵਿੱਚ ਆ ਕੇ ਹੇਠਾਂ ਵੱਲ ਨੂੰ ਲਟਕਦੀ ਦਿਖਾਈ ਦਿੰਦੀ ਸੀ ਤੇ ਇਸ ਦੇ ਖੱਬੇ ਅਤੇ ਸੱਜੇ ਪਾਸੇ ਹਰੇ ਤੇ ਲਾਲ ਨਗ ਲੱਗੇ ਹੁੰਦੇ ਸਨ।

ਗਲੇ ਵਿੱਚ ਉਪਰੋਕਤ ਗਹਿਣਿਆਂ ਤੋਂ ਇਲਾਵਾ ਜ਼ੰਜੀਰੀ, ਚੌਂਕੀ, ਹੱਸ, ਰਾਣੀਹਾਰ, ਤਵੀਤ, ਮੱਖੀ, ਹੌਲਦਿਲੀ, ਚੁਟਾਲਾ, ਲੌਕਟ, ਪੈਂਡਲ, ਸਿੰਘ-ਤਵੀਤ, ਗੁਲੂਬੰਦ, ਤੰਦੀਰਾ, ਮਾਲਾ, ਨੌਰਤਨਾ ਸੈੱਟ ਆਦਿ ਗਹਿਣੇ ਮੁਟਿਆਰਾਂ ਦੇ ਹੁਸਨ ਦਾ ਸ਼ਿੰਗਾਰ ਸਨ।

ਵਾਲਾਂ 'ਚ ਗੁੰਦੇ ਜਾਣ ਵਾਲੇ ਗਹਿਣੇ

**ਸੱਗੀ ਫੁੱਲ-** ਔਰਤਾਂ ਆਪਣੇ ਵਾਲਾਂ ਨੂੰ ਸ਼ਿੰਗਾਰਨ ਲਈ ਸਿਰ ਉੱਪਰ ਸੱਗੀ ਤੇ ਫੁੱਲ ਸਜਾਉਂਦੀਆਂ ਸਨ। ਸਿਰ ਦੇ ਪਿਛਲੇ ਹਿੱਸੇ ਉੱਤੇ ਵਾਲਾਂ ਦੀਆਂ ਮੀਢੀਆਂ ਕਰਕੇ ਖੱਬੇ ਅਤੇ ਸੱਜੇ ਪਾਸੇ ਦੋ ਫੁੱਲ ਲਗਾਏ ਜਾਂਦੇ ਸਨ ਅਤੇ ਇਨਾਂ ਫੁੱਲਾਂ ਦੇ ਐਨ ਵਿਚਕਾਰ ਸੱਗੀ ਲਗਾਈ ਜਾਂਦੀ ਸੀ। ਕਈ ਔਰਤਾਂ ਸਗੀ ਅਤੇ ਫੁੱਲ ਸਿਰ ਦੇ ਅਗਲੇ ਹਿੱਸੇ 'ਤੇ ਵੀ ਲਗਾਉਂਦੀਆਂ ਸਨ।

**ਸ਼ਿੰਗਾਰ ਪੱਟੀ-** ਸ਼ਿੰਗਾਰ ਪੱਟੀ ਮੱਥੇ ਤੋਂ ਦੋਵਾਂ ਕੰਨਾਂ ਵੱਲ ਨੂੰ ਕੁੱਬੇ ਘੁਮਾਓ ਦੇ ਰੂਪ ਵਿੱਚ ਲਟਕਦੀ ਦਿਖਾਈ ਦਿੰਦੀ ਸੀ।

**ਟਿੱਕਾ-** ਟਿੱਕਾ ਮੱਥੇ ਤੋਂ ਸ਼ੁਰੂ ਹੋ ਕੇ ਵਾਲਾਂ ਦੇ ਮੱਧ 'ਚ ਜਾ ਕੇ ਜੁੜ ਜਾਂਦਾ ਸੀ।

**ਕਲਿੱਪ-** ਇਹ ਸਿਰ ਦੇ ਪਿਛਲੇ ਹਿੱਸੇ 'ਚ ਵਾਲਾਂ ਵਿਚਲੇ ਚੀਰ ਦੇ ਖੱਬੇ ਅਤੇ ਸੱਜੇ ਪਾਸੇ ਲਗਾਏ ਜਾਂਦੇ ਸਨ। ਇਹ ਆਪਸ ਵਿੱਚ ਮੇਲੇ ਹੋਏ ਧਾਗੇ ਨਾਲ ਜੁੜੇ ਹੁੰਦੇ ਸਨ।

**ਭੁੰਮਰ ਸੂਈ-** ਇਹ ਵਾਲਾਂ ਵਿੱਚ ਟੇਢਾ ਚੀਰ ਕੱਢ ਕੇ ਖੱਬੇ



ਕਲਮਾਂ ਦੇ ਜਜ਼ਬਾਤ

ਭਰਵੱਟੇ ਦੇ ਐਨ ਉੱਪਰ ਆ ਟਿਕਦੀ ਸੀ।

ਉਪਰੋਕਤ ਗਹਿਣਿਆਂ ਤੋਂ ਇਲਾਵਾ ਬਘਿਆੜੀ, ਕੁੰਠੀਆਂ, ਦਾਉਣੀ, ਛੱਬਾ, ਚੌਂਕ, ਬੰਦ ਅਤੇ ਬੋਰਲਾ ਆਦਿ ਵਾਲਾਂ ਵਿੱਚ ਸਜਾਏ ਜਾਣ ਵਾਲੇ ਪ੍ਰਮੁੱਖ ਗਹਿਣੇ ਸਨ।

### ਵੀਣੀ ਵਿੱਚ ਪਹਿਨੇ ਜਾਣ ਵਾਲ ਗਹਿਣੇ

**ਪਰੀਬੰਦ-** ਇਹ ਬਾਹਾਂ ਦਾ ਇੱਕ ਬਹੁਤ ਹੀ ਮਸ਼ਹੂਰ ਗਹਿਣਾ ਸੀ। ਇਹ ਚੂੜੇ ਦੇ ਵਿਚਾਲੇ ਪਹਿਨਿਆਂ ਜਾਂਦਾ ਸੀ, ਜਿਸ ਨੂੰ ਛੋਟੇ-ਛੋਟੇ ਘੁੰਗਰੂਆਂ ਨਾਲ ਸਜਾਇਆ ਜਾਂਦਾ ਸੀ। ਇਹ ਘੁੰਗਰੂ ਬਾਂਹ ਹਿੱਲਦਿਆਂ ਹੀ ਆਪਣੀ ਛਣ-ਛਣ ਦਾ ਸ਼ੋਰ ਸ਼ੁਰੂ ਕਰ ਦਿੰਦੇ ਸਨ।

**ਗਜਰੇ-** ਇਹ ਚੂੜੀਆਂ ਦੀ ਤਰਾਂ ਬਾਹਾਂ ਦੇ ਗਹਿਣੇ ਸਨ। ਇਨਾਂ ਵਿੱਚ ਗਲੀਆਂ ਹੁੰਦੀਆਂ ਸਨ, ਪਰ ਆਟਾ ਗੁੰਨਣ ਸਮੇਂ ਇਨਾਂ ਵਿੱਚ ਆਟਾ ਫਸ ਜਾਣ ਦੇ ਝੰਜਟੋਂ ਕਈ ਸਵਾਣੀਆਂ ਬਗੈਰ ਗਲੀਆਂ ਦੇ ਗਜਰੇ ਪਹਿਨਦੀਆਂ ਸਨ। ਵੀਣੀ ਦੇ ਇਨਾਂ ਗਹਿਣਿਆਂ ਤੋਂ ਇਲਾਵਾ ਬਾਜੂਬੰਦ, ਗੋਖੜੂ, ਪਹੁੰਚੀ, ਕੰਗਣ ਅਤੇ ਕਲੀਰੇ ਆਦਿ ਪ੍ਰਮੁੱਖ ਗਹਿਣੇ ਸਨ ਜੋ ਔਰਤਾਂ ਦੀਆਂ ਵੀਣੀਆਂ ਦੇ ਸ਼ਿੰਗਾਰ ਸਨ।

### ਉਂਗਲਾਂ 'ਚ ਪਹਿਨੇ ਜਾਣ ਵਾਲੇ ਗਹਿਣੇ

ਉਂਗਲਾਂ ਵਿੱਚ ਮੁੰਦਰੀ, ਛਾਪ, ਕਲੀਚੜੀ ਅਤੇ ਆਰਸੀ ਆਦਿ ਗਹਿਣੇ ਪਹਿਨੇ ਜਾਂਦੇ ਸਨ।

### ਪੈਰਾਂ ਵਿੱਚ ਪਹਿਨੇ ਜਾਣ ਵਾਲੇ ਗਹਿਣੇ

ਪੈਰਾਂ ਦੀਆਂ ਪੰਜ ਉਂਗਲਾਂ ਵਿੱਚ ਇੱਕੋ ਜਿਹੀਆਂ ਪੰਜ ਛਾਪਾਂ ਪਹਿਨੀਆਂ ਜਾਂਦੀਆਂ ਸਨ ਜਿਨਾਂ ਨੂੰ ਪੰਜ-ਅੰਗਲਾਂ ਕਹਿੰਦੇ ਸਨ। ਇਨਾਂ ਤੋਂ ਇਲਾਵਾ ਪੰਜੇਬਾਂ, ਪਟੜੀਆਂ, ਲੱਛੇ, ਝਾਂਜਰਾਂ, ਬਾਂਕਾਂ ਅਤੇ ਬਿਛੂਏ ਆਦਿ ਪੈਰਾਂ ਦੀਆਂ ਉਂਗਲਾਂ ਵਿੱਚ ਪਹਿਨੇ ਜਾਣ ਵਾਲੇ ਗਹਿਣੇ ਸਨ।

### ਗਹਿਣਿਆਂ ਨਾਲ ਸਬੰਧਿਤ ਲੋਕ ਬੋਲੀਆਂ

ਤੇਰੇ ਲੌਂਗ ਦਾ ਪਿਆ ਲਿਸ਼ਕਾਰਾ, ਹਾਲੀਆਂ ਨੇ ਹਲ ਡੱਕ ਲਏ' ਨੇ।
ਨੱਕ ਲਈ ਲੌਂਗ ਕਰਾ ਮਿੱਤਰਾ, ਮੱਛਲੀ ਪਾਉਣਗੇ ਮਾਪੇ।'
ਛਾਪੇ ਛਾਪੇ ਛਾਪੇ ,
ਲੌਂਗ ਕਰਾ ਮਿੱਤਰਾ, ਮੱਛਲੀ ਪਾਉਣਗੇ ਮਾਪੇ'
ਨੱਕ ਤੇਰੇ 'ਚ ਲੌਂਗ ਤੇ ਮਛਲੀ,
ਮੱਥੇ ਚਮਕੇ ਟਿੱਕਾ,
ਨੀ ਤੇਰੇ ਮੂਹਰੇ ਚੰਨ ਅੰਬਰਾਂ ਦਾ,
ਲੱਗਦਾ ਫਿੱਕਾ-ਫਿੱਕਾ।
ਲੌਂਗ ਵਾਲੀ ਟੁੱਟ ਪੈਣੀ ਨੇ,
ਸਾਰੇ ਪਿੰਡ 'ਚ ਫਤੂਰ ਮਚਾਇਆ।'
ਹਾਲ਼ੀਆਂ ਦੇ ਹਲ ਛੁੱਟ ਗਏ,
ਓਦਾ ਨਖ਼ਰਾ ਮੇਚ ਨਾ ਆਇਆ।
ਨੱਖਰੋ ਨੇਂ ਲੌਂਗ ਗਵਾ ਲਿਆ,
ਮੁੰਡਾ ਨਰਮੇ 'ਚੋਂ ਭਾਲਦਾ ਫਿਰੇ!
'ਪਿੱਛੇ-ਪਿੱਛੇ ਆਉਂਦਾ ਮੇਰੀ ਚਾਲ ਵੇਂਹਦਾ ਆਈ
ਚੀਰੇ ਵਾਲਿਆ ਵੇਖਦਾ ਆਈ ਵੇ ਮੇਰਾ ਲੌਂਗ ਗੁਆਚਾ..'

### ਔਰਤਾਂ ਲਈ ਤੀਆਂ ਦਾ ਤਿਉਹਾਰ

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਕਿਸੇ ਤੁਅੱਰਫ ਦੇ ਮੁਥਾਜ ਨਹੀਂ। ਪੰਜਾਬ ਦੀ ਧਰਤੀ ਮੇਲਿਆਂ ਤੇ ਤਿਉਹਾਰਾਂ ਦੀ ਧਰਤੀ ਹੈ। ਪੰਜਾਬੀ ਸੱਭਿਆਚਾਰ ਜਿੱਥੇ ਕੁਰਬਾਨੀਆਂ ਦਾ ਮੁਜੱਸਮਾ ਹੈ, ਉੱਥੇ ਇੱਥੋਂ ਦਾ ਰਹਿਣ-ਸਹਿਣ ਸੰਗੀਤ ਦੀਆਂ ਧੁਨਾਂ 'ਤੇ ਥਿਰਕਦਾ ਹੈ। ਗਿੱਧਾ, ਭੰਗੜਾ, ਝੁਮਰ, ਧਮਾਲ ਅਤੇ ਸੰਮੀ, ਆਦਿ ਇੱਥੋਂ ਦੇ ਲੋਕ ਨਾਚ ਹਨ। ਨਿੱਤ ਦੇ ਤਿਉਹਾਰ ਅਤੇ ਮੇਲੇ ਇੱਥੋਂ ਦੀ ਰੂਹ ਹਨ। ਤੀਆਂ ਦਾ ਤਿਉਹਾਰ ਵੀ ਪੰਜਾਬੀਆਂ ਦੇ ਜੀਵਨ ਵਿਚ ਖਾਸ ਥਾਂ ਰੱਖਦਾ ਹੈ। ਇਹ ਤਿਉਹਾਰ ਤ੍ਰੀਮਤਾਂ ਤੇ ਮੁਟਿਆਰਾਂ ਦੁਆਰਾ ਰਲਮਿਲ ਕੇ ਪੂਰੇ ਹੁਲਾਸ ਨਾਲ ਮਨਾਇਆ ਜਾਂਦਾ ਹੈ। ਇਹ ਨਿਰੋਲ ਇਸਤਰੀਆਂ ਦਾ ਤਿਉਹਾਰ ਹੈ। ਇਹ ਤਿਉਹਾਰ ਸਾਵਣ ਮਹੀਨੇ ਦੇ ਚਾਨਣ ਪੱਖ ਦੀ ਤੀਜੀ ਤਿੱਥ ਨੂੰ ਮਨਾਇਆ ਜਾਂਦਾ ਹੈ। ਕਈ ਥਾਈਂ ਇਹ ਤਿਉਹਾਰ ਤੀਜ ਨੂੰ ਸ਼ੁਰੂ ਹੋ ਕੇ ਪੂਰਨਮਾਸ਼ੀ ਤਕ ਚੱਲਦਾ ਹੈ। ਇਹ ਨਿਰੋਲ ਪ੍ਰਕਿਰਤਕ ਤਿਉਹਾਰ ਹੈ।

ਪਹਿਲਾਂ ਵਾਲੇ ਸਮਿਆਂ ਵਰਗੀ ਤਿਉਹਾਰਾਂ ਦੀ ਦਿਖ ਨਹੀਂ ਰਹੀ। ਜਿਹੋ ਜਿਹੀਆਂ ਤੀਆਂ ਪਹਿਲਾਂ ਪਿੜਾਂ ਵਿਚ ਲੱਗਦੀਆਂ ਸਨ ਉਹੋ ਜਿਹੀ ਗੱਲ ਹੁਣ ਕਿਧਰੇ ਨਹੀਂ ਰਹੀ। ਹੁਣ ਤਾਂ ਬਸ ਫ਼ੈਸ਼ਨ ਹੀ ਰਹਿ ਗਿਆ ਹੈ। ਤਿਉਹਾਰ ਖ਼ਤਮ ਹੋ ਰਹੇ ਹਨ। ਇਸੇ ਤਰਾਂ ਹੀ ਸੋਨੇ ਚਾਂਦੀ ਦੇ ਗਹਿਣਿਆਂ ਦੀ ਗੱਲ ਆ। ਪੁਰਾਣੇ ਸਮਿਆਂ ਵਾਲੇ ਗਹਿਣੇ ਔਰਤਾਂ ਹੁਣ ਘੱਟ ਹੀ ਪਹਿਨਦੀਆਂ ਹਨ। ਬਨਾਵਟੀ ਗਹਿਣੇ ਜ਼ਿਆਦਾ ਪਾਏ ਜਾਂਦੇ ਹਨ।

---

## ਪੁਰਾਣੀਆਂ ਪ੍ਰੰਪਰਾਵਾਂ

**ਜਸਵੰਤ ਸਿੰਘ ਢੀਂਡਸਾ**

ਕੋਈ ਸਮਾਂ ਸੀ ਪਿੰਡਾਂ ਵਿੱਚ ਪੰਚਾਇਤਾਂ ਜੁੜਦੀਆਂ ਸੀ, ਤੇ ਪਿੰਡਾਂ ਦੇ ਝਗੜੇ ਝੇੜੇ ਪਿੰਡ ਵਿੱਚ ਹੀ ਖਤਮ (ਸੁਲਝਾ) ਲਏ ਜਾਂਦੇ ਸਨ

ਜਮੀਨਾਂ ਦੇ ਇੰਤਕਾਲ ਹੁੰਦੇ ਸੀ ਤਾਂ ਚੌਕੀਦਾਰ ਨੇ 4-5 ਦਿਨ ਪਹਿਲਾਂ ਇਤਲਾਹ ਕਰ ਜਾਦਾ ਸੀ ਕਿ ਇਸ ਦਿਨ ਇਸ ਪਿੰਡ ਦੇ ਸਕੂਲ ਯਾ ਧਰਮਸਾਲਾ ਵਿੱਚ ਤਹਿਸੀਲਦਾਰ ਸਾਹਿਬ ਦੌਰੇ 'ਤੇ ਆ ਰਹੇ ਹਨ, ਉਸ ਦਿਨ ਜਿਸ ਦੀ ਜਮੀਨ ਦਾ ਇੰਤਕਾਲ ਯਾ ਹੋਰ ਕੰਮ ਹੈ ਲੰਬੜਦਾਰ ਨੂੰ ਨਾਲ ਲੈ ਕੇ ਹਾਜਰ ਹੋਵੇ।

ਪਟਵਾਰੀਆਂ ਨੇ ਪਿੰਡਾਂ ਵਿੱਚ ਆਉਣਾ ਤੇ 2-3 ਦਿਨ ਵਿੱਚ ਗਿਦਾਵਰੀ ਕਰਨੀ, ਲੋਕੀਂ ਪਿੰਡ ਵਿੱਚ ਪਟਵਾਰੀ ਕੋਲ ਗਿਦਾਵਰੀ ਕਰਾਉਂਦੇ ਆਪਣੀ ਕੋਈ ਸਮੱਸਿਆ ਹੋਵੇ ਦਸਦੇ ਤੇ ਹੱਲ ਕਰਵਾਉਂਦੇ।

ਜੇ ਕੋਈ ਪਿੰਡ ਵਿੱਚ ਬੱਚਾ ਜਨਮ ਲੈਂਦਾ ਜਾਂ ਕੋਈ ਬੁਢਾ ਠੇਰਾ ਮਰਦਾ ਤਾਂ ਉਸ ਦੀ ਇਤਲਾਹ ਪਿੰਡ ਦਾ ਚੌਕੀਦਾਰ ਥਾਣੇ ਜਾਕੇ ਦਰਜ ਕਰਾਉਂਦਾ।

ਚੇਚਕ ਆਦਿ ਬਿਮਾਰੀਆਂ ਦੇ ਟੀਕੇ ਸਕੂਲਾਂ ਵਿੱਚ ਹੈਲਥ ਮਹਿਕਮਾ ਫਰੀ ਲਗਾ ਕੇ ਜਾਇਆ ਕਰਦਾ ਸੀ। ਪਿੰਡਾਂ ਵਿੱਚ ਮਨੋਰੰਜਨਲਈ ਜਲਸੇ, ਢੱਡ ਸਰੰਗੀ ਵਾਲੇ, ਨਕਲੀਏ (ਰਾਸਧਾਰੀਏ), ਖੇਡਾਂ, ਟੂਰਨਾਮੈਂਟ, ਛਿੰਜਾਂ ਆਦਿ ਕਰਵਾਉਂਦੇ।

ਸਰਕਾਰੀ ਸਕੂਲਾਂ ਵਿੱਚ ਪੜ ਕੇ ਲੋਕ ਅਫਸਰ ਲੱਗਦੇ ਜੋ ਹੁਣ ਰਿਟਾਇਰ ਹੋ ਰਹੇ ਨੇ ਤੇ ਹਜ਼ਾਰਾਂ, ਲੱਖਾਂ ਰੁਪਏ ਪੈਨਸ਼ਨ ਲੈ ਰਹੇ ਹਨ।

ਪਿੰਡ ਵਿੱਚ ਵਿਆਹ ਹੋਣਾ ਭੱਠੀ ਚੜਨੀ, ਸ਼ਰੀਕੇ ਨੂੰ ਸੱਦਣਾਂ, ਗੱਲ ਕੀ ਵਿਆਹ ਦੀ ਚਿੱਠੀ ਦੇਣੀ ਜਾਂ ਆਉਣੀ ਉਸ ਦਿਨ ਤੋਂ ਘਰਾਂ ਵਿਚ ਖੁਸ਼ੀ ਦਾ ਮਾਹੌਲ ਬਣ ਜਾਂਦਾ। ਸ਼ਰੀਕੇ ਵਿੱਚ ਮਾਣ ਨਾਲ ਕਿਹਾ ਜਾਂਦਾ ਕੇ ਵਿਆਹ ਆ ਗਿਆ, ਕਪੜਾ ਲੀੜਾ ਸੁਆ ਲਿਆ ਜਾਵੇ, ਕਿਤੇ ਇਹ ਨਾ ਕਹਿਣਾ ਕਿ ਦਸਿਆ ਨਹੀਂ। ਭੱਠੀ ਜਾਂ ਮੇਲ ਵਾਲੇ ਦਿਨ ਸਵੇਰੇ ਹੀ ਕੋਠੇ ਤੇ ਦੋ ਮੰਜੇ ਜੋੜ ਉਚਾ ਕਰਕੇ ਸਪੀਕਰ ਲਾ ਕੇ ਸਭ ਤੋਂ ਪਹਿਲਾਂ ਕੋਈ ਵੀ ਧਾਰਮਿਕ ਰਿਕਾਰਡ 'ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ' (ਯਮਲਾ ਜੱਟ ਜੀ) ਦਾ ਤਵਾ ਲਾਉਣਾ। ਰੁਠਿਆਂ ਮਨਾਉਣਾ, 3-4 ਦਿਨ ਬਰਾਤਾਂ ਦਾ ਰਹਿਣਾ, ਤੜਕੇ ਨੂੰ ਬਰਾਤ ਨੂੰ ਅਨੰਦ ਕਾਰਜ ਤੇ ਜਾਣ ਲਈ ਸੱਦਾ ਆਉਣਾ, ਖੂਹਾਂ ਤੇ ਨਹਾਉਣ ਦਾ ਪ੍ਰਬੰਧ ਕਰਨਾ। ਬੀਨ ਵਾਲੇ ਬਾਜੇ ਦਾ ਵੱਜਣਾ, ਦੁਪਹਿਰ ਦੀ ਰੋਟੀ ਵੇਲੇ ਨਚਾਰ ਦੇ ਨਾਲ ਬਰਾਤੀਆਂ ਦਾ ਨੱਚਣਾ। ਕੁੜੀਆਂ ਵੱਲੋਂ ਵਿਆਂਦੜ, ਦਿਉਰ, ਸਹੁਰੇ, ਮਾਮੇ ਆਦਿ ਸਭ ਨੂੰ ਸਿਠਣੀਆਂ ਦੇਣਾ। ਰੱਥਾਂ, ਗੱਡਿਆਂ ਤੇ ਬਰਾਤਾਂ ਦਾ ਜਾਣਾ। ਅੱਜ ਕੱਲ ਸੌਣ ਦੇ ਮਹੀਨੇ ਤੀਆਂ ਲੱਗਣੀਆਂ, ਹੁਣੇ ਵਿਆਹੀਆਂ ਕੁੜੀਆਂ ਪੇਕੇ ਆ ਜਾਂਦੀਆਂ ਤੇ ਜੇਠ ਜਠਾਣੀ ਜਾਂ ਸੱਸ ਸਹੁਰੇ ਵੱਲੋਂ ਸੰਧਾਰਾ ਲੈ ਕੇ ਆਉਣਾ।



ਹਰਫ਼ਾਂ ਦੇ ਨੂਰ

ਜਿਥੇ ਇਹ ਸਾਰੀਆਂ ਗੱਲਾਂ ਖੁਸ਼ੀ ਤੇ ਸਾਦਗੀ ਭਰੇ ਜੀਵਨ ਦੀ ਝਲਕ ਪੇਸ਼ ਕਰਦੀਆਂ ਹਨ ਉਥੇ ਇਹ ਗੱਲ ਬਹੁਤ ਚੰਗੀ ਸੀ ਕਿ ਬੱਚੇ ਬੱਚੀ ਦੇ ਪ੍ਰਵਾਰ ਨੇ ਜਿਥੇ ਤੇ ਜਿਹੋ ਜਿਹਾ ਵਰ ਲਭ ਦਿੱਤਾ ਜਾਂ ਵਿਆਹ ਕਰ ਦਿੱਤਾ, ਜਿਆਦਾਤਰ ਨਿਭ ਜਾਂਦਾ ਸੀ। ਇਥੋਂ ਤੱਕ ਕਿ ਮੁੰਡਾ ਕੁੜੀ ਇਕ ਦੂਜੇ ਨੂੰ ਵਿਆਹ ਵਾਲੇ ਦਿਨ ਹੀ ਵੇਖਦੇ ਸਨ। ਮੇਰੇ ਦਾਇਰੇ ਵਿੱਚ ਅੱਜ ਵੀ ਜਿਨਾਂ ਬੱਚੇ ਬੱਚੀਆਂ ਨੇ ਮਾਂ ਬਾਪ ਦੀ ਰਜਾਮੰਦੀ ਨਾਲ ਸ਼ਾਦੀ ਕੀਤੀ ਹੈ ਉਹ ਸੁਖੀ ਤੇ ਖੁਸ਼ ਹਨ।

ਮੇਰੀ ਤੇ ਏਹੋ ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਤੁਸੀਂ ਤਰੱਕੀ ਦੇ ਨਾਲ ਨਾਲ ਆਪਣਾ ਜੀਵਨ ਅਨੰਦਮਈ ਵਤੀਤ ਕਰੋ।




# ਪਾਠਕਾਂ ਦਾ ਨਜ਼ਰੀਆ

## ਵਧ ਰਿਹਾ ਆਰਥਿਕ ਸੰਕਟ

ਭਾਰਤ ਸਰਕਾਰ ਦੀਆਂ ਆਰਥਿਕ ਨੀਤੀਆਂ ਅਰਥਚਾਰੇ ਨੂੰ ਚਲਾਉਣ ਵਾਲੇ ਆਮ ਲੋਕਾਂ ਤੋਂ, ਵੱਖ ਵੱਖ ਢੰਗਾਂ ਨਾਲ ਸਾਰਾ ਪੈਸਾ ਖੋਹ ਕੇ ਅਤੇ ਮੁਲਕ ਦੇ ਵਸੀਲਿਆਂ (ਜਿਵੇਂ ਪਾਣੀ, ਜ਼ਮੀਨ, ਰੇਤ-ਬਜਰੀ) ਨੂੰ ਕੇਵਲ ਕਾਰੋਬਾਰੀਆਂ ਹਵਾਲੇ ਕਰ ਕੇ ਇਨਾਂ ਦੇ ਹੀ ਖ਼ਜ਼ਾਨੇ ਭਰਨ ਵਾਲੀਆਂ ਸਨ; ਇਹ ਭਾਵੇਂ ਮੁਦਰੀਕਰਨ ਦੀ ਨੀਤੀ ਹੋਵੇ, ਅਪਨਿਵੇਸ਼ ਦੀ ਨੀਤੀ ਹੋਵੇ ਜਾਂ ਪੈਟਰੋਲ ਡੀਜ਼ਲ ਕੀਮਤਾਂ ਦੀ ਜਾਂ ਫਿਰ ਵਸੀਲਿਆਂ ਤੇ ਸੰਸਥਾਵਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਸੌਂਪਣ ਦੀ ਨੀਤੀ ਕਿਉਂ ਨਾ ਹੋਵੇ। ਹੁਕਮਰਾਨ ਆਪਣੀਆਂ ਨੀਤੀਆਂ ਰਾਹੀਂ ਆਮ ਲੋਕਾਂ ਦਾ ਪੂੰਜੀ ਦਾ ਬਣਦਾ ਹਿੱਸਾ ਖੋਹ ਕੇ ਅਮੀਰਾਂ ਨੂੰ ਦੇਣ ਵਾਲੇ ਵਿਚੋਲੇ ਦਾ ਕਿਰਦਾਰ ਹੀ ਨਿਭਾ ਰਹੇ ਹਨ। ਇਉਂ ਲੋਕਤੰਤਰ ਨੂੰ ਲੁੱਟ-ਤੰਤਰ ਵਿਚ ਬਦਲ ਦਿੱਤਾ ਹੈ।

ਹੁਕਮਰਾਨ ਜੀਐੱਸਟੀ ਨਾਲ ਟੈਕਸ ਵਧਾਉਂਦੇ ਅਤੇ ਨੋਟਬੰਦੀ ਜਿਹੇ ਗ਼ਲਤ ਫ਼ੈਸਲੇ ਕਰਦੇ ਨੇ। ਉਹ ਅਜਿਹੇ ਕਾਨੂੰਨ ਪਾਸ ਕਰਦੇ ਨੇ ਜਿਨਾਂ ਨਾਲ ਮਜ਼ਦੂਰਾਂ ਕਿਸਾਨਾਂ ਦਾ ਪੂੰਜੀਪਤੀਆਂ ਹੱਥੋਂ ਸ਼ੋਸ਼ਣ ਹੋਣਾ ਤੈਅ ਹੋਵੇ। ਉਹ ਪਬਲਿਕ ਸੈਕਟਰ (ਸਰਕਾਰ ਦੀ ਆਮਦਨ ਤੇ ਲੋਕਾਂ ਦੇ ਰੁਜ਼ਗਾਰ ਦਾ ਸਾਧਨ) ਵਿਚਲੀਆਂ ਕਮੀਆਂ ਨੂੰ ਠੀਕ ਕਰਨ ਦੀ ਬਜਾਇ ਇਸ ਨੂੰ ਅਰਬਪਤੀਆਂ ਨੂੰ ਵੇਚ ਦਿੰਦੇ ਨੇ (ਹੁਣ ਤੱਕ 36 ਕੇਂਦਰੀ ਜਨਤਕ ਖੇਤਰ ਇਕਾਈਆਂ ਵੇਚਣ ਦਾ ਐਲਾਨ ਹੋ ਚੁੱਕਾ ਹੈ ਅਤੇ ਅੱਠ ਵੇਚ ਚੁੱਕੇ ਨੇ)। ਇਸ ਅਮਲ ਵਿਚ ਪਏ ਵਿੱਤੀ ਘਾਟੇ ਨੂੰ ਆਮ ਲੋਕਾਂ ਉੱਤੇ ਟੈਕਸ ਵਧਾ ਕੇ ਅਤੇ ਤੇਲ ਉੱਤੇ ਵੱਧ ਤੋਂ ਵੱਧ ਕਰ ਲਗਾ ਕੇ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਨੇ। ਇਸ ਨਾਲ ਅਗਾਂਹ ਮਹਿੰਗਾਈ ਵਧਦੀ ਹੈ ਕਿਉਂਕਿ ਢੋਆ-ਢੁਆਈ ਦਾ ਖ਼ਰਚ ਵਧ ਜਾਂਦਾ ਹੈ। ਨਿੱਜੀਕਰਨ ਨੂੰ ਹੁਲਾਰਾ ਦਿੰਦੇ ਨੇ ਅਤੇ ਪ੍ਰਾਈਵੇਟ ਸੈਕਟਰ ਤੋਂ ਕੰਟਰੋਲ ਖ਼ਤਮ ਕਰ ਕੇ ਲੋਕਾਂ ਨੂੰ ਪ੍ਰਾਈਵੇਟ ਕੰਪਨੀਆਂ ਹੱਥੋਂ ਲੁੱਟੇ ਜਾਣ ਲਈ ਛੱਡ ਦਿੰਦੇ ਨੇ। ਇਸ ਤਰਾਂ ਅਜਿਹੇ ਹਾਲਾਤ ਪੈਦਾ ਹੋ ਜਾਂਦੇ ਨੇ ਜਿਸ ਨਾਲ ਲੋਕਾਂ ਦੀ ਖ਼ਰੀਦ ਸ਼ਕਤੀ ਘਟਦੀ ਹੈ, ਜਾਂ ਕਹਿ ਲਓ ਕਿ ਆਮ ਬੰਦਾ ਆਪਣੀਆਂ ਲੋੜਾਂ ਪੂਰੀਆਂ ਕਰਨ ਵਿਚ ਅਸਮਰਥ ਹੋ ਜਾਂਦਾ ਹੈ, ਲੱਖਾਂ ਲੋਕਾਂ ਦੀਆਂ ਨੌਕਰੀਆਂ ਚਲੀਆਂ ਜਾਂਦੀਆਂ ਨੇ ਅਤੇ ਮਹਿੰਗਾਈ ਆਪਣੀ ਰਿਕਾਰਡ ਉਚਾਈ 'ਤੇ ਪਹੁੰਚ ਜਾਂਦੀ ਹੈ।

ਇਸ ਦੇ ਬਿਲਕੁਲ ਉਲਟ ਹਾਕਮ ਅਰਬਪਤੀਆਂ ਦੇ ਕਰਜ਼ੇ ਐੱਨਪੀਏ ਦੇ ਰੂਪ ਵਿਚ ਮੁਆਫ਼ ਕਰਦੇ ਨੇ, (ਦਿਵਾਲੀਆ ਅਰਬਪਤੀਆਂ ਦੇ ਨਾਮ ਵੀ ਜਨਤਕ ਨਹੀਂ ਹੋਣ ਦਿੰਦੇ ਸਗੋਂ ਦਿਵਾਲੀਆ ਹੋ ਜਾਣ ਤੋਂ ਬਾਅਦ ਵੀ ਉਨਾਂ ਨੂੰ ਹਥਿਆਰ ਬਣਾਉਣ ਦੇ ਹਜ਼ਾਰਾਂ ਕਰੋੜਾਂ ਦੇ ਠੇਕੇ ਦਿਵਾਉਂਦੇ ਨੇ, ਖੇਤੀਬਾੜੀ ਸੈਕਟਰ ਨੂੰ ਇਨਾਂ ਪੂੰਜੀਪਤੀਆਂ ਨੂੰ ਸੌਂਪਣ ਲਈ ਖੇਤੀ ਕਾਨੂੰਨ ਬਣਾਉਂਦੇ ਨੇ, ਉਨਾਂ ਨੂੰ ਮਿਲਦੀਆਂ ਸਬਸਿਡੀਆਂ ਵਧਾਉਂਦੇ ਨੇ, ਉਨਾਂ ਦੇ ਆਮਦਨ ਕਰ ਘਟਾਉਂਦੇ ਨੇ। ਮੁਲਕ ਦਾ ਬੁਨਿਆਦੀ ਢਾਂਚਾ ਅਰਬਪਤੀਆਂ ਨੂੰ ਵੇਚ ਦਿੰਦੇ ਨੇ। ਇਉਂ ਮੁੱਠੀ ਭਰ ਅਮੀਰ ਹੋਰ ਅਮੀਰ ਹੋ ਰਹੇ ਨੇ ਜੋ ਇਸ ਗੱਲ ਦਾ ਸੂਚਕ ਹੈ ਕਿ ਆਮ ਬੰਦਾ ਹੋਰ ਗ਼ਰੀਬੀ ਵਿਚ ਧੱਕਿਆ ਜਾਵੇਗਾ। ਇਸ ਲਈ ਪੂੰਜੀਪਤੀਆਂ ਦੇ ਅਮੀਰ ਹੋਣ ਅਤੇ ਉਨਾਂ ਦੀਆਂ ਜਾਇਦਾਦਾਂ ਤੇ ਕਾਰੋਬਾਰਾਂ ਦੇ ਵਾਧੇ ਨੂੰ ਮੁਲਕ ਦਾ ਵਿਕਾਸ ਸਮਝਣਾ ਕੇਵਲ ਭੁਲੇਖਾ ਹੈ।

ਮੇਕ ਇਨ ਇੰਡੀਆ ਜਿਹੀਆਂ ਨੀਤੀਆਂ ਨੂੰ ਮੁਲਕ ਦਾ ਵਿਕਾਸ ਦਸ ਕੇ ਗੁਣਗਾਨ ਕਰਨ ਵਾਲੀ ਅਤੇ ਵਿਦੇਸ਼ੀ ਕੰਪਨੀਆਂ ਨੂੰ ਆਪਣੇ ਮੁਲਕ ਵਿਚ ਕਾਰੋਬਾਰ ਕਰਨ ਲਈ ਵਾਜਾਂ ਮਾਰਨ ਵਾਲੀ ਹਰ ਧਿਰ ਨੂੰ ਇਸ ਦਾ ਗੱਲ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਕੰਪਨੀਆਂ ਲੋਕਾਂ ਦਾ ਭਲਾ ਜਾਂ ਮੁਲਕ ਦਾ ਵਿਕਾਸ ਕਰਨ ਖ਼ਾਤਿਰ ਨਹੀਂ ਆਉਂਦੀਆਂ, ਉਹ ਤਾਂ ਮੁਲਕ ਦੇ ਵਸੀਲੇ ਵਰਤ ਕੇ ਉਸ ਵਿਚੋਂ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਚਾਹੁੰਦੀਆਂ ਹਨ, ਜਿਵੇਂ ਕਿਸੇ ਵੇਲੇ ਇੱਥੇ ਈਸਟ ਇੰਡੀਆ ਕੰਪਨੀ ਆਈ ਸੀ। ਕੰਪਨੀਆਂ ਭਾਵੇਂ ਦੇਸੀ ਹੋਣ ਜਾਂ ਵਿਦੇਸ਼ੀ, ਮਕਸਦ ਇੱਕੋ ਹੁੰਦਾ ਹੈ- ਵੱਧ ਤੋਂ ਵੱਧ ਮੁਨਾਫ਼ਾ। ਇਹ ਚੋਣਾਂ ਵੇਲੇ ਨੇਤਾਵਾਂ ਤੇ ਪਾਰਟੀਆਂ ਨੂੰ ਮੋਟੇ ਫ਼ੰਡ ਦੇ ਕੇ ਜਿਤਾਉਂਦੀਆਂ ਨੇ ਜੋ ਅਗਾਂਹ ਉਨਾਂ ਦੇ ਮੁਨਾਫ਼ੇ ਹਿਤ ਅਜਿਹੀਆਂ ਆਰਥਿਕ ਨੀਤੀਆਂ ਬਣਾਉਂਦੇ ਹਨ ਜਿਨਾਂ ਰਾਹੀਂ ਉਹ ਵਸੀਲਿਆਂ ਉੱਤੇ ਕਬਜ਼ਾ ਕਰਕੇ ਉਨਾਂ ਨੂੰ ਬੇਰੋਕ ਵਰਤ ਸਕਣ ਅਤੇ ਲੋਕਾਂ ਨੂੰ ਕੇਵਲ ਖਪਤਕਾਰ ਜਾਣ ਕੇ ਉਨਾਂ ਨੂੰ ਆਪਣਾ ਸਮਾਨ ਵੇਚ ਕੇ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ।

ਇਹ ਸਭ ਕੁਝ ਕਿੰਨੀ ਕੁ ਦੇਰ ਤਕ ਸੰਭਵ ਹੋ ਸਕੇਗਾ? ਹਾਕਮ ਧਿਰ ਇੱਕ ਪਾਸੇ ਤਾਂ ਲੋਕਾਂ ਦੀ ਖ਼ਰੀਦ ਸ਼ਕਤੀ ਖ਼ਤਮ ਕਰਨ ਵਾਲੀਆਂ ਨੀਤੀਆਂ ਲਾਗੂ ਕਰਦੀ ਹੈ ਜਿਸ ਕਾਰਨ ਲੋਕਾਂ ਲਈ ਗੁਜ਼ਾਰਾ ਕਰਨਾ ਔਖਾ ਹੋ ਜਾਂਦਾ ਹੈ, ਤੇ ਦੂਜੇ ਪਾਸੇ ਚਾਹੁੰਦੀ ਹੈ ਕਿ ਅਮੀਰਾਂ ਦੇ ਕਾਰੋਬਾਰ ਵਧਣ-ਫੁੱਲਣ, ਲੋਕ ਉਨਾਂ ਦੀਆਂ ਫ਼ੈਕਟਰੀਆਂ ਵਿਚ ਬਣਿਆ ਸਮਾਨ ਖ਼ਰੀਦਣ, ਉਨਾਂ ਦੇ ਹਸਪਤਾਲਾਂ ਵਿਚੋਂ ਹੀ ਮਹਿੰਗੇ ਇਲਾਜ ਕਰਵਾਉਣ, ਉਨਾਂ ਦੇ ਪੈਟਰੋਲ ਪੰਪਾਂ ਤੋਂ ਹੀ ਤੇਲ ਪਵਾਉਣ ਅਤੇ ਉਨਾਂ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਹੀ ਮੋਟੀਆਂ ਫ਼ੀਸਾਂ ਤਾਰ ਕੇ ਆਪਣੇ ਬੱਚਿਆਂ ਨੂੰ ਪੜਾਉਣ। ਜੇ ਲੋਕਾਂ ਕੋਲ ਪੈਸਾ ਹੀ ਨਹੀਂ ਹੋਵੇਗਾ ਤਾਂ ਉਹ ਖ਼ਰੀਦਣਗੇ ਕੀ? ਫਿਰ ਸਾਰਾ ਬਾਜ਼ਾਰ ਭਾਵੇਂ ਵਸਤਾਂ ਨਾਲ ਨੱਕੋ-ਨੱਕ ਹੀ ਕਿਉਂ ਨਾ ਭਰਿਆ ਹੋਵੇ। ਜੇ ਉਹ ਅਮੀਰਾਂ ਦੀਆਂ ਫ਼ੈਕਟਰੀਆਂ 'ਚ ਬਣਿਆ ਸਮਾਨ ਨਹੀਂ ਖ਼ਰੀਦ ਸਕਣਗੇ ਤਾਂ ਪੂੰਜੀਪਤੀਆਂ ਦੇ ਕਾਰੋਬਾਰ, ਫ਼ੈਕਟਰੀਆਂ ਵੀ ਕਿਵੇਂ ਚੱਲ ਸਕਣਗੀਆਂ ਜਾਂ ਉਹ ਮੁਲਕ ਵਿਚ ਵਪਾਰ ਹੀ ਕਿਉਂ ਕਰਨ ਆਉਣਗੇ? ਇਸ ਸੂਰਤ ਵਿਚ ਸਰਕਾਰ ਕੋਲ ਟੈਕਸ ਵੀ ਕਿਵੇਂ ਆਵੇਗਾ? ਸਰਕਾਰ ਕਿਵੇਂ ਚੱਲੇਗੀ? ਮੰਗ ਅਤੇ ਪੂਰਤੀ ਦੇ ਆਧਾਰ ਉੱਤੇ ਬਾਜ਼ਾਰ, ਅਰਥਚਾਰਾ ਕਿਵੇਂ ਚੱਲੇਗਾ?

ਸੰਕਟ ਵੇਲੇ ਜਦੋਂ ਬਾਂਹ ਫੜਨ ਲਈ ਕੋਈ ਨਹੀਂ ਆਵੇਗਾ, ਜਦੋਂ ਅਸੀਂ ਅਗਿਆਨਤਾ ਕਰਕੇ ਬਹੁਤ ਸਾਰਾ ਸਰਮਾਇਆ ਮੁੱਠੀ ਭਰ ਲਾਲਚੀ ਲੋਕਾਂ ਨੂੰ ਸਦਾ ਲਈ ਲੁਟਾ ਬੈਠੇ ਹੋਵਾਂਗੇ, ਕੀ ਉਦੋਂ ਵੀ ਅੱਜ ਵਾਂਗ ਸਾਡੇ ਲਈ ਅਜਿਹੇ ਮੁੱਦੇ ਮਹੱਤਵਪੂਰਨ ਹੋਣਗੇ ਕਿ ਕਿਹੜਾ ਧਾਰਮਿਕ ਸਥਾਨ ਕਿਹੜੇ ਧਾਰਮਿਕ ਸਥਾਨ ਨੂੰ ਕਿੰਨੇ ਸੌ ਸਾਲ ਪਹਿਲਾਂ ਢਾਹ ਕੇ ਬਣਾਇਆ ਗਿਆ ਸੀ? ਜਾਂ ਕਿਸੇ ਧਰਮ ਦੀਆਂ ਔਰਤਾਂ ਨੂੰ ਕਿਹੋ ਜਿਹੇ ਕੱਪੜੇ ਪਾ ਕੇ ਕਾਲਜਾਂ ਵਿਚ ਪੜਨ ਵਾਸਤੇ ਆਉਣ ਦੇਣਾ ਚਾਹੀਦਾ ਹੈ?

ਅੱਜ ਦੇ ਸੰਕਟ ਵਾਲੇ ਹਾਲਾਤ 'ਚ ਸਾਨੂੰ ਖ਼ੁਦ ਤੋਂ ਇਹ ਸਵਾਲ ਪੁੱਛਣ ਦੀ ਲੋੜ ਹੈ ਕਿ ਕੀ ਉੱਪਰ ਵਿਚਾਰੀਆਂ ਸਾਰੀਆਂ ਗੱਲਾਂ ਸਾਡੇ ਲਈ ਆਪਣੇ ਬੱਚਿਆਂ ਦੇ ਭਵਿੱਖ ਨਾਲੋਂ ਵੀ ਵੱਧ ਮਹੱਤਵਪੂਰਨ ਹਨ? ਕੀ ਇਤਿਹਾਸ ਵਿਚ ਕੁਝ ਜ਼ਾਲਮਾਂ ਦੀਆਂ ਵਧੀਕੀਆਂ ਦਾ ਬਦਲਾ ਵਰਤਮਾਨ ਵਿਚ ਉਸੇ ਹੀ ਧਾਰਮਿਕ ਭਾਈਚਾਰੇ ਦੇ ਬੇਕਸੂਰ ਲੋਕਾਂ ਤੋਂ ਲੈਣਾ ਜਾਇਜ਼ ਹੈ? ਕੀ ਦੂਸਰੇ ਫ਼ਿਰਕਿਆਂ ਨਾਲ ਨਫ਼ਰਤ ਅਤੇ ਹਿੰਸਾ ਕਰਨ ਵਾਲਾ ਕੋਈ ਸ਼ਖ਼ਸ ਜਾਂ ਨੇਤਾ ਸੱਚਮੁੱਚ ਧਾਰਮਿਕ ਬਿਰਤੀ ਜਾਂ ਧਰਮ ਦਾ ਰਾਖਾ ਹੋ ਸਕਦਾ ਹੈ? ਇਸ ਲਈ ਅੱਜ ਸਾਨੂੰ ਇਸ ਗੱਲ ਉੱਤੇ ਮੁੜ ਵਿਚਾਰ ਕਰਨਾ ਪਵੇਗਾ ਕਿ ਭਾਰਤ ਵਰਗਾ ਮੁਲਕ ਜਿਹੜਾ ਆਰਥਿਕ ਤਬਾਹੀ ਦੀ ਕਗਾਰ 'ਤੇ ਹੋਵੇ, ਜਿਸ ਦੀ ਅੱਧਿਓਂ ਵੱਧ ਆਬਾਦੀ ਦੀਆਂ ਭੁੱਖ ਨਾਲ ਪੱਸਲੀਆਂ ਨਿਕਲੀਆਂ ਹੋਣ, ਜਿੱਥੇ ਲੋਕਾਂ ਦਾ ਸਭ ਤੋਂ ਵੱਡਾ ਸੁਫ਼ਨਾ ਕੇਵਲ ਇੱਜ਼ਤ ਨਾਲ ਦੋ ਡੰਗ ਦੀ ਰੋਟੀ ਖਾਣਾ ਹੀ ਹੋਵੇ, ਜਿਸ ਨੂੰ ਪੂਰਾ ਕਰਨ ਲਈ ਉਹ ਆਪਣੀ ਭਾਸ਼ਾ, ਆਪਣੇ ਵਤਨ ਨੂੰ ਸਦਾ ਲਈ ਅਲਵਿਦਾ ਕਹਿਣ ਲਈ ਵੀ ਤਿਆਰ ਹੋ ਜਾਣ, ਉਸ ਮੁਲਕ ਦੀ ਸਰਕਾਰ, ਸੱਤਾ ਉੱਤੇ ਕਾਬਜ਼ ਪਾਰਟੀ ਅਤੇ ਮੀਡੀਆ ਨੂੰ ਅਜਿਹੇ ਮੁੱਦੇ ਉਭਾਰਨੇ ਚਾਹੀਦੇ ਹਨ? ਇਹ ਫ਼ੈਸਲੇ ਦੀ ਘੜੀ ਹੈ ਅਤੇ ਉੱਠਣ ਦਾ ਵੇਲਾ ਵੀ ਹੈ।

**ਸੀਰਤ ਮੰਡ**

## ਆਖ਼ਰ ਕਿੱਧਰ ਨੂੰ ਜਾ ਰਿਹਾ ਪੰਜਾਬ?

ਭਾਰਤ ਭ੍ਰਿਸ਼ਟਾਚਾਰ ਵਿਚ ਦੁਨੀਆ ਦੇ ਸਭ ਤੋਂ ਸਿਖਰਲੇ ਮੁਲਕਾਂ ਵਿਚ ਹੈ। ਗ਼ਰੀਬੀ, ਭੁੱਖਮਰੀ ਵਿਚ ਅਸੀਂ 100ਵੇਂ ਨੰਬਰ 'ਤੇ ਹਾਂ। ਸਾਡੇ ਤੋਂ ਨਿਗੱਨਵੇਂ ਮੁਲਕ ਉੱਪਰ ਹਨ। ਰੁਜ਼ਗਾਰ ਦੇਣ ਦੇ ਮਾਮਲੇ ਵਿਚ ਅਸੀਂ ਇੰਨੇ ਪਛੜੇ ਹੋਏ ਹਾਂ ਕਿ ਦੇਸ਼ ਦੇ ਕਰੋੜਾਂ ਲੋਕ ਬੇਰੁਜ਼ਗਾਰ ਫਿਰ ਰਹੇ ਹਨ। ਪੰਜਾਬ ਵਿਚ ਹੀ ਤਕਰੀਬਨ ਦਸ ਲੱਖ ਗ੍ਰੈਜੂਏਟ ਬੇਰੁਜ਼ਗਾਰ ਹਨ। ਲੱਖਾਂ ਨੌਜਵਾਨ ਬਾਹਰ ਜਾ ਰਹੇ ਹਨ ਪਰ ਇਸ ਸਮੱਸਿਆ ਨੂੰ ਹੱਲ ਕਿਵੇਂ ਕੀਤਾ ਜਾਵੇ? ਇਹ ਵੱਡਾ ਸਵਾਲ ਹੈ। ਹਰ ਦਫ਼ਤਰ ਵਿਚ ਭ੍ਰਿਸ਼ਟਾਚਾਰ ਹੈ। ਸਾਡਾ ਸਾਰਾ ਤਾਣਾ-ਬਾਣਾ ਉਲਝਿਆ ਪਿਆ ਹੈ।

ਭ੍ਰਿਸ਼ਟਾਚਾਰ ਪਹਿਲਾਂ ਤੋਂ ਹੀ ਹੁੰਦਾ ਆਇਆ ਹੈ। ਅੱਜ ਵੀ ਹੋ ਰਿਹਾ ਹੈ। ਇਸ ਨੂੰ ਖ਼ਤਮ ਕਰਨ ਲਈ ਕੋਈ ਵੱਡੀ ਯੋਜਨਾ ਬਣਾਉਣੀ ਪਵੇਗੀ। ਸਾਨੂੰ ਆਦਤ ਪੈ ਗਈ ਹੈ ਕਿ ਸਰਕਾਰ ਹਰ ਚੀਜ਼ ਮੁਫ਼ਤ ਦੇਵੇ। ਬਿਜਲੀ ਫ੍ਰੀ, ਬੱਸਾਂ ਦਾ ਸਫ਼ਰ ਫ੍ਰੀ, ਖੇਤੀ ਲਈ ਮੋਟਰਾਂ ਵਾਸਤੇ ਬੱਤੀ ਫ੍ਰੀ ਦੇਵੇ। ਸਰਕਾਰ ਜੇ ਹਰ ਚੀਜ਼ ਫ੍ਰੀ ਦੇਵੇ ਤਾਂ ਉਸ ਕੋਲ ਪੈਸਾ ਕਿੱਥੋਂ ਆਵੇਗਾ। ਸਰਕਾਰ ਨੌਕਰੀਆਂ ਬੰਦ ਕਰੇਗੀ। ਮਹਿਕਮੇ ਬੰਦ ਕਰੇਗੀ। ਪੋਸਟਾਂ ਖ਼ਤਮ ਕਰੇਗੀ। ਟੈਕਸ ਹੋਰ ਵਧਾਵੇਗੀ। ਬੇਰੁਜ਼ਗਾਰੀ ਵਧੇਗੀ ਤਾਂ ਬੇਰੁਜ਼ਗਾਰ ਬੱਚੇ ਬਾਹਰ ਭੱਜਣਗੇ, ਨਸ਼ੇ ਵੱਲ ਜਾਣਗੇ ਅਤੇ ਗੈਂਗਸਟਰ ਬਣਨਗੇ। ਪੰਜਾਬ ਦੀ ਖ਼ਾਸ ਤੌਰ 'ਤੇ ਇਹ ਸਮੱਸਿਆ ਹੈ ਕਿ ਚਾਹੇ ਕਾਲਜ ਹਨ, ਸਕੂਲ ਹਨ, ਪੁਲਿਸ ਮਹਿਕਮਾ ਹੈ, ਮਾਲ ਮਹਿਕਮਾ ਹੈ ਜਾਂ ਸਿਹਤ ਮਹਿਕਮਾ ਹੈ, ਹਰ ਪਾਸੇ ਬਦ-ਅਮਨੀ ਹੈ। ਕਾਲਜ ਖ਼ਾਲੀ ਪਏ ਹਨ। ਪਿਛਲੀ ਸਰਕਾਰ ਨੇ ਬਾਰਾਂ ਸੌ ਟੀਚਰਾਂ ਦੀ ਭਰਤੀ ਕਰਨੀ ਸੀ, ਉਹ ਨਹੀਂ ਹੋਈ। ਈਟੀਟੀ ਟੀਚਰਾਂ ਦੀ ਭਰਤੀ ਹੋਈ, ਉਸ ਤੋਂ ਜ਼ਿਆਦਾ ਤਾਂ ਰਿਟਾਇਰ ਹੋ ਗਏ।

ਇਕ ਲੱਖ ਨੌਕਰੀ ਦਾ ਵਾਅਦਾ ਬਾਦਲ ਸਰਕਾਰ ਨੇ ਕੀਤਾ ਸੀ, ਇਕ ਲੱਖ ਦਾ ਵਾਅਦਾ ਕੈਪਟਨ ਸਰਕਾਰ ਨੇ ਕੀਤਾ ਸੀ। ਭਗਵੰਤ ਮਾਨ ਸਰਕਾਰ ਕਹਿੰਦੀ ਹੈ ਕਿ ਪੱਚੀ ਹਜ਼ਾਰ ਨੌਕਰੀਆਂ ਦੇਵਾਂਗੇ ਪਰ ਕਿਸੇ ਨੇ ਵੀ ਵਾਅਦਾ ਪੂਰਾ ਨਹੀਂ ਕੀਤਾ। ਤਰਸ ਦੇ ਆਧਾਰ 'ਤੇ ਵੀ ਬਹੁਤ ਘੱਟ ਨੌਕਰੀਆਂ ਦੇ ਰਹੇ ਹਨ। ਇਸ ਦੇ ਵਿਆਪਕ ਹੱਲ ਲਈ ਅਸੀਂ ਲਹਿਰਾਂ ਖੜੀਆਂ ਕਰਦੇ ਹਾਂ ਪਰ ਲਹਿਰਾਂ ਛੇਤੀ ਹੀ ਰਾਜਨੀਤਕ ਲੋਕਾਂ ਦੇ ਝਾਂਸੇ ਵਿਚ ਆ ਜਾਂਦੀਆਂ ਹਨ। ਅਸੀਂ ਮੋਦੀ ਸਰਕਾਰ ਲਿਆਂਦੀ। ਅਸੀਂ ਪੰਜਾਬ ਵਿਚ ਭਗਵੰਤ ਮਾਨ ਸਰਕਾਰ ਲੈ ਕੇ ਆਏ ਪਰ ਸਾਨੂੰ ਛੇਤੀ ਹੀ ਭਗਵੰਤ ਮਾਨ ਸਰਕਾਰ ਵਿੱਚੋਂ ਆਪਣਾ ਭਵਿੱਖ ਦਿਸਣ ਦੀ ਕਾਹਲੀ ਪੈ ਗਈ। ਸਰਕਾਰਾਂ ਸਾਡੇ 'ਤੇ ਬਹੁਰਾਸ਼ਟਰੀ ਕੰਪਨੀਆਂ ਅਤੇ ਵੱਡੇ ਘਰਾਣੇ ਅਡਾਨੀ, ਅੰਬਾਨੀ ਤੇ ਟਾਟੇ-ਬਿਰਲੇ ਸਮੇਤ ਸੌ ਤੋਂ ਵੱਧ ਘਰਾਣੇ ਸਾਡੇ 'ਤੇ ਠੋਸਣੇ ਚਾਹੁੰਦੀਆਂ ਹਨ। ਉਹ ਘਰਾਣੇ ਇਹੀ ਸੋਚਦੇ ਹਨ ਕਿ ਉਨਾਂ ਨੇ ਸਾਨੂੰ ਕਿਹੜੀ ਚੀਜ਼ ਵੇਚਣੀ ਹੈ। ਕਿਵੇਂ ਉਨਾਂ ਨੇ ਸਕੂਟਰ-ਮੋਟਰਸਾਈਕਲ ਵੇਚਣਾ ਹੈ। ਕਿਵੇਂ ਉਨਾਂ ਨੇ ਬੈਟਰੀ ਵਾਲਾ ਨਵਾਂ ਸਕੂਟਰ ਲੈ ਕੇ ਆਉਣਾ ਹੈ। ਕਿਵੇਂ ਸਾਨੂੰ ਮੋਬਾਈਲ ਫ਼ੋਨ ਵੇਚਣੇ ਹਨ। ਕਿਵੇਂ ਆਦਤ ਪਾਉਣੀ ਹੈ ਕਿ ਸਾਡਾ ਬੱਚਾ ਪੰਜਾਹ ਹਜ਼ਾਰ ਤੋਂ ਲੱਖ ਵਾਲਾ ਮੋਬਾਈਲ ਫ਼ੋਨ ਲਵੇ। ਵਾਰੋ-ਵਾਰੀ ਉਹ ਮੋਬਾਈਲ ਫ਼ੋਨ ਬਦਲਦਾ ਰਹੇ। ਅਸੀਂ ਇਕ ਦਿਨ ਇਕ ਸਰਕਾਰ ਬਣਾਉਂਦੇ ਹਾਂ, ਦੂਜੇ ਦਿਨ ਹੋਰ ਸਰਕਾਰ ਤੇ ਤੀਜੇ ਦਿਨ ਹੋਰ ਸਰਕਾਰ ਬਣਾਉਣ ਬਾਰੇ ਸੋਚਦੇ ਹਾਂ।

ਅਸੀਂ ਇਕ ਬੰਦੇ ਨੂੰ ਸੱਤਰ ਹਜ਼ਾਰ ਵੋਟਾਂ ਦੇ ਫ਼ਰਕ ਨਾਲ ਜਿਤਾ ਦਿੰਦੇ ਹਾਂ ਤਾਂ ਇਕ ਮਹੀਨੇ ਬਾਅਦ ਹੀ ਸਾਡਾ ਉਸ ਤੋਂ ਮੋਹ ਭੰਗ ਹੋ ਜਾਂਦਾ ਹੈ। ਅਸੀਂ ਨਵਾਂ ਬੰਦਾ ਜਿਤਾ ਦਿੰਦੇ ਹਾਂ। ਕੀ ਅਸੀਂ ਸੋਚ-ਸਮਝ ਕੇ ਵੋਟਾਂ ਨਹੀਂ ਪਾਉਂਦੇ? ਸਾਡੇ ਵਿਚ ਕੋਈ ਉਸਾਰੂ ਸੋਚ ਬਣੀ ਹੀ ਨਹੀਂ। ਜੇ ਸੋਚ ਹੀ ਨਹੀਂ ਬਣੀ ਤਾਂ ਤਬਦੀਲੀ ਕਿਵੇਂ ਆਵੇਗੀ। ਸਭ ਤੋਂ ਵੱਡੀ ਸਮੱਸਿਆ ਬੇਰੁਜ਼ਗਾਰੀ ਹੈ। ਮੁਲਾਜ਼ਮਾਂ ਦੀਆਂ ਆਪਣੀਆਂ ਸਮੱਸਿਆਵਾਂ ਹਨ। ਕਿਸਾਨਾਂ ਦੇ ਆਪਣੇ ਮਸਲੇ ਹਨ। ਵਪਾਰੀਆਂ, ਦੁਕਾਨਦਾਰਾਂ, ਸਭ ਦੀਆਂ ਆਪੋ-ਆਪਣੀਆਂ ਸਮੱਸਿਆਵਾਂ ਹਨ। ਮੁਲਾਜ਼ਮਾਂ ਦੀ ਗੱਲ ਕਰੀਏ ਤਾਂ ਦੇਖਦੇ ਹਾਂ ਕਿ ਉਨਾਂ ਦੇ ਅਨੇਕਾਂ ਧੜੇ ਹਨ। ਕਿਸਾਨ ਯੂਨੀਅਨਾਂ ਦੇ ਵੀ ਅਨੇਕਾਂ ਧੜੇ ਹਨ। ਇਕ ਸਕੂਲ ਵਿਚ ਜੇ ਤੀਹ ਅਧਿਆਪਕ ਹਨ ਤਾਂ ਤੀਹ ਜਥੇਬੰਦੀਆਂ ਵਿਚ ਸ਼ਾਮਲ ਹੋਏ ਪਏ ਹਨ। ਸਾਨੂੰ ਇਕ ਸਾਂਝੀ ਸੋਚ ਬਣਾਉਣੀ ਪੈਣੀ ਹੈ। ਰੋਜ਼-ਰੋਜ਼ ਐੱਮਐੱਲਏ, ਐੱਮਪੀ ਬਦਲ ਕੇ ਅਸੀਂ ਆਪਣਾ ਭਵਿੱਖ ਉੱਜਵਲ ਨਹੀਂ ਬਣਾ ਸਕਦੇ। ਸੋਸ਼ਲ ਮੀਡੀਆ 'ਤੇ ਅਸੀਂ ਚੰਗੀ ਸੋਚ ਪੈਦਾ ਕਰ ਸਕਦੇ ਹਾਂ, ਸਰਕਾਰਾਂ ਸੋਸ਼ਲ ਮੀਡੀਆ ਨੂੰ ਆਪਣੇ ਹੱਕ ਵਿਚ ਵਰਤ ਰਹੀਆਂ ਹਨ। ਜੇ ਗੈਂਗਸਟਰ ਸਰਕਾਰਾਂ ਦੇ ਹੱਕ ਵਿਚ ਚੱਲਣਗੇ ਤਾਂ ਸਰਕਾਰਾਂ ਉਨਾਂ ਨੂੰ ਵਰਤਣਗੀਆਂ ਕਿਉਂਕਿ ਇਹ ਵੀ ਸਰਕਾਰਾਂ ਦੇ ਆਪਣੇ ਹੀ ਪੈਦਾ ਕੀਤੇ ਹੋਏ ਹਨ। ਜੇ ਸਰਕਾਰਾਂ ਦੇ ਹੱਕ 'ਚ ਗੈਂਗਸਟਰ ਨਹੀਂ ਚੱਲਣਗੇ ਤਾਂ ਹੁਕਮਰਾਨ ਉਨਾਂ ਦਾ ਐਨ ਕਾਊਂਟਰ ਕਰਵਾ ਕੇ ਸੋਸ਼ਲ ਮੀਡੀਆ 'ਤੇ ਫੋਕੀ ਵਾਹ-ਵਾਹ ਖੱਟਣਗੇ। ਅੱਜ ਜੇ ਨਸ਼ਾ ਵਿਕਦਾ ਹੈ ਤਾਂ ਇਹ ਰਾਜਨੀਤਕ ਲੋਕਾਂ ਤੇ ਸਫ਼ੈਦਪੋਸ਼ਾਂ ਕਾਰਨ ਹੀ ਵਿਕਦਾ ਹੈ।

**-ਬਲਕਰਨ ਪੰਨੀ ਵਾਲਾ**

## ਰਾਹੋਂ ਭਟਕੇ ਨੌਜਵਾਨਾਂ ਦੀਆਂ ਮਾਵਾਂ ਦਾ ਦਰਦ

ਵਿਧਵਾ ਮਾਵਾਂ, ਇਸ ਆਸ ਨਾਲ ਜ਼ਿੰਦਗੀ ਲੰਘਾ ਰਹੀਆਂ ਹੁੰਦੀਆਂ ਹਨ ਕਿ ਪੁੱਤ ਵੱਡਾ ਹੋ ਕੇ ਘਰ ਚਲਾਉਣ ਜੋਗਾ ਹੋ ਜਾਵੇਗਾ ਤੇ ਮੇਰਾ ਸਹਾਰਾ ਬਣੇਗਾ ਪਰ ਅੱਜ ਨਸ਼ੇੜੀ ਬੇਟੇ ਤੋਂ ਪਰੇਸ਼ਾਨ ਮਾਂ ਪੁੱਤ ਨੂੰ ਮਾਰਨ ਜਾਂ ਖ਼ੁਦ ਮਰ ਜਾਣ ਦੀ ਇਜਾਜ਼ਤ ਮੰਗ ਰਹੀ ਹੈ। ਬਚਪਨ ਵਿਚ ਪਿਸਤੌਲ ਵਰਗੇ ਖਿਡੌਣੇ ਨਾ ਦੇਣਾ ਪਰ ਅੱਜ ਉਹ ਸੱਚਮੁੱਚ ਪਿਸਤੌਲ ਤੇ ਗੰਨ ਕਲਚਰ ਨਾਲ ਜੁੜ ਗਏ। ਕੋਈ ਮਾਂ ਆਪਣੀ ਕੁੱਖੋਂ ਗੈਂਗਸਟਰ ਨਹੀਂ ਜੰਮਦੀ ਬਲਕਿ ਇਹ ਤਾਂ ਸਿਸਟਮ ਦੀ ਦੇਣ ਹਨ। ਉਹ ਖ਼ੁਦ ਹੀ ਚੁਣ ਲੈਂਦੇ ਹਨ ਉਜਾੜਾਂ ਵਾਲਾ ਰਾਹ ਤੇ ਫਿਰ ਇਸ ਦਲਦਲ ਵਿਚ ਧਸ ਜਾਂਦੇ ਹਨ। ਪੰਜਾਬੀ ਨੌਜਵਾਨਾਂ ਦੇ ਅਪਰਾਧ ਜਗਤ ਵੱਲ ਵਧਦੇ ਕਦਮਾਂ ਨੂੰ ਰੋਕਣ ਲਈ ਸਮੇਂ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਮਾਂ ਰਹਿੰਦਿਆਂ ਸਿੱਖਿਆ-ਸ਼ਾਸਤਰੀਆਂ, ਮਨੋਵਿਗਿਆਨੀਆਂ ਤੇ ਉੱਚ ਪੁਲਿਸ ਅਧਿਕਾਰੀਆਂ ਦੀ ਮਦਦ ਨਾਲ ਇਸ ਸਮੱਸਿਆ 'ਤੇ ਕਾਬੂ ਪਾਉਣ ਲਈ ਗੰਭੀਰਤਾ ਵਿਖਾਵੇ। ਰਾਹਾਂ ਤੋਂ ਭਟਕੇ ਨੌਜਵਾਨਾਂ ਨੂੰ ਅਪੀਲ ਹੈ ਕਿ ਵਾਪਸੀ ਦਾ ਰਸਤਾ ਅਖ਼ਤਿਆਰ ਕਰਨ ਤਾਂ ਕਿ ਕੋਈ ਵੀ ਮਾਂ ਆਪਣੀ ਕੁੱਖ ਨੂੰ ਉਲਾਂਭੇ ਨਾ ਦੇਵੇ।

**-ਕੁਲਮਿੰਦਰ ਕੌਰ,**
**ਰਿਟਾ: ਲੈਕਚਰਾਰ, ਮੁਹਾਲੀ।**
**ਸੰਪਰਕ : 98156-52272**

---

# ਅਜਨਬੀ

ਖ਼ਿਮਾਂ ਕਰ ਦਵੇ। ਭਰਾ ਮੇਰਿਆ, ਤੈਨੂੰ ਵਿਸ਼ਵਾਸ ਕਿਉਂ ਨਈਂ ਆਉਂਦਾ ਕਿ 'ਉਸਨੇਂ ਤੇਰੀ ਖਾਤਰ ਈ ਤਕਲੀਫ਼ਾਂ ਝੱਲੀਆਂ ਨੇ।"

ਉਨਾਂ ਦੇ ਮੂੰਹੋਂ 'ਭਰਾ ਮੇਰਿਆ' ਸ਼ਬਦ ਸੁਣ ਕੇ ਮੈਨੂੰ ਲੱਗਿਆ ਕਿ ਉਨਾਂ ਦੇ ਲਹਿਜੇ ਵਿਚ ਸੱਚਮੁੱਚ ਪੀੜ ਦਾ ਅਹਿਸਾਸ ਏ। ਪਰ ਇਸ ਸਾਰੀ ਬਕਵਾਸ ਤੋਂ ਮੇਰਾ ਜੀਅ ਅੱਕਣ ਲੱਗਾ ਸੀ। ਕਮਰਾ ਹੌਲੀ-ਹੌਲੀ ਹੋਰ ਵੀ ਗਰਮ ਹੁੰਦਾ ਜਾ ਰਿਹਾ ਸੀ।

ਜਦੋਂ ਕਿਸੇ ਦੀਆਂ ਗੱਲਾਂ ਮੈਨੂੰ ਅਕਾਉਣ ਲੱਗਦੀਆਂ ਨੇ ਤਾਂ ਜਾਨ ਛੁਡਾਉਣ ਲਈ ਮੈਂ ਉਸਦੀ ਹਰ ਗੱਲ ਮੰਨ ਲੈਣ ਦੇ ਭਾਵ ਦਰਸਾਉਂਦਾ ਹਾਂ। ਇਹੋ ਮੈਂ ਹੁਣ ਵੀ ਕੀਤਾ ਤਾਂ ਮੇਰੀ ਹੈਰਾਨੀ ਦਾ ਠਿਕਾਣਾ ਨਾ ਰਿਹਾ ਕਿ ਮਜਿਸਟ੍ਰੇਟ ਸਾਹਬ ਦਾ ਚਿਹਰਾ ਦਗਣ ਲੱਗਾ।

'ਮੰਨਦੇ ਓ ਨਾ...ਮੰਨਦੇ ਓ ਨਾ...। ਅੱਛਾ ਹੁਣ ਵੀ ਨਈਂ ਮੰਨੋਗੇ ਕਿ ਤੁਸੀਂ ਆਸਤਕ ਓਂ ਤੇ ਈਸ਼ਵਰ ਵਿਚ ਵਿਸ਼ਵਾਸ ਕਰਦੇ ਓਂ?'

ਇਨਕਾਰ ਨੇ ਜ਼ਰੂਰ ਮੇਰੇ ਮਨ ਵਿਚ ਸਿਰ ਚੁੱਕਿਆ ਹੋਵੇਗਾ ਕਿਉਂਕਿ ਬੜੇ ਢਿੱਲੇ-ਢਾਲੇ ਤੇ ਪਸਤ-ਜਿਹੇ ਭਾਵ ਨਾਲ ਮਜਿਸਟ੍ਰੇਟ ਸਾਹਬ ਫੇਰ ਲਿੱਸੜ-ਜਿਹੇ ਹੋ ਕੇ ਬੈਠ ਗਏ।

ਕੁਝ ਚਿਰ ਸ਼ਾਂਤੀ ਰਹੀ। ਹਾਂ, ਇਸ ਦੌਰਾਨ ਟਾਈਪਰਾਈਟਰ ਨੇ ਸਾਡੀ ਅੰਤਮ ਗੱਲਬਾਤ ਟਾਈਪ ਕਰ ਦਿੱਤੀ। ਦੱਸਣਾ ਨਹੀਂ ਪਵੇਗਾ ਕਿ ਇਸ ਸਾਰੀ ਵਾਰਤਾ ਦੌਰਾਨ ਟਾਈਪਰਾਈਟਰ ਦੀ 'ਟਿਪਟਿਪ' ਚਾਲੂ ਰਹੀ-ਤੇ ਮਜਿਸਟਰੇਟ ਸਾਹਬ ਬੜੇ ਦੁੱਖੀ ਭਾਵ ਨਾਲ ਮੇਰੇ ਵੱਲ ਵਿੰਹਦੇ-ਤੱਕਦੇ ਰਹੇ।

'ਆਪਣੀ ਇਸ ਸਾਰੀ ਜ਼ਿੰਦਗੀ ਵਿਚ ਮੈਂ ਤੇਰੇ ਵਰਗਾ ਜੜ ਤੇ ਹਿਰਦੇਹੀਣ ਬੰਦਾ ਨਈਂ ਦੇਖਿਆ।' ਉਹ ਬੁਝੀ-ਜਿਹੀ ਸੁਰ ਵਿਚ ਕਹਿੰਦੇ ਰਹੇ, 'ਅੱਜ ਤਕ ਪਤਾ ਨਹੀਂ ਕਿੰਨੇ ਮੁਜਰਿਮ ਇੱਥੇ ਆਏ ਨੇ। ਤੇ ਸਾਰੇ ਦੇ ਸਾਰੇ 'ਭਗਵਾਨ' ਦੀ ਇਸ ਯਾਤਨਾ-ਮੂਰਤ ਨੂੰ ਦੇਖ ਕੇ ਫੁੱਟ-ਫੁੱਟ ਕੇ ਰੋਏ ਨੇ।'

ਗੱਲ ਮੇਰੇ ਬੁੱਲਾਂ ਤੀਕ ਆ ਕੇ ਰਹਿ ਗਈ ਕਿ 'ਉਹ ਸੱਚਮੁੱਚ ਮੁਜਰਿਮ ਸਨ ਇਸ ਲਈ ਜ਼ਰੂਰ ਰੋਏ ਹੋਣਗੇ।' ਪਰ ਉਦੋਂ ਈ ਖ਼ਿਆਲ ਆਇਆ ਕਿ ਮੈਂ ਵੀ ਤਾਂ ਉਸੇ ਕਟਿਹਰੇ ਵਿਚ ਖੜਾ ਹਾਂ। ਪਤਾ ਨਹੀਂ, ਕਿਉਂ, ਮਨ ਇਸ ਗੱਲ ਨੂੰ ਮੰਨਦਾ ਈ ਨਹੀਂ ਸੀ ਪਿਆ ਕਿ ਮੈਂ ਮੁਜਰਿਮ ਹਾਂ।

ਸ਼ਾਇਦ ਇਹ ਦਰਸਾਉਣ ਲਈ ਮਜਿਸਟ੍ਰੇਟ ਸਾਹਬ ਉੱਠ ਖੜੇ ਹੋਏ ਕਿ ਗੱਲਬਾਤ ਯਾਨੀ ਮੁਲਾਕਾਤ ਖ਼ਤਮ ਹੋ ਗਈ ਏ। ਉਸੇ ਥੱਕੇ, ਬੁਝੇ-ਬੁਝੇ ਤੇ ਪ੍ਰੇਸ਼ਾਨ-ਜਿਹੇ ਲਹਿਜੇ ਵਿਚ ਉਹਨਾਂ ਨੇ ਮੈਨੂੰ ਇਕ ਆਖ਼ਰੀ ਸਵਾਲ ਪੁੱਛਿਆ ਕਿ ਕੀ ਮੈਨੂੰ ਆਪਣੇ ਕੀਤੇ 'ਤੇ ਪਛਤਾਵਾ ਏ?

ਕੁਝ ਚਿਰ ਸੋਚਣ ਪਿੱਛੋਂ ਮੈਂ ਦੱਸਿਆ ਕਿ ਮੈਨੂੰ ਤਾਂ ਪਛਤਾਵੇ ਨਾਲੋਂ ਪ੍ਰੇਸ਼ਾਨੀ ਵਧੇਰੇ ਮਹਿਸੂਸ ਹੋ ਰਹੀ ਏ। 'ਪ੍ਰੇਸ਼ਾਨੀ' ਨਾਲੋਂ ਵੱਧ ਢੁਕਵਾਂ ਸ਼ਬਦ ਮੈਨੂੰ ਸੁੱਝਿਆ ਈ ਨਹੀਂ ਸੀ-ਪਰ ਲੱਗਿਆ ਉਹ ਸਮਝੇ ਨਹੀਂ। ਉਸ ਦਿਨ ਦੀ ਗੱਲਬਾਤ ਵਿਚ ਮਾਮਲਾ ਇੱਥੋਂ ਤੀਕ ਅੱਪੜਿਆ।

ਇਸ ਪਿੱਛੋਂ ਕਈ ਵਾਰੀ ਫੇਰ, ਮੈਜਿਸਟ੍ਰੇਟ ਸਾਹਬ ਦੇ ਸਾਹਵੇਂ ਮੇਰੀ ਪੇਸ਼ੀ ਹੋਈ, ਪਰ ਹਰ ਵਾਰੀ ਵਕੀਲ ਸਾਹਬ ਮੇਰੇ ਨਾਲ ਹੁੰਦੇ ਸੀ। ਇਹਨਾਂ ਸਾਰੀਆਂ ਜਿਰਹਾਵਾਂ ਵਿਚ, ਮੇਰੇ ਪਹਿਲੇ ਦਿੱਤੇ ਹੋਏ ਬਿਆਨਾਂ ਦੇ ਵਾਲ ਦੀ ਖੱਲ ਲਾਹੁਣ ਦੇ ਇਲਾਵਾ ਹੋਰ ਕੁਝ ਨਹੀਂ ਹੋਇਆ। ਜਾਂ ਫੇਰ ਵਕੀਲ ਤੇ ਮੈਜਿਸਟ੍ਰੇਟ ਰਲ ਕੇ ਕਾਨੂੰਨੀ ਗੁੰਝਲਾਂ ਉੱਤੇ ਮੱਥਾ-ਪੱਚੀ ਕਰਦੇ ਰਹੇ ਸੀ। ਅਜਿਹੇ ਮੌਕੇ ਉਹਨਾਂ ਨੂੰ ਖ਼ਿਆਲ ਈ ਨਹੀਂ ਸੀ ਰਹਿੰਦਾ ਕਿ ਮੈਂ ਵੀ ਉੱਥੇ ਈ ਬੈਠਾ ਹੋਇਆ ਹਾਂ। ਚਲੋ ਖ਼ੈਰ, ਜਿਵੇਂ ਤਿਵੇਂ ਸਮਾਂ ਬੀਤਦਾ ਗਿਆ। ਸਾਰੀ ਜਿਰਹਾ ਦਾ ਰੰਗ ਈ ਬਦਲ ਗਿਆ ਸੀ। ਲੱਗਿਆ, ਮਜਿਸਟਰੇਟ ਸਾਹਬ ਨੂੰ ਹੁਣ ਮੇਰੇ ਵਿਚ ਕੋਈ ਖਾਸ ਦਿਲਚਸਪੀ ਨਹੀਂ ਰਹੀ ਤੇ ਮੇਰੇ ਮੁਕੱਦਮੇ ਨੂੰ ਲੈ ਕੇ ਉਹ ਮਨ ਈ ਮਨ ਕੋਈ ਫ਼ੈਸਲਾ ਕਰ ਚੁੱਕੇ ਨੇ। ਇਸ ਪਿੱਛੋਂ ਨਾ ਤਾਂ ਕਦੀ ਉਨਾਂ 'ਭਗਵਾਨ' ਦਾ ਜ਼ਿਕਰ ਕੀਤਾ ਤੇ ਨਾ ਈ ਓਹੋ-ਜਿਹਾ ਕੋਈ ਧਾਰਮਕ ਜੋਸ਼ ਈ ਵਿਖਾਇਆ-ਜਿਸ ਨਾਲ ਪਹਿਲੀ ਮੁਲਾਕਾਤ ਵਿਚ ਮੈਂ ਵੱਡੇ ਧਰਮ-ਸੰਕਟ ਵਿਚ ਪੈ ਗਿਆ ਸੀ। ਨਤੀਜੇ ਵਜੋਂ ਸਾਡੇ ਸੰਬੰਧ ਵਧੇਰੇ ਪੀਢੇ ਹੋ ਗਏ। ਉਨਾਂ ਨੇ ਕੁਝ ਹੋਰ ਸਵਾਲਾਤ ਕੀਤੇ। ਇਸ 'ਤੇ ਵਕੀਲ ਤੇ ਮਜਿਸਟ੍ਰੇਟ ਸਾਹਬ ਵਿਚਕਾਰ ਬਹਿਸ ਹੁੰਦੀ ਰਹੀ ਤੇ ਇਸ ਪਿੱਛੋਂ ਮੇਰੀ ਪੇਸ਼ੀ ਖ਼ਤਮ ਹੋ ਗਈ। ਉਨਾਂ ਨੇ ਦੱਸਿਆ ਕਿ ਮੇਰਾ ਮੁਕੱਦਮਾ ਹੁਣ 'ਆਪਣਾ ਵਕਤ ਲੈ ਚੁੱਕਿਆ ਏ।' ਕਦੀ-ਕਦੀ ਗੱਲਬਾਤ ਕਾਨੂੰਨ ਤੋਂ ਹਟ ਕੇ ਆਮ ਧਰਾਤਲ 'ਤੇ ਆ ਜਾਂਦੀ ਤਾਂ ਵਕੀਲ ਤੇ ਮਜਿਸਟ੍ਰੇਟ ਦੋਵੇਂ ਮੈਨੂੰ ਉਸ ਵਿਚ ਹਿੱਸਾ ਲੈਣ ਲਈ ਉਕਸਾਉਂਦੇ। ਹੁਣ ਮੈਨੂੰ ਵੀ ਰਤਾ ਸੁਖ ਦਾ ਆਉਣ ਲੱਗਾ ਸੀ। ਇਨੀਂ ਦਿਨੀਂ ਉਹਨਾਂ ਦੋਵਾਂ ਵਿਚੋਂ ਕਿਸੇ ਨੇ ਵੀ ਮੇਰੇ ਪ੍ਰਤੀ ਬੇਰੁਖ਼ੀ ਨਹੀਂ ਸੀ ਦਿਖਾਈ ਤੇ ਸਭ ਕੁਝ ਇੰਜ ਸਹਿਜ ਤੇ ਖ਼ੁਸ਼-ਗਵਾਰ ਮਾਹੌਲ ਵਿਚ ਹੁੰਦਾ ਰਿਹਾ ਕਿ ਮਨ ਵਿਚ ਇਕ ਵੱਡਾ ਬੇਤੁਕਾ-ਜਿਹਾ ਖ਼ਿਆਲ ਘਰ ਕਰਨ ਲੱਗਾ, ਜਿਵੇਂ ਮੈਂ ਵੀ ਇਸੇ ਪਰਿਵਾਰ ਜਾ ਜੀਅ ਹੋਵਾਂ। ਗਿਆਰਾਂ ਮਹੀਨੇ ਇਹ ਪੇਸ਼ੀਆਂ ਚੱਲੀਆਂ ਤੇ ਮੈਂ ਸੱਚ ਕਹਿੰਦਾ ਹਾਂ ਕਿ ਉਨਾਂ ਦਾ ਮੈਂ ਆਦੀ ਹੋ ਗਿਆ ਸੀ। ਜਿਸ ਛਿਣ ਮੈਜਿਸਟ੍ਰੇਟ ਸਾਹਬ ਆਪਣੇ ਦਫ਼ਤਰ ਦੇ ਦਰਵਾਜ਼ੇ ਤੀਕ ਮੈਨੂੰ ਛੱਡਣ ਆਉਂਦੇ ਤੇ ਬੜੇ ਦੋਸਤਾਨਾ ਲਹਿਜੇ ਵਿਚ ਮੇਰਾ ਮੋਢਾ ਥਾਪੜਦੇ ਹੋਏ ਕਹਿੰਦੇ, 'ਅੱਛਾ ਤਾਂ 'ਦੁਸ਼ਮਣੇ-ਈਸਾ' ਸਾਹਬ, ਅੱਜ ਬਸ ਏਨਾ ਈ।' ਤਾਂ ਮੈਨੂੰ ਬੇਹੱਦ ਆਨੰਦ ਆਉਂਦਾ। ਲੱਗਦਾ, ਇਸ ਨਾਲੋਂ ਵੱਧ ਸੁਖੀ ਛਿਣ ਮੈਂ ਪਹਿਲਾਂ ਕਦੀ ਨਹੀਂ ਦੇਖੇ। ਇਸ ਪਿੱਛੋਂ ਮੈਨੂੰ ਵਾਰਡਰਾਂ ਦੇ ਹਵਾਲੇ ਕਰ ਦਿੱਤਾ ਜਾਂਦਾ।

# ਦੇਸ਼ ਵੰਡ ਨੇ ਵੰਡੀ ਤੇ ਤਬਾਹ ਕੀਤੀ ਪੰਜਾਬੀ ਫਿਲਮ ਸਨਅਤ



ਮਨਦੀਪ ਸਿੰਘ ਸਿੱਧੂ

ਲਾਹੌਰ ਪੰਜਾਬ ਦਾ ਦਿਲ ਸੀ। ਬਾਕੀ ਕਲਾਵਾਂ ਵਾਂਗ ਪੰਜਾਬੀ ਫਿਲਮਕਾਰੀ ਵੀ ਲਾਹੌਰ ਵਿਚ ਜਨਮੀ, ਪਣਪੀ ਅਤੇ ਜਵਾਨ ਹੋਈ। ਪੰਜਾਬ ਦੀ ਵੰਡ ਨੇ ਇਸ ਨੂੰ ਡੂੰਘੀ ਸੱਟ ਮਾਰੀ। ਉੱਘੇ ਪੰਜਾਬੀ ਫਿਲਮਸਾਜ਼, ਹਦਾਇਤਕਾਰ, ਕਲਾਕਾਰ, ਲੇਖਕ, ਗਾਇਕ ਆਦਿ ਲਾਹੌਰ ਤੋਂ ਉੱਜੜ ਕੇ ਮੁੰਬਈ ਪਹੁੰਚੇ ਅਤੇ ਨੂਰਜਹਾਂ ਜਿਹੀ ਗਾਇਕਾ ਤੇ ਅਦਾਕਾਰਾ ਅਤੇ ਸਾਅਦਤ ਹਸਨ ਮੰਟੋ ਜਿਹੇ ਸੰਵਾਦ ਤੇ ਪਟਕਥਾ ਲੇਖਕ ਆਦਿ ਲਹਿੰਦੇ ਪੰਜਾਬ ਚਲੇ ਗਏ।

ਜੂਨ-ਜੁਲਾਈ 1947 ਵਿਚ ਲਾਹੌਰ ਵਿਚ ਫ਼ਿਰਕੂ-ਫਸਾਦਾਂ ਕਾਰਨ ਕਰਫ਼ਿਊ ਲੱਗਣਾ ਸ਼ੁਰੂ ਗਿਆ। ਸਿੱਟੇ ਵਜੋਂ ਸਿਨਮਾ ਘਰ ਬੰਦ ਹੋਣ ਲੱਗੇ। ਪੰਜਾਬ ਦੀ ਪੰਜਾਬੀ ਫਿਲਮ ਸਨਅਤ ਜੋ ਉਸ ਵਕਤ ਆਪਣੇ ਉਰੂਜ਼ 'ਤੇ ਸੀ, ਦਾ ਕਾਰੋਬਾਰ ਠੱਪ ਹੋ ਗਿਆ। ਪੰਦਰਾਂ ਅਗਸਤ 1947 ਨੂੰ ਮੁਲਕ ਦੋ ਹਿੱਸਿਆਂ ਵਿਚ ਤਕਸੀਮ ਹੋ ਗਿਆ ਤੇ ਇਕ ਨਵਾਂ ਮੁਲਕ ਪਾਕਿਸਤਾਨ ਬਣ ਗਿਆ। ਲਾਹੌਰ ਉਸ ਵੇਲੇ ਫਿਲਮਾਂ ਦਾ ਤੀਜਾ ਵੱਡਾ ਮਰਕਜ਼ ਸੀ। ਪੰਜਾਬ ਚੜਦੇ ਤੇ ਲਹਿੰਦੇ ਦੋ ਹਿੱਸਿਆਂ ਵਿਚ ਬਦਲ ਗਿਆ। ਫਿਲਮਾਂ ਵਿਚ ਕੰਮ ਕਰਨ ਵਾਲੇ ਮੁਸਲਿਮ ਪੰਜਾਬੀ ਜਿਨਾਂ ਦੀ ਉਸ ਵੇਲੇ ਬੰਬਈ ਫਿਲਮ ਸਨਅਤ ਵਿਚ ਤੂਤੀ ਬੋਲਦੀ ਸੀ, ਪਾਕਿਸਤਾਨ ਨੂੰ ਹਿਜਰਤ ਗਏ। ਇਨਾਂ ਵਿਚ ਮਾਰੂਫ਼ ਫ਼ਿਲਮਸਾਜ਼, ਹਦਾਇਤਕਾਰ, ਮੌਸੀਕੀਕਾਰ, ਨ਼ਗਮਾਨਿਗਾਰ, ਅਦਾਕਾਰ, ਗੁਲੂਕਾਰ ਸ਼ਾਮਿਲ ਸਨ ਜਿਨਾਂ ਵਿਚ ਭਾਈ ਦੇਸਾ, ਭਾਈ ਛੈਲਾ, ਨੂਰਜਹਾਂ, ਖ਼ੁਰਸ਼ੀਦ ਬਾਨੋ, ਮੁਮਤਾਜ਼ ਸ਼ਾਂਤੀ, ਰਾਗਿਨੀ, ਐਮ.ਡੀ. ਕੰਵਰ, ਗੁਲ ਜ਼ਮਾਨ, ਮੁਬਾਰਕ ਅਲੀ ਖ਼ਾਨ, ਮੁਖ਼ਤਾਰ ਬੇਗਮ (ਬੁਲਬੁਲ-ਏ-ਪੰਜਾਬ), ਨਜ਼ੀਰ, ਖ਼ੁਰਸ਼ੀਦ ਬਾਨੋ, ਸਵਰਨ ਲਤਾ, ਆਸ਼ਾ ਪੋਸਲੇ, ਰਾਣੀ ਕਿਰਨ, ਖਵਾਜ਼ਾ ਖੁਰਸ਼ੀਦ ਅਨਵਰ, ਲਾਲਾ ਯਾਕੂਬ, ਹਸਨਦੀਨ, ਗ਼ੁਲਾਮ ਮੁਹੰਮਦ, ਮੁਹੰਮਦ ਇਸਮਾਈਲ, ਭਾਈ ਗ਼ੁਲਾਮ ਹੈਦਰ ਅੰਮ੍ਰਿਤਸਰੀ, ਜ਼ਹੂਰ ਰਾਜਾ, ਮਾਸਟਰ ਗ਼ੁਲਾਮ ਕਾਦਰ, ਹਿਮਾਲਿਆ ਵਾਲਾ, ਮਸੂਦ, ਅਲਾਊਦੀਨ, ਵਲੀ ਸਾਹਿਬ, ਏ. ਸ਼ਾਹ ਸ਼ਿਕਾਰਪੁਰੀ, ਅਨੂਪ ਜਾਨ, ਦਾਊਦ ਚਾਂਦ, ਬਾਬਾ ਜੀ.ਏ. ਚਿਸ਼ਤੀ, ਗੌਰੀ ਉਰਫ਼ ਨਜ਼ੀਰ ਅਹਿਮਦ ਗੌਰੀ, ਹਮੀਦਾ ਬਾਨੋ, ਗੀਤਾ ਨਿਜ਼ਾਮੀ, ਮਸੂਦ ਪਰਵੇਜ਼, ਫ਼ਿਰੋਜ਼ ਨਿਜ਼ਾਮੀ, ਨੁਸਰਤ ਕਾਰਦਾਰ, ਸਾਅਦਤ ਹਸਨ ਮੰਟੋ, ਰਸ਼ੀਦ ਅੱਤਰੇ, ਜ਼ੁਬੈਦਾ ਖ਼ਾਨਮ, ਮੁਨੱਵਰ ਸੁਲਤਾਨਾ, ਰਫ਼ੀਕ ਗ਼ਜ਼ਨਵੀ, ਉਸਤਾਦ ਝੰਡੇ ਖ਼ਾਨ ਆਦਿ ਫ਼ਨਕਾਰਾਂ ਦੀ ਲੰਮੀ ਫ਼ਹਿਰਿਸਤ ਹੈ।

ਲਾਹੌਰ ਤੋਂ ਹਿਜਰਤ ਕਰ ਕੇ ਭਾਰਤ ਵਿਚ ਆਉਣ ਵਾਲੇ ਫਿਲਮਸਾਜ਼ਾਂ, ਹਦਾਇਤਕਾਰਾਂ, ਨ਼ਗਮਾਨਿਗਾਰਾਂ, ਮੌਸੀਕੀਕਾਰਾਂ, ਅਦਾਕਾਰਾਂ, ਗੁਲੂਕਾਰਾਂ, ਵਿਚ ਅਬਦੁੱਲ ਰਸ਼ੀਦ ਕਾਰਦਾਰ, ਹੀਰਾ ਲਾਲ, ਸ਼ਿਆਮ, ਖ਼ਰੈਤੀ ਭੈਂਗਾ, ਓ.ਪੀ. ਨਈਅਰ, ਓਮ ਪ੍ਰਕਾਸ਼, ਦੁਰਗਾ ਮੋਟਾ, ਪ੍ਰਾਣ, ਆਰ.ਸੀ. ਤਲਵਾਰ, ਕੁਲਦੀਪ ਕੌਰ, ਕਰਨ ਦੀਵਾਨ, ਬਲਰਾਜ ਮਹਿਤਾ, ਸੁਰੱਈਆ, ਜਗਦੀਸ਼ ਸੇਠੀ, ਸਤੀਸ਼ ਬੱਤਰਾ, ਭਾਗ ਸਿੰਘ, ਰਾਮ ਅਵਤਾਰ, ਵਾਸਤੀ, ਮਨੋਰਮਾ, ਪੰਡਤ ਦੀਨਾ ਨਾਥ ਮਧੋਕ, ਪੰਡਤ ਗੋਬਿੰਦਰਾਮ, ਮੁਮਤਾਜ਼ ਬੇਗਮ, ਸ਼ਾਂਤੀ ਮਧੋਕ, ਜੇ.ਕੇ. ਨੰਦਾ, ਰਮੇਸ਼ ਠਾਕੁਰ, ਉਰਮਿਲਾ, ਰਜਿੰਦਰ ਸਿੰਘ, ਸ਼ਾਂਤੀ ਪ੍ਰਕਾਸ਼ ਬਖ਼ਸ਼ੀ, ਸ਼ਿਆਮ ਸੁੰਦਰ, ਰਾਮ ਲਾਲ, ਅਰੁਣ ਅਹੂਜਾ, ਆਈ.ਐੱਸ. ਜੌਹਰ, ਮਨਮੋਹਨ ਕ੍ਰਿਸ਼ਨ, ਕਮਲ ਕਪੂਰ, ਕਾਮਿਨੀ ਕੌਸ਼ਲ, ਵੀਨਾ, ਮਿਹਰ ਬਾਨੋ, ਜੀ.ਐੱਮ. ਦੁੱਰਾਨੀ, ਸੁੰਦਰ ਸਿੰਘ, ਐੱਸ.ਡੀ. ਨਾਰੰਗ, ਅਮਰਨਾਥ, ਸ਼ਿਆਮਾ, ਕੇਦਾਰ ਸ਼ਰਮਾ, ਹਿੰਮਤ ਰਾਏ ਸ਼ਰਮਾ, ਇੰਦਰਾ ਬਿੱਲੀ, ਇੰਦਰਾ ਬਾਂਸਲ, ਨਿਸ਼ੀ, ਜਾਨਕੀ ਦਾਸ, ਸੁਨੀਲ ਦੱਤ, ਗੋਪਾਲ ਸਹਿਗਲ, ਮੁਲਕ ਰਾਜ ਭਾਖੜੀ, ਐੱਸ. ਮੋਹਿੰਦਰ, ਸਰਦੂਲ ਕਵਾਤੜਾ, ਵਿਨੋਦ, ਗੁਲਸ਼ਨ ਬਾਵਰਾ, ਆਨੰਦ ਬਖ਼ਸ਼ੀ, ਚਮਨ ਲਾਲ ਸ਼ੁਗਲ, ਦੇਵ ਕੁਮਾਰ ਆਦਿ ਵਰਗੇ ਨਾਮ ਕਾਬਿਲ-ਏ-ਗ਼ੌਰ ਹਨ।

ਲਾਹੌਰ ਵਿਚ ਸਥਾਪਤ ਵੱਡੇ ਤੇ ਨਾਮੀ ਫਿਲਮ ਸਟੂਡੀਓਜ਼ ਦੇ ਫਿਲਮਸਾਜ਼ਾਂ ਅਤੇ ਹਦਾਇਤਕਾਰਾਂ ਦੀ ਕਰੀਏ ਤਾਂ ਸੇਠ ਦਲਸੁਖ



ਐੱਮ. ਪੰਚੋਲੀ ਦਾ ਪੰਚੋਲੀ ਸਟੂਡੀਓ, ਆਰ. ਐੱਲ. ਸ਼ੋਰੀ (ਰੌਸ਼ਨ ਲਾਲ ਸ਼ੋਰੀ) ਤੇ ਰੂਪ ਕੇ. ਸ਼ੋਰੀ (ਰੂਪ ਕਿਸ਼ੋਰ ਸ਼ੋਰੀ) ਦਾ ਕਮਲਾ ਮੂਵੀਟੋਨ ਤੇ ਸ਼ੋਰੀ ਸਟੂਡੀਓ, ਠਾਕੁਰ ਰਜਿੰਦਰ ਸਿੰਘ ਦਾ ਨੌਰਦਰਨ ਇੰਦਰਾ ਸਟੂਡੀਓਜ਼, ਪੰਡਤ ਨਰਿੰਦਰ ਨਾਥ ਦਾ ਸਿਨੇ ਸਟੂਡੀਓ, ਸੇਠ ਜਗਨ ਨਾਥ ਮਹੇਸ਼ਵਰੀ ਦਾ ਏ.ਜੇ.ਐੱਨ. ਮਹੇਸ਼ਵਰੀ ਸਟੂਡੀਓ, ਗੁਲ ਜ਼ਮਾਨ ਦਾ ਜ਼ਮਾਨ ਪ੍ਰੋਡਕਸ਼ਨ ਤੇ ਠਾਕੁਰ ਹਿੰਮਤ ਸਿੰਘ ਦਾ ਲੀਲਾ ਮੰਦਰ ਸਟੂਡੀਓ, ਸਤੀਸ਼ ਬੱਤਰਾ ਦਾ ਬੱਤਰਾ ਸਟੂਡੀਓ - ਸਭ ਲਾਹੌਰ ਵਿਚ ਰਹਿ ਗਏ। ਆਪਣੀ ਤਮਾਮ ਜਾਇਦਾਦ ਅਤੇ ਧਨ-ਦੌਲਤ ਲਾਹੌਰ ਵਿਚ ਛੱਡ ਕੇ ਵਕਤ ਦੇ ਇਹ ਅਜ਼ੀਮ ਲੋਕ ਪਨਾਹਗ਼ੀਰ ਬਣ ਕੇ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਰਹਿਣ ਤੋਂ ਥੋੜੇ ਚਿਰ ਬਾਅਦ ਬੰਬਈ ਚਲੇ ਗਏ। ਇੱਥੇ ਲਾਹੌਰ 'ਚੋਂ ਆਏ ਸਥਾਪਿਤ ਬੰਦਿਆਂ ਦੇ ਪੈਰ ਤਾਂ ਜੰਮ ਗਏ ਪਰ ਕਈ ਫ਼ਨਕਾਰਾਂ ਨੂੰ ਪੈਰ ਜਮਾਉਣ ਲਈ ਖ਼ਾਸਾ ਸੰਘਰਸ਼ ਕਰਨਾ ਪਿਆ। ਇਸੇ ਤਰਾਂ ਭਾਰਤ ਵਿਚੋਂ ਲਾਹੌਰ ਗਏ ਫ਼ਨਕਾਰਾਂ ਨਾਲ ਵੀ ਹੋਇਆ। ਸਭ ਸੋਚਦੇ ਸਨ ਕਿ ਸ਼ਾਇਦ ਮੁਲਕ ਦੁਬਾਰਾ ਇਕ ਹੋ ਜਾਵੇ ਪਰ ਅਫ਼ਸੋਸ! ਅਜਿਹਾ ਨਾ ਹੋ ਸਕਿਆ।

ਸਾਲ 1946-47 ਵਿਚ ਕੁਝ ਪੰਜਾਬੀ ਫਿਲਮਾਂ ਲਾਹੌਰ 'ਚ ਸ਼ੁਰੂ ਹੋਈਆਂ ਜੋ ਵੰਡ ਤੋਂ ਬਾਅਦ ਬੰਬਈ ਜਾ ਕੇ ਪੂਰੀਆਂ ਹੋਈਆਂ। ਕੁਝ ਫਿਲਮਾਂ ਬੰਬਈ ਵਿਚ ਸ਼ੁਰੂ ਹੋਈਆਂ ਪਰ ਵੰਡ ਦੇ ਚੱਲਦਿਆਂ ਮੁਸਲਿਮ ਪੰਜਾਬੀ ਫ਼ਨਕਾਰਾਂ ਦੇ ਲਾਹੌਰ (ਪਾਕਿਸਤਾਨ) ਚਲੇ ਜਾਣ ਕਰਕੇ ਉਹ ਦੁਬਾਰਾ ਨਾ ਬਣ ਸਕੀਆਂ। ਇੰਞ ਹੀ 1940 ਵਿਆਂ 'ਚ ਕੁਝ ਪੰਜਾਬੀ ਫਿਲਮਾਂ ਲਾਹੌਰ ਵਿਚ ਸ਼ੁਰੂ ਹੋਈਆਂ ਤੇ ਕੁਝ ਨੂੰ ਬਣਾਉਣ ਦੇ ਐਲਾਨ ਕੀਤੇ ਗਏ ਪਰ ਕਿਸੇ ਸਬੱਬ ਵੱਸ ਉਹ ਵੀ ਨਾ ਬਣੀਆਂ। ਇੱਥੇ ਅਜਿਹੀਆਂ ਹੀ ਕੁਝ ਫਿਲਮਾਂ ਦਾ ਜ਼ਿਕਰ ਕਰ ਰਿਹਾ ਹਾਂ।

1947 ਵਿਚ ਹਦਾਇਤਕਾਰ ਰੂਪ ਕੇ. ਸ਼ੋਰੀ ਨੇ ਲਾਹੌਰ ਵਿਚ 'ਡਾਕਟਰ ਚਮਨ' ਦੇ ਨਾਮ ਨਾਲ ਇਕ ਪੰਜਾਬੀ ਫਿਲਮ ਸ਼ੁਰੂ ਕੀਤੀ। ਇਸ ਫਿਲਮ ਦੀ ਤਕਮੀਲ ਦੌਰਾਨ ਪੰਜਾਬ ਦੀ ਵੰਡ ਹੋ ਗਈ। ਰੂਪ ਕੇ. ਸ਼ੋਰੀ ਇਸ ਦੇ ਤਮਾਮ ਨੈਗੇਟਿਵ ਲੈ ਕੇ ਬੰਬਈ ਟੁਰ ਗਏ। ਬੰਬਈ ਵਿਚ ਇਹ ਫਿਲਮ ਜੈਮਿਨੀ ਦੀਵਾਨ ਪ੍ਰੋਡਕਸ਼ਨਸ, ਬੌਂਬੇ ਦੇ ਬੈਨਰ ਹੇਠ ਰੂਪ ਕੇ. ਸ਼ੋਰੀ ਦੀ ਹਦਾਇਤਕਾਰੀ ਵਿਚ 'ਚਮਨ' (3 ਅਗਸਤ 1948 ਨੂੰ ਸੈਂਸਰ) ਦੇ ਨਾਮ ਨਾਲ ਮੁਕੰਮਲ ਹੋਈ। ਇਸ ਫਿਲਮ ਵਿਚ ਹੀਰੋ ਦਾ ਕਿਰਦਾਰ ਗੁੱਜਰਾਂਵਾਲੇ ਦੇ ਗੱਭਰੂ ਕਰਨ ਦੀਵਾਨ ਨੇ ਨਿਭਾਇਆ ਜਿਸਦੇ ਰੂ-ਬ-ਰੂ ਰਾਏਵਿੰਡ ਦੀ ਪੰਜਾਬਣ ਮੁਟਿਆਰ ਮੀਨਾ ਸ਼ੋਰੀ (ਪਤਨੀ ਰੂਪ ਕਿਸ਼ੋਰ ਸ਼ੋਰੀ) ਆਪਣੇ ਫ਼ਨ ਦੀ ਨੁਮਾਇਸ਼ ਕਰ ਰਹੀ ਸੀ। ਇਸ ਫਿਲਮ ਵਿਚ ਪਹਿਲੀ ਵਾਰ ਭਰਤਗੜ (ਅੰਬਾਲਾ) ਦੀ ਪੰਜਾਬਣ ਮੁਟਿਆਰ ਕੁਲਦੀਪ ਕੌਰ ਨਵੇਂ ਚਿਹਰੇ ਵਜੋਂ ਪੇਸ਼ ਹੋਈ। ਬਾਕੀ ਅਦਾਕਾਰਾਂ ਵਿਚ ਓਮ ਪ੍ਰਕਾਸ਼ (ਭਾਈਆ ਜੀ), ਮਜਨੂੰ ਉਰਫ਼ ਹੈਰੋਲਡ ਲੂਈਸ (ਭੋਲਾ), ਸੁਰੱਈਆ ਚੌਧਰੀ (ਰਾਜ), ਗੁਲਾਬ (ਭਾਬੋ), ਰਮੇਸ਼ ਠਾਕੁਰ (ਰਿਟਾਇਰ ਫੌਜੀ), ਅਜ਼ੀਜ਼ ਕਸ਼ਮੀਰੀ (ਹਕੀਮ), ਕਥਾਨਾ (ਇਲਮਦੀਨ) ਆਦਿ ਨੁਮਾਇਆ ਸਨ। ਗੀਤ ਹਜ਼ਰਤ ਅਜ਼ੀਜ਼ ਕਸ਼ਮੀਰੀ ਨੇ ਤੇ ਸੰਗੀਤ ਵਿਨੋਦ ਨੇ ਤਾਮੀਰ ਕੀਤਾ। ਇਸ ਫਿਲਮ ਦੇ ਗੀਤ ਫ਼ਾਜ਼ਿਲਕਾ ਦੀ ਪੁਸ਼ਪਾ ਚੋਪੜਾ (ਬਾਅਦ 'ਚ ਪੁਸ਼ਪਾ ਹੰਸ), ਹਮੀਦਾ ਬਾਨੋ, ਪ੍ਰੇਮ ਲਤਾ, ਮੀਨਾ ਸ਼ੋਰੀ, ਰਣਧੀਰ, ਐੱਸ. ਗੁਲਰਜ਼ਾ ਨੇ ਗਾਏ ਸਨ। ਵੈਸੇ ਤਾਂ ਫਿਲਮ ਦੇ ਸਾਰੇ ਗੀਤ ਬੇਹੱਦ ਮਕਬੂਲ ਹੋਏ ਪਰ ਇਸ ਦਾ ਇਕ ਗੀਤ 'ਸਾਰੀ ਰਾਤ ਤੇਰਾ ਤੱਕਣੀ ਆਂ ਰਾਹ ਤਾਰਿਆਂ ਨੂੰ ਪੁੱਛ ਚੰਨ ਵੇ' (ਪੁਸ਼ਪਾ ਚੋਪੜਾ) ਅਮਰ ਗੀਤ ਦਾ ਦਰਜਾ ਰੱਖਦਾ ਹੈ। ਇਸ ਫਿਲਮ ਦੇ ਤਿੰਨ ਗੀਤ 'ਚਮਨ' ਦੇ ਨਾਮ ਹੇਠ ਵਿਨੋਦ ਨੇ ਲਤਾ ਮੰਗੇਸ਼ਕਰ ਕੋਲੋਂ ਵੀ ਗਵਾਏ। ਇਹ ਸਨ: 'ਰਾਹੇ-ਰਾਹੇ ਜਾਂਦਿਆਂ ਅੱਖੀਆਂ



ਮਿਲਾਂਦਿਆਂ', 'ਗਲੀਆਂ 'ਚ ਫਿਰਦੇ ਢੋਲਾ ਨਿੱਕੇ-ਨਿੱਕੇ ਬਾਲ ਵੇ' (ਐੱਨ 29300) ਅਤੇ 'ਅਸਾਂ ਬੇਕਦਰਾਂ ਨਾਲ ਲਾਈਆਂ ਅੱਖੀਆਂ ਦੁੱਖ ਭਰੀਆਂ'। ਲਤਾ ਦੇ ਗਾਏ ਇਹ ਗੀਤ ਫਿਲਮ ਵਿਚ ਸ਼ਾਮਿਲ ਨਹੀਂ ਕੀਤੇ ਗਏ ਸਨ ਸਗੋਂ ਫਿਲਮ ਵਿਚ ਪੁਸ਼ਪਾ ਚੋਪੜਾ ਦੇ ਗਾਏ ਗੀਤ ਹੀ ਮੀਨਾ ਸ਼ੋਰੀ 'ਤੇ ਫਿਲਮਾਏ ਗਏ ਸਨ। ਇਕ ਹਵਾਲੇ ਮੁਤਾਬਿਕ 'ਚਮਨ' ਦੇ ਦੋ ਗੀਤ ਵਿਨੋਦ ਦੇ ਹੀ ਸੰਗੀਤ 'ਚ ਬੀਬੀ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਨੇ ਵੀ ਗਾਏ ਸਨ ਪਰ ਇਨਾਂ ਦੇ ਪੱਥਰ ਦੇ ਰਿਕਾਰਡਾਂ ਦਾ ਹਵਾਲਾ ਨਹੀਂ ਮਿਲ ਸਕਿਆ। ਇਹ ਫਿਲਮ 6 ਅਗਸਤ 1948 ਨੂੰ ਰਤਨ ਸਿਨਮਾ, ਲਾਹੌਰ ਵਿਖੇ ਨੁਮਾਇਸ਼ ਹੋਈ ਤੇ ਕਾਮਯਾਬ ਕਰਾਰ ਪਾਈ।

1947 ਵਿਚ ਕਾਹਨ ਆਰਟ ਪ੍ਰੋਡਕਸ਼ਨ, ਬੌਂਬੇ ਨੇ 'ਬਾਲੋ-ਮਾਹੀਆ' ਇਸ਼ਕ 'ਤੇ ਪੰਜਾਬੀ ਫਿਲਮ 'ਮਾਹੀਆ' ਬਣਾਉਣ ਦਾ ਐਲਾਨ ਕੀਤਾ ਜਿਸਦੇ ਫਿਲਮਸਾਜ਼ ਤੇ ਹਦਾਇਤਕਾਰ ਕੇ.ਐੱਲ. ਕਾਹਨ ਅਤੇ ਮੌਸੀਕੀਕਾਰ ਨਿਸਾਰ ਬਜ਼ਮੀ ਸਨ। ਬਾਲੋ ਦੇ ਕਿਰਦਾਰ ਲਈ ਰਾਜ ਰਾਣੀ ਅਤੇ ਮਾਹੀਏ ਦੀ ਭੂਮਿਕਾ ਲਈ ਗੁੱਜਰਾਂਵਾਲਾ ਦੇ ਗੱਭਰੂ ਕੁੰਦਨਲਾਲ ਰਾਜਪਾਲ ਨੂੰ ਹੀਰੋ ਲਿਆ ਗਿਆ। ਹੋਰਨਾਂ ਫ਼ਨਕਾਰਾਂ 'ਚ ਨਵਾਜ਼, ਸਬਤਾਨ ਅਲਤਾਫ਼, ਧਵਨ, ਗ਼ੁਲਜ਼ਾਰ ਆਦਿ ਸ਼ਾਮਿਲ ਸਨ ਪਰ ਇਹ ਮੁਲਕ ਵਿਚ ਫ਼ਿਰਕੂ ਫ਼ਸਾਦ ਦੇ ਚੱਲਦਿਆਂ ਪੂਰੀ ਨਹੀਂ ਹੋ ਸਕੀ ਸੀ। ਇਹ ਮੌਸੀਕੀਕਾਰ ਨਿਸਾਰ ਬਜ਼ਮੀ ਉਰਫ਼ ਸੱਈਅਦ ਨਿਸਾਰ ਅਹਿਮਦ ਦੀ ਪਹਿਲੀ ਤੇ ਆਖ਼ਰੀ ਪੰਜਾਬੀ ਫਿਲਮ ਸੀ। ਇਸ ਤੋਂ ਬਾਅਦ ਬਜ਼ਮੀ ਹੋਰੀਂ ਤੇ ਫਿਲਮ ਦੇ ਹੋਰ ਮੁਸਲਿਮ ਫ਼ਨਕਾਰ ਪਾਕਿਸਤਾਨ ਚਲੇ ਗਏ।

ਵੰਡ ਤੋਂ ਪਹਿਲਾਂ ਅਲਾਊਦੀਨ ਨੇ ਬੰਬਈ




ਵਿਚ ਪੰਜਾਬੀ ਫਿਲਮ 'ਕਾਲੀਆਂ ਰਾਤਾਂ' (1947) ਵਿਚ ਵੀ ਹੀਰੋ ਦੀ ਭੂਮਿਕਾ ਨਿਭਾਈ ਸੀ ਜਿਸ ਦਾ ਸੰਗੀਤ ਏ.ਆਰ. ਕੁਰੈਸ਼ੀ ਉਰਫ਼ ਉਸਤਾਦ ਅੱਲਾ ਰੱਖਾ ਕੁਰੈਸ਼ੀ ਤਬਲਾਵਾਦਕ ਨੇ ਤਿਆਰ ਕੀਤਾ ਤੇ ਗੀਤ ਤਨਵੀਰ ਨਕਵੀ ਲਿਖੇ ਸਨ। ਪਰ ਅਫ਼ਸੋਸ! ਪੰਜਾਬ ਵੰਡ ਦੇ ਚੱਲਦਿਆਂ ਇਹ ਫਿਲਮ ਵੀ ਪੂਰੀ ਨਾ ਹੋ ਸਕੀ ਕਿਉਂਕਿ ਵੰਡ ਤੋਂ ਬਾਅਦ ਰਾਵਲਪਿੰਡੀ ਦਾ ਗੱਭਰੂ ਅਲਾਊਦੀਨ ਵੀ ਲਾਹੌਰ ਚਲਾ ਗਿਆ ਸੀ ਜੋ ਬਾਅਦ ਵਿਚ ਪਾਕਿਸਤਾਨੀ ਪੰਜਾਬੀ ਤੇ ਉਰਦੂ ਫਿਲਮਾਂ ਦਾ ਵੱਡੇ ਕੱਦ ਵਾਲਾ ਅਦਾਕਾਰ ਤੇ ਖਲਨਾਇਕ ਬਣਿਆ ਤੇ ਕੁਝ ਫਿਲਮਾਂ 'ਵਿਚ ਉਸ ਨੇ ਗੀਤ ਵੀ ਗਾਏ ਸਨ।

1946-47 ਵਿਚ ਫਿਲਮਸਾਜ਼ ਕ੍ਰਿਸ਼ਨ ਕੁਮਾਰ ਨੇ ਕਾਰਵਾਂ ਪਿਕਚਰਸ, ਲਾਹੌਰ ਦੇ ਬੈਨਰ ਹੇਠ ਐੱਮ.ਐੱਮ. ਮਹਿਰਾ (ਕੇ.ਡੀ. ਮਹਿਰਾ ਦਾ ਭਰਾ) ਦੀ ਹਦਾਇਤਕਾਰੀ ਵਿਚ ਪੰਜਾਬੀ ਫਿਲਮ 'ਘਰ ਦੀ ਰਾਣੀ' ਸ਼ੁਰੂ ਕੀਤੀ। ਇਸ ਦੇ ਗੀਤ ਕਤੀਲ ਸ਼ਿਫ਼ਾਈ, ਮੌਸੀਕੀ ਭਾਈ ਗ਼ੁਲਾਮ ਹੈਦਰ 'ਅਮ੍ਰਿਤਸਰੀ' ਤੇ ਮੁਕਾਲਮੇ ਬਾਬਾ ਆਲਮ ਸ਼ਿਆਹਪੋਸ਼ ਨੇ ਲਿਖੇ। ਗੁੱਜਰਾਂਵਾਲਾ ਦੀ ਮੁਟਿਆਰ ਅਖ਼ਤਰ ਉਰਫ਼ ਅਖ਼ਤਰੀ ਤੇ ਲਾਹੌਰ ਦੇ ਗੱਭਰੂ ਸਲੀਮ ਰਜ਼ਾ ਨੇ ਮਰਕਜ਼ੀ ਕਿਰਦਾਰ ਨਿਭਾਏ ਅਤੇ ਦੀਗ਼ਰ ਫ਼ਨਕਾਰਾਂ ਵਿਚ ਜੀ.ਐੱਨ. ਬੱਟ, ਗੁਲ ਜ਼ਮਾਨ, ਜ਼ਹੀਰ, ਉਰਮਿਲਾ ਤੇ ਦੋ ਨਵੇਂ ਚਿਹਰੇ ਅਲਮਾਸ ਤੇ ਨਗੀਨਾ ਸ਼ਾਮਿਲ ਸਨ। ਇਸ ਫਿਲਮ ਦੀ ਸ਼ੂਟਿੰਗ ਲਾਹੌਰ 'ਚ ਸ਼ੁਰੂ ਹੋਈ ਪਰ ਇਸ ਦੌਰਾਨ ਲਾਹੌਰ 'ਚ ਦੰਗੇ-ਫ਼ਸਾਦ ਸ਼ੁਰੂ ਹੋ ਗਏ। ਫਿਲਮਸਾਜ਼ ਕ੍ਰਿਸ਼ਨ ਕੁਮਾਰ ਇਸ ਅਧੂਰੀ ਫਿਲਮ ਦਾ ਪ੍ਰਿੰਟ ਬੌਂਬੇ ਚੁੱਕ ਲਿਆਏ। ਅੱਠ ਅਪਰੈਲ 1950 ਨੂੰ ਅਤਾਉੱਲਾ ਹਾਸ਼ਮੀ ਦੇ ਬੰਬਈ ਤੋਂ ਉਰਦੂ 'ਚ ਛਪਦੇ ਮਸ਼ਹੂਰ ਫਿਲਮੀ ਹਫ਼ਤਾਵਾਰੀ ਰਸਾਲੇ 'ਅਦਾਕਾਰ' ਵਿਚ ਇਸ ਫਿਲਮ ਦਾ ਇਸ਼ਤਿਹਾਰ ਦਿੱਤਾ ਜਿਸ ਉੱਤੇ ਇਹ ਇਬਾਰਤ ਦਰਜ ਸੀ: ਪੰਜਾਬ ਦੀ ਸਨਅਤ ਫਿਲਮਸਾਜ਼ੀ ਦੇ ਨਵੇਂ ਦੌਰ ਦਾ ਆਗ਼ਾਜ਼ ਕਰਦੀ ਹਿੰਦੀ ਫਿਲਮ 'ਕਨੀਜ਼' (1949) ਦੇ ਪ੍ਰੋਡਿਊਸਰ ਕ੍ਰਿਸ਼ਨ ਕੁਮਾਰ ਦੀ ਹੁਸੀਨ ਤਖ਼ਲੀਕ 'ਘਰ ਦੀ ਰਾਣੀ' ਇਕ ਅਜਿਹੀ ਤਸਵੀਰ ਹੈ ਜਿਸ ਵਿਚ ਤੁਹਾਨੂੰ ਆਪਣੀ ਤਸਵੀਰ ਨਜ਼ਰ ਆਵੇਗੀ। ਇਕ ਅਜਿਹਾ ਰੁਮਾਨ ਜਿਸ ਦੀ ਯਾਦ ਤੁਸੀਂ ਵਰਿਆਂ ਤੱਕ ਦਿਲ ਤੋਂ ਨਹੀਂ ਭੁਲਾ ਸਕੋਗੇ। ਪੰਜਾਬ ਦੇ ਰਕਸ (ਨਾਚ), ਪੰਜਾਬ ਦੇ ਗੀਤ, ਪੰਜਾਬ ਦਾ ਮਜ਼ਾ, ਪੰਜਾਬ ਦਾ ਰੁਮਾਨ ਇਸ ਤਸਵੀਰ ਦਾ ਪੂਰਾ ਇਮਤਿਆਜ਼ ਹੋਵੇਗਾ। ਪਰ ਅਫ਼ਸੋਸ! ਲਾਹੌਰ ਵਿਚ ਸ਼ੁਰੂ ਹੋਈ ਇਹ ਫਿਲਮ ਬੰਬਈ ਆ ਕੇ ਵੀ ਪੂਰੀ ਨਾ ਹੋ ਸਕੀ।

1947 ਵਿਚ ਪੰਜਾਬੀ ਹਦਾਇਤਕਾਰ ਕੈਲਾਸ਼ ਭੰਡਾਰੀ ਨੇ ਅੱਪਰ ਇੰਡੀਆ ਸਟੂਡੀਓ, ਲਾਹੌਰ ਵਿਚ ਪੰਜਾਬੀ ਫਿਲਮ 'ਵਸਾਖੀ' ਸ਼ੁਰੂ ਕੀਤੀ। ਇਸ ਫਿਲਮ ਦੇ ਅਦਾਕਾਰਾਂ ਵਿਚ ਰਾਣੀ ਕਿਰਨ ਤੇ ਆਸ਼ਾ ਪੋਸਲੇ (ਦੋਵੇਂ ਭੈਣਾਂ ਅਤੇ ਭਾਈ ਇਨਾਇਤ ਅਲੀ ਨਾਥ ਦੀਆਂ ਧੀਆਂ), ਕੇ. ਅਮਰਨਾਥ (ਬਾਅਦ 'ਚ ਹਦਾਇਤਕਾਰ) ਅਤੇ ਕਲਾਵਤੀ (ਡਾਂਸਰ) ਨੁਮਾਇਆ ਸਨ। ਪੰਜਾਬ ਵੰਡ ਤੋਂ ਬਾਅਦ ਵਕਤ ਹੱਥੋਂ ਨਿਰਾਸ਼ ਹੋਇਆ ਕੈਲਾਸ਼ ਭੰਡਾਰੀ ਫਿਲਮ ਦੇ ਨੈਗੇਟਿਵ ਤੇ ਸਕਰਿਪਟ ਲੈ ਕੇ ਬੰਬਈ ਆ ਗਿਆ। ਫਿਲਮਸਾਜ਼ ਕੈਲਾਸ਼ ਭੰਡਾਰੀ ਤੇ ਜਗਦੀਸ਼ ਦੇ ਫਿਲਮਸਾਜ਼ ਅਦਾਰੇ ਦੀ ਇਹ ਫਿਲਮ ਬੰਬਈ ਵਿਚ ਚਿੱਤਰ ਭੂਮੀ ਲਿਮਿਟਡ, ਬੌਂਬੇ ਦੇ ਬੈਨਰ ਹੇਠ ਰਜਿੰਦਰ ਸ਼ਰਮਾ ਦੀ ਹਦਾਇਤਕਾਰੀ ਵਿਚ 'ਵਸਾਖੀ' ਦੇ ਨਾਮ ਨਾਲ (ਸੈਂਸਰ 14 ਫਰਵਰੀ 1951) ਦੁਬਾਰਾ ਮੁਕੰਮਲ ਹੋਈ। ਫਿਲਮ ਦੇ ਮੁਸੱਨਫ਼ ਤੇ ਨ਼ਗਮਾਨਿਗਾਰ ਹਜ਼ਰਤ ਅਜ਼ੀਜ਼ ਕਸ਼ਮੀਰੀ ਅਤੇ ਸੰਗੀਤ ਹਰਬੰਸ ਲਾਲ ਸ਼ਰਮਾ ਨੇ ਤਾਮੀਰ ਕੀਤਾ। ਹੁਣ ਫਿਲਮ ਦੇ ਨਵੇਂ ਅਦਾਕਾਰਾਂ ਵਿਚ ਪੁਸ਼ਪਾ ਹੰਸ, ਵਾਸਤੀ, ਮਨੋਰਮਾ, ਪ੍ਰਾਣ, ਮਜਨੂੰ, ਸੁੰਦਰ, ਅਚਲਾ ਸਚਦੇਵ ਉਰਫ਼ ਰਜਿੰਦਰ ਕੌਰ (ਪਹਿਲੀ ਪੰਜਾਬੀ ਫਿਲਮ), ਰਾਜਨ ਹਕਸਰ, ਉਮਾ ਦੱਤ, ਕੁਲਦੀਪ ਕੌਰ, ਚੰਦਰ ਕੁਮਾਰੀ, ਸੱਤਯਾਪਾਲ ਨੁਮਾਇਆ ਸਨ। ਇਹ ਫਿਲਮ 9 ਮਾਰਚ 1951 ਨੂੰ ਰੀਜੈਂਟ ਸਿਨਮਾ, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ।

ਸਾਲ 1940 ਵਿਚ ਆਰ.ਐੱਲ. ਸ਼ੋਰੀ (ਸੀਨੀਅਰ) ਤੇ ਉਨਾਂ ਦੇ ਪੁੱਤਰ ਰੂਪ ਕੇ. ਸ਼ੋਰੀ ਨੇ ਆਪਣੇ ਫਿਲਮਸਾਜ਼ ਅਦਾਰੇ ਕਮਲਾ ਮੂਵੀਟੋਨ ਲਿਮਿਟਡ, ਲਾਹੌਰ ਦੇ ਬੈਨਰ ਹੇਠ ਪੰਜਾਬੀ ਫਿਲਮ 'ਅਨਾਰ ਦੀ ਕਲੀ' (1940) ਸ਼ੁਰੂ ਕੀਤੀ। ਅੱਠ ਸਤੰਬਰ 1940 ਦੇ ਰੋਜ਼ਾਨਾ ਇਨਕਲਾਬ, ਲਾਹੌਰ ਅਖ਼ਬਾਰ ਵਿਚ ਛਪੇ ਇਸ਼ਤਿਹਾਰ 'ਤੇ ਦਰਜ ਇਬਾਰਤ ਸੀ : ਪੰਜਾਬ ਵਿਚ ਪੰਜਾਬੀਆਂ ਦੀ ਵਾਹਿਦ ਫਿਲਮ ਕੰਪਨੀ ਕਮਲਾ ਮੂਵੀਟੋਨ ਦੀ ਦਸਵੀਂ ਸ਼ਾਨਦਾਰ ਪੇਸ਼ਕਸ਼। ਥੱਲੇ ਲਿਖਿਆ ਸੀ: ਪੰਜਾਬੀ ਜ਼ੁਬਾਨ ਦਾ ਲਾਜਵਾਲ ਕਾਰਨਾਮਾ ਇੰਤਜ਼ਾਰ ਕਰੋ। ਖ਼ੈਰ! ਪੰਜਾਬੀ ਫਿਲਮ-ਮੱਦਾਹ ਇਸ ਫਿਲਮ ਦਾ ਇੰਤਜ਼ਾਰ ਕਰਦੇ ਰਹਿ ਗਏ ਪਰ ਕਿਸੇ ਸਬੱਬ ਵੱਸ ਇਸ ਦੀ ਨੁਮਾਇਸ਼ ਵੀ ਸੰਭਵ ਨਹੀਂ ਹੋ ਸਕੀ।

ਸਾਲ 1941 ਵਿਚ ਫਿਲਮਸਾਜ਼ ਟੀ. ਸਚਦੇਹ ਨੇ ਵਿਨੋਦ ਪਿਕਚਰਸ, ਲਾਹੌਰ ਦੇ ਬੈਨਰ ਹੇਠ ਭਾਟੀ ਗੇਟ ਦੇ ਐੱਮ. ਇਸਮਾਈਲ ਉਰਫ਼ ਮੁਹੰਮਦ ਇਸਮਾਈਲ ਦੀ ਹਦਾਇਤਕਾਰੀ ਵਿਚ ਪੰਜਾਬੀ ਫਿਲਮ 'ਜਵਾਨੀ' ਸ਼ੁਰੂ ਕੀਤੀ। ਫਿਲਮ ਵਿਚ ਐੱਮ. ਇਸਮਾਈਲ, ਖ਼ੁਰਸ਼ੀਦ, ਨਿਜਾਤ, ਸ਼ਹਿਨਾਜ਼, ਪ੍ਰੇਮੀ, ਜਾਫ਼ਰ, ਫ਼ਜ਼ਲ ਸ਼ਾਹ, ਐੱਸ.ਡੀ. ਨਾਰੰਗ ਆਦਿ ਮੌਜੂਦ ਸਨ। ਫਿਲਮ ਦੇ ਗੀਤ ਅਤੇ ਮੁਕਾਲਮੇ ਮਨੋਹਰ ਸਿੰਘ ਸਹਿਰਾਈ ਨੇ ਤਹਿਰੀਰ ਕੀਤੇ। ਐੱਮ. ਇਸਮਾਈਲ ਜੋ ਦਲਸੁੱਖ ਐੱਮ. ਪੰਚੋਲੀ ਦੀ ਫਿਲਮ ਕੰਪਨੀ ਪੰਚੋਲੀ ਆਰਟ ਪ੍ਰੋਡਕਸ਼ਨਸ, ਲਾਹੌਰ ਦੇ ਪੱਕੇ ਮੁਲਾਜ਼ਮ ਸਨ ਅਤੇ ਇਕ ਇਕਰਾਰਨਾਮੇ ਵਿਚ ਬੱਝੇ ਹੋਏ ਸਨ। ਲਿਹਾਜ਼ਾ ਫ਼ਿਲਮ ਦੀ ਸ਼ੂਟਿੰਗ ਅੱਧ ਵਿਚਾਲੇ ਰੋਕਣੀ ਪਈ ਤੇ ਇਹ ਫਿਲਮ ਠੰਢੇ ਬਸਤੇ ਵਿਚ ਪੈ ਗਈ। ਇਸ ਫਿਲਮ ਦਾ ਇਸ਼ਤਿਹਾਰ ਲਾਹੌਰ ਤੋਂ ਛਪਦੇ ਰਸਾਲੇ 'ਦਿ ਸਿਨੇਮਾ' ਦੇ ਅਕਤੂਬਰ 1941 ਦੇ ਸ਼ੁਮਾਰੇ ਵਿਚ ਸ਼ਾਇਆ ਹੋਇਆ ਸੀ। ਲਾਹੌਰ ਦੇ ਹੀ ਪੰਜਾਬੀ ਗੱਭਰੂ ਸਤੀਸ਼ ਬੱਤਰਾ ਦੀ ਆਪਣੇ ਫਿਲਮਸਾਜ਼ ਅਦਾਰੇ ਬੱਤਰਾ ਪ੍ਰੋਡਕਸ਼ਨਸ, ਲਾਹੌਰ ਦੀ ਪਹਿਲੀ ਹਿੰਦੀ ਫਿਲਮ 'ਪਾਪੀ' (1943) ਦੀ ਰਿਲੀਜ਼ ਤੋਂ ਬਾਅਦ ਉਨਾਂ ਆਪਣੇ ਅਦਾਰੇ ਹੇਠ ਅਗਲੀ ਪੰਜਾਬੀ ਫਿਲਮ 'ਜਿੰਦੜੀ' (1944) ਬਣਾਉਣ ਦਾ ਐਲਾਨ ਕੀਤਾ। ਇਹ ਵੀ ਸਿਰਫ਼ ਐਲਾਨ ਤੱਕ ਮਹਿਦੂਦ ਰਹਿ ਗਈ।

## ਸਭੁ ਦੇਸ ਬੇਗਾਨਾ

ਹੁਣ ਕੀ ਹੋ ਗਿਆ।'

ਪਰਮ ਕੋਲੋਂ ਪੈਗ ਫੜਦਿਆਂ ਥੋੜਾ ਸਹਿਜ ਹੁੰਦਾ ਬਖਤਾਵਰ ਬੋਲਿਆ, 'ਘਰਾਂ ਦੀ ਬਰਕਤ ਤਾਂ ਘਰਾਂ ਦੇ ਵਾਰਿਸਾਂ ਨਾਲ ਹੁੰਦੀ ਆ ਪਰ ਇਨਾਂ ਦੇ ਆਉਣ ਨਾਲ ਘਰ ਦੀ ਹਵਾ ਏਨੀ ਕੁਰੱਖਤ ਹੋ ਜਾਂਦੀ ਆ ਕਿ ਸਾਹ ਲੈਣਾ ਮੁਸ਼ਕਿਲ ਹੋ ਜਾਂਦੈ।' ਥੋੜੀ ਉਤਸੁਕਤਾ ਜਿਹੀ 'ਚ ਪਰਮ ਨੇ ਬਖਤਾਵਰ ਨੂੰ ਪੁੱਛਿਆ, 'ਕੀ ਫੇਰ ਕੋਈ ਗੱਲ ਹੋਈ ਆ ਅੰਮ੍ਰਿਤ ਨਾਲ।'

'ਬਸ ਯਾਰ, ਸਮਝ ਲਾ ਜਿਹੜੇ ਥੋੜੇ ਬਹੁਤ ਭਰਮ ਲੈ ਕੇ ਜੀਅ ਰਿਹਾ ਸੀ...ਉਹ ਵੀ ਮੁੱਕ ਗਏ...ਸਭ ਖਤਮ ਹੋ ਗਿਆ।'

ਬਖਤਾਵਰ ਦਾ ਹੱਥ ਪਲੋਸਦਿਆਂ ਪਰਮ ਕਹਿਣ ਲੱਗਾ, 'ਹਰ ਭਰਮ ਤੋਂ ਮੁਕਤ ਹੋਇਆ ਬੰਦਾ ਸੁਰਖਰੂ ਹੋ ਜਾਂਦੈ।'

'ਨਹੀਂ ਪਰਮ...ਰਿਸ਼ਤਿਆਂ ਦੇ ਨਾਲ ਨਿਭਣ ਲਈ ਥੋੜੇ ਬਹੁਤ ਭਰਮ ਬਣੇ ਰਹਿਣੇ ਚਾਹੀਦੇ ਆ...।'

'ਵੇਖ ਬਾਜਵਾ...ਐਵੇਂ ਉਦਾਸ ਨਾ ਹੋਇਆ ਕਰ, ਜੋ ਹੈ ਉਸੇ ਵਿਚੋਂ ਆਪਣੀ ਖੁਸ਼ੀ ਲੱਭ।'

'ਓ ਨਹੀਂ ਭਾਊ...ਇਹ ਚੰਦਰਾ ਦਿਲ ਨਹੀਂ ਮੰਨਦਾ...ਅਜੇ ਵੀ ਦਿਲ ਕਰਦਾ...ਜਦੋਂ ਘਰ ਜਾਵਾਂ ਨੂੰਹ ਸਿਰ 'ਤੇ ਲੀੜਾ ਲਵੇ...ਪੋਤਾ ਮੇਰੀਆਂ ਲੱਤਾਂ ਨੂੰ ਚੰਬੜੇ...ਪੁੱਤ ਹੰਮੇ ਦਾਅਵੇ ਨਾਲ ਕੁਝ ਮੈਨੂੰ ਪੁੱਛੇ ਤੇ ਕੁਝ ਆਪਣੀ ਦੱਸੇ...।' ਆਪਣੀ ਗੱਲ ਮੁਕਾਉਣ ਤੋਂ ਬਾਅਦ ਬਖਤਾਵਰ ਨੇ ਮੇਜ਼ 'ਤੇ ਪਏ ਪੈਗ ਨੂੰ ਇਕੋ ਡੀਕ ਨਾਲ ਆਪਣੇ ਅੰਦਰ ਲੱਦ ਲਿਆ।

ਪਰਮ ਚੁੱਪ ਰਿਹਾ ਤੇ ਮਨ ਹੀ ਮਨ ਸੋਚ ਰਿਹਾ ਸੀ... ਬੰਦੇ ਨੂੰ ਸਾਹ ਲੈਣ ਲਈ ਆਕਸੀਜਨ ਦੀ ਹੀ ਨਹੀਂ, ਹੋਰ ਵੀ ਬਹੁਤ ਕਾਸੇ ਦੀ ਲੋੜ ਹੁੰਦੀ ਆ...।

'ਪਰਮ, ਬੰਦਾ ਆਪਣੀ ਜ਼ਿੰਦਗੀ ਰਾਹੀਂ ਆਪਣੇ ਪੁਰਖੇ ਵੀ ਜਿਊਂਦਾ ਹੈ ਪਰ ਮੇਰੇ ਪੁੱਤ ਨੇ ਮੈਨੂੰ ਜੀਊਂਦੇ ਜੀਅ ਮਰਿਆਂ ਬਰਾਬਰ ਕਰ'ਤਾ।'

'ਓ ਯਾਰ, ਕੁਝ ਦੱਸ ਵੀ ਸਹੀ...ਸਿਆਣੇ ਕਹਿੰਦੇ ਆ...ਪੁੱਤ ਕਪੁੱਤ ਹੋ ਜਾਂਦੇ ਆ...ਪਰ ਮਾਪੇ ਕੁਮਾਪੇ ਨਹੀਂ ਹੁੰਦੇ।'

'ਪਰਮ, ਪੁੱਤ ਕਪੁੱਤ ਹੋਏ ਵੀ ਸਹਿ ਲਈਦੈ... ਪਰ ਪੁੱਤ ਜਾਤੋਂ ਕੁਜਾਤ ਹੋ ਜੇ...ਇਹ ਝੱਲ ਨਹੀਂ ਹੁੰਦੇ...।'

'ਇਹ ਤੂੰ ਕੀ ਕਹਿ ਰਿਹਾਂ ਬਖਤੌਰੇ।'

'ਵੇਖ ਯਾਰ। ਪੁੱਤ ਨੇ ਜਦ ਜਾਤੋਂ ਬਾਹਰਾ ਵਿਆਹ ਕਰਵਾਇਆ ਸੀ ਤਾਂ ਸੋਚਿਆ ਸੀ-ਕੋਈ ਨਾ... ਜੱਟ ਦੇ ਘਰ ਜਿਹੜੀ ਆਊ, ਉਹਨੇ ਜੱਟੀ ਬਣ ਜਾਣਾ...ਪਰ ਇਹ ਤਾਂ ਸਾਲੀ ਕਹਾਣੀ ਹੋਰ ਦੀ ਹੋਰ ਹੋ ਗਈ...ਬੰਦਾ ਬੁੱਢੀ ਬਣ ਗਿਆ...।' ਆਪਣੇ ਮਨ ਦੀ ਭੜਾਸ ਕੱਢਦਿਆਂ ਬਖਤਾਵਰ ਬੋਲਿਆ। ਥੋੜੀ ਜਿਹੀ ਖਿਝ 'ਚ ਪਰਮ ਨੇ ਕਿਹਾ, 'ਕੋਈ ਗੱਲ ਤਾਂ ਦੱਸ਼..ਐਵੇਂ ਜ਼ਨਾਨੀਆਂ ਵਾਂਗੂੰ ਨਿੱਕੀ-ਨਿੱਕੀ ਗੱਲ 'ਤੇ ਰੋਣ ਬਹਿ ਜਾਨੈਂ।'

'ਓਇ ਮੇਰੇ ਯਾਰਾ ਕੀ ਦੱਸਾਂ ਤੇ ਕੀ ਨਾ ਦੱਸਾਂ।'

'ਜੋ ਤੇਰੇ ਦਿਲ 'ਚ ਹੈ, ਮੈਨੂੰ ਸਭ ਦੱਸ।' ਪਰਮ ਨੇ ਮੋੜਵਾਂ ਜਵਾਬ ਦਿੱਤਾ।

'ਪਰਮ, ਤੂੰ ਕੁਝ ਨਹੀਂ ਜਾਣਦਾ...ਤੂੰ ਕੁਝ ਨਹੀਂ ਸਮਝਦਾ।' ਮੇਜ਼ 'ਤੇ ਪਈ ਬੋਤਲ ਨੂੰ ਥੱਲੇ ਰੱਖਦਿਆਂ ਬਖਤਾਵਰ ਨੇ ਕਿਹਾ।

'ਚੱਲ ਨਹੀਂ ਕੁਝ ਦੱਸਣਾ ਤੇ ਨਾ ਦੱਸ।' ਥੋੜੀ ਬੇਰੁਖੀ 'ਚ ਪਰਮ ਬੋਲਿਆ।

'ਓ ਮੇਰੇ ਯਾਰਾ, ਐਵੇਂ ਮੇਰੇ ਨਾਲ ਤੱਤਾ ਠੰਡਾ ਨਾ ਹੋ। ਤੇਰੇ ਬਾਝੋਂ ਮੇਰਾ ਏਥੇ ਕੌਣ ਆ।' ਉਦਾਸੀ 'ਚ ਗੋਤੇ ਲਾਉਂਦਿਆਂ ਬਖਤਾਵਰ ਨੇ ਕਿਹਾ।

ਪਰਮ ਨੇ ਕੋਈ ਜਵਾਬ ਨਹੀਂ ਸੀ ਦਿੱਤਾ ਪਰ ਉਹ ਧੁਰ ਤਕ ਤਿੜਕੇ ਯਾਰ ਨੂੰ ਸੰਭਾਲ ਲੈਣਾ ਚਾਹੁੰਦਾ ਸੀ। ਬਖਤਾਵਰ ਦੇ ਮਨ 'ਚ ਨੱਪੀ ਪੀੜ ਨੂੰ ਜ਼ੀਰ ਲੈਣਾ ਚਾਹੁੰਦਾ ਸੀ ਤੇ ਇਸ ਲਈ ਉਹ ਬੜੇ ਠਰੰਮੇ ਨਾਲ ਬਖਤਾਵਰ ਦੇ ਲਾਗੇ ਹੋ ਕੇ ਬੈਠ ਗਿਆ। ਬਖਤਾਵਰ ਆਪਣਾ ਸਿਰ ਪਰਮ ਦੇ ਮੋਢਿਆਂ 'ਤੇ ਰੱਖਦਿਆਂ ਬੋਲਿਆ, 'ਚੰਗਾ ਸੁਣ, ਮੇਰੇ ਪੋਤੇ ਦੇ ਨਾਂ ਪਿੱਛੇ 'ਬਾਜਵਾ' ਨਹੀਂ, ਮਿਗਲਾਨੀ ਲੱਗਦਾ ਹੈ।' ਬਖਤਾਵਰ ਦੀ ਗੱਲ ਸੁਣ ਕੇ ਪਰਮ ਹੱਕਾ-ਬੱਕਾ ਰਹਿ ਗਿਆ ਸੀ। ਹੁਣ ਉਹਦੇ ਕੋਲ ਕੋਈ ਅਜਿਹੇ ਸ਼ਬਦ ਨਹੀਂ ਸਨ ਜੋ ਬਖਤਾਵਰ ਨੂੰ ਧਰਵਾਸਾ ਦੇ ਸਕਣ ਪਰ ਫੇਰ ਵੀ ਬਖਤਾਵਰ ਨੂੰ ਤਸੱਲੀ ਦੇਣ ਲਈ ਕਹਿਣ ਲੱਗਾ- 'ਚੱਲ ਕੋਈ ਨਾ ਬਖਤੌਰੇ, ਸਭ ਮਿੱਟੀ ਹੋ ਜਾਣਾ।'

'ਪਰ ਪਰਮ, ਮਿੱਟੀ ਵੀ ਆਪਣੀ ਜਾਤ ਤੋਂ ਮੁਨਕਰ ਨਹੀਂ ਹੁੰਦੀ।' ਪਰਮ ਕੋਲ ਬਖਤਾਵਰ ਦੀ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ ਦੇ ਹੋਇਆ। ਆਖਰੀ ਹਾੜਾ ਚੁੱਕਦਿਆਂ ਬਖਤਾਵਰ ਆਪਾ ਖੋ ਬੈਠਾ ਸੀ- 'ਓ ਲੋਕੋ, ਮੈਂ ਬਖਤਾਵਰ ਸਿੰਘ ਬਾਜਵਾ...ਮੇਰਾ ਕੋਈ ਨਹੀਂ...ਅਖੇ 'ਪੁੱਤੀ ਗੰਢੁ ਪਵੈ ਸੰਸਾਰ'...ਪਰ ਇਹ ਕੇਹੀ ਗੰਢ ਸੀ ਜੀਹਨੇ ਸਾਲਮ ਸਬੂਤੇ ਬਖਤਾਵਰ ਸਿੰਘ ਬਾਜਵਾ ਨੂੰ ਗੰਢ ਬਣਾ ਕੇ ਰੱਖ ਦਿੱਤਾ ਸੀ।'

'ਚੱਲ ਯਾਰ ਸਬਰ ਕਰ...ਸਭ ਠੀਕ ਹੋ ਜਾਣਾ।' ਪਰਮ ਨੇ ਝੂਠਾ ਜਿਹਾ ਧਰਵਾਸਾ ਦਿੰਦਿਆਂ ਕਿਹਾ।

'ਨਹੀਂ ਪਰਮ, ਅੱਜ ਮੈਂ ਜਈ ਦੀ ਤਈ ਕਰ ਦੇਣੀ...ਉਸ ਵਲੈਤੀ ਪੁੱਤ ਨਾਲ ਜਿਊਂਦੇ ਜੀਅ ਤੋੜ-ਵਿਛੋੜਾ ਕਰਕੇ ਦਿਖਾਊਂ।' ਸਿਰ ਤੋਂ ਪੈਰਾਂ ਤੀਕ ਗੁੱਸੇ 'ਚ ਗੜੁੱਚ ਉਹ ਆਪਣੇ ਘਰ ਪਹੁੰਚ ਗਿਆ। ਬਾਹਰ ਬੈਠੀ ਉਸਦੀ ਤੀਵੀਂ ਉਹਨੂੰ ਗੁੱਸੇ 'ਚ ਵੇਖ ਕੇ ਡਰ ਗਈ। ਉਹਨੂੰ ਪਤਾ ਸੀ.. ਉਹ ਜੋ ਪਿਉ-ਪੁੱਤ ਵਿਚਾਲੇ ਪੁਲ ਬਣ ਕੇ ਖਲੋਤੀ ਸੀ। ਅੱਜ ਉਹਦੇ ਹੱਥੋਂ ਕਹਾਣੀ ਖਿਸਕ ਜਾਣੀ ਸੀ...ਪਰ ਫੇਰ ਵੀ ਉਹ ਹੌਂਸਲੇ ਨਾਲ ਅਗੇ ਵਧੀ ਤੇ ਹੱਥ ਜੋੜ ਕੇ ਕਹਿਣ ਲੱਗੀ- 'ਸਰਦਾਰਾ, ਆਂਦਰਾਂ ਨਾ ਕਲਪਾਈਂ ਮੇਰੀਆਂ...ਕੱਲ ਦੀ ਛੁੱਟੀ ਰਹਿ ਗਈ ਪਰਦੇਸੀ ਪੁੱਤ ਦੀ...ਇਹ ਜੱਗ ਜਿਊਂਦਿਆਂ ਦੇ ਮੇਲੇ...ਫੇਰ ਕੀ ਪਤਾ ਉਸ ਕਦ ਆਉਣਾ।' ਬਖਤਾਵਰ ਨੂੰ ਅੱਜ ਆਪਣੀ ਔਰਤ 'ਤੇ ਪਿਆਰ ਜਿਹਾ ਆਇਆ। ਹਮੇਸ਼ਾ ਡਰੂੰ-ਡਰੂੰ ਕਰਦੇ ਰਹਿਣ ਵਾਲੀ ਘਰੇਲੂ ਜਿਹੀ ਉਸਦੀ ਤੀਵੀਂ ਅੱਜ ਬਖਤਾਵਰ ਨੂੰ ਆਪਣੇ ਤੋਂ ਵਧੇਰੇ ਬਲਵਾਨ ਲੱਗੀ।

ਕੁਝ ਰੁਕ ਕੇ ਬਖਤਾਵਰ ਨੂੰ ਧਰਵਾਸਾ ਦਿੰਦਿਆਂ ਕਹਿਣ ਲੱਗੀ, 'ਐਵੇਂ ਦਿਲ ਹੌਲਾ ਨਹੀਂ ਕਰੀਦਾ...ਬਾਕੀ ਰਹੀ ਗੱਲ ਨੂੰਹ-ਪੁੱਤ ਦੀ... ਉਨਾਂ 'ਤੇ ਕਾਹਦੇ ਹੰਮੇ ਦਾਅਵੇ...ਜਿਹੜੇ ਹੋ ਈ ਪਰਦੇਸੀ ਗਏ।' ਤੇ ਇਸ ਤੋਂ ਬਾਅਦ ਪਤਾ ਨਹੀਂ ਉਸਨੇ ਕਿਹੜੀ ਤੱਕਣੀ ਨਾਲ ਬਖਤਾਵਰ ਸਿੰਘ ਬਾਜਵਾ ਵਲ ਵੇਖਿਆ ਕਿ ਦੋਵਾਂ ਦੀ ਖੜਿਆ ਖਲੋਤਿਆਂ ਭੁੱਬ ਨਿਕਲ ਗਈ ਸੀ।

ਬਖਤਾਵਰ ਪਰਮ ਦਾ ਹੱਥ ਫੜ ਡਰਾਇੰਗ ਰੂਮ 'ਚ ਚਲਾ ਗਿਆ। ਯਾਰਾਂ-ਦੋਸਤਾਂ ਦੀ ਢਾਣੀ ਵਿਚ ਬੈਠਾ ਅੰਮ੍ਰਿਤ ਆਪਣੀ ਤਰੱਕੀ ਬਾਰੇ ਦੱਸ ਰਿਹਾ ਸੀ। ਉਨਾਂ ਤੋਂ ਵਿਹਲਾ ਹੋ ਅੰਮ੍ਰਿਤ ਆਪਣੇ ਪਿਉ ਲਾਗੇ ਬੈਠ ਗਿਆ। ਬੜੀ ਹਲੀਮੀ ਨਾਲ ਬਖਤਾਵਰ ਨੂੰ ਲੱਗਾ ਜਿਵੇਂ ਉਹਦੀ ਤੀਵੀਂ ਨੇ ਲੀਰੋ ਲੀਰ ਹੋਏ ਰਿਸ਼ਤੇ ਦੀ ਤਰਪਾਈ ਕਰ ਦਿਤੀ ਹੋਵੇ।

'ਛੱਡ ਅੰਮ੍ਰਿਤ ਮੈਨੂੰ ਕੁਝ ਨਾ ਕਹਿ...ਹਾਂ...ਇਕ ਗੱਲ ਯਾਦ ਰੱਖੀਂ... ਤੂੰ ਜੁਗਾੜ ਜਿੰਨੇ ਮਰਜ਼ੀ ਫਿੱਟ ਕਰ...ਪਰ ਝੋਲੇ 'ਚ ਨੰਬਰ ਸੱਠ ਹੀ ਰਹਿੰਦੇ ਆ...।'

'ਡੈਡ, ਮੈਂ ਵੀ ਸਮਝਦਾਂ ਜ਼ਿੰਦਗੀ ਵਿਚ ਸੌ ਬਟਾ ਸੌ ਕਿਸੇ ਨੂੰ ਨਹੀਂ ਮਿਲਦੇ। ਫਿਰ ਵੀ ਮੈਂ ਬੇਗਾਨੀ ਧਰਤ 'ਤੇ ਜਾ ਕੇ ਸਭ ਕੁਝ ਅਚੀਵ ਕੀਤਾ। ਪਰ ਤੁਹਾਡੇ ਭਾਰਤ ਮਹਾਨ 'ਚ ਨਾ ਜਿੱਤ ਆਪਣੀ...ਨਾ ਹਾਰ ਆਪਣੀ।'

ਅੱਜ ਪਹਿਲੀ ਵਾਰ ਬਖਤਾਵਰ ਨੂੰ ਲੱਗਾ ਜਿਵੇਂ ਅੰਮ੍ਰਿਤ ਸੱਚ ਕਹਿ ਰਿਹਾ ਸੀ। ਪਰ ਅਗਲੇ ਹੀ ਪਲ 'ਮਿਗਲਾਨੀ ਵਿਲਾ' ਵਾਲੀ ਨੇਮ ਪਲੇਟ ਤੇ 'ਪੋਤੇ ਦਾ ਪਾਸਪੋਰਟ' ਉਹਦਾ ਮੂੰਹ ਚਿੜਾਉਣ ਲੱਗੇ। ਉਹ ਕਹਿਣਾ ਚਾਹੁੰਦਾ ਸੀ 'ਘਰ ਤੇ ਸਟੋਰ ਦੀ ਮਾਲਕੀ ਹਾਸਿਲ ਕਰਨ ਲਈ ਉਸ ਬਹੁਤ ਵੱਡੀ ਰਕਮ ਤਾਰੀ ਸੀ।' ਪਰ ਉਸ ਦੜ ਵੱਟ ਲਈ ਸੀ।

ਅੰਮ੍ਰਿਤ ਦੀ ਆਵਾਜ਼ ਨੇ ਉਹਨੂੰ ਹਲੂਣਿਆ, 'ਡੈਡ, ਰੀਲੈਕਸ ਹੋਵੋ, ਇਹ ਜ਼ਿੰਦਗੀ ਹੈ... ਇਕ ਥਾਂ ਖਲੋਤੇ ਪਾਣੀ ਗੰਧਲਾ ਜਾਂਦੇ ਨੇ... ਇਹਨੂੰ ਵਗਦੇ ਪਾਣੀ ਵਾਂਗ ਨਿੱਤ ਨਵੀਂ ਹੋਣਾ ਚਾਹੀਦਾ ਹੈ।'

'ਪਰ ਪੁੱਤਰਾ, ਤਬਦੀਲੀ ਵੀ ਜੇ ਸ਼ਾਂਤ ਵਗਦੇ ਪਾਣੀਆਂ ਵਾਂਗ ਆਵੇ ਤਾਂ ਸਹਿ ਲਈਦੀ ਹੈ... ਪਰ ਜੇ ਤਬਦੀਲੀ ਸੁਨਾਮੀ ਦੀ ਛੱਲ ਵਰਗੀ ਹੋਵੇ ਤਾਂ ਬੜਾ ਕੁਝ ਤਹਿਸ-ਨਹਿਸ ਕਰਦੀ ਆ।' ਪੁੱਤ ਚੁੱਪ ਰਿਹਾ ਤੇ ਬਖਤਾਵਰ ਸਿੰਘ ਬਾਜਵਾ ਆਪਣੇ ਘਰ ਦੀ ਸੁਨਾਮੀ ਤੋਂ ਬਚਣ ਲਈ ਪਰਮ ਨਾਲ ਬਾਹਰ ਨੂੰ ਹੋ ਤੁਰਿਆ। ਮਾਈਕਲ ਜੈਕਸਨ ਦੇ ਗਾਣੇ ਦੀ ਧੁਨ ਪੂਰੇ ਘਰ 'ਤੇ ਕਾਬਜ਼ ਹੋ ਗਈ ਸੀ...ਦਿਲ ਤਕੜਾ ਕਰ ਉਸ ਆਪਣੇ ਘਰ ਨੂੰ ਵੇਖਿਆ। ਆਪਣਾ ਹੀ ਘਰ ਉਸਨੂੰ ਓਪਰਾ ਜਿਹਾ ਲੱਗਾ। ਇਕ ਪਲ ਉਸਨੂੰ ਲੱਗਾ ਉਹਦੇ ਪੁੱਤ ਨੇ ਬੇਗਾਨੇ ਦੇਸ ਵਿਚ ਆਪਣੀ ਜੜ ਮਜਬੂਤ ਕਰ ਲਈ ਹੋਵੇ ਤੇ ਉਹ ਆਪਣੇ ਹੀ ਦੇਸ਼ ਅੰਦਰ ਜੜਹੀਣ ਹੋ ਗਿਆ ਹੋਵੇ।

ਬਖਤਾਵਰ ਪਰਮ ਦਾ ਮੋਢਾ ਫੜ ਨਿਆਸਰਾ ਜਿਹਾ ਬਣ ਕਹਿਣ ਲੱਗਾ, 'ਪਰਮ ਮੈਨੂੰ ਆਪਣੇ ਘਰ ਲੈ ਚੱਲ।' ਉਸ ਤੋਂ ਬਾਅਦ ਉਹ ਦੋਵੇਂ ਪਰਮ ਦੇ ਘਰ ਵਲ ਨੂੰ ਹੋ ਤੁਰੇ ਸਨ ਪਰ ਪਰਮ ਦੇ ਘਰ ਦੀਆਂ ਬਰੂਹਾਂ ਟੱਪਦੇ ਬਖਤਾਵਰ ਦੇ ਪੈਰ ਮੁੜ ਪਿਛਾਂਹ ਹੋ ਗਏ। ਪਰਮ ਵਲ ਤਰਲੇ ਜਿਹੇ ਨਾਲ ਵੇਖਦਿਆਂ ਬਖਤਾਵਰ ਬੋਲਿਆ, 'ਤੇਰੇ ਘਰ ਜਾ ਕੇ ਵੀ ਕੀ ਕਰਨਾ ?'

ਉਸ ਪਲ ਬਖਤਾਵਰ ਦੀਆਂ ਅੱਖਾਂ ਵਿਚ ਨਮੀ ਤੈਰ ਆਈ ਸੀ ਤੇ ਪਰਮ ਨੇ ਉਸ ਨਮੀ ਨੂੰ ਆਪਣੀਆਂ ਅੱਖਾਂ ਰਾਹੀਂ ਪੂੰਝ ਲਿਆ ਸੀ।

ਦੂਰ ਕਿਤਿਓਂ ਆਵਾਜ਼ ਆ ਰਹੀ ਸੀ, 'ਮਨੁ ਪ੍ਰਦੇਸੀ ਜੇ ਥੀਐ ਸਭੁ ਦੇਸ ਬੇਗਾਨਾ...' ਤੇ ਬਖਤਾਵਰ ਭਰੇ ਮਨ ਨਾਲ ਹੀ ਉਸ ਆਵਾਜ਼ ਵੱਲ ਨੂੰ ਹੋ ਤੁਰਿਆ।

## ਪਿੰਡ ਖੁੰਡੇ ਦਾ ਮਿਸਲ...

ਖੁੰਡੇਵਾਲੇ ਸਰਦਾਰਾਂ ਨੇ ਬਾਅਦ ਵਿੱਚ ਆਪਣੀ ਜਗੀਰ ਤੇ ਜਾਇਦਾਦ ਆਪਸ ਵਿੱਚ ਵੰਡ ਲਈ।

ਉਧਰ ਸਰਦਾਰ ਜੈਮਲ ਸਿੰਘ ਸੰਨ 1847 ਵਿੱਚ ਲਹਿਣਾ ਸਿੰਘ ਮਜੀਠੀਆ ਦੇ ਅਧੀਨ ਅੰਮ੍ਰਿਤਸਰ ਦੇ ਨਾਇਬ ਅਦਾਲਤੀ (ਡਿਪਟੀ ਜੱਜ) ਥਾਪ ਦਿੱਤੇ ਗਏ। ਅੰਗਰੇਜ਼ ਹਕੂਮਤ ਦੌਰਾਨ ਸਰਦਾਰ ਜੈਮਲ ਸਿੰਘ ਨੂੰ ਤਹਿਸੀਲਦਾਰ ਬਟਾਲਾ ਲਗਾਇਆ ਗਿਆ। ਸਰਦਾਰ ਜੈਮਲ ਸਿੰਘ ਕੋਲ ਜੇਲ, ਸਕੂਲ ਅਤੇ ਉਦਯੋਗਾਂ ਦਾ ਚਾਰਜ ਵੀ ਰਿਹਾ। ਜੈਮਲ ਸਿੰਘ ਖੁੰਡਾ ਧਾਰੀਵਾਲ ਨੇੜੇ ਆਪਣੇ ਪਿੰਡ ਖੁੰਡਾ ਵਿੱਚ ਕਈ ਸਾਲ ਕਚਿਹਰੀ ਵੀ ਲਗਾਉਂਦਾ ਰਿਹਾ। ਉਸ ਕਚਿਹਰੀ ਦੀ ਇਮਾਰਤ ਅੱਜ ਕਨੱਈਆ ਕਿਲੇ ਦੇ ਨਾਲ ਮੌਜੂਦ ਹੈ।

ਪਿੰਡ ਖੁੰਡਾ ਵਿੱਚ ਮਿਸਲ ਕਨੱਈਆ ਦਾ ਇਹ ਕਿਲਾ ਪਿੰਡ ਦੀ ਸਭ ਤੋਂ ਉੱਚੀ ਥਾਂ 'ਤੇ ਹੈ, ਜੋ ਫ਼ੌਜੀ ਨੁਕਤੇ ਨਿਗਾਹ ਤੋਂ ਬਹੁਤ ਅਹਿਮ ਹੈ। ਕਿਲੇ ਦੇ ਉੱਪਰ ਚੜ ਕੇ ਦੂਰ-ਦੂਰ ਤੱਕ ਦੇ ਇਲਾਕੇ 'ਤੇ ਨਜ਼ਰ ਰੱਖੀ ਜਾ ਸਕਦੀ ਹੈ। ਇਹ ਕਿਲਾ ਸਿੱਖ ਆਰਕੀਟੈਕਟ ਦਾ ਖੂਬਸੂਰਤ ਨਮੂਨਾ ਹੈ ਅਤੇ ਇਸ ਦੀ ਬਣਤਰ ਬਾ-ਕਮਾਲ ਹੈ। ਕਿਲੇ ਦੇ ਕਰੀਬ 45 ਕਮਰੇ ਹਨ। ਇਸ ਤੋਂ ਇਲਾਵਾ ਕੁਝ ਜ਼ਮੀਨਦੋਜ਼ ਕਮਰੇ ਵੀ ਹਨ। ਕਿਲੇ ਦੇ ਵਾਰਸ ਜੋ ਅੱਜ ਤੱਕ ਵੀ ਇਸ ਕਿਲੇ ਵਿੱਚ ਰਹਿੰਦੇ ਹਨ, ਉਨਾਂ ਵੱਲੋਂ ਪੁਰਾਤਨ ਸਮਾਨ ਵੀ ਸੰਭਾਲ ਕੇ ਰੱਖਿਆ ਗਿਆ ਹੈ।

ਖੁੰਡੇ ਵਾਲੇ ਸਰਦਾਰਾਂ ਦੇ ਵਾਰਸ ਐਡਵੋਕੇਟ ਬਲਜੀਤ ਪਾਲ ਸਿੰਘ ਰੰਧਾਵਾ ਅਤੇ ਕਰਨਲ ਪ੍ਰਜੀਤ ਪਾਲ ਸਿੰਘ ਰੰਧਾਵਾ ਆਪਣੇ ਬਜ਼ੁਰਗਾਂ ਦੀ ਬਹਾਦਰੀ 'ਤੇ ਮਾਣ ਕਰਦੇ ਹੋਏ ਕਹਿੰਦੇ ਹਨ, 'ਇਹ ਕਿਲਾ ਹੀ ਅਸਲ ਵਿੱਚ ਸਾਡੀ ਕੌਮੀ ਵਿਰਾਸਤ ਹੈ। ਸਾਡੇ ਬਜ਼ੁਰਗਾਂ ਨੇ ਕਿਵੇਂ ਆਪਣੀ ਬਹਾਦਰੀ ਤੇ ਕੁਰਬਾਨੀਆਂ ਨਾਲ ਵਿਸ਼ਾਲ ਸਿੱਖ ਰਾਜ ਕਾਇਮ ਕਰਨ ਵਿੱਚ ਆਪਣਾ ਯੋਗਦਾਨ ਪਾਇਆ, ਉਸ ਉਪਰ ਸਾਨੂੰ ਮਾਣ ਹੈ।' ਕਰਨਲ ਪ੍ਰਜੀਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਉਹ ਪੂਰੀ ਕੋਸ਼ਿਸ਼ ਕਰ ਰਹੇ ਹਨ ਕਿ ਇਹ ਵਿਰਾਸਤ ਹਮੇਸ਼ਾਂ ਕਾਇਮ ਰਹੇ।

## ਸੰਯੁਕਤ ਰਾਜ ਅਮਰੀਕਾ...

ਜਿਵੇਂ ਕਿ ਹਾਈ ਬਲੱਡ ਪ੍ਰੈਸ਼ਰ, ਉੱਚ ਕੋਲੈਸਟ੍ਰੋਲ, ਸਾਹ ਦੀਆਂ ਬਿਮਾਰੀਆਂ, ਅਤੇ ਸ਼ੂਗਰ।

### ਨਾਬਾਲਗ ਕਾਨੂੰਨ

ਅਮਰੀਕੀ ਦੰਡ ਅਤੇ ਅਪਰਾਧਿਕ ਕਾਨੂੰਨ ਵਿੱਚ ਬਹੁਤ ਸਾਰੇ ਲੇਖ ਹਨ ਜੋ ਬਾਲ ਅਧਿਕਾਰਾਂ ਦੀ ਕਨਵੈਨਸ਼ਨ (CRC) ਦਾ ਖੰਡਨ ਕਰਦੇ ਹਨ। ਪਹਿਲਾਂ, ਨਜ਼ਰਬੰਦ ਜੋ ਅਪਰਾਧ ਦੇ ਸਮੇਂ ਨਾਬਾਲਗ ਸਨ, ਨੂੰ ਮੌਤ ਦੀ ਸਜ਼ਾ ਦਿੱਤੀ ਜਾ ਸਕਦੀ ਹੈ, ਜੋ ਕਿ ਕੁਝ ਰਾਜਾਂ ਵਿੱਚ ਅਜੇ ਵੀ ਕਾਨੂੰਨੀ ਹੈ। ਇਹ ਸੀਆਰਸੀ ਦੇ ਅਨੁਛੇਦ 37 ਦੀ ਪਾਲਣਾ ਨਹੀਂ ਕਰਦਾ, ਜਿਸ ਵਿੱਚ ਕਿਹਾ ਗਿਆ ਹੈ ਕਿ ਮੌਤ ਦੀ ਸਜ਼ਾ ਨਾਬਾਲਗਾਂ ਦੁਆਰਾ ਕੀਤੇ ਗਏ ਅਪਰਾਧਾਂ ਲਈ ਢੁਕਵੀਂ ਸਜ਼ਾ ਨਹੀਂ ਹੈ।

ਇਸ ਤੋਂ ਇਲਾਵਾ, ਹਿਊਮਨ ਰਾਈਟਸ ਵਾਚ ਨੇ ਪਾਇਆ ਕਿ 2009 ਵਿੱਚ, 2500 ਤੋਂ ਵੱਧ ਕੈਦੀ 18 ਸਾਲ ਦੀ ਉਮਰ ਤੋਂ ਪਹਿਲਾਂ ਕੀਤੇ ਗਏ ਅਪਰਾਧਾਂ ਲਈ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਨ। ਇਨਾਂ ਨੌਜਵਾਨ ਨਜ਼ਰਬੰਦਾਂ ਨੂੰ ਪੈਰੋਲ ਦੀ ਸੰਭਾਵਨਾ ਤੋਂ ਬਿਨਾਂ ਰੱਖਿਆ ਗਿਆ ਸੀ, ਜੋ ਕਿ ਸੀਆਰਸੀ (ਧਾਰਾ 37▲) ਦਾ ਵੀ ਖੰਡਨ ਕਰਦਾ ਹੈ। ਸੰਯੁਕਤ ਰਾਜ ਅਮਰੀਕਾ ਦੁਨੀਆ ਦਾ ਇਕਲੌਤਾ ਦੇਸ਼ ਹੈ ਜੋ ਇਸ ਅਭਿਆਸ ਦੀ ਆਗਿਆ ਦਿੰਦਾ ਹੈ।

### ਬਾਲ ਸਿਪਾਹੀ

ਹਾਲਾਂਕਿ ਸੰਯੁਕਤ ਰਾਜ ਨੇ ਹਥਿਆਰਬੰਦ ਟਕਰਾਅ ਵਿੱਚ ਬੱਚਿਆਂ ਦੀ ਸ਼ਮੂਲੀਅਤ ਬਾਰੇ ਬਾਲ ਅਧਿਕਾਰਾਂ ਬਾਰੇ ਕਨਵੈਨਸ਼ਨ ਦੇ ਵਿਕਲਪਿਕ ਪ੍ਰੋਟੋਕੋਲ ਦੀ ਪੁਸ਼ਟੀ ਕੀਤੀ ਹੈ ਅਤੇ ਹਥਿਆਰਬੰਦ ਸੰਘਰਸ਼ਾਂ ਵਿੱਚ ਸੈਨਿਕਾਂ ਵਜੋਂ ਨਾਬਾਲਗਾਂ ਦੀ ਵਰਤੋਂ ਤੋਂ ਬਚਣ ਲਈ ਇੱਕ ਮਤਾ ਅਪਣਾਇਆ ਹੈ, ਸਰਗਰਮ ਐਨਜੀਓਜ਼ ਨੇ ਇਸ ਦੀ ਵਰਤੋਂ ਦਾ ਖੁਲਾਸਾ ਕੀਤਾ ਹੈ। ਯੂ ਐਸ ਆਰਮੀ ਵਿੱਚ ਬਹੁਤ ਜ਼ਿਆਦਾ ਹਮਲਾਵਰ ਭਰਤੀ ਦੀਆਂ ਰਣਨੀਤੀਆਂ, ਅਤੇ ਇਸ ਦੀਆਂ ਰੈਂਕਾਂ ਵਿੱਚ ਬਹੁਤ ਸਾਰੇ 17 ਸਾਲ ਪੁਰਾਣੇ ਸੈਨਿਕਾਂ ਦੀ ਮੌਜੂਦਗੀ। ਅਮਰੀਕੀ ਸਰਕਾਰ ਉਨਾਂ ਦੇਸ਼ਾਂ ਲਈ ਫੌਜੀ ਸਹਾਇਤਾ ਪ੍ਰਦਾਨ ਕਰਨਾ ਵੀ ਜਾਰੀ ਰੱਖਦੀ ਹੈ ਜੋ ਬਾਲ ਸੈਨਿਕਾਂ (ਵਿਸ਼ੇਸ਼ ਤੌਰ 'ਤੇ: ਸੀ, ਡੈਮੋਕਰੇਟਿਕ ਰੀਪਬਲਿਕ ਆਫ ਕਾਂਗੋ, ਸੁਡਾਨ ਅਤੇ ਯਮਨ) ਦੀ ਵਰਤੋਂ ਲਈ ਜਾਣੇ ਜਾਂਦੇ ਹਨ।

ਅਮਰੀਕਾ ਨੇ 2008 ਵਿੱਚ ਪ੍ਰਮਾਣਿਤ ਬਾਲ ਸੈਨਿਕ ਰੋਕਥਾਮ ਐਕਟ ਦੁਆਰਾ ਨਿਰਧਾਰਤ ਪਾਬੰਦੀਆਂ ਨੂੰ ਲਾਗੂ ਨਹੀਂ ਕੀਤਾ ਹੈ।

ਅਮਰੀਕਾ (ਖਾਸ ਕਰਕੇ ਗਵਾਂਟਾਨਾਮੋ ਬੇ ਵਿੱਚ) ਵਿਦੇਸ਼ੀ ਬਾਲ ਸੈਨਿਕਾਂ ਨੂੰ ਫੜਨਾ ਅਤੇ ਹਿਰਾਸਤ ਵਿੱਚ ਲੈਣਾ ਚਿੰਤਾਜਨਕ ਵੀ ਹੈ। ਅਮਰੀਕਾ ਉਨਾਂ ਨੂੰ ਨਜ਼ਰਬੰਦ ਨਾਬਾਲਗਾਂ ਜਾਂ ਬਾਲ ਸੈਨਿਕਾਂ ਵਜੋਂ ਮਾਨਤਾ ਨਹੀਂ ਦਿੰਦਾ। ਇਸ ਦੀ ਬਜਾਏ ਉਨਾਂ ਨੂੰ ਅੱਤਵਾਦੀਆਂ ਵਜੋਂ ਦੇਖਿਆ ਜਾਂਦਾ ਹੈ ਅਤੇ ਬਾਲਗਾਂ ਦੇ ਰੂਪ ਵਿੱਚ ਨਿਰਣਾ ਕੀਤਾ ਜਾਂਦਾ ਹੈ, ਅਤੇ ਉਨਾਂ ਨੂੰ ਘੱਟ ਹੀ ਹਾਲਾਤਾਂ ਨੂੰ ਘਟਾਉਣ ਤੋਂ ਘੱਟ ਹੀ ਕਿਸੇ ਲਾਭ ਦੀ ਇਜਾਜ਼ਤ ਦਿੱਤੀ ਜਾਂਦੀ ਹੈ।

### ਵਾਤਾਵਰਣ ਅਤੇ ਭਵਿੱਖ ਦੇ ਦ੍ਰਿਸ਼

ਆਪਣੀ ਜੀਵਨਸ਼ੈਲੀ ਦੇ ਨਤੀਜੇ ਵਜੋਂ, ਹਰੇਕ ਅਮਰੀਕੀ ਨਾਗਰਿਕ ਪ੍ਰਤੀ ਸਾਲ ਔਸਤਨ 19 ਟਨ 3®2 ਦਾ ਉਤਪਾਦਨ ਕਰਦਾ ਹੈ, ਜਿਸ ਨਾਲ ਸੰਯੁਕਤ ਰਾਜ ਸਾਡੇ ਗ੍ਰਹਿ 'ਤੇ ਸਭ ਤੋਂ ਵੱਧ ਪ੍ਰਦੂਸ਼ਣ ਪੈਦਾ ਕਰਨ ਵਾਲਾ ਦੇਸ਼ ਬਣ ਜਾਂਦਾ ਹੈ। ਜੇਕਰ ਦੁਨੀਆ ਭਰ ਵਿੱਚ ਹਰ ਕੋਈ ਅਮਰੀਕੀਆਂ ਜਿੰਨਾ ਖਪਤ ਕਰਦਾ ਹੈ, ਤਾਂ ਸਾਨੂੰ ਬਚਣ ਲਈ ਨੌਂ ਤੋਂ ਵੱਧ ਧਰਤੀਆਂ ਦੀ ਲੋੜ ਹੋਵੇਗੀ। ਇਹ ਬੇਸ਼ੱਕ ਭਵਿੱਖ ਬਾਰੇ ਬੱਚਿਆਂ ਦੇ ਵਿਚਾਰਾਂ ਨੂੰ ਪ੍ਰਭਾਵਤ ਕਰਦਾ ਹੈ, ਕਿਉਂਕਿ ਉਨਾਂ ਦੀ ਸਾਡੀ ਸਿਹਤ ਅਤੇ ਕੁਦਰਤ 'ਤੇ ਪ੍ਰਦੂਸ਼ਣ ਦੇ ਮਾੜੇ ਨਤੀਜਿਆਂ ਨਾਲ ਨਜਿੱਠਣ ਦੀ ਵੱਡੀ ਜ਼ਿੰਮੇਵਾਰੀ ਹੋਵੇਗੀ। ਸਾਰੇ ਬੱਚਿਆਂ ਨੂੰ ਇੱਕ ਸਾਫ਼ ਅਤੇ ਸਿਹਤਮੰਦ ਵਾਤਾਵਰਨ ਵਿੱਚ ਵੱਡੇ ਹੋਣ ਦਾ ਹੱਕ ਹੈ। ਸਰਕਾਰ ਨੂੰ ਮਨੁੱਖੀ ਗਤੀਵਿਧੀਆਂ ਕਾਰਨ ਵਾਤਾਵਰਣ ਦੇ ਨੁਕਸਾਨ ਨੂੰ ਘਟਾਉਣ ਲਈ ਆਪਣੇ ਯਤਨਾਂ ਨੂੰ ਵਧਾਉਣਾ ਚਾਹੀਦਾ ਹੈ।

## ਸੁਖਬੀਰ ਬਾਦਲ ਦੀ...

ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਅਨੁਸ਼ਾਸਨੀ ਕਮੇਟੀ ਅੱਗੋਂ ਕੀ ਕਾਰਵਾਈ ਕਰਦੀ ਹੈ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

**ਸ਼੍ਰੋਮਣੀ ਕਮੇਟੀ ਲਈ ਬੀਬੀ ਜਗੀਰ ਕੌਰ ਨੂੰ ਸਾਂਝਾ ਉਮੀਦਵਾਰ ਬਣਾਉਣ ਦੀਆਂ ਵੀ ਕੋਸ਼ਿਸ਼ਾਂ**

ਸ਼੍ਰੋਮਣੀ ਅਕਾਲੀ ਦਲ ਅੰਦਰ ਚੱਲ ਰਹੀ ਉਥਲ-ਪੁਥਲ ਤੇ ਵਿਧਾਨ ਸਭਾ ਚੋਣਾਂ ਵਿਚ ਹੋਈ ਵੱਡੀ ਹਾਰ ਤੋਂ ਬਾਅਦ ਪਾਰਟੀ ਵਿਚ ਤਬਦੀਲੀਆਂ ਤੇ ਸੁਧਾਰ ਲਈ ਉੱਠ ਰਹੀਆਂ ਆਵਾਜ਼ਾਂ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਅਹੁਦੇਦਾਰਾਂ ਦੀ ਨਵੰਬਰ ਵਿਚ ਹੁੰਦੀ ਚੋਣ ਵੀ ਪਾਰਟੀ ਲਈ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਪਰਚੀ ਜੋ ਹਮੇਸ਼ਾ ਬਾਦਲ ਪਰਿਵਾਰ ਦੀ ਜੇਬ ਵਿਚੋਂ ਨਿਕਲਦੀ ਰਹੀ ਹੈ, ਉਸ ਰਵਾਇਤ ਦੇ ਇਸ ਵਾਰ ਟੁੱਟਣ ਤੋਂ ਇਲਾਵਾ ਵੋਟਾਂ ਦੇ ਵੱਖ-ਵੱਖ ਧੜਿਆਂ 'ਚ ਵੰਡੇ ਜਾਣ ਕਾਰਨ ਅਕਾਲੀ ਦਲ ਨੂੰ ਆਪਣੀ ਸਥਿਤੀ ਕਮਜ਼ੋਰ ਨਜ਼ਰ ਆ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਪਹਿਲਾਂ ਵੀ ਪ੍ਰਧਾਨ ਰਹਿ ਚੁੱਕੀ ਬੀਬੀ ਜਗੀਰ ਕੌਰ ਨੂੰ ਇਸ ਬਦਲੀ ਹੋਈ ਸਥਿਤੀ ਵਿਚ ਸਾਂਝਾ ਉਮੀਦਵਾਰ ਬਣਾਉਣ ਦੀਆਂ ਵੀ ਕੋਸ਼ਿਸ਼ਾਂ ਚੱਲ ਰਹੀਆਂ ਹਨ। ਬੀਬੀ ਜਗੀਰ ਕੌਰ ਜੋ ਅੰਮ੍ਰਿਤਸਰ ਵਿਖੇ ਰਵੀਕਰਨ ਸਿੰਘ ਕਾਹਲੋਂ ਦੇ ਨਿਵਾਸ 'ਤੇ ਕੋਈ ਦਰਜਨ ਤਬਦੀਲੀਆਂ ਦੇ ਹਾਮੀ ਆਗੂਆਂ ਦੀ ਮੀਟਿੰਗ ਵਿਚ ਵੀ ਸ਼ਾਮਿਲ ਹੋਈ, ਵਲੋਂ ਚੰਡੀਗੜ ਵਿਖੇ ਸੁਖਬੀਰ ਸਿੰਘ ਬਾਦਲ ਨਾਲ ਵੀ ਉਨਾਂ ਦੇ ਨਿਵਾਸ 'ਤੇ ਮੁਲਾਕਾਤ ਕੀਤੀ।

ਅਕਾਲੀ ਸੂਤਰਾਂ ਅਨੁਸਾਰ ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਕੋਈ 25-30 ਮੈਂਬਰ ਟਕਸਾਲੀ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨਾਲ ਹਨ, ਜਦੋਂਕਿ ਏਨੇ ਹੀ ਮੈਂਬਰ ਇਯਾਲੀ-ਝੂੰਦਾਂ-ਵਡਾਲਾ-ਜਗਮੀਤ ਧੜੇ ਨਾਲ ਦੱਸੇ ਜਾ ਰਹੇ ਹਨ, 10-15 ਮੈਂਬਰਾਂ 'ਤੇ ਦਮਦਮੀ ਟਕਸਾਲ ਮੁਖੀ ਹਰਨਾਮ ਸਿੰਘ ਖ਼ਾਲਸਾ ਦਾ ਅਸਰ ਹੈ ਅਤੇ ਸਾਂਸਦ ਸਿਮਰਨਜੀਤ ਸਿੰਘ ਮਾਨ ਦਾ ਵੀ ਸ਼੍ਰੋਮਣੀ ਕਮੇਟੀ ਵਿਚ ਆਪਣੇ ਸਮਰਥਕਾਂ ਦਾ ਇਕ ਧੜਾ ਹੈ। ਬੀਬੀ ਜਗੀਰ ਕੌਰ ਵਲੋਂ ਅੰਮ੍ਰਿਸਰ ਦੀ ਮੀਟਿੰਗ ਵਿਚ ਸਪੱਸ਼ਟ ਕੀਤਾ ਗਿਆ ਕਿ ਉਹ ਇਸ ਵਾਰ ਇਹ ਚੋਣ ਜ਼ਰੂਰ ਲੜਨਗੇ। ਮੀਟਿੰਗ ਦੌਰਾਨ ਉਨਾਂ ਬਾਕੀ ਲੀਡਰ ਦੀ ਹਾਜ਼ਰੀ ਵਿਚ ਸੁਖਬੀਰ ਨਾਲ ਟੈਲੀਫੋਨ 'ਤੇ ਗੱਲ ਕਰਕੇ ਕਿਹਾ ਕਿ ਉਹ ਪਾਰਟੀ ਵਿਚ ਤਬਦੀਲੀਆਂ ਦੇ ਹਾਮੀ ਆਗੂਆਂ ਨੂੰ ਮੁਲਾਕਾਤ ਲਈ ਸਮਾਂ ਦੇਣ ਅਤੇ ਸੁਖਬੀਰ ਦੀ ਪ੍ਰੇਮ ਸਿੰਘ ਚੰਦੂਮਾਜਰਾ ਨਾਲ ਵੀ ਟੈਲੀਫੋਨ 'ਤੇ ਗੱਲ ਕਰਵਾਈ। ਸੁਖਬੀਰ ਨੇ ਇਹ ਕਹਿ ਕੇ ਮਾਮਲਾ ਟਾਲ ਦਿੱਤਾ ਕਿ ਉਹ 10 ਦਿਨਾਂ ਲਈ ਵਿਦੇਸ਼ ਜਾ ਰਹੇ ਹਨ। ਅਕਾਲੀ ਦਲ ਵਲੋਂ ਇਸ ਸੰਬੰਧੀ ਕਾਨੂੰਨੀ ਨੁਕਤੇ ਵੀ ਵਿਚਾਰੇ ਜਾ ਰਹੇ ਹਨ ਕਿ ਕੀ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ਨਵੰਬਰ ਤੋਂ ਪਹਿਲਾਂ ਬੁਲਾ ਕੇ ਵੀ ਪ੍ਰਧਾਨ ਤੇ ਅਹੁਦੇਦਾਰਾਂ ਦੀ ਚੋਣ ਕਰਵਾਈ ਜਾ ਸਕਦੀ ਹੈ ?

## ਮਾਨਵਤਾ ਦੇ ਸੇਵਾਦਾਰ...

ਤਾਂ ਮੈਂ ਉਸ ਥਾਂ ਤੋਂ ਤੁਰਿਆ। ਉਸ ਵੇਲੇ ਤਕ ਮੈਨੂੰ ਰੋਟੀ ਖਾਧੀ ਨੂੰ 36 ਘੰਟੇ ਤੋਂ ਵੱਧ ਸਮਾਂ ਹੋ ਚੁੱਕਿਆ ਸੀ।' ਜਿਨਾਂ ਦਾ ਬਾਪ ਜਾਂ ਭਾਈ ਮਰਿਆ, ਉਸ ਦੇ ਵਾਰਸ ਤਾਂ ਟਹਿਲਦੇ ਹੋਏ ਅਗਲੇ ਦਿਨ ਪਹੁੰਚਦੇ ਹਨ, ਪਰ ਜੋ ਨਿਸ਼ਕਾਮ ਸੇਵਾ ਕਰਦਿਆਂ ਸਮਰਪਣ ਦੀ ਭਾਵਨਾ ਨਾਲ ਪਹਿਰਾ ਦੇ ਰਿਹਾ ਸੀ, ਉਹ ਛੱਤੀ ਘੰਟੇ ਤੋਂ ਭੁੱਖਾ ਪਿਆਸਾ ਹੋਵੇ, ਉਸ ਦੀ ਕਿਸ ਨੂੰ ਪ੍ਰਵਾਹ ਨਹੀਂ। ਇਸ ਤੋਂ ਵੱਡੀ ਸ਼ਰਮਨਾਕ ਗੱਲ ਕੀ ਹੋ ਸਕਦੀ ਹੈ।

11) ਜਿਸ ਨੂੰ ਅੱਜ ਦੇਸ਼ ਦੀ ਆਜ਼ਾਦੀ ਦਾ ਅਲੰਬਰਦਾਰ ਕਿਹਾ ਜਾਂਦਾ ਹੈ, ਉਸ ਦੀ ਚਿਤਾ ਰਾਖੀ ਕਰਨ ਵਾਲੇ ਮਹਾਨ ਸੇਵਾਦਾਰ ਦੇ ਇੱਕ ਕਥਨ ਵਿਚਾਰਨ ਯੋਗ ਹਨ, 'ਮੈਂ ਉਜਾਲਾ ਹੋਣ ਦੇ ਵੇਲੇ ਲਾਲਾ ਜੀ ਦੀ ਚਿਤਾ ਨੂੰ ਛੱਡ ਕੇ ਜਾ ਸਕਦਾ ਸਾਂ, ਪਰ ਭੁੱਖਾ ਪਿਆਸਾ ਹੁੰਦਾ ਹੋਇਆ ਵੀ ਮੈਂ ਲਾਲਾ ਜੀ ਦੇ ਪਰਿਵਾਰ ਦੇ ਬੰਦਿਆਂ ਦੇ ਆਉਣ ਤੋਂ ਪਹਿਲਾਂ ਦਰਿਆ ਤੋਂ ਨਾ ਤੁਰਿਆ।' ਦਰਿਆ ਰਾਵੀ ਦੇ ਕਿਨਾਰੇ 'ਤੇ ਲਾਲਾ ਲਾਜਪਤ ਰਾਏ ਦੇ ਸਿਵੇ ਦੀ ਰਾਖੀ ਕਰਨ ਦੀ ਜੋ ਜੰਿਮੇਵਾਰੀ ਅਤੇ ਪ੍ਰਣ ਭਗਤ ਪੂਰਨ ਸਿੰਘ ਜੀ ਨੇ ਕੀਤਾ ਸੀ, ਉਹ ਨਿਭਾਇਆ।

ਦੂਸਰੇ ਪਾਸੇ ਜਿਸ ਸੱਚਾਈ ਨੂੰ ਅੱਜ ਤਕ ਜ਼ਾਹਰ ਨਹੀਂ ਕੀਤਾ ਗਿਆ ਕਿ ਲਾਲਾ ਲਾਜਪਤ ਰਾਏ ਦੀ ਮੌਤ ਤੋਂ ਸਸਕਾਰ ਤਕ ਦੀ ਹਕੀਕਤ ਕੀ ਸੀ, ਭਗਤ ਪੂਰਨ ਸਿੰਘ ਜੀ ਦੇ ਬਿਰਤਾਂਤ ਦੇ ਇਸ ਨਮੂਨੇ ਨੇ ਭਾਵਪੂਰਤ ਸ਼ਬਦਾਂ ਰਾਹੀਂ ਜ਼ਾਹਿਰ ਕਰ ਦਿੱਤੀ ਹੈ। ਇਸ ਤੋਂ ਉੱਠੇ ਸਵਾਲਾਂ ਬਾਰੇ ਵਿਚਾਰ ਕਰਨਾ, ਅੱਜ ਸਮੇਂ ਦੀ ਲੋੜ ਹੈ। ਲਾਲਾ ਲਾਜਪਤ ਰਾਏ ਦੀ ਮੌਤ ਕੁਦਰਤੀ ਸੀ, ਨਾ ਕਿ ਇਹ ਸਿਆਸੀ ਕਤਲ ਸੀ, ਇਸ ਤੋਂ ਸਪੱਸ਼ਟ ਹੁੰਦਾ ਹੈ। ਲਾਲਾ ਜੀ ਦੇ ਸਿਵੇ ਦੀ ਰਾਖੀ ਕਰਨ ਦੀ ਤਾਂ ਲੋੜ ਪਈ ਕਿਉਂਕਿ ਉਸ ਨੂੰ ਨੁਕਸਾਨ ਪਹੁੰਚਾਏ ਜਾਣ ਦਾ ਖਤਰਾ ਸੀ, ਕਿਉਂਕਿ ਲਾਲਾ ਲਾਜਪਤ ਰਾਏ ਕੱਟੜਵਾਦੀ ਸੀ ਅਤੇ 'ਭਾਰਤ ਨੂੰ ਹਿੰਦੂ ਰਾਸ਼ਟਰ' ਬਣਾਉਣਾ ਚਾਹੁੰਦਾ ਸੀ। ਇਸੇ ਕਾਰਨ ਮੁਸਲਮਾਨਾਂ ਅੰਦਰ ਉਸ ਪ੍ਰਤੀ ਵਿਰੋਧ ਸੀ। ਅੱਜ ਵੀ ਅਜਿਹੀਆਂ 'ਫਾਸ਼ੀਵਾਦੀ ਤਾਕਤਾਂ ਦੇਸ਼ ਨੂੰ ਹਿੰਦੂ ਰਾਸ਼ਟਰ' ਬਣਾਉਣ ਦੀ ਹਰ ਕੋਸ਼ਿਸ਼ ਕਰ ਰਹੀਆਂ ਹਨ। ਭਗਤ ਪੂਰਨ ਸਿੰਘ ਜੀ ਨੇ ਸੱਚੇ- ਸੁੱਚੇ ਸਿੱਖ ਵਜੋਂ ਉਹ ਫਰਜ ਨਿਭਾਇਆ, ਜੋ ਲਾਲਾ ਜੀ ਦੇ ਪਰਿਵਾਰਕ ਮੈਂਬਰ ਜਾਂ ਉਸ ਦੇ ਅਨੁਆਈ ਨਾ ਨਿਭਾ ਸਕੇ। ਇਸ ਸਿੱਖ ਦੇ ਮਹਾਨ ਚਰਿੱਤਰ ਦਾ ਖੂਬਸੂਰਤ ਪ੍ਰਮਾਣ ਹੈ ਅਤੇ ਇਹ ਇਤਿਹਾਸਕ ਦਸਤਾਵੇਜ, ਸੰਭਾਲਣਯੋਗ ਹੈ।

## ਵੰਡ ਨਾ ਹੁੰਦੀ ਤਾਂ...

ਮੀਡੀਆ ਤੇ ਬੁੱਧੀਜੀਵੀਆਂ ਨੂੰ ਇਕਜੁੱਟ ਹੋ ਕੇ ਕੰਮ ਕਰਨਾ ਪਵੇਗਾ ਤਾਂ ਕਿ ਇਹ ਇਕ ਅਹਿਮ ਮੁੱਦਾ ਬਣ ਜਾਵੇ ਅਤੇ ਕੇਂਦਰ ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਲਈ ਮਜਬੂਰ ਹੋਣਾ ਪਵੇ। ਭਾਰਤ-ਪਾਕਿਸਤਾਨ ਵਿਚ ਵਪਾਰਕ ਅਤੇ ਆਰਥਿਕ ਸੰਬੰਧ ਮਜ਼ਬੂਤ ਹੋਣ ਨਾਲ ਦੋਵਾਂ ਮੁਲਕਾਂ ਦੇ ਆਪਸੀ ਕੂਟਨੀਤਕ ਅਤੇ ਰਾਜਨੀਤਕ ਸੰਬੰਧ ਵੀ ਮਜ਼ਬੂਤ ਹੋ ਸਕਦੇ ਹਨ। ਫਲਸਰੂਪ ਖਿੱਤੇ ਵਿਚ ਸ਼ਾਂਤੀ ਵਾਲਾ ਮਾਹੌਲ ਬਣੇਗਾ ਅਤੇ ਸ਼ਾਂਤੀ ਆਰਥਿਕ ਵਿਕਾਸ ਲਈ ਪਹਿਲੀ ਅਤੇ ਜ਼ਰੂਰੀ ਸ਼ਰਤ ਹੈ। ਵਾਹਗਾ ਅਤੇ ਹੁਸੈਨੀਵਾਲਾ ਸਰਹੱਦਾਂ ਰਾਹੀਂ ਵਪਾਰ ਵਧਾਉਣ ਨੂੰ ਵੀ ਇਸੇ ਪ੍ਰਸੰਗ ਵਿਚ ਰੱਖ ਕੇ ਵੇਖਣ ਦੀ ਲੋੜ ਹੈ, ਕਿਉਂਕਿ ਇਸ ਵਿਚ ਆਰਥਿਕ ਵਿਕਾਸ ਦੀਆਂ ਬਹੁਤ ਵੱਡੀਆਂ ਸੰਭਾਵਨਾਵਾਂ ਲੁਕੀਆਂ ਹੋਈਆਂ ਹਨ।

**-ਪ੍ਰੋਫੈਸਰ ਆਫ ਐਮੀਨੈਂਸ**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**

## ਲੋਕਾਂ ਲਈ ਖ਼ਤਰਾ...

ਯੂਰੋਪੀਅਨ ਸਪੇਸ ਏਜੰਸੀ (ਈਐਸਏ) ਦਾ ਮੰਨਣਾ ਹੈ ਕਿ ਪੁਲਾੜ ਕਬਾੜ ਜੋ ਧਰਤੀ ਦੇ ਪੰਧ ਵਿੱਚ ਹੈ, ਉਸ ਦਾ ਭਾਰ 9,600 ਟਨ ਤੋਂ ਵੱਧ ਹੈ। ਧਰਤੀ ਦੇ ਹੇਠਲੇ ਪੰਧ ਵਿੱਚ, ਪੁਲਾੜ ਜੰਕ ਲਗਭਗ 25,265 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਯਾਤਰਾ ਕਰਦਾ ਹੈ। ਜੇਕਰ ਇਹ ਇਸ ਰਫ਼ਤਾਰ ਨਾਲ ਕਿਸੇ ਉਪਗ੍ਰਹਿ ਨਾਲ ਟਕਰਾ ਜਾਂਦਾ ਹੈ ਤਾਂ ਇਹ ਵਿਨਾਸ਼ਕਾਰੀ ਸਾਬਤ ਹੋ ਸਕਦਾ ਹੈ।

## ਨਿਊ ਮੈਕਸੀਕੋ ਦੇ...

ਅਤੇ ਉਹ ਇੱਥੇ ਸਾਡੇ ਆਪਣੇ ਸ਼ਰਨਾਰਥੀ ਭਾਈਚਾਰੇ ਵਿੱਚ ਹੋ ਰਹੇ ਹਨ।'

ਮੇਅਰ ਨੇ ਕਿਹਾ 'ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਦੇ ਲੋਕ, ਖਾਸ ਕਰਕੇ ਮੁਸਲਿਮ ਭਾਈਚਾਰੇ ਵਿੱਚ, ਇਸ ਸਮੇਂ ਉਹ ਆਪਣਾ ਘਰ ਛੱਡਣ ਤੋਂ ਵੀ ਡਰਦੇ ਹਨ,। ਉਹ ਪ੍ਰਾਰਥਨਾ ਕਰਨ ਤੋਂ ਡਰਦੇ ਹਨ। ਉਹ ਸਕੂਲ ਜਾਣ ਤੋਂ ਡਰਦੇ ਹਨ।

ਕੈਲਰ ਨੇ ਕਿਹਾ, ਅਲਬੂਕਰਕੇ ਸਿਰਫ 'ਇਸ ਸਮੇਂ ਸੋਗ ਦੀ ਥਾਂ 'ਤੇ ਨਹੀਂ ਹੈ, ਬਲਕਿ ਗੁੱਸਾ ਵੀ ਹੈ,'। ਪਰ ਭਾਈਚਾਰਾ ਮਦਦ ਲਈ ਦ੍ਰਿੜ ਹੈ।

ਮੇਅਰ ਨੇ ਕਿਹਾ, 'ਅਸੀਂ ਨਮਾਜ਼ ਦੇ ਸਮੇਂ ਸਾਡੀਆਂ ਸਾਰੀਆਂ ਮਸਜਿਦਾਂ ਵਿੱਚ ਪੁਲਿਸ ਦੀ ਮੌਜੂਦਗੀ ਲਈ ਹਰ ਸਰੋਤ ਨੂੰ ਮਾਰਸ਼ਲ ਕਰ ਦਿੱਤਾ ਹੈ। 'ਅਸੀਂ ਉਨਾਂ ਪਰਿਵਾਰਾਂ ਲਈ ਖਾਣੇ ਦੀ ਸਪੁਰਦਗੀ ਵੀ ਕਰ ਰਹੇ ਹਾਂ ਜੋ ਖਾਣਾ ਲੈਣ ਲਈ ਆਪਣਾ ਘਰ ਛੱਡਣ ਤੋਂ ਡਰਦੇ ਹਨ।'

ਅਸੇਡ, ਮਸਜਿਦ ਦੇ ਪ੍ਰਧਾਨ ਨੇ ਕਿਹਾ ਕਿ ਉਹ ਹੁਣ ਨਿਊ ਮੈਕਸੀਕੋ ਦੇ ਬਹੁਤ ਸਾਰੇ ਮੁਸਲਮਾਨਾਂ ਵਿੱਚੋਂ ਇੱਕ ਹੈ ਜੋ ਹਰ ਰੋਜ਼ ਡਰ ਨਾਲ ਜੂਝ ਰਹੇ ਹਨ। ਉਸਨੇ ਅੱਗੇ ਕਿਹਾ 'ਮੈਂ ਕਾਰ ਵਿਚ ਬੈਠਦਾ ਹਾਂ, ਅਤੇ ਮੈਂ ਹਰ ਸੰਭਵ ਤਰੀਕੇ ਨੂੰ ਦੇਖ ਰਿਹਾ ਹਾਂ। ਮੈਂ ਆਪਣਾ ਸਾਈਡ ਮਿਰਰ ਦੇਖ ਰਿਹਾ ਹਾਂ। ਮੈਂ ਪਿੱਛੇ ਵੱਲ ਦੇਖ ਰਿਹਾ ਹਾਂ। ਮੈਂ ਆਮ ਤੋਂ ਬਾਹਰ ਕਿਸੇ ਵੀ ਚੀਜ਼ ਦੀ ਨਿਸ਼ਾਨੀ ਦੀ ਤਲਾਸ਼ ਕਰ ਰਿਹਾ ਹਾਂ। 'ਦਿਨ ਦੇ ਅੰਤ ਵਿੱਚ, ਸਾਡੇ ਕੋਲ ਕੋਈ ਵਿਕਲਪ ਨਹੀਂ ਹੈ'।

ਧਾਰਮਿਕ ਅਤਿਆਚਾਰ ਤੋਂ ਭੱਜਣ ਵਾਲੇ ਇੱਕ ਨਵੇਂ ਅਮਰੀਕੀ ਨਾਗਰਿਕ ਦੀ ਅਮਰੀਕਾ ਵਿੱਚ ਹੱਤਿਆ

ਨਈਮ ਹੁਸੈਨ ਜੋ 2015 ਵਿੱਚ ਪਾਕਿਸਤਾਨ ਤੋਂ ਇੱਕ ਸ਼ਰਨਾਰਥੀ ਵਜੋਂ ਪਰਵਾਸ ਕਰਨ ਲਈ ਆਇਆ ਸੀ । ਓਥੇ ਇੱਕ ਸ਼ੀਆ ਮੁਸਲਮਾਨ ਵਜੋਂ ਜ਼ੁਲਮ ਤੋਂ ਬਚ ਕੇ ਅਮਰੀਕਾ ਆਇਆ ਸੀ ਅਤੇ ਉਸਦੇ ਜੀਜਾ, ਅਹਿਸਾਨ ਸ਼ਾਹਲਾਮੀ ਦੇ ਅਨੁਸਾਰ, ਪਿਛਲੇ ਮਹੀਨੇ ਹੀ ਇੱਕ ਅਮਰੀਕੀ ਨਾਗਰਿਕ ਬਣ ਗਿਆ ਸੀ।

ਸ਼ਾਹਲਾਮੀ ਨੇ ਕਿਹਾ, 'ਉਹ ਸਭ ਤੋਂ ਉਦਾਰ, ਦਿਆਲੂ, ਧੀਰਜਵਾਨ ਅਤੇ ਧਰਤੀ ਨਾਲ ਜੁੜਨ ਵਾਲਾ ਵਿਅਕਤੀ ਸੀ ਜਿਸਨੂੰ ਮੈਂ ਕਦੇ ਵੀ ਮਿਲ ਸਕਦਾ ਸੀ'। 'ਉਹ ਬਹੁਤ ਮਿਹਨਤੀ ਸੀ। ਉਸਨੇ ਜੋ ਵੀ ਬਣਾਇਆ ਉਹ ਆਪਣੇ ਪਰਿਵਾਰ ਨਾਲ ਸਾਂਝਾ ਕੀਤਾ ਸੀ।'

ਸ਼ਾਹਲਾਮੀ ਨੇ ਕਿਹਾ ਕਿ ਉਹ ਇਕ ਅਜਿਹਾ ਨੌਜਵਾਨ ਸੀ ਜਿਸ ਨੇ ਇਸ ਸਾਲ ਆਪਣਾ ਟਰੱਕਿੰਗ ਕਾਰੋਬਾਰ ਖੋਲਿਆ ਸੀ, ਨੇ ਆਪਣੀ ਪਤਨੀ ਨੂੰ ਪਾਕਿਸਤਾਨ ਤੋਂ ਲਿਆਉਣ ਅਤੇ ਵਰਜੀਨੀਆ ਵਿੱਚ ਕੁਝ ਜਾਇਦਾਦ ਖਰੀਦਣ ਦੀ ਯੋਜਨਾ ਬਣਾਈ ਸੀ। 'ਉਸਦੇ ਬਹੁਤ ਸਾਰੇ ਸੁਪਨੇ ਸਨ, ਅਤੇ ਉਸਨੇ ਉਨਾਂ ਵਿੱਚੋਂ ਕੁਝ ਨੂੰ ਪੂਰਾ ਕੀਤਾ।'

ਨਿਊ ਮੈਕਸੀਕੋ ਦੇ ਇਸਲਾਮਿਕ ਸੈਂਟਰ ਦੇ ਜਨਤਕ ਮਾਮਲਿਆਂ ਦੇ ਨਿਰਦੇਸ਼ਕ ਤਾਹਿਰ ਗੌਬਾ ਨੇ ਕਿਹਾ, ਜਿਸ ਦਿਨ ਉਹ ਮਾਰਿਆ ਗਿਆ ਸੀ, ਹੁਸੈਨ ਦੋ ਹੋਰ ਮੁਸਲਿਮ ਆਦਮੀਆਂ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਇਆ ਸੀ ਜੋ ਹਾਲ ਹੀ ਵਿੱਚ ਸ਼ਹਿਰ ਵਿੱਚ ਮਾਰੇ ਗਏ ਸਨ।

ਗੌਬਾ ਨੇ ਇਕ ਮੀਡੀਆ ਨੂੰ ਦੱਸਿਆ ਕਿ ਹੁਸੈਨ ਅੰਤਿਮ ਸੰਸਕਾਰ ਤੋਂ ਬਾਅਦ ਮਸਜਿਦ ਵਿੱਚ ਦੁਪਹਿਰ ਦੇ ਖਾਣੇ ਲਈ ਗਿਆ ਅਤੇ ਗੌਬਾ ਕੋਲ ਇਹ ਪੁੱਛਣ ਲਈ ਗਿਆ ਕਿ ਕੀ ਉਸ ਕੋਲ ਗੋਲੀਬਾਰੀ ਬਾਰੇ ਹੋਰ ਜਾਣਕਾਰੀ ਹੈ।'ਉਹ ਇਹ ਕਹਿਣ ਲਈ ਰੁਕ ਗਿਆ, 'ਇਹ, ਕੀ ਹੋ ਰਿਹਾ ਹੈ ?' ਉਹ ਚਿੰਤਤ ਸੀ। ਮੈਂ ਉਸਨੂੰ ਸਾਵਧਾਨ ਰਹਿਣ ਲਈ ਕਿਹਾ।

ਤਾਹਿਰ ਗੌਬਾ ਨੇ ਕਿਹਾ 'ਅਸੀਂ ਸੋਚਿਆ ਕਿ ਇਨਾਂ ਦੋ ਨੌਜਵਾਨਾਂ (ਸ਼ੁੱਕਰਵਾਰ ਨੂੰ) ਨੂੰ ਦਫ਼ਨਾਉਣ ਤੋਂ ਬਾਅਦ, ਅਸੀਂ ਇਹ ਬੰਦ ਕਰ ਦੇਵਾਂਗੇ ਅਤੇ ਅੱਗੇ ਵਧਾਂਗੇ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਜਾਂਚ ਕਰਨ ਦੇਵਾਂਗੇ।' 'ਸ਼ਨੀਵਾਰ ਦੀ ਸਵੇਰ ਨੂੰ ਉਸਦੀ ਮੌਤ ਤੱਕ ਪੂਰਾ ਭਾਈਚਾਰਾ ਬੇਵੱਸ ਮਹਿਸੂਸ ਕਰ ਰਿਹਾ ਸੀ। ਬਹੁਤ ਡਰ ਹੈ। ਇਹ ਹਰ ਕਿਸੇ ਨੂੰ ਪਾਗਲ ਬਣਾ ਰਿਹਾ ਹੈ।'

ਮਾਰੇ ਗਏ ਦੋ ਹੋਰ ਮੁਸਲਿਮ ਵਿਅਕਤੀ - ਮੁਹੰਮਦ ਅਫਜ਼ਲ ਹੁਸੈਨ ਅਤੇ ਆਫਤਾਬ ਹੁਸੈਨ-ਉਸੇ ਮਸਜਿਦ ਦੇ ਮੈਂਬਰ ਸਨ। ਪੁਲਿਸ ਨੇ ਕਿਹਾ ਕਿ ਦੋਵੇਂ ਪਾਕਿਸਤਾਨ ਦੇ ਰਹਿਣ ਵਾਲੇ ਸਨ ਅਤੇ ਦੱਖਣ-ਪੂਰਬੀ ਅਲਬੂਕਰਕ ਵਿੱਚ ਕੁਝ ਦਿਨਾਂ ਦੇ ਅੰਤਰਾਲ ਵਿੱਚ ਮਾਰੇ ਗਏ ਸਨ।

ਉਨਾਂ ਦੇ ਕਤਲ ਤੋਂ ਬਾਅਦ, ਪੁਲਿਸ ਨੇ ਜਾਂਚ ਸ਼ੁਰੂ ਕੀਤੀ ਹੈ ਜਿਸ ਵਿੱਚ ਇਹ ਪਤਾ ਕਰਨ ਦੀ ਕੋਸ਼ਿਸ ਕੀਤੀ ਗਈ ਹੈ ਕਿ 7 ਨਵੰਬਰ ਨੂੰ ਅਫਗਾਨਿਸਤਾਨ ਦੇ ਇੱਕ ਮੁਸਲਿਮ ਵਿਅਕਤੀ ਮੁਹੰਮਦ ਅਹਿਮਦੀ ਦੀ ਹੱਤਿਆ ਨਾਲ ਕੋਈ ਸਬੰਧ ਸੀ ਜਾਂ ਨਹੀਂ। ਡਰ ਦਾ ਭੈਅ ਬਹੁਤ ਜ਼ਿਆਦਾ ਹੈ।

ਨਿਊ ਮੈਕਸੀਕੋ ਦਾ ਇਸਲਾਮਿਕ ਕੇਂਦਰ ਭਾਈਚਾਰੇ ਵਿੱਚ ਮੁਸਲਮਾਨਾਂ ਵਿਰੁੱਧ ਹਿੰਸਾ ਤੋਂ ਦੁਖਦਾਈ ਤੌਰ 'ਤੇ ਜਾਣੂ ਹੈ। ਨਵੰਬਰ ਵਿੱਚ ਇੱਕ ਅਗਜ਼ਨੀਕਾਰ ਨੇ ਕੇਂਦਰ ਦੀ ਜਾਇਦਾਦ ਨੂੰ ਅੱਗ ਲਗਾ ਦਿੱਤੀ ਸੀ। ਇੱਕ ਮਹੀਨੇ ਬਾਅਦ, ਪੁਲਿਸ ਨੇ ਅਗਜ਼ਨੀ ਅਤੇ ਲਾਪ੍ਰਵਾਹੀ ਨਾਲ ਅੱਗ ਲਗਾਉਣ ਦੇ ਸ਼ੱਕ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ।ਅਸਦ ਨੇ ਕਿਹਾ, ਖੁਸ਼ਕਿਸਮਤੀ ਨਾਲ, ਅੱਗ ਦੇ ਸਮੇਂ ਮਸਜਿਦ ਵਿੱਚ ਕੋਈ ਨਹੀਂ ਸੀ।

ਪਰ ਹੁਣ ਉਹ ਕੇਂਦਰ, ਜਿੱਥੇ ਸ਼ੁੱਕਰਵਾਰ ਨੂੰ ਲਗਭਗ 700 ਤੋਂ 800 ਮੁਸਲਮਾਨ ਇਕੱਠੇ ਹੁੰਦੇ ਹਨ, ਨੂੰ ਸਾਵਧਾਨ ਰਹਿਣ ਦੀ ਚੇਤਾਵਨੀ ਦੇ ਰਿਹਾ ਹੈ।

ਕੇਂਦਰ ਨੇ ਫੇਸਬੁੱਕ 'ਤੇ ਪੋਸਟ ਕੀਤਾ, 'ਅਸੀਂ ਸਾਰਿਆਂ ਨੂੰ ਸਾਵਧਾਨੀ ਵਰਤਣ ਅਤੇ ਆਪਣੇ ਆਲੇ ਦੁਆਲੇ ਦੇ ਬਾਰੇ ਸੁਚੇਤ ਰਹਿਣ ਦੀ ਅਪੀਲ ਕਰਦੇ ਹਾਂ, ਜਿਸ ਵਿੱਚ ਇਹ ਯਕੀਨੀ ਬਣਾਉਣਾ ਵੀ ਸ਼ਾਮਲ ਹੈ ਕਿ ਤੁਹਾਡਾ ਪਿੱਛਾ ਤਾਂ ਨਹੀਂ ਕੀਤਾ ਜਾ ਰਿਹਾ ਹੈ ਅਤੇ ਰਾਤ ਨੂੰ ਇਕੱਲੇ ਸੈਰ ਕਰਨ ਤੋਂ ਬਚੋ।' ਇਹ ਸ਼ਹਿਰ ਦੇ ਦੱਖਣ-ਪੂਰਬੀ ਹਿੱਸੇ ਵਿੱਚ ਰਹਿਣ ਵਾਲੇ ਸਾਡੇ ਮੈਂਬਰਾਂ ਲਈ ਖਾਸ ਤੌਰ 'ਤੇ ਸੱਚ ਹੈ ਜਿੱਥੇ ਇਹ ਹੱਤਿਆਵਾਂ ਹੋਈਆਂ ਹਨ।

ਸ਼ੁੱਕਰਵਾਰ ਨੂੰ ਹੁਸੈਨ ਦੀ ਹੱਤਿਆ ਤੋਂ ਬਾਅਦ, ਨਿਊ ਮੈਕਸੀਕੋ ਦੀ ਗਵਰਨਰ ਮਿਸ਼ੇਲ ਲੁਜਨ ਗ੍ਰਿਸ਼ਮ ਨੇ ਘੋਸ਼ਣਾ ਕੀਤੀ ਕਿ ਉਹ ਅਲਬੂਕਰਕ ਨੂੰ ਵਾਧੂ ਰਾਜ ਪੁਲਿਸ ਭੇਜੇਗੀ।

ਅਧਿਕਾਰੀਆਂ ਨੇ ਘੋਸ਼ਣਾ ਕੀਤੀ ਕਿ ਸ਼ਹਿਰ ਮਸਜਿਦਾਂ, ਮੁਸਲਿਮ-ਸਬੰਧਤ ਸਕੂਲਾਂ ਅਤੇ ਨਿਊ ਮੈਕਸੀਕੋ ਯੂਨੀਵਰਸਿਟੀ ਵਿੱਚ ਪੁਲਿਸ ਦੀ ਮੌਜੂਦਗੀ ਨੂੰ ਵੀ ਵਧਾ ਰਿਹਾ ਹੈ। ਕੈਲਰ ਨੇ ਬ੍ਰੀਫਿੰਗ ਵਿੱਚ ਕਿਹਾ, ਇੱਕ ਹਫਤੇ ਦੇ ਅੰਤ ਵਿੱਚ ਅਸੀਂ ਕਮਿਊਨਿਟੀ ਤੋਂ ਸੁਣਿਆ ਹੈ ਕਿ ਡਰ ਬਹੁਤ ਮਜ਼ਬੂਤ ਹੈ, ਸ਼ਹਿਰ ਦੇ ਕੁਝ ਖੇਤਰਾਂ ਵਿੱਚ ਕਰਿਆਨੇ ਦਾ ਸਮਾਨ ਅਤੇ ਕੁਝ ਲੋਕਾਂ ਲਈ ਭੋਜਨ ਪ੍ਰਾਪਤ ਕਰਨ ਵਰਗੀਆਂ ਚੀਜ਼ਾਂ ਬਾਰੇ ਵੀ ਚਿੰਤਾ ਪ੍ਰਗਟ ਕੀਤੀ ਗਈ।

ਗੌਬਾ ਨੇ ਕਿਹਾ, 9/11 ਤੋਂ ਬਾਅਦ ਵੀ ਅਲਬੁਕਰਕ ਨੇ ਹਮੇਸ਼ਾ ਮੁਸਲਮਾਨਾਂ ਲਈ ਇੱਕ ਸੁਆਗਤ ਭਾਈਚਾਰੇ ਵਾਂਗ ਮਹਿਸੂਸ ਕੀਤਾ ਹੈ। 'ਇਹ ਪਹਿਲੀ ਵਾਰ ਹੈ ਜਦੋਂ ਅਸੀਂ ਇਸ ਤਰਾਂ ਦਾ ਮਾਹੌਲ ਮਹਿਸੂਸ ਕਰ ਰਹੇ ਹਾਂ ਅਤੇ ਅਸੀਂ ਡਰ ਵਿੱਚ ਹਾਂ।'

ਨੈਸ਼ਨਲ ਡਿਪਟੀ ਡਾਇਰੈਕਟਰ ਐਡਵਰਡ ਅਹਿਮਦ ਮਿਸ਼ੇਲ ਨੇ ਇੱਕ ਬਿਆਨ ਵਿੱਚ ਕਿਹਾ ਅਸੀਂ ਇਸ ਸੰਕਟ 'ਤੇ ਚੱਲ ਰਹੇ ਕੰਮ ਲਈ ਸਥਾਨਕ, ਰਾਜ ਅਤੇ ਫੈਡਰਲ ਕਾਨੂੰਨ ਲਾਗੂ ਕਰਨ ਵਾਲਿਆਂ ਦਾ ਧੰਨਵਾਦ ਕਰਦੇ ਹਾਂ ਅਤੇ ਅਸੀਂ ਬਾਈਡਨ ਪ੍ਰਸ਼ਾਸਨ ਨੂੰ ਇਹ ਯਕੀਨੀ ਬਣਾਉਣ ਲਈ ਕਹਿੰਦੇ ਹਾਂ ਕਿ ਅਧਿਕਾਰੀ ਅਲਬੂਕਰਕ ਮੁਸਲਿਮ ਭਾਈਚਾਰੇ ਦੀ ਸੁਰੱਖਿਆ ਲਈ ਲੋੜੀਂਦੇ ਸਾਰੇ ਸਰੋਤਾਂ ਅਤੇ ਇਨਾਂ ਭਿਆਨਕ ਅਪਰਾਧਾਂ ਲਈ ਜ਼ਿੰਮੇਵਾਰ ਲੋਕਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰਨ।

## ਅਕਾਲੀ ਦਲ ਦੀ ਹੋਂਦ...

ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਹੋਰ ਸਾਰੇ ਕਾਰਜ ਛੱਡ ਕੇ ਸ਼੍ਰੋਮਣੀ ਕਮੇਟੀ ਵਲੋਂ ਹਰ ਹਲਕੇ ਵਿਚ ਅੰਮ੍ਰਿਤ ਸੰਚਾਰ, ਕੀਰਤਨ ਦਰਬਾਰ ਤੇ ਧਰਮ ਪ੍ਰਚਾਰ ਲਹਿਰ ਚਲਾਈ ਜਾ ਰਹੀ ਹੈ। ਉਨਾਂ ਕਿਹਾ ਕਿ ਦਿੱਲੀ ਕਮੇਟੀ ਦੇ ਪ੍ਰਧਾਨ ਸ: ਹਰਮੀਤ ਸਿੰਘ ਕਾਲਕਾ ਗਲਤ ਪ੍ਰਚਾਰ ਕਰ ਰਹੇ ਹਨ ਕਿ ਪੰਜਾਬ ਵਿਚ ਈਸਾਈਅਤ ਫ਼ੈਲ ਰਹੀ ਹੈ। ਉਨਾਂ ਕਿਹਾ ਕਿ ਆਰ. ਐਸ. ਐਸ. ਪੰਜਾਬ ਵਿਚ ਧਰਮ ਪ੍ਰਚਾਰ ਦੇ ਨਾਂ 'ਤੇ ਆਉਂਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ ਅਸਿੱਧੇ ਤੌਰ 'ਤੇ ਆਪਣਾ ਪਲੇਟਫਾਰਮ ਤਿਆਰ ਕਰਨ ਤੇ ਕੌਮ ਦੀ ਪ੍ਰਤੀਨਿਧ ਜਥੇਬੰਦੀ ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨਾਂ ਕਿਹਾ ਕਿ ਦਿੱਲੀ ਕਮੇਟੀ ਦੇ ਪ੍ਰਧਾਨ ਸ: ਹਰਮੀਤ ਸਿੰਘ ਕਾਲਕਾ ਗਲਤ ਪ੍ਰਚਾਰ ਕਰ ਰਹੇ ਹਨ ਕਿ ਪੰਜਾਬ ਵਿਚ ਈਸਾਈਅਤ ਫ਼ੈਲ ਰਹੀ ਹੈ। ਉਨਾਂ ਕਿਹਾ ਕਿ ਆਰ. ਐਸ. ਐਸ. ਪੰਜਾਬ ਵਿਚ ਧਰਮ ਪ੍ਰਚਾਰ ਦੇ ਨਾਂ 'ਤੇ ਆਉਂਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ ਅਸਿੱਧੇ ਤੌਰ 'ਤੇ ਆਪਣਾ ਪਲੇਟਫਾਰਮ ਤਿਆਰ ਕਰਨ ਤੇ ਕੌਮ ਦੀ ਪ੍ਰਤੀਨਿਧ ਜਥੇਬੰਦੀ ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨਾਂ ਕਿਹਾ ਕਿ ਸਜ਼ਾਵਾਂ ਪੂਰੀਆਂ ਹੋਣ ਦੇ ਬਾਜਵੂਦ ਲੰਬੇ ਅਰਸੇ ਤੋਂ ਜੇਲਾਂ 'ਚ ਬੰਦ ਸਿੰਘਾਂ ਦੀ ਰਿਹਾਈ ਲਈ ਲੋਕਤੰਤਰੀ ਢੰਗ ਨਾਲ ਜ਼ੋਰਦਾਰ ਸੰਘਰਸ਼ ਵਿੱਢਿਆ ਜਾਵੇਗਾ। ਦਮਦਮੀ ਟਕਸਾਲ ਮਹਿਤਾ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਅੱਜ ਹਕੂਮਤਾਂ ਵਲੋਂ ਸ਼੍ਰੋਮਣੀ ਕਮੇਟੀ ਨੂੰ ਖਤਮ ਕਰਨ ਅਤੇ ਤਖ਼ਤ ਸਾਹਿਬਾਨ ਦੀ ਸਰਬਉੱਚਤਾ ਨੂੰ ਢਾਹ ਲਾਉਣ ਲਈ ਹਥਕੰਡੇ ਅਪਨਾਏ ਜਾ ਰਹੇ ਹਨ, ਜਿਸ ਲਈ ਮਿਲ ਕੇ ਉਪਰਾਲੇ ਕਰਨ ਦੀ ਲੋੜ ਹੈ। ਸੁਖਬੀਰ ਸਿੰਘ ਬਾਦਲ ਦਾ ਨਾਂਅ ਲਏ ਬਿਨਾਂ ਉਨਾਂ ਕਿਹਾ ਕਿ ਪੰਥਕ ਆਗੂਆਂ ਤੁਸੀਂ ਪੰਥਕ ਪ੍ਰੰਪਰਾਵਾਂ ਤੋਂ ਪਿੱਛੇ ਹਟੇ ਤਾਂ ਹੀ ਕੌਮ ਨੇ ਤੁਹਾਨੂ ਸ਼ੀਸ਼ਾ ਦਿਖਾਇਆ ਤੇ ਜੇਕਰ ਤੁਸੀਂ ਬਚਣਾ ਹੈ ਤਾਂ ਪੰਥਕ ਪਰੰਪਰਾਵਾਂ ਦਾ ਲੜ ਫੜ ਲਓ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ, ਦਲ ਬਾਬਾ ਬਿਧੀ ਚੰਦ ਸੰਪਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰ ਸਿੰਘ, ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਨੇ ਵਿਚਾਰ ਰੱਖੇ।

## ਬੰਦੀ ਸਿੰਘਾਂ ਦੀ ਰਿਹਾਈ...

ਇਤਿਹਾਸਕ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਅੰਬਾਲਾ ਅਤੇ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਵਿਖੇ ਸੱਭਿਆਚਾਰਕ ਪ੍ਰੋਗਰਾਮ ਉਲੀਕਣ ਅਤੇ ਤਿਰੰਗਾ ਲਹਿਰਾਉਣ ਦੇ ਹੁਕਮ ਜਾਰੀ ਕਰਨ ਦੀ ਕਰੜੀ ਨਿੰਦਾ ਕੀਤੀ। ਇਸ ਸਬੰਧ ਵਿਚ ਅੰਤ੍ਰਿੰਗ ਕਮੇਟੀ ਵੱਲੋਂ ਇਕ ਮਤਾ ਪਾਸ ਕਰਦਿਆਂ ਹਰਿਆਣਾ ਸਰਕਾਰ ਅਤੇ ਅੰਬਾਲਾ ਜ਼ਿਲ੍ਹਾ ਪ੍ਰੀਸ਼ਦ ਨੂੰ ਅਜਿਹੀਆਂ ਹਰਕਤਾਂ ਤੋਂ ਬਾਜ ਆਉਣ ਦੀ ਚੇਤਾਵਨੀ ਦਿੱਤੀ ਗਈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਬਾਰੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਇਕ ਵਿਲੱਖਣ ਮਰਯਾਦਾ ਹੈ, ਜਿਸ ਤਹਿਤ ਇਥੇ ਕੇਵਲ ਸਿੱਖ ਮਰਯਾਦਾ ਅਨੁਸਾਰ ਧਾਰਮਿਕ ਸਮਾਗਮ ਹੀ ਹੋ ਸਕਦੇ ਹਨ ਅਤੇ ਖਾਲਸਈ ਨਿਸ਼ਾਨ ਸਾਹਿਬ ਹੀ ਝੁਲ ਸਕਦਾ ਹੈ। ਪਰ ਅੰਬਾਲਾ ਜ਼ਿਲ੍ਹਾ ਪ੍ਰੀਸ਼ਦ ਨੇ ਗੁਰ-ਮਰਯਾਦਾ ਦੀ ਤੌਹੀਨ ਕੀਤੀ ਹੈ। ਭਾਵੇਂ ਗੁਰਦੁਆਰਾ ਪ੍ਰਬੰਧਕਾਂ ਦੇ ਵਿਰੋਧ ਮਗਰੋਂ ਉਨ੍ਹਾਂ ਨੇ ਫੈਸਲਾ ਵਾਪਸ ਲੈ ਲਿਆ ਹੈ, ਪਰ ਪ੍ਰਸ਼ਾਸਨ ਦੀ ਇਸ ਹਰਕਤ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਕਿਹਾ ਕਿ ਗੁਰ-ਮਰਯਾਦਾ ਨਾਲ ਛੇੜ ਛਾੜ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ ਅਤੇ ਸਰਕਾਰੀ ਅਦਾਰਿਆਂ ਨੂੰ ਅਜਿਹੇ ਸੰਜੀਦਾ ਮਾਮਲਿਆਂ ਵਿਚ ਮਨਮਾਨੀ ਨਹੀਂ ਕਰਨੀ ਚਾਹੀਦੀ।

ਅੰਤ੍ਰਿੰਗ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਅਤੇ ਮੈਂਬਰ ਜਥੇਦਾਰ ਤੋਤਾ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਦਾ ਵੀ ਫੈਸਲਾ ਕੀਤਾ ਗਿਆ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬਾਨ ਅਤੇ ਵਿਦਿਅਕ ਅਦਾਰਿਆਂ ਦੇ ਮਾਮਲੇ ਵੀ ਵਿਚਾਰੇ ਗਏ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਮੋਰਚਾ ਗੁਰੂ ਕਾ ਬਾਗ ਦੀ 100 ਸਾਲਾ ਸ਼ਤਾਬਦੀ ਦੇ ਸਮਾਗਮਾਂ ਸਮੇਂ ਸਹਿਯੋਗ ਦੇਣ ਵਾਲਿਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼ਤਾਬਦੀ ਸਮਾਗਮਾਂ ਦੌਰਾਨ ਸਿੱਖ ਪੰਥ ਦੀਆਂ ਧਾਰਮਿਕ ਜਥੇਬੰਦੀਆਂ, ਦਮਦਮੀ ਟਕਸਾਲ, ਨਿਹੰਗ ਸਿੰਘ ਜਥੇਬੰਦੀਆਂ, ਸਭਾ-ਸੁਸਾਇਟੀਆਂ, ਕਾਰ ਸੇਵਾ ਵਾਲੇ ਮਹਾਂਪੁਰਖਾਂ, ਸੇਵਾ ਪੰਥੀ ਤੇ ਮਿਸ਼ਨਰੀ ਸੰਸਥਾਵਾਂ ਸਮੇਤ ਲੱਖਾਂ ਸੰਗਤਾਂ ਨੇ ਸ਼ਮੂਲੀਅਤ ਕਰਕੇ ਸਮਾਗਮਾਂ ਦੀ ਸ਼ੋਭਾ ਵਧਾਈ ਹੈ, ਜਿਸ ਲਈ ਸ਼੍ਰੋਮਣੀ ਕਮੇਟੀ ਸਭ ਦਾ ਧੰਨਵਾਦ ਕਰਦੀ ਹੈ। ਇਕੱਤਰਤਾ 'ਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਅੰਤ੍ਰਿੰਗ ਕਮੇਟੀ ਮੈਂਬਰ ਸ. ਸਰਵਣ ਸਿੰਘ ਕੁਲਾਰ, ਸ. ਸੁਰਜੀਤ ਸਿੰਘ ਗੜ੍ਹੀ, ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਬਲਵਿੰਦਰ ਸਿੰਘ ਵੇਈਂਪੂਈਂ, ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਗੁਰਿੰਦਰਪਾਲ ਸਿੰਘ ਗੋਰਾ, ਸ. ਅਮਰਜੀਤ ਸਿੰਘ ਬੰਡਾਲਾ, ਬੀਬੀ ਗੁਰਪ੍ਰੀਤ ਕੌਰ, ਬਾਬਾ ਗੁਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਪਰਮਜੀਤ ਸਿੰਘ ਸਰੋਆ, ਸ. ਪ੍ਰਤਾਪ ਸਿੰਘ, ਸ. ਸੁਖਮਿੰਦਰ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਨਿਰਵੈਲ ਸਿੰਘ, ਸ. ਸਤਨਾਮ ਸਿੰਘ ਮਾਂਗਾਸਰਾਏ, ਸ. ਪਰਮਜੀਤ ਸਿੰਘ ਐਕਸੀਅਨ, ਇੰਚਾਰਜ ਸ. ਸ਼ਾਹਬਾਜ਼ ਸਿੰਘ ਅਤੇ ਸੁਪਰਡੰਟ ਸ. ਮਲਕੀਤ ਸਿੰਘ ਬਹਿੜਵਾਲ ਆਦਿ ਮੌਜੂਦ ਸਨ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

# ਜਾਣੋ ਪਲ ਪਲ ਦੀ ਖਬਰ




ON

jus PUNJABI HD — sling

CREDIBILITY RELIABILITY

Minute to Minute Coverage of Punjab Elections

## Punjabi Super Pack

20 channels for only $25/month on sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com